Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 13, March 30th, 2013 | 20451 N Plum Grove Rd. Palatine, IL 60074 | Ph:847-359-0746, Fax:847-705-9388

# ਆਨੰਦਪੁਰ ਸਾਹਿਬ ਵਿਚ ਸੰਗਤ ਦਾ ਹੜ੍ਹ

**ਅਨੰਦਪੁਰ ਸਾਹਿਬ:** ਸਿੱਖ ਪੰਥ ਦੀ ਨਿਰਾਲੀ ਸ਼ਾਨ ਦਾ ਪ੍ਰਤੀਕ ਅਤੇ ਕੌਮੀ ਮੇਲੇ ਦਾ ਰੂਪ ਲੈ ਚੁੱਕਾ ਹੋਲਾ ਮਹੱਲਾ ਇਥੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਮੇਲੇ 'ਤੇ ਅਨੰਦਪੁਰ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਪੁੱਜੀਆਂ। ਪੂਰੇ ਖਾਲਸਈ ਰੰਗ ਵਿਚ ਰੰਗੇ ਆਨੰਦਪੁਰ ਸਾਹਿਬ ਵਿਖੇ ਸੰਗਤਾਂ ਦਾ ਸੈਲਾਬ ਆ ਗਿਆ। ਸ਼ਹਿਰ ਵਿਚ ਕਿਤੇ ਤਿਲ ਸੁੱਟਣ ਦੀ ਵੀ ਥਾਂ ਨਹੀਂ ਸੀ ਅਤੇ ਪਿਛਲੇ ਸਾਲਾਂ ਦੇ ਸਾਰੇ ਰਿਕਾਰਡ ਟੁੱਟ ਗਏ।

ਚਾਰੇ ਪਾਸੇ ਕੇਸਰੀ ਦਸਤਾਰਾਂ ਤੇ ਦੁਪੱਟਿਆਂ ਤੋਂ ਇਲਾਵਾ ਸੰਗਤਾਂ ਦੇ ਹੱਥਾਂ ਵਿਚ ਕੇਸਰੀ ਝੰਡੇ ਖਾਲਸਈ ਜਾਹੋ-ਜਲਾਲ ਦਾ ਅਲੌਕਿਕ ਨਜ਼ਾਰਾ ਪੇਸ਼ ਕਰ ਕਰ ਰਹੇ ਸਨ।



ਸੰਗਤਾਂ ਦੀ ਸੇਵਾ ਲਈ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵੱਖ-ਵੱਖ ਜਥੇਬੰਦੀਆਂ ਵੱਲੋਂ 200 ਦੇ ਕਰੀਬ ਲੰਗਰ ਲਾਏ ਗਏ ਸਨ, ਉਥੇ ਸ੍ਰੀ ਅਨੰਦਪੁਰ ਸਾਹਿਬ ਨੂੰ ਆਉਣ ਵਾਲੇ ਸਾਰੇ ਰਸਤਿਆਂ 'ਤੇ ਹੀ ਵੱਖ-ਵੱਖ ਜਥੇਬੰਦੀਆਂ ਤੇ ਇਲਾਕਾ ਨਿਵਾਸੀਆਂ ਵੱਲੋਂ ਲੰਗਰ ਲਾਏ ਗਏ।

ਇਸ ਮੌਕੇ ਸਿੰਘ ਸਾਹਿਬ ਨੇ ਸਮੁੱਚੀ ਸਿੱਖ ਕੌਮ ਨੂੰ ਹੋਲੇ-ਮਹੱਲੇ ਦੀ ਵਧਾਈ ਦਿੱਤੀ ਤੇ ਅਨੰਦਪੁਰ ਸਾਹਿਬ ਵਿਖੇ ਪਹੁੰਚਣ 'ਤੇ ਜੀ ਆਇਆਂ ਕਿਹਾ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਵਿਸ਼ਵ

*(ਬਾਕੀ ਸਫਾ 6 'ਤੇ)*

# ਉਡਾਣ ਭਰਨ ਤੋਂ ਪਹਿਲਾਂ ਹੀ ਬਾਜਵਾ ਦੇ ਖੰਭ ਕੁਤਰੇ

**ਚੰਡੀਗੜ੍ਹ:** ਮਾਝੇ ਦੇ ਜਰਨੈਲ ਵਜੋਂ ਮਸ਼ਹੂਰ ਸ. ਪ੍ਰਤਾਪ ਸਿੰਘ ਬਾਜਵਾ ਨੂੰ ਚਾਹੇ ਪੰਜਾਬ ਕਾਂਗਰਸ ਦੀ ਕਪਤਾਨੀ ਸੌਂਪ ਦਿੱਤੀ ਗਈ ਹੈ ਪਰ ਨਾਲ ਹੀ ਹਾਈ ਕਮਾਨ ਨੇ ਉਨ੍ਹਾਂ ਦੀਆਂ ਸ਼ਕਤੀਆਂ 'ਤੇ ਸ਼ਿਕੰਜਾ ਕੱਸ ਦਿੱਤਾ ਹੈ। ਪਾਰਟੀ ਹਾਈ ਕਮਾਨ ਨੇ ਪਰਵਾਜ਼ ਤੋਂ ਪਹਿਲਾਂ ਹੀ ਸ. ਬਾਜਵਾ ਦੇ ਪਰ ਕੁਤਰ ਦਿੱਤੇ ਹਨ। ਨਾਲ ਹੀ ਮਾਝੇ, ਮਾਲਵੇ ਤੇ ਦੁਆਬੇ ਦੇ ਚਾਰ ਖੇਤਰੀ ਇੰਚਾਰਜ ਜਿਨ੍ਹਾਂ ਨੂੰ ਮੀਤ ਪ੍ਰਧਾਨਾਂ ਦੇ ਅਹੁਦੇ ਦਿੱਤੇ ਗਏ ਹਨ, ਲਾ ਕੇ ਹਾਈ ਕਮਾਨ ਨੇ ਸਪਸ਼ਟ ਕਰ ਦਿੱਤਾ ਕਿ ਉਹ ਖੁੱਲ੍ਹ ਕੇ ਨਹੀਂ ਖੇਡ ਸਕਣਗੇ।

ਸ. ਬਾਜਵਾ ਨੂੰ ਪਹਿਲਾ ਝਟਕਾ ਉਸ ਵੇਲੇ ਲੱਗਾ ਜਦੋਂ ਹਾਈ ਕਮਾਨ ਦੇ ਹੁਕਮ 'ਤੇ ਉਨ੍ਹਾਂ ਨੂੰ

## ਮੁੱਕਣ 'ਚ ਨਹੀਂ ਆ ਰਹੀ ਧੜੇਬੰਦੀ

ਆਪਣੇ ਛੋਟੇ ਭਰਾ ਫਤਿਹਜੰਗ ਸਿੰਘ ਬਾਜਵਾ ਅਤੇ ਭੁਲੱਥ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਦਿੱਤੇ ਅਹੁਦੇ ਵਾਪਸ ਲੈਣੇ ਪਏ। ਇਸ ਤੋਂ ਇਲਾਵਾ ਸ. ਬਾਜਵਾ ਵੱਲੋਂ ਪੰਜਾਬ ਕਾਂਗਰਸ ਲਈ ਨਿਯੁਕਤ ਕੀਤੇ ਗਏ ਤਿੰਨ ਸਕੱਤਰਾਂ ਨੂੰ ਵੀ ਹਟਾ ਦਿੱਤਾ



ਗਿਆ ਜਿਨ੍ਹਾਂ ਵਿਚ ਰਾਜਬੀਰ ਸਿੰਘ, ਰਾਜਿੰਦਰਾ ਦੀਪਾ ਅਤੇ ਅਸ਼ੋਕ ਚੌਧਰੀ ਸ਼ਾਮਲ ਹਨ। ਇਸ ਤੋਂ ਇਹ ਵੀ ਸਪਸ਼ਟ ਹੋ ਗਿਆ ਹੈ ਕਿ ਕਾਂਗਰਸ ਦਾ ਕਲੇਸ਼ ਅਜੇ ਥੰਮ੍ਹਿਆ ਨਹੀਂ। ਵੱਖ-ਵੱਖ ਧੜਿਆਂ ਵਿਚਾਲੇ ਖਿੱਚੋਤਾਣ ਜਾਰੀ ਹੈ। ਅਸਲ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਹਟਾ ਕੇ ਸ. ਬਾਜਵਾ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਨਾਲ ਕਾਂਗਰਸ ਦੀ ਘਰੇਲੂ ਜੰਗ ਹੋਰ ਤੇਜ਼ ਹੋਈ ਹੈ। ਪੰਜਾਬ ਕਾਂਗਰਸ ਦੇ ਵਿਧਾਇਕਾਂ ਵਿਚੋਂ ਬਹੁਗਿਣਤੀ ਕੈਪਟਨ ਦੇ ਨਾਲ ਹੋਣ ਅਤੇ ਮਾਝਾ ਖੇਤਰ ਦੇ ਹੀ ਕੁਝ ਵਿਧਾਇਕ ਪਿਛਲੇ ਸਮੇਂ ਤੋਂ ਸ. ਬਾਜਵਾ ਤੋਂ ਦੂਰ ਹੋਣ ਕਾਰਨ ਇਸ ਮਝੈਲ ਆਗੂ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਦਾ ਅਹੁਦਾ ਵੱਡੀ ਵੰਗਾਰ ਬਣ ਗਿਆ ਹੈ।

ਉਧਰ, ਹਾਈ ਕਮਾਨ ਨੇ ਸ਼ਕਤੀਆਂ ਦਾ ਤਵਾਜ਼ਨ ਬਣਾਈ ਰੱਖਣ ਲਈ ਮਾਝੇ, ਮਾਲਵੇ ਤੇ ਦੁਆਬੇ ਦੇ ਖੇਤਰਾਂ ਲਈ ਇੰਚਾਰਜ ਵਜੋਂ ਚਾਰ ਮੀਤ ਪ੍ਰਧਾਨ ਨਿਯੁਕਤ ਕਰ ਦਿੱਤੇ ਹਨ। ਦੁਆਬੇ

*(ਬਾਕੀ ਸਫਾ 6 'ਤੇ)*

# ਆਸਟਰੇਲੀਆ ਵਿਚ ਦਸਤਾਰ ਦੇ ਹੱਕ 'ਚ ਫੈਸਲਾ



**ਮੈਲਬਰਨ:** ਆਸਟਰੇਲੀਆ ਦੇ ਸ਼ਹਿਰ ਬ੍ਰਿਜ਼ਬਨ ਦੀ ਅਦਾਲਤ ਨੇ ਇਕ ਮਹੱਤਵਪੂਰਨ ਕੇਸ ਵਿਚ ਦਸਤਾਰ ਦੇ ਹੱਕ ਵਿਚ ਫੈਸਲਾ ਸੁਣਾਇਆ ਹੈ ਅਤੇ ਕਿਹਾ ਕਿ ਕਿਸੇ ਧਾਰਮਿਕ ਜਿਉੜੇ ਲਈ ਇਹ ਕਿਵੇਂ ਸੰਭਵ ਹੈ ਕਿ ਉਹ ਆਪਣੀ ਦਸਤਾਰ ਦੀ ਥਾਂ ਹੈਲਮਟ ਪਾ ਲਵੇ! ਯਾਦ ਰਹੇ ਕਿ ਪਿਛਲੇ

*(ਬਾਕੀ ਸਫਾ 6 'ਤੇ)*

REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA - SFR - CDPE
Century 21 M&M and Associates
209.918.6464
ahundal@c21mm.com
605 Standiford Ave, Ste D - Modesto, CA 95350
SFR

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ੴ ਸਤਿਗੁਰ ਪ੍ਰਸਾਦਿ॥

## ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥



ਬੜੇ ਦੁਖੀ ਹਿਰਦੇ ਨਾਲ ਸਮੂਹ ਸਨੇਹੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਸ. ਗੁਰਬਚਨ ਸਿੰਘ ਮਾਨ ਪਿੰਡ ਸੰਗਤਪੁਰਾ, ਜ਼ਿਲ੍ਹਾ ਫਰੀਦਕੋਟ (ਪੰਜਾਬ) ਜੋ ਪਿਛਲੇ 22 ਸਾਲ ਤੋਂ ਬੇਕਰਜ਼ਫੀਲਡ ਰਹਿੰਦੇ ਆ ਰਹੇ ਸਨ, 25 ਮਾਰਚ 2013 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦੀਆਂ ਅੰਤਿਮ ਰਸਮਾਂ ਹੇਠ ਲਿਖੇ ਅਨੁਸਾਰ ਹੋਣਗੀਆਂ। ਸਮੂਹ ਸਨੇਹੀਆਂ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀ ਭਰ ਕੇ ਪਰਿਵਾਰ ਨੂੰ ਧੰਨਵਾਦੀ ਬਣਾਓ ਜੀ।

**ਸਸਕਾਰ: ਸਨਿਚਰਵਾਰ 30 ਮਾਰਚ 2013, ਸਵੇਰੇ 10 ਵਜੇ**
**Greenlawn Crematory**
2739 Panama Lane, Bakersfield, CA 93313
**ਉਪਰੰਤ ਭੋਗ: ਗੁਰਦੁਆਰਾ ਗੁਰੂ ਅੰਗਦ ਦਰਬਾਰ**
8100 Stine Rd., Bakersfield, CA 93313

ਦੁਖੀ ਹਿਰਦੇ:
ਕੁਲਵੰਤ ਸਿੰਘ ਮਾਨ ਅਤੇ ਗੁਰਦਰਸ਼ਨ ਸਿੰਘ ਮਾਨ (ਸਪੁੱਤਰ)
ਕੁਲਦੀਪ ਮਾਨ, ਗੁਰਮੀਤ ਮਾਨ ਅਤੇ ਜਗਮੀਤ ਮਾਨ (ਪੋਤਰੇ) ਤੇ ਹੋਰ ਪਰਿਵਾਰ
ਸੰਪਰਕ ਲਈ ਫੋਨ: 661-343-3316, 661-979-5391

# ਫ਼ਰਜ਼ੀ ਵਿਆਹਾਂ ਖ਼ਿਲਾਫ਼ ਕੈਨੇਡਾ ਸਰਕਾਰ ਹੋਈ ਸਰਗਰਮ

**ਟੋਰਾਂਟੋ:** ਕੈਨੇਡਾ ਸਰਕਾਰ ਨੇ ਫ਼ਰਜ਼ੀ ਵਿਆਹਾਂ ਖ਼ਿਲਾਫ਼ ਇਕ ਵਿਸ਼ੇਸ਼ ਮੁਹਿਮ ਵਿੱਢੀ ਹੈ ਤੇ ਦੇਸ਼ਵਾਸੀਆਂ ਨੂੰ ਇਸ ਮੁਹਿੰਮ ਵਿਚ ਸਾਥ ਦੇਣ ਦੀ ਅਪੀਲ ਕੀਤੀ ਹੈ। ਆਵਾਸ ਮਹਿਕਮੇ ਨੇ ਕੈਨੇਡਾ ਵਿਚ ਦਾਖਲ ਹੋਣ ਦੇ ਮੰਤਵ ਨਾਲ ਵਿਆਹ ਦਾ ਜਾਲ ਬੁਣਦੇ ਅਜਿਹੇ ਲੋਕਾਂ ਤੋਂ ਸੁਚੇਤ ਰਹਿਣ ਲਈ ਵੀ ਕਿਹਾ ਹੈ। ਹਾਲ ਹੀ ਵਿਚ ਮਹਿਕਮੇ ਦੀ ਵੈੱਬਸਾਈਟ 'ਤੇ ਪਾਈ ਗਈ ਸੱਤ ਕੁ ਮਿੰਟ ਦੀ ਵੀਡੀਓ ਵਿਚ ਕੁਝ ਕੈਨੇਡੀਅਨਾਂ ਨਾਲ ਹੋਏ ਧੋਖੇ ਦੀ ਕਹਾਣੀ ਦਿਖਾਈ ਗਈ ਹੈ ਜੋ ਅਜਿਹੇ ਝੂਠੇ ਰਿਸ਼ਤਿਆਂ ਵਿਚ ਫਸ ਕੇ ਆਪਣੀ ਜ਼ਿੰਦਗੀ ਬਰਬਾਦ ਕਰ ਚੁੱਕੇ ਹਨ।

ਇਸ ਵਿਚ ਅਜਿਹੀ ਔਰਤ ਦੀ ਗਾਥਾ ਹੈ ਜੋ ਦੋ ਸਾਲ ਪਹਿਲਾਂ ਕਿਊਬਾ ਦੀ ਸੈਰ ਦੌਰਾਨ ਇਕ ਵਿਅਕਤੀ ਨੂੰ ਮਿਲੀ ਤੇ ਇਹ ਰਿਸ਼ਤਾ 2005 ਵਿਚ ਵਿਆਹ ਵਿਚ ਬਦਲ ਗਿਆ ਪਰ ਉਸ ਦਾ ਪਤੀ 2007 ਵਿਚ ਕੈਨੇਡਾ ਪਹੁੰਚਣ ਸਾਰ ਹੀ ਉਸ ਨੂੰ ਛੱਡ ਗਿਆ। ਇਕ ਪੰਜਾਬੀ ਦੱਸਦਾ ਹੈ ਕਿ ਵਿਆਹ ਬਾਅਦ ਜਦ ਉਸ ਦੀ ਪਤਨੀ ਇਥੇ ਆਈ ਸਭ ਕੁਝ ਬਦਲ ਗਿਆ। ਕੈਨੇਡਾ ਦੇ ਲੋਕਾਂ ਦੀਆਂ ਅਜਿਹੀਆਂ ਹਜ਼ਾਰਾਂ ਕਹਾਣੀਆਂ ਹਨ ਜਿਸ ਕਰਕੇ ਸਰਕਾਰ ਇਸ ਪਾਸੇ ਉਚੇਚੇ ਕਦਮ ਚੁੱਕ ਰਹੀ ਹੈ।

ਅਜਿਹੇ ਧੋਖੇ ਵਿਚ ਸ਼ਮੂਲੀਅਤ ਸਾਬਤ ਹੋ ਜਾਣ 'ਤੇ ਇਕ ਲੱਖ ਡਾਲਰ ਤੱਕ ਦੇ ਜੁਰਮਾਨੇ ਤੇ ਪੰਜ ਸਾਲ ਦੀ ਕੈਦ ਤੱਕ ਦੀ ਵਿਵਸਥਾ ਹੈ। ਆਵਾਸ ਮੰਤਰੀ ਜੇਸਨ ਕੈਨੀ ਨੇ ਕਿਹਾ ਕਿ ਲੋਕਾਂ ਨਾਲ ਹੋਏ ਵਿਆਹਾਂ ਦੇ ਧੋਖਿਆਂ ਦੀਆਂ ਅਣਗਿਣਤ ਸ਼ਿਕਾਇਤਾਂ ਉਨ੍ਹਾਂ ਤੱਕ ਪਹੁੰਚੀਆਂ ਹਨ ਤੇ ਲੋਕਾਂ ਦੇ ਦੁੱਖ ਦੀਆਂ ਕਹਾਣੀਆਂ ਉਨ੍ਹਾਂ ਨੇ ਖੁਦ ਸੁਣੀਆਂ ਹਨ। ਪਿਛਲੇ ਸਾਲ ਬਣੇ ਨਵੇਂ ਕਾਨੂੰਨ ਤਹਿਤ ਸਪਾਂਸਰ ਹੋ ਕੇ ਆਏ ਵਿਆਂਦੜ (ਮੁੰਡੇ ਜਾਂ ਕੁੜੀ) ਨੂੰ ਦੋ ਸਾਲ ਇਕ ਦੂਜੇ ਨਾਲ ਗੁਜ਼ਾਰਨ ਮਗਰੋਂ ਹੀ ਪਰਮਾਨੈਂਟ ਰੈਜ਼ੀਡੈਂਸੀ (ਪੀ.ਆਰ) ਦੇ ਕਾਗਜ਼ਾਤ ਮਿਲ ਸਕਣਗੇ ਨਹੀਂ ਤਾਂ ਉਸ ਨੂੰ ਡਿਪੋਰਟ ਹੋਣਾ ਪੈ ਸਕਦਾ ਹੈ।

*Visit us on the web:*
***punjabtimesusa.com***







# Imperial Truck Wash & Repair

Located at 2635 E. North Ave., Fresno, CA 93725 (Corner of North & Chestnut).

ਨਵਾਂ ਨਕੋਰ ਟਰੱਕ ਅਤੇ ਟਰੇਲਰ ਵਾਸ਼



ਬਹੁਤ ਹੀ ਵਾਜਬ ਰੇਟ

Oil Change Special
$189.99



***Special prices for all tires.***

- All major repairs for trucks & trailers.
- Brand new truck & trailer wash.
- Best prices on wash in the Fresno area.
- We offer truck & trailer wash, trailer washout,
- Wax, tire dressing, towel dry.
- We sell all major parts for truck & trailers.

*Gated parking with security guard on-site at night*

Also have office space available (ideal for a trucking company).

ਅਸੀਂ ਟਰੱਕ ਅਤੇ ਟਰੇਲਰਾਂ ਦੇ ਸਾਰੇ ਮੁੱਖ ਕਲਪੁਰਜੇ ਵੀ ਵੇਚਦੇ ਹਾਂ



**Contact: Inderjit Singh. Ph. 559-442-8500 or Cell. 209-872-4117**

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## WE CAN SELL HUD HOMES ANY WHERE IN CALIFORNIA

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Selling Homes from Gilroy to Sacramento, CA

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 1336 Mokelumne Dr., Antioch, CA 94531
2. 647 Colusa Way, Livermore, CA 94551
3. 36378 Matiz Cmn, Fremont, CA 94536
4. 2477 Ascot Way, Union City, CA 94587
5. 4915 Calistoga Dr., Union City, CA 94587
6. 2118 Calle Vista Verde, Milpitas, CA95035
7. 8211 Mulberry Ct., Dublin, CA 94568
8. 4205 Lunar Way Union City, CA 94587
9. 2320 Picasso Way, Stockton, CA 95206
10. 8308 Medeiros Way, Sacramento CA 95829
11. 3167 San Bernardino Way Union City, CA 94587
12. 34782 Klondike Dr. Union City, CA 94587
13. 32467 Woodland Dr., Union City, CA 94587
14. 1969 Catalpa Way Hayward, CA 94545
15. 2952 Remington Way San Jose, CA 95148
16. 32452 Springwood Dr., Union City, CA 94587

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# ਪ੍ਰੋ. ਦਰਸ਼ਨ ਸਿੰਘ ਵੱਲੋਂ 'ਅਸਲ' ਨਾਨਕਸ਼ਾਹੀ ਕੈਲੰਡਰ ਮੁੜ ਜਾਰੀ

**ਚੰਡੀਗੜ੍ਹ:** ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੇ 'ਅਸਲ' ਨਾਨਕਸ਼ਾਹੀ ਕੈਲੰਡਰ ਨੂੰ ਮੁੜ ਜਾਰੀ ਕਰਦਿਆਂ ਦੇਸ਼ ਤੇ ਵਿਦੇਸ਼ ਵਿਚ ਵਸਦੇ ਸਿੱਖਾਂ ਨੂੰ ਇਸ ਅਨੁਸਾਰ ਹੀ ਗੁਰਪੁਰਬ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਇਸ ਕੈਲੰਡਰ ਦੀਆਂ ਕਾਪੀਆਂ ਦੇਸ਼ ਤੇ ਵਿਦੇਸ਼ ਵਿਚ ਵੰਡੇਗੀ। ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਕਿ ਆਰਐਸਐਸ ਸ਼ੁਰੂ ਤੋਂ ਹੀ ਨਾਨਕਸ਼ਾਹੀ ਕੈਲੰਡਰ ਜਾਰੀ ਕਰਨ ਦੇ ਵਿਰੁੱਧ ਸੀ।

ਇਹ ਕੈਲੰਡਰ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਸਮੇਂ ਖ਼ੁਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਜਾਰੀ ਕੀਤਾ ਸੀ। ਆਰਐਸਐਸ ਪ੍ਰੋ. ਬਡੂੰਗਰ ਤੋਂ ਨਾਨਕਸ਼ਾਹੀ ਕੈਲੰਡਰ ਜਾਰੀ ਕਰਨ ਕਾਰਨ ਕਾਫ਼ੀ ਨਾਰਾਜ਼ ਸੀ। ਇਸ ਲਈ ਆਰਐਸਐਸ ਦੇ ਦਬਾਅ ਹੇਠ ਪ੍ਰੋ. ਬਡੂੰਗਰ ਤੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਲਿਆ ਗਿਆ। ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਕਿ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣ ਵਿਚ ਆ ਰਹੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦਿਆਂ ਸ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤਾ ਨਾਨਕਸ਼ਾਹੀ ਕੈਲੰਡਰ 1999 ਤੋਂ ਜਾਰੀ ਕੀਤਾ ਗਿਆ।

ਬਹੁਤ ਸਾਰੇ ਸਿੱਖਾਂ ਦੇ ਦੂਜੇ ਦੇਸ਼ਾਂ ਵਿਚ ਜਾ ਕੇ ਵੱਸਣ ਕਾਰਨ ਵੀ ਇਸ ਦੀ ਲੋੜ ਪਈ। ਕਈ ਮੁਲਕ ਜਿਵੇਂ ਕੈਨੇਡਾ, ਗੁਰੂ ਨਾਨਕ ਪੁਰਬ ਉਤੇ ਸਰਕਾਰੀ ਛੁੱਟੀ ਕਰਨਾ ਚਾਹੁੰਦੇ ਸਨ। ਇਸ ਲਈ ਇਸ ਸਥਾਈ ਕੈਲੰਡਰ ਦੀ ਲੋੜ ਸੀ ਤਾਂ ਕਿ ਹਰ ਸਾਲ ਤਿਥੀਆਂ ਦੀਆਂ ਗਿਣਤੀਆਂ-ਮਿਣਤੀਆਂ ਨਾ ਕਰਨੀਆਂ ਪੈਣ ਤੇ ਕੋਈ ਭੰਬਲਭੂਸਾ ਇਸ ਸਬੰਧੀ ਨਾ ਹੋਵੇ। ਪਹਿਲਾਂ ਗੁਰਪੁਰਬ ਬਿਕਰਮੀ ਸੰਮਤ ਅਨੁਸਾਰ ਮਨਾਏ ਜਾਂਦੇ ਸਨ ਜਿਹੜਾ ਕਿ ਚੰਦਰ ਪ੍ਰਭਾਵ ਮੱਸਿਆ ਤੇ ਪੂਰਨਮਾਸੀ ਦੇ ਹੁੰਦਿਆਂ ਸਦਾ ਲਈ ਸਥਾਈ ਰੂਪ ਵਿਚ ਪ੍ਰਚਲਤ ਨਹੀਂ ਸੀ ਕੀਤਾ ਜਾ ਸਕਦਾ। ਇਸ ਮੁਸ਼ਕਲ ਕਾਰਨ ਤਿਉਹਾਰ ਵੀ ਬਦਲਦੇ ਰਹਿੰਦੇ ਸਨ ਜਿਸ ਦਾ ਵਿਦੇਸ਼ ਵਿਚ ਵੱਡਾ ਬਖੇੜਾ ਸੀ। ਕੈਲੰਡਰ ਦਾ ਸੂਰਜੀ ਕੈਲੰਡਰ ਅਨੁਸਾਰ ਹੋਣਾ ਜ਼ਰੂਰੀ ਸੀ। 1999 ਨੂੰ ਖ਼ਾਲਸਾ ਪ੍ਰਗਟ ਹੋਣ ਦੀ ਤੀਜੀ ਸ਼ਤਾਬਦੀ ਸੰਪੂਰਨ ਹੋਈ।

**ਕੈਲੰਡਰ ਦੀਆਂ ਕਾਪੀਆਂ ਦੇਸ਼ ਤੇ ਵਿਦੇਸ਼ ਵਿਚ ਵੰਡਣ ਦਾ ਐਲਾਨ**




ਲੋਕਾਂ ਵਿਚ ਸ਼ਤਾਬਦੀ ਮਨਾਉਣ ਦਾ ਵੱਡਾ ਚਾਅ ਸੀ। ਨਾਨਕਸ਼ਾਹੀ ਕੈਲੰਡਰ ਨੂੰ ਖ਼ਾਲਸੇ ਦੀ ਤ੍ਰੈ ਸ਼ਤਾਬਦੀ ਮਨਾਉਣ ਦਾ ਇਕ ਹਿੱਸਾ ਤਸੱਵਰ ਕੀਤਾ ਗਿਆ। ਇਸ ਇਸ ਲਈ ਜ਼ਰੂਰੀ ਸਮਝਿਆ ਗਿਆ ਕਿ ਦੂਜੀਆਂ ਕੌਮਾਂ ਮਸਲਨ ਹਿੰਦੂ, ਮੁਸਲਮਾਨ ਤੇ ਈਸਾਈ ਆਦਿ ਦੇ ਆਪੋ-ਆਪਣੇ ਕੈਲੰਡਰ ਪਹਿਲਾਂ ਹੀ ਮੌਜੂਦ ਸਨ। ਸਿੱਖ ਕੈਲੰਡਰ ਦੀ ਅਣਹੋਂਦ ਰੜਕ ਰਹੀ ਸੀ। ਇਸ ਨੂੰ ਖ਼ਤਮ ਕਰਨ ਲਈ ਨਾਨਕਸ਼ਾਹੀ ਕੈਲੰਡਰ ਦੀ ਲੋੜ ਸਮਝੀ ਗਈ। ਨਾਨਕਸ਼ਾਹੀ ਕੈਲੰਡਰ ਸਿੱਖ ਸਮੂਹ ਦੇ ਕੌਮੀ ਪ੍ਰਗਟਾਵੇ ਦਾ ਸਦੀਵੀ ਪ੍ਰਤੀਕ ਬਣ ਗਿਆ।

ਨਾਨਕਸ਼ਾਹੀ ਕੈਲੰਡਰ ਦੇ ਜਾਰੀ ਹੋਣ ਦੇ ਐਲਾਨ ਨਾਲ ਉਸ ਵੇਲੇ ਦੇ ਰਾਸ਼ਟਰੀ ਸੈਯਮ ਸੇਵਕ ਸੰਘ ਪ੍ਰਧਾਨ ਸੁਦਰਸ਼ਨ ਦਾ ਬਿਆਨ ਆਇਆ ਕਿ ਆਰਐਸਐਸ ਕਦੇ ਇਸ ਨੂੰ ਪ੍ਰਵਾਨ ਨਹੀਂ ਕਰੇਗਾ ਤੇ ਨਾ ਹੀ ਲਾਗੂ ਹੋਣ ਦੇਵੇਗਾ। ਇਹ ਇਸ਼ਾਰਾ ਪਾ ਕੇ ਸਿੱਖਾਂ ਵਿਚ ਬੈਠੇ ਆਰਐਸਐਸ ਦੇ ਹਮਦਰਦਾਂ ਨੇ ਕੈਲੰਡਰ ਨੂੰ ਖ਼ਤਮ ਕਰਨ ਦੀਆਂ ਗੋਦਾਂ ਗੁੰਦਣੀਆਂ ਸ਼ੁਰੂ ਕਰ ਦਿਤੀਆਂ। ਇਸ ਲਈ ਇਸ ਨੂੰ 1998 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਪ੍ਰਵਾਨ ਕਰਨ ਦੇ ਬਾਵਜੂਦ ਇਹ ਲਾਗੂ ਨਾ ਹੋ ਸਕਿਆ।

ਬੀਬੀ ਜਾਗੀਰ ਕੌਰ ਨੇ ਪ੍ਰਧਾਨ ਬਣ ਕੇ ਸੰਤ ਸਮਾਜ ਦੀ ਵਿਰੋਧਤਾ ਦੇ ਬਾਵਜੂਦ ਇਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨ ਕਰ ਲਿਆ। ਰਣਜੀਤ ਸਿੰਘ, ਮੰਗਲ ਸਿੰਘ ਤੇ ਪੂਰਨ ਸਿੰਘ ਦੀ ਵਿਰੋਧਤਾ ਆਖ਼ਰ ਗਿਆਨੀ ਪੂਰਨ ਸਿੰਘ ਵੱਲੋਂ ਬੀਬੀ ਜਾਗੀਰ ਕੌਰ ਨੂੰ ਛੇਕਣ ਜਾਣ ਦੀ ਹੱਦ ਤਕ ਗਈ। ਸੰਘ ਦੇ ਸਦਰ ਮੁਕਾਮ ਗੁਣੇ ਮੱਧ ਪ੍ਰਦੇਸ਼ ਤੋਂ ਉਸ ਨੇ ਹੁਕਮਨਾਮਾ ਫ਼ੈਕਸਨਾਮਾ ਜਾਰੀ ਕਰ ਕੇ ਬੀਬੀ ਜਾਗੀਰ ਕੌਰ ਨੂੰ ਪੰਥ ਵਿਚੋਂ ਛੇਕ ਦਿੱਤਾ। ਆਖ਼ਰ ਗਿਆਨੀ ਪੂਰਨ ਸਿੰਘ ਨੂੰ ਕੱਢਣ ਤੋਂ ਬਾਅਦ ਇਹ ਕੈਲੰਡਰ 16 ਜਨਵਰੀ, 2003 ਨੂੰ ਅਕਾਲ ਤਖ਼ਤ ਵੱਲੋਂ ਸਥਾਪਤ 11 ਮੈਂਬਰੀ ਕਮੇਟੀ ਦੀ ਸਿਫ਼ਾਰਸ਼ ਨਾਲ ਲਾਗੂ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਆਖਿਆ ਗਿਆ।

ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਸਥਾਪਤ 11 ਮੈਂਬਰੀ ਕਮੇਟੀ ਕੋਲ ਕੋਈ ਸ਼ਿਕਾਇਤ ਇਸ ਵਿਰੁੱਧ ਨਹੀਂ ਸੀ ਆਈ। 2003 ਵਿਚ ਜਥੇਦਾਰ ਟੌਹੜਾ ਦੇ ਪ੍ਰਧਾਨ ਬਣਨ ਉਪਰੰਤ ਫਿਰ ਇਕ ਵਾਰ ਅਕਾਲ ਤਖ਼ਤ ਦੇ ਭੋਰੇ ਵਿਚ ਹੋਈ ਮੀਟਿੰਗ ਨੇ ਇਸ ਨੂੰ ਪ੍ਰਵਾਨ ਕੀਤਾ। ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਨੇ 27 ਮਾਰਚ, 2003 ਨੂੰ ਕੈਲੰਡਰ ਪ੍ਰਵਾਨ ਕਰ ਲਿਆ। 2004 ਦੀਆਂ ਗੁਰਦਵਾਰਾ ਚੋਣਾਂ ਤਕ ਕਿਸੇ ਨੇ ਇਸ ਦਾ ਵਿਰੋਧ ਨਾ ਕੀਤਾ।

ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਕਿ ਬੀਬੀ ਜਾਗੀਰ ਕੌਰ ਤੇ ਪ੍ਰੋ. ਬਡੂੰਗਰ ਦੇ ਕਾਲ ਦੌਰਾਨ ਚਾਰ ਵਾਰ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਤੇ ਜਨਰਲ ਇਜਲਾਸ ਨੇ ਇਸ ਨੂੰ ਪ੍ਰਵਾਨ ਕੀਤਾ। ਕਿਸੇ ਨੇ ਵਿਰੋਧ ਨਾ ਕੀਤਾ। ਵਿਦੇਸ਼ਾਂ ਦੀ ਸਾਰੀਆਂ ਸੰਸਥਾਵਾਂ ਤੇ ਦਿੱਲੀ ਕਮੇਟੀ ਨੇ ਸੰਘ ਦਾ ਦਬਾਅ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਨਾਨਕਸ਼ਾਹੀ ਕੈਲੰਡਰ ਪ੍ਰਵਾਨ ਕਰ ਲਿਆ। ਸੰਘ ਦੇ ਪ੍ਰਭਾਵ ਅਧੀਨ ਤਖ਼ਤ ਪਟਨਾ ਸਾਹਿਬ, ਤਖ਼ਤ ਹਜ਼ੂਰ ਸਾਹਿਬ ਨੂੰ ਛੱਡ ਕੇ ਬਾਕੀ ਸਾਰੀਆਂ ਪੰਥਕ ਸੰਸਥਾਵਾਂ ਨੇ ਪ੍ਰਵਾਨ ਕਰ ਲਿਆ। ਉਨ੍ਹਾਂ ਕਿਹਾ ਕਿ 2003 ਵਿਚ ਸੰਤ ਸਮਾਜ ਦੇ ਦਬਾਅ ਅਧੀਨ ਹੋਲਾ ਮਹੱਲਾ ਤੇ ਗੁਰੂ ਗ੍ਰੰਥ ਸਾਹਿਬ ਗੁਰਗੱਦੀ ਦਿਵਸ ਨੂੰ ਵੀ ਚੰਦਰ ਅਧਾਰਤ ਕੈਲੰਡਰ ਨਾਲ ਜੋੜ ਦਿੱਤਾ ਗਿਆ। ਸੰਤ ਸਮਾਜ ਨੇ ਆਪਣਾ ਵਿਰੋਧ ਫਿਰ ਵੀ ਜਾਰੀ ਰੱਖਿਆ ਤੇ ਆਖ਼ਰ 2009 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਸਿਆਸੀ ਆਗੂਆਂ ਰਾਹੀਂ ਸੰਗਰਾਦਾਂ ਨੂੰ ਵੀ ਚੰਦਰਮਾ ਕੈਲੰਡਰ ਨਾਲ ਜੋੜ ਦਿਤਾ ਤੇ ਇਵੇਂ ਹੀ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਵਸ ਤੇ ਗੁਰੂ ਹਰਗੋਬਿੰਦ ਦੇ ਗੁਰਗੱਦੀ ਉਤੇ ਬੈਠਣ ਦੇ ਦਿਨ ਨੂੰ ਵੀ। ਸਮੁੱਚਾ ਪ੍ਰਭਾਵ ਇਸ ਦਾ ਇਹ ਹੋਇਆ ਜਿਵੇਂ ਸੁਦਰਸ਼ਨ ਨੇ ਆਖਿਆ ਸੀ ਕਿ ਬਿਕਰਮੀ ਕੈਲੰਡਰ ਨੂੰ ਹੀ ਨਾਨਕਸ਼ਾਹੀ ਆਖ ਕੇ 2011 ਵਿਚ ਜਾਰੀ ਕਰ ਦਿੱਤਾ ਗਿਆ ਤੇ ਹੁਣ 13 ਮਾਰਚ, 2013 ਨੂੰ ਗੁਰਦਵਾਰਾ ਰਕਾਬਗੰਜ ਸਾਹਿਬ ਦਿੱਲੀ ਦੇ ਮੰਚ ਤੋਂ ਨਾਨਕਸ਼ਾਹੀ ਨਾਂ ਹੇਠ ਉਸੇ ਬਿਕਰਮੀ ਕੈਲੰਡਰ ਨੂੰ ਮੁੜ ਜਾਰੀ ਕਰ ਕੇ ਕੁਕਰਮ ਦੀ ਪ੍ਰੋੜ੍ਹਤਾ ਕੀਤੀ ਗਈ ਹੈ ਜੋ ਸਿੱਖ ਕੌਮ ਨਾਲ ਵੱਡਾ ਧ੍ਰੋਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਸ. ਪੁਰੇਵਾਲ ਤੋਂ ਨਾ ਕਰਵਾ ਕੇ ਮੱਕੜ ਤੇ ਧੁੰਮਾਂ ਤੋਂ ਕਰਵਾਈ ਗਈ ਜੋ ਸਰਾਸਰ ਗ਼ਲਤ ਹੈ।

## ਵਿਦੇਸ਼ੋਂ ਪਰਤਿਆ ਸਾਬਕਾ ਖਾੜਕੂ ਗ੍ਰਿਫ਼ਤਾਰ

**ਸੰਗਰੂਰ:** ਭਗੌੜੇ ਖਾੜਕੂ ਮਨਪ੍ਰੀਤ ਸਿੰਘ ਨੂੰ ਪੰਜਾਬ ਪੁਲਿਸ ਨੇ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। 1999 ਵਿਚ ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਉਹ ਨਿਊਜ਼ੀਲੈਂਡ ਫਰਾਰ ਹੋ ਗਿਆ ਸੀ। ਮਨਪ੍ਰੀਤ ਸਿੰਘ ਜੋ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਮੈਂਬਰ ਸੀ, ਖਿਲਾਫ਼ 1987 ਵਿਚ ਟਾਡਾ ਤਹਿਤ ਕੇਸ ਦਰਜ ਕੀਤਾ ਗਿਆ ਸੀ। ਬੀਤੇ ਦਿਨ ਜਦੋਂ ਉਹ ਸਿਡਨੀ ਤੋਂ ਆ ਕੇ ਦਿੱਲੀ ਹਵਾਈ ਅੱਡੇ 'ਤੇ ਉਤਰਿਆ ਤਾਂ ਮੁਖਬਰੀ ਦੇ ਆਧਾਰ 'ਤੇ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਸੰਗਰੂਰ ਪੁਲਿਸ ਉਸ ਨੂੰ ਇਥੇ ਲੈ ਕੇ ਆਈ ਤੇ ਉਸ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਮਨਪ੍ਰੀਤ 'ਤੇ ਟਾਡਾ ਤਹਿਤ ਦਹਿਸ਼ਤਗਰਦੀ ਕਾਰਵਾਈਆਂ ਵਿਚ ਸ਼ਾਮਲ ਹੋਣ ਤੇ ਹੋਰ ਖਾੜਕੂਆਂ ਸਣੇ ਸੰਗਰੂਰ ਜੇਲ੍ਹ ਤੋੜ ਕੇ ਫਰਾਰ ਹੋਣ ਦੀ ਯੋਜਨਾ ਤਿਆਰ ਕਰਨ ਦੇ ਦੋਸ਼ ਆਇਦ ਕੀਤੇ ਗਏ ਸਨ। ਉਸ ਨੇ ਆਪਣੇ ਸਾਥੀਆਂ ਸਮੇਤ ਜੇਲ੍ਹ ਸੁਪਰਡੰਟ 'ਤੇ ਕਾਤਲਾਨਾ ਹਮਲਾ ਵੀ ਕੀਤਾ ਸੀ। ਅਦਾਲਤ ਨੇ 27 ਮਈ, 1999 ਨੂੰ ਉਸ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਸੀ ਜਿਸ ਦੌਰਾਨ ਨਿਊਜ਼ੀਲੈਂਡ ਫਰਾਰ ਹੋਣ ਵਿਚ ਕਾਮਯਾਬ ਹੋ ਗਿਆ।

## ਕੱਟੜਪੰਥੀਆਂ ਵੱਲੋਂ ਭਗਤ ਸਿੰਘ ਦੇ ਸ਼ਰਧਾਂਜਲੀ ਸਮਾਗਮ 'ਚ ਵਿਘਨ

**ਲਾਹੌਰ:** ਪੁਲਿਸ ਦੇ ਸਮੇਂ ਸਿਰ ਦਖ਼ਲ ਸਦਕਾ ਮੂਲਵਾਦੀ ਧਾਰਮਿਕ ਦਲਾਂ ਤੇ ਸਿਵਲ ਸੁਸਾਇਟੀ ਦੇ ਕਾਰਕੁਨਾਂ ਵਿਚਾਲੇ ਟਕਰਾਅ ਟਲ ਗਿਆ। ਸਿਵਲ ਸੁਸਾਇਟੀ ਦੇ ਕਾਰਕੁਨ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਫੁਆਰਾ ਚੌਕ ਵਿਚ ਇਕੱਠੇ ਹੋਏ ਸਨ। ਇਹ ਫੁਆਰਾ ਚੌਕ ਉਸ ਅਸਥਾਨ 'ਤੇ ਬਣਾਇਆ ਹੋਇਆ ਹੈ, ਜਿਥੇ ਬਰਤਾਨਵੀ ਸ਼ਾਸਕਾਂ ਨੇ 23 ਮਾਰਚ, 1931 ਨੂੰ ਸ. ਭਗਤ ਸਿੰਘ ਤੇ ਉਸ ਦੇ ਦੋ ਹੋਰ ਸਾਥੀਆਂ ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਦਿੱਤੀ ਸੀ। ਉਨ੍ਹਾਂ ਨੇ ਇਸ ਚੌਕ ਵਿਚ ਭਗਤ ਸਿੰਘ ਦੀ ਵੱਡੀ ਤਸਵੀਰ ਅੱਗੇ ਮੋਮਬੱਤੀਆਂ ਬਾਲ ਕੇ ਮੰਗ ਕੀਤੀ ਕਿ ਸਰਕਾਰ ਇਸ ਚੌਕ ਦਾ ਨਾਮ ਸ਼ਹੀਦ ਦੇ ਨਾਮ ਉੱਤੇ ਰੱਖੇ ਤੇ ਧਾਰਮਿਕ ਮੂਲਪੰਥੀਆਂ ਦੇ ਦਾਬੇ ਵਿਚ ਨਾ ਆਵੇ। ਭਗਤ ਸਿੰਘ ਫਾਊਂਡੇਸ਼ਨ ਦੇ ਪ੍ਰਧਾਨ ਅਬਦੁੱਲਾ ਮਲਿਕ ਨੇ ਉਸ ਨੂੰ ਉਪ ਮਹਾਦੀਪ ਦਾ ਨਾਇਕ ਕਰਾਰ ਦਿੰਦਿਆਂ ਕਿਹਾ ਕਿ ਸ਼ਹੀਦਾਂ ਨੇ ਸਹਿਣਸ਼ੀਲਤਾ, ਭਰਾਤਰੀ ਭਾਵ ਤੇ ਅਮਨ ਦਾ ਸੁਨੇਹਾ ਦਿੱਤਾ ਸੀ ਤੇ ਉਨ੍ਹਾਂ ਨੇ ਅਨਿਆਂ ਤੇ ਸਾਧਨਾਂ ਦੀ ਕਾਣੀ ਵੰਡ ਵਿਰੁੱਧ ਆਵਾਜ਼ ਉਠਾਈ ਸੀ। ਇਸ ਕਰਕੇ ਸਭ ਵੀ ਆਪਣੇ ਹੱਕਾਂ ਲਈ ਸੰਘਰਸ਼ ਕਰਦਿਆਂ ਉਨ੍ਹਾਂ ਦੇ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ। ਜਦੋਂ ਮਲਿਕ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਸਨ ਤਾਂ ਮੂਲਪੰਥੀ ਧਾਰਮਿਕ ਦਲਾਂ ਦੇ ਆਗੂ ਉਥੇ ਪੁੱਜ ਗਏ ਤੇ ਸਿਵਲ ਸੁਸਾਇਟੀ ਮੈਂਬਰਾਂ ਨੂੰ ਉਥੋਂ ਚਲੇ ਜਾਣ ਲਈ ਕਿਹਾ। ਦੋਵਾਂ ਧਿਰਾਂ ਵਿਚਾਲੇ ਤਲਖਕਲਾਮੀ ਵੀ ਹੋਈ ਤੇ ਸਿਵਲ ਸੁਸਾਇਟੀ ਨੇ ਕਿਹਾ ਕਿ ਕੱਟੜਪੰਥੀਆਂ ਨੂੰ ਚਲੇ ਜਾਣਾ ਚਾਹੀਦਾ ਹੈ ਕਿਉਂਕਿ ਉਹ ਇਕ ਹਿੰਦੂ ਆਜ਼ਾਦੀ ਘੁਲਾਟੀਏ ਨੂੰ ਸ਼ਰਧਾਂਜਲੀ ਨਹੀਂ ਦੇ ਸਕਦੇ। ਇਸ ਤੋਂ ਪਹਿਲਾਂ ਹੀ



ਸਥਿਤੀ ਬਦਤਰ ਹੁੰਦੀ, ਵੱਡੀ ਗਿਣਤੀ ਪੁਲਿਸ ਉਥੇ ਪੁੱਜ ਗਈ। ਪੁਲਿਸ ਅਧਿਕਾਰੀਆਂ ਦੀ ਬੇਨਤੀ 'ਤੇ ਸਿਵਲ ਸੁਸਾਇਟੀ ਦੇ ਕਾਰਕੁਨ ਉਥੋਂ ਚਲੇ ਗਏ ਤੇ ਇਸ ਤਰ੍ਹਾਂ ਟਕਰਾਅ ਟਲ ਗਿਆ।

ਮਲਿਕ ਨੇ ਦਾਅਵਾ ਕੀਤਾ ਕਿ ਧਾਰਮਿਕ ਜਥੇਬੰਦੀਆਂ ਦੇ ਕਾਰਕੁਨ ਕਿਸੇ ਸਾਜ਼ਿਸ਼ ਤਹਿਤ ਇੱਥੇ ਵਿਘਨ ਪਾਉਣ ਲਈ ਭੇਜੇ ਸਨ। ਉਨ੍ਹਾਂ ਕਿਹਾ ਕਿ ਇਹ ਅਜਿਹਾ ਮੁੱਦਾ ਨਹੀਂ ਸੀ ਕਿ ਇਸ 'ਤੇ ਇੰਨਾ ਰੌਲਾ ਪੈਂਦਾ। ਮਲਿਕ ਨੇ ਕਿਹਾ ਕਿ ਭਗਤ ਸਿੰਘ ਆਜ਼ਾਦੀ ਦੀ ਲੜਾਈ ਦਾ ਨਾਇਕ ਸੀ ਜੋ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਨੇ ਰਲਕੇ ਲੜੀ ਸੀ। ਇਸ ਨੂੰ ਧਾਰਮਿਕ ਮੁੱਦਾ ਬਣਾਉਣ ਦੀ ਲੋੜ ਨਹੀਂ ਹੈ। ਹਾਲੇ ਹੀ ਵਿਚ ਸਰਕਾਰ ਨੂੰ ਫੁਆਰਾ ਚੌਕ ਦਾ ਨਾਂ ਭਗਤ ਸਿਘ ਦੇ ਨਾਂ 'ਤੇ ਰੱਖਣ ਦੀ ਯੋਜਨਾ ਠੱਪ ਕਰਨੀ ਪਈ ਸੀ ਕਿਉਂਕਿ ਮੂਲਪੰਥੀ ਧਾਰਮਿਕ ਸ਼ਸ਼ਕਤੀਆਂ ਇਸ ਦਾ ਵਿਰੋਧ ਕਰ ਰਹੀਆਂ ਸਨ ਜਿਨ੍ਹਾਂ ਵਿਚ ਤਹਿਰੀਕ ਹੁਰਮਤ-ਏ-ਰਸੂਲ ਤੇ ਜਮਾਤ-ਉਦ-ਦਾਵਾ ਸ਼ਾਮਲ ਹਨ। ਇਨ੍ਹਾਂ ਨੇ ਲਾਹੌਰ ਹਾਈ ਕੋਰਟ ਵਿਚ ਇਸ ਫੈਸਲੇ ਨੂੰ ਚੁਣੌਤੀ ਵੀ ਦਿੱਤੀ ਹੋਈ ਹੈ।

# ਬਾਦਲ ਸਰਕਾਰ ਨੇ ਵਿਰੋਧੀਆਂ ਦੀ ਸੁਰੱਖਿਆ ਛਤਰੀ ਛਾਂਗੀ

**ਚੰਡੀਗੜ੍ਹ:** ਕਾਂਗਰਸੀਆਂ ਤੇ ਹੋਰਾਂ ਦੀ ਸੁਰੱਖਿਆ ਵਾਪਸ ਲੈਣ ਵਾਲੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਮਿਹਰਬਾਨ ਹੈ। ਮਜੀਠੀਆ ਰਾਜ ਦੇ ਉਨ੍ਹਾਂ ਨੌਂ ਵਿਅਕਤੀਆਂ ਵਿਚ ਸ਼ੁਮਾਰ ਹਨ ਜਿਨ੍ਹਾਂ ਨੂੰ ਅਤਿ ਉੱਚ ਸੁਰੱਖਿਆ ਜ਼ੈੱਡ ਪਲੱਸ ਮੁਹੱਈਆ ਕਰਵਾਈ ਗਈ ਹੈ। ਹਰਸਿਮਰਤ ਬਾਦਲ ਦੀ ਸੁਰੱਖਿਆ ਛਤਰੀ ਜ਼ੈੱਡ ਸ਼੍ਰੇਣੀ ਦੀ ਹੈ।

ਰਾਜ ਵਿਚ ਵੱਧ ਤੋਂ ਵੱਧ ਸੁਰੱਖਿਆ ਵਾਲੇ 30 ਵਿਅਕਤੀਆਂ ਦੀ ਸ਼ਨਾਖਤ ਕੀਤੀ ਗਈ ਹੈ ਤੇ ਪੰਜਾਬ ਕਾਂਗਰਸ ਦੇ ਨਵੇਂ ਚੁਣੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਹਾਲੇ ਸੁਰੱਖਿਆ ਵਾਲੇ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਣਾ ਹੈ। ਕਾਂਗਰਸ ਦੇ ਸੁਖਪਾਲ ਖਹਿਰਾ, ਯੂਥ ਕਾਂਗਰਸ ਦੇ ਪ੍ਰਧਾਨ ਵਿਕਰਮਜੀਤ ਚੌਧਰੀ ਦੀ ਸੁਰੱਖਿਆ ਵਾਪਸ ਲੈ ਲਈ ਗਈ ਹੈ। ਸਰਕਾਰੀ ਤੌਰ 'ਤੇ ਰਾਜ ਦੇ ਜਿਹੜੇ 30 ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ, ਇਹ ਸੁਰੱਖਿਆ ਤਿੰਨ ਸ਼੍ਰੇਣੀਆਂ ਵਿਚ ਹੈ। ਇਨ੍ਹਾਂ ਵਿਅਕਤੀਆਂ ਵਿਚੋਂ ਬਹੁਤੇ ਸੱਤਾਧਾਰੀ ਗੱਠਜੋੜ ਨਾਲ ਸਬੰਧਤ ਹਨ ਜਿਨ੍ਹਾਂ ਵਿਚ ਬੀਬੀ ਜਗੀਰ ਕੌਰ ਵੀ ਸ਼ਾਮਲ ਹੈ ਜਿਸ ਨੂੰ ਜ਼ਮਾਨਤ 'ਤੇ ਹੋਣ ਦੇ ਬਾਵਜੂਦ 'ਵਾਈ' ਸ਼੍ਰੇਣੀ ਦੀ ਸੁਰੱਖਿਆ ਮਿਲੀ ਹੋਈ ਹੈ। ਦਿਲਚਸਪ ਗੱਲ ਹੈ ਕਿ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਨੂੰ ਵੀ 'ਵਾਈ' ਸ਼੍ਰੇਣੀ ਦੀ ਸੁਰੱਖਿਆ ਹੈ ਜਦਕਿ ਕਾਂਗਰਸ ਦੇ ਉਨ੍ਹਾਂ ਦੇ ਹਮਰੁਤਬਾ ਬਾਜਵਾ ਨੂੰ ਸੰਸਦ ਮੈਂਬਰ ਹੋਣ ਦੇ ਬਾਵਜੂਦ ਅਜਿਹੀ ਸੁਰੱਖਿਆ ਛਤਰੀ ਨਹੀਂ ਮਿਲੀ। ਕਈ ਸਾਬਕਾ ਮੰਤਰੀਆਂ ਨੂੰ ਹਾਲੇ ਤੱਕ ਸ਼੍ਰੇਣੀਬੱਧ ਸੁਰੱਖਿਆ ਮਿਲੀ ਹੋਈ ਹੈ।

ਇਸ ਮਹੀਨੇ ਦੇ ਸ਼ੁਰੂ ਵਿਚ ਪੰਜਾਬ ਕਾਂਗਰਸ ਦੇ ਆਗੂਆਂ ਨੇ ਦੋਸ਼ ਲਾਏ ਸਨ ਕਿ ਰਾਜ ਸਰਕਾਰ ਵੱਡੇ ਪੱਧਰ 'ਤੇ ਕੁਝ ਆਗੂਆਂ ਦੀ ਸੁਰੱਖਿਆ ਛਤਰੀ ਵਾਪਸ ਲੈ ਰਹੀ ਹੈ ਤੇ ਆਪਣਿਆਂ ਲਈ ਨਰਮ ਹੈ। ਕਾਂਗਰਸ ਦੇ ਕਈ ਆਗੂ ਪਹਿਲਾਂ ਹੀ ਮਜੀਠੀਆ ਨੂੰ ਦੋ ਦਰਜਨ ਸੁਰੱਖਿਆ ਕਰਮੀ ਦਿੱਤੇ ਜਾਣ 'ਤੇ ਸਵਾਲ ਉਠਾ ਚੁੱਕੇ ਹਨ, ਹਾਲਾਂਕਿ ਉਸ ਦਾ ਨਾਂ ਉਸ ਸੂਚੀ ਵਿਚ ਵੀ ਨਹੀਂ ਹੈ, ਜਿਨ੍ਹਾਂ ਨੂੰ ਜਾਨ ਦਾ ਖਤਰਾ ਹੈ। ਪਰ ਹਾਲ ਹੀ ਵਿਚ ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਤਿੰਨ ਸ਼੍ਰੇਣੀਆਂ ਵਾਲੀ ਸੁਰੱਖਿਆ ਛਤਰੀ ਵਾਲੇ ਜਿਨ੍ਹਾਂ 30 ਵਿਅਕਤੀਆਂ ਦੀ ਸੂਚੀ ਭੇਜੀ ਗਈ ਹੈ, ਉਨ੍ਹਾਂ ਵਿਚ ਮਜੀਠੀਆ ਦਾ ਨਾਂ ਸਿਖਰਲੀ ਸ਼੍ਰੇਣੀ ਵਿਚ ਦਰਜ ਹੈ। ਇਸ ਤੋਂ ਇਲਾਵਾ ਪੰਜ ਦੇ ਥਾਣਾ ਮੁਖੀਆਂ ਨੂੰ ਕਿਹਾ ਗਿਆ ਹੈ ਕਿ ਜਦੋਂ ਇਹ ਵੀਆਈਪੀਜ਼ ਉਨ੍ਹਾਂ ਦੇ ਇਲਾਕਿਆਂ ਵਿਚੋਂ ਲੰਘਣ ਤਾਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਜਾਣ। ਸੀਨੀਅਰ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਸੂਬਾਈ ਸੁਰੱਖਿਆ ਤੋਂ ਇਲਾਵਾ, ਮਜੀਠੀਆ ਦੀ ਸੁਰੱਖਿਆ ਛਤਰੀ ਵਿਚ ਕੇਂਦਰੀ ਬਲਾਂ ਦੇ ਜਵਾਨ ਵੀ ਸ਼ਾਮਲ ਰਹਿਣਗੇ ਕਿਉਂਕਿ ਹਾਲ ਹੀ ਵਿਚ ਉਸ ਨੂੰ ਖਤਰਾ ਹੋਣ ਦੀਆਂ ਰਿਪੋਰਟਾਂ ਮਿਲੀਆਂ ਸਨ। ਕਾਂਗਰਸ ਦੇ ਇਕ ਵਿਧਾਇਕ ਦਾ ਕਹਿਣਾ ਹੈ ਕਿ ਇਹ ਤਾਂ ਸਭ ਨੂੰ ਦਿਸਦਾ ਹੈ ਕਿ ਕਿਵੇਂ ਆਪਣੇ ਚਹੇਤਿਆਂ ਨੂੰ ਸੁਰੱਖਿਆ ਦੇ ਕੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਜਦਕਿ ਕਈਆਂ ਨੂੰ ਉੱਕਾ ਹੀ ਅੱਖੋਂ ਓਹਲੇ ਕੀਤਾ ਗਿਆ ਹੈ।

ਵਧੀਕ ਡੀਜੀਪੀ (ਸੁਰੱਖਿਆ) ਦਿਨਕਰ ਗੁਪਤਾ ਨੇ ਦੱਸਿਆ ਕਿ ਕਿਸੇ ਵੀ ਆਗੂ ਨੂੰ ਸੁਰੱਖਿਆ ਸਿਆਸੀ ਮਜਬੂਰੀਆਂ ਤਹਿਤ ਨਹੀਂ, ਬਲਕਿ ਵੱਖ-ਵੱਖ ਏਜੰਸੀਆਂ ਵੱਲੋਂ ਦਿੱਤੀਆਂ ਜਾਂਦੀਆਂ ਰਿਪੋਰਟਾਂ ਦੇ ਆਧਾਰ 'ਤੇ ਦਿੱਤੀ ਜਾਂਦੀ ਹੈ। ਖੁਫੀਆ ਵਿੰਗ ਦੀ ਅਗਵਾਈ ਵਾਲੀ ਕਮੇਟੀ ਸੁਰੱਖਿਆ ਲੈਣ ਵਾਲਿਆਂ ਦੀ ਸੂਚੀ ਪਾਸ ਕਰਦੀ ਹੈ। ਜ਼ੈੱਡ ਪਲੱਸ ਸ਼੍ਰੇਣੀ ਵਿਚ ਨੌਂ ਵਿਅਕਤੀ, ਜ਼ੈੱਡ ਸ਼੍ਰੇਣੀ ਵਿਚ ਵੀ ਨੌਂ ਤੇ ਵਾਈ ਸ਼੍ਰੇਣੀ ਵਿਚ 12 ਵਿਅਕਤੀ ਸ਼ਾਮਲ ਹਨ। ਮਜੀਠੀਆ ਤੋਂ ਇਲਾਵਾ, ਪੰਜਾਬ ਦੇ ਗਵਰਨਰ, ਮੁੱਖ ਮੰਤਰੀ, ਉਪ ਮੁੱਖ ਮੰਤਰੀ, ਡੀਜੀਪੀ ਸੁਮੇਧ ਸੈਣੀ, ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ, ਮਨਿੰਦਰਜੀਤ ਬਿੱਟਾ, ਰਾਧਾ ਸਵਾਮੀ ਡੇਰਾ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਤੇ ਸਾਬਕਾ ਡੀਜੀਪੀ ਜ਼ੈੱਡ ਪਲੱਸ ਸ਼੍ਰੇਣੀ ਵਾਲੇ ਹਨ। ਕਾਂਗਰਸ ਦੀ ਸਾਬਕਾ ਵਿਧਾਇਕ ਰਾਜਿੰਦਰ ਕੌਰ ਭੱਠਲ, ਤਾਮਿਲਨਾਡੂ ਦੇ ਸਾਬਕਾ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਦੀ ਸੁਰੱਖਿਆ ਜ਼ੈੱਡ ਤੋਂ ਵਾਈ ਸ਼੍ਰੇਣੀ ਵਿਚ ਕਰ ਦਿੱਤੀ ਗਈ ਹੈ।

**ਮਜੀਠੀਆ ਦੀ ਜ਼ੈਡ-ਪਲੱਸ ਸੁਰੱਖਿਆ ਬਰਕਰਾਰ**



# ਮੁੰਬਈ ਧਮਾਕੇ: ਯਾਕੂਬ ਮੈਮਨ ਨੂੰ ਫਾਂਸੀ ਦੀ ਸਜ਼ਾ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1993 ਦੇ ਮੁੰਬਈ ਲੜੀਵਾਰ ਬੰਬ ਧਮਾਕਿਆਂ ਦੇ ਕੇਸ ਵਿਚ ਦੋਸ਼ੀ ਠਹਿਰਾਏ 10 ਵਿਅਕਤੀਆਂ ਦੀ ਸਜ਼ਾ-ਏ-ਮੌਤ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਹੈ ਜਦਕਿ ਯਾਕੂਬ ਅਬਦੁਲ ਰਜ਼ਾਕ ਮੈਮਨ ਦੀ ਮੌਤ ਦੀ ਸਜ਼ਾ ਬਰਕਰਾਰ ਰੱਖੀ ਹੈ। ਇਸ ਕੇਸ ਵਿਚ ਅਦਾਲਤ ਨੇ ਅਦਾਕਾਰ ਸੰਜੇ ਦੱਤ ਦੀ ਸਜ਼ਾ ਛੇ ਸਾਲ ਤੋਂ ਘਟਾ ਕੇ ਪੰਜ ਸਾਲ ਕਰ ਦਿੱਤੀ ਹੈ। ਉਹ ਡੇਢ ਸਾਲ ਪਹਿਲਾਂ ਸਜ਼ਾ ਕੱਟ ਚੁੱਕਾ ਹੈ, ਹੁਣ ਉਸ ਨੂੰ ਸਾਢੇ ਤਿੰਨ ਸਾਲ ਜੇਲ੍ਹ ਵਿਚ ਰਹਿਣਾ ਪਵੇਗਾ। ਉਂਜ, ਉਸ ਦੀ ਸਜ਼ਾ ਮੁਆਫੀ ਲਈ ਮੁਹਿੰਮ ਵੀ ਚੱਲ ਪਈ ਹੈ। ਮੁਹਿੰਮ ਚਲਾਉਣ ਵਾਲਿਆਂ ਦਾ ਕਹਿਣਾ ਹੈ ਕਿ ਉਸ ਨੇ ਇਸ ਸਮੇਂ ਦੌਰਾਨ ਕੋਈ ਅਪਰਾਧ ਨਹੀਂ ਕੀਤਾ ਹੈ, ਇਸ ਲਈ ਰਾਜਪਾਲ ਨੂੰ ਉਸ ਦੀ ਸਜ਼ਾ ਮੁਆਫ ਕਰ ਦੇਣੀ ਚਾਹੀਦੀ ਹੈ।


*ਸੰਜੇ ਦੱਤ*

ਜਸਟਿਸ ਪੀ. ਸਤਸ਼ਿਵਮ ਅਤੇ ਬੀ.ਐਸ. ਚੌਹਾਨ ਦੇ ਬੈਂਚ ਨੇ 19 'ਚੋਂ 16 ਦੋਸ਼ੀਆਂ ਦੀ ਉਮਰ ਕੈਦ ਦੀ ਸਜ਼ਾ

## *ਸੰਜੇ ਦੱਤ ਨੂੰ 5 ਸਾਲ ਦੀ ਕੈਦ*

ਬਰਕਰਾਰ ਰੱਖੀ ਹੈ। ਇਸ ਦੇ ਨਾਲ ਹੀ 4 ਮੁਲਜ਼ਮਾਂ ਸ਼ਰੀਫ਼ ਅਬਦੁਲ ਪਾਰਨਰ, ਮਨੋਜ ਕੁਮਾਰ ਗੁਪਤਾ, ਫਾਰੂਟ ਮੋਟਰਵਾਲਾ ਅਤੇ ਮੁਹੰਮਦ ਰਫ਼ੀਕ ਉਸਮਾਨ ਸ਼ੇਖ ਨੂੰ ਬਰੀ ਕਰਨ ਖ਼ਿਲਾਫ਼ ਸੀ.ਬੀ.ਆਈ. ਦੀ ਅਪੀਲ ਮਨਜ਼ੂਰ ਕਰ ਲਈ ਗਈ ਹੈ।

ਯਾਕੂਬ ਕਿੱਤੇ ਵਜੋਂ ਚਾਰਟਰਡ ਅਕਾਊਂਟੈਂਟ ਸੀ ਅਤੇ ਫਰਾਰ ਮੁਲਜ਼ਮ ਟਾਈਗਰ ਮੈਮਨ ਦਾ ਭਰਾ ਹੈ। ਬੈਂਚ ਨੇ ਕਿਹਾ ਕਿ ਯਾਕੂਬ ਮੈਮਨ ਨੇ ਧਮਾਕਿਆਂ ਦੀ ਸਾਜ਼ਿਸ਼ ਵਿਚ ਅਹਿਮ ਭੂਮਿਕਾ ਨਿਭਾਈ ਸੀ। ਦਸ ਹੋਰ ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਦਿਆਂ ਬੈਂਚ ਨੇ ਕਿਹਾ ਕਿ ਸਮਾਜ ਦੇ ਹੇਠਲੇ ਤਬਕਿਆਂ ਨਾਲ ਸਬੰਧਤ ਹਨ ਅਤੇ ਕੰਮ ਦੀ ਭਾਲ ਵਿਚ ਮੁੱਖ ਸਾਜ਼ਿਸ਼ਕਾਰਾਂ ਦੇ ਗੁੱਝੇ ਮੰਤਵਾਂ ਦਾ ਸ਼ਿਕਾਰ ਬਣ ਗਏ। ਇਨ੍ਹਾਂ 'ਚ ਅਬਦੁਲ ਗ਼ਨੀ ਇਸਮਾਈਲ ਤੁਰਕ, ਪਰਵੇਜ਼ ਨਜ਼ੀਰ, ਅਹਿਮਦ ਸ਼ੇਖ, ਮੁਸ਼ਤਾਕ ਤਰਾਨੀ, ਅਸਗ਼ਰ ਮੁਕਦੱਮ, ਸ਼ਾਹ ਨਵਾਜ਼ ਕੁਰੈਸ਼ੀ, ਸ਼ੋਏਬ ਘਨਸਰ, ਫਿਰੋਜ਼ ਅਮਾਨੀ ਮਲਿਕ, ਜ਼ਾਕਿਰ ਹੁਸੈਨ, ਅਬਦੁਲ ਅਖ਼ਤਰ ਤੇ ਫਾਰੂਕ ਪਾਵਲੇ ਸ਼ਾਮਲ ਹਨ। ਯਾਦ ਰਹੇ ਲੜੀਵਾਰ ਧਮਾਕਿਆਂ 'ਚ 257 ਲੋਕ ਮਾਰੇ ਗਏ ਸਨ ਅਤੇ 713 ਜ਼ਖ਼ਮੀ ਹੋ ਗਏ ਸਨ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਧਮਾਕਿਆਂ ਦੀ ਕਾਰਵਾਈ ਵਿਚ ਸ਼ਾਮਲ ਸੀ ਅਤੇ ਦੋਸ਼ੀਆਂ ਨੂੰ ਪਾਕਿਸਤਾਨ ਵਿਚ ਸਿਖਲਾਈ ਦਿੱਤੀ ਗਈ ਸੀ। ਆਈ.ਐਸ.ਆਈ. ਨੇ ਦੋਸ਼ੀਆਂ ਨੂੰ ਟਰੇਨਿੰਗ ਵੀ ਦਿੱਤੀ।

# ਪ੍ਰਾਪਰਟੀ ਟੈਕਸ ਨਹੀਂ ਲੱਗਣ ਦੇਵਾਂਗੇ: ਜਾਖੜ

**ਲੁਧਿਆਣਾ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਕਾਂਗਰਸ ਵਿਧਾਇਕ ਸੁਨੀਲ ਜਾਖੜ ਨੇ ਦਾਅਵਾ ਕੀਤਾ ਹੈ ਕਿ ਸਰਕਾਰ ਜਿੰਨੀ ਦੇਰ ਪ੍ਰਾਪਰਟੀ ਟੈਕਸ ਦਾ ਪ੍ਰਸਤਾਵ ਵਾਪਸ ਨਹੀਂ ਲੈਂਦੀ, ਕਾਂਗਰਸ ਉਨੀ ਦੇਰ ਇਸ ਪ੍ਰਸਤਾਵ ਦਾ ਡਟ ਕੇ ਵਿਰੋਧ ਕਰੇਗੀ ਤੇ ਪੰਜਾਬ ਦੇ ਲੋਕਾਂ 'ਤੇ ਇਹ ਬੇਲੋੜਾ ਟੈਕਸ ਨਹੀਂ ਲੱਗਣ ਦੇਵੇਗੀ। ਸ੍ਰੀ ਜਾਖੜ ਯੂਥ ਕਾਂਗਰਸ ਵੱਲੋਂ ਪ੍ਰਾਪਰਟੀ ਟੈਕਸ ਦੇ ਖ਼ਿਲਾਫ਼ ਦਿੱਤੇ ਜਾ ਰਹੇ ਧਰਨੇ ਨੂੰ ਸੰਬੋਧਨ ਕਰ ਰਹੇ ਸਨ।



ਉਨ੍ਹਾਂ ਕਿਹਾ ਕਿ ਹੁਕਮਰਾਨ ਪਾਰਟੀ ਦੇ ਵਜ਼ੀਰ ਵਿਦੇਸ਼ਾਂ ਦੀ ਸੈਰਾਂ, ਗੋਆ ਦੀ ਸੈਰਾਂ ਤੇ ਹੈਲੀਕਾਪਟਰਾਂ ਦਾ ਪਹਿਲਾਂ ਸਫ਼ਰ ਬੰਦ ਕਰਨ ਕਿਉਂਕਿ ਸਰਕਾਰ ਦੇ ਐਸ਼ੋ-ਇਸ਼ਰਤ ਦੇ ਬੇਲੋੜੇ ਖਰਚਿਆਂ ਕਾਰਨ ਹੀ ਪੰਜਾਬ ਵਿੱਤੀ ਸੰਕਟ ਵਿਚ ਘਿਰਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵੱਲੋਂ ਲੋਕ ਭਲਾਈ ਸਕੀਮਾਂ ਲਈ ਭੇਜੇ ਫੰਡ ਮੌਜੂਦਾ ਅਕਾਲੀ-ਭਾਜਪਾ ਸਰਕਾਰ ਆਪਣੇ ਨਿੱਜੀ ਦੌਰਿਆਂ ਲਈ ਖਰਚ ਕਰ ਰਹੀ ਹੈ।

ਸ੍ਰੀ ਜਾਖੜ ਨੇ ਕਿਹਾ ਕਿ ਇਕੱਲੇ ਲੁਧਿਆਣਾ ਦੇ ਸਲੱਮ ਖੇਤਰਾਂ ਲਈ ਕੇਂਦਰ ਨੇ 350 ਕਰੋੜ ਦੇ ਦਿੱਤੇ ਹਨ। ਇਸੇ ਤਰ੍ਹਾਂ ਪੰਜਾਬ ਦੇ 70 ਕਸਬੇ ਤੇ ਹੋਰ ਸ਼ਹਿਰਾਂ ਲਈ ਕੇਂਦਰੀ ਫੰਡ ਆਇਆ ਪਰ ਪੰਜਾਬ ਸਰਕਾਰ ਨੇ ਇਹ ਆਪਣੀ ਨਿੱਜੀ ਮੌਜ ਲਈ ਖਰਚ ਕਰ ਲਏ ਹਨ।

# ਚਲਦੀ ਕਾਰ ਵਿਚ ਸਮੂਹਿਕ ਜਬਰ ਜਨਾਹ

**ਅੰਮ੍ਰਿਤਸਰ:** ਗੁਰੂ ਕੀ ਨਗਰੀ ਵਿਚ ਇੱਕੀ ਵਰ੍ਹਿਆਂ ਦੀ ਕੁੜੀ ਨੂੰ ਕਾਰ ਸਵਾਰ ਨੌਜਵਾਨਾਂ ਨੇ ਅਗਵਾ ਕਰਨ ਮਗਰੋਂ ਚਲਦੀ ਕਾਰ ਵਿਚ ਉਸ ਨਾਲ ਸਮੂਹਿਕ ਜਬਰ ਜਨਾਹ ਕੀਤਾ ਤੇ ਦੇਰ ਰਾਤ ਸੁੰਨਸਾਨ ਇਲਾਕੇ ਵਿਚ ਸੁੱਟ ਗਏ। ਪੁਲਿਸ ਨੇ ਅਦਿੱਤਿਆ, ਰੌਕੀ ਤੇ ਅਭੀ ਵਿਰੁੱਧ ਕੇਸ ਦਰਜ ਕੀਤਾ ਹੈ। 25 ਮਾਰਚ ਦੀ ਰਾਤ ਵਾਪਰੀ ਇਸ ਘਟਨਾ ਵਿਚ ਜਦੋਂ ਅਗਵਾਕਾਰਾਂ ਨੇ ਕੁੜੀ ਨੂੰ ਬੱਸ ਅੱਡੇ ਕੋਲੋਂ ਜਬਰੀ ਕਾਰ ਵਿਚ ਬਿਠਾਇਆ, ਉਸ ਵੇਲੇ ਉਨ੍ਹਾਂ ਕਾਰ ਵਿਚ ਤੇਜ਼ ਆਵਾਜ਼ ਵਿਚ ਸੰਗੀਤ ਛੱਡ ਦਿੱਤਾ ਤਾਂ ਜੋ ਉਸ ਦੀਆਂ ਚੀਕਾਂ ਦਾ ਬਾਹਰ ਪਤਾ ਨਾ ਲੱਗੇ। ਘਟਨਾ ਦੀ ਜਾਣਕਾਰੀ ਉਸ ਵੇਲੇ ਮਿਲੀ ਜਦੋਂ ਇਸ ਕੁੜੀ ਨੂੰ ਛਾਉਣੀ ਖੇਤਰ ਵਿਚ ਇਕ ਸਕੂਲ ਦੇ ਨੇੜੇ ਸੁੱਟ ਦਿੱਤਾ ਗਿਆ ਤੇ ਕੁੜੀ ਨੇ ਆਪਣੇ ਮਾਪਿਆਂ ਨੂੰ ਮੋਬਾਈਲ ਫੋਨ ਰਾਹੀਂ ਸੂਚਿਤ ਕੀਤਾ। ਅਗਵਾਕਾਰ ਜਿਸ ਥਾਂ 'ਤੇ ਇਸ ਕੁੜੀ ਨੂੰ ਸੁੱਟ ਕੇ ਗਏ, ਨੇੜੇ ਹੀ ਪੁਲਿਸ ਕਮਿਸ਼ਨਰ ਦੀ ਰਿਹਾਇਸ਼ ਹੈ।

ਰਾਮਬਾਗ ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਵਿਚ ਪੀੜਤ ਕੁੜੀ ਨੇ ਦੱਸਿਆ ਕਿ ਉਹ ਇਥੇ ਬੱਸ ਅੱਡੇ ਨੇੜੇ ਰਾਮ ਤਲਾਈ ਵਿਖੇ ਇਕ ਟੈਲੀਕਾਮ ਕੰਪਨੀ ਦੀ ਦੁਕਾਨ 'ਤੇ ਕੰਮ ਕਰਦੀ ਹੈ। ਰਾਤ 7.30 ਵਜੇ ਜਦੋਂ ਉਹ ਛੁੱਟੀ ਕਰ ਕੇ ਘਰ ਪਰਤਦਿਆਂ ਉਹ ਮਹਾਂ ਸਿੰਘ ਗੇਟ ਵੱਲ ਨੂੰ ਜਾ ਰਹੀ ਸੀ ਕਿ ਪਿਛੋਂ ਆਈ ਇਕ ਕਾਰ ਉਸ ਕੋਲ ਆ ਕੇ ਰੁਕੀ ਅਤੇ ਉਸ ਨੂੰ ਜਬਰੀ ਅੰਦਰ ਖਿਚ ਲਿਆ। ਅਗਵਾਕਾਰਾਂ ਨੇ ਕੁੜੀ ਨੂੰ ਕੁਝ ਸੁੰਘਾ ਕੇ ਬੇਹੋਸ਼ ਕਰ ਦਿੱਤਾ ਤੇ ਉਸ ਨਾਲ ਜਬਰ ਜਨਾਹ ਕੀਤਾ।

## *ਯੂਬਾ ਸਿਟੀ 'ਚ ਗਦਰੀ ਬਾਬਿਆਂ ਦਾ ਮੇਲਾ 30 ਨੂੰ*

**ਯੂਬਾ ਸਿਟੀ (ਬਿਊਰੋ):** ਇੰਡੀਅਨ ਕਲਚਰਲ ਐਂਡ ਐਜੂਕੇਸ਼ਨ ਆਰਗੇਨਾਈਜੇਸ਼ਨ, ਯੂਬਾ ਸਿਟੀ ਵਲੋਂ ਗਦਰ ਪਾਰਟੀ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਿਤ ਗਦਰੀ ਬਾਬਿਆਂ ਦੀ ਯਾਦ ਵਿਚ ਇਕ ਮੇਲਾ ਆਉਂਦੀ 30 ਮਾਰਚ ਸਨਿਚਰਵਾਰ ਨੂੰ ਇਥੇ ਏ ਕੇ ਮਿਡਲ ਸਕੂਲ (1700 ਕਮੀਨੋ ਡੀ ਫਲੋਰਜ਼) ਵਿਚ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਸਮੇਂ ਮੁੱਖ ਮਹਿਮਾਨ ਕੈਨੇਡਾ ਤੋਂ ਐਮ ਪੀ ਜਿੰਨੀ ਸਿਮਜ਼, ਕੁਲਵੰਤ ਸਿੰਘ ਢੇਸੀ (ਇੰਡੀਆ ਵਰਕਰਜ਼ ਐਸੋਸੀਏਸ਼ਨ, ਬੀ ਸੀ, ਕੈਨੇਡਾ) ਅਤੇ ਰੇਡੀਓ ਟਾਕ ਸ਼ੋਅ ਹੋਸਟ ਗੁਰਪ੍ਰੀਤ ਸਿੰਘ ਹੋਣਗੇ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੇਲੇ ਦੌਰਾਨ ਗਦਰ ਲਹਿਰ ਦੇ ਸ਼ਹੀਦਾਂ ਅਤੇ ਆਜ਼ਾਦੀ ਦੇ ਹੋਰ ਪਰਵਾਨਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਏਗੀ। ਆਏ ਮਹਿਮਾਨਾਂ ਦਾ ਮਨੋਰੰਜਨ ਲੋਕ ਗਾਇਕ ਜਤਿੰਦਰ ਜਰਗੀਆ ਅਤੇ ਸੁਖਦੇਵ ਸਾਹਿਲ ਕਰਨਗੇ। ਮੰਚ ਸੰਚਾਲਨ ਆਸ਼ਾ ਸ਼ਰਮਾ ਕਰਨਗੇ। ਮੁਫਤ ਲੰਗਰ ਅਤੇ ਪਾਰਕਿੰਗ ਦਾ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਮੱਖਣ ਸਿੰਘ ਬਾਸੀ ਫੋਨ 530-415-1680 ਜਾਂ ਮੁਲਖ ਰਾਜ ਸ਼ਰਮਾ ਫੋਨ 916-910-3557 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਸੰਸਥਾ ਅਨੁਸਾਰ ਪਿਛਲੇ ਹਫਤੇ ਛਪੀ ਖਬਰ ਵਿਚ 30 ਮਾਰਚ ਦੀ ਥਾਂ ਗਲਤੀ ਨਾਲ 30 ਅਪਰੈਲ ਛਪ ਗਿਆ ਸੀ।

# ਸਿੱਖ ਸੰਸਥਾਵਾਂ ਵਿਚ 80% ਸਟਾਫ਼ ਗ਼ੈਰ ਸਿੱਖ

**ਚੰਡੀਗੜ੍ਹ:** ਸਿੱਖਾਂ ਵਿਦਵਾਨਾਂ ਨੇ ਫਿਕਰ ਜ਼ਾਹਿਰ ਕੀਤਾ ਹੈ ਕਿ ਸਿੱਖ ਵਿੱਦਿਅਕ ਸੰਸਥਾਵਾਂ ਵਿਚ 80 ਫ਼ੀਸਦੀ ਸਟਾਫ਼ ਗ਼ੈਰ ਸਿੱਖ ਸਿੱਖ ਹੈ। ਪੰਜਾਬ ਹੈਰੀਟੇਜ ਐਜੂਕੇਸ਼ਨ ਫਾਊਂਡੇਸ਼ਨ ਵੱਲੋਂ ਕਰਵਾਏ ਗਏ 'ਸਿੱਖ ਵਿਰਸਾ ਤੇ ਵਾਰਸ-ਚਿੰਤਾ ਤੇ ਚਿੰਤਨ' ਵਿਸ਼ੇ 'ਤੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫ਼ਤਿਹਗੜ੍ਹ ਸਾਹਿਬ ਦੇ ਉਪ ਕੁਲਪਤੀ ਡਾ. ਗੁਰਮੋਹਨ ਸਿੰਘ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਉਚ ਸਿੱਖਿਆ ਹਾਸਲ ਕਰਨ ਵਾਲੇ 100 ਵਿਦਿਆਰਥੀਆਂ ਵਿਚੋਂ ਮਹਿਜ਼ ਤਿੰਨ ਹੀ ਸਿੱਖ ਵਿਦਿਆਰਥੀ ਨਜ਼ਰ ਆਉਂਦੇ ਹਨ। ਸਿੱਖ ਬੱਚਿਆਂ ਨੂੰ ਉੱਚ ਵਿੱਦਿਆ ਦੇਣ ਲਈ ਸਥਾਪਤ ਕੀਤੀਆਂ ਸਿੱਖ ਵਿੱਦਿਅਕ ਸੰਸਥਾਵਾਂ ਨੂੰ ਸਿੱਖ ਸਟਾਫ਼ ਨਹੀਂ ਮਿਲ ਰਿਹਾ। ਪੰਜਾਬ ਦੇ ਪੇਂਡੂ ਸਕੂਲਾਂ ਦੇ 6ਵੀਂ ਤੋਂ 12ਵੀਂ ਜਮਾਤ ਦੇ 70 ਫ਼ੀਸਦੀ ਬੱਚੇ ਨਸ਼ਈ ਬਣ ਚੁੱਕੇ ਹਨ ਤੇ ਇਨ੍ਹਾਂ ਸਕੂਲਾਂ ਵਿਚੋਂ ਪੰਜ ਫ਼ੀਸਦੀ ਬੱਚੇ ਹੀ 12ਵੀਂ ਜਮਾਤ ਤੱਕ ਪੁੱਜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਬਲਵੰਤ ਸਿੰਘ ਢਿੱਲੋਂ ਨੇ ਕਿਹਾ ਕਿ 8ਵੀਂ ਜਮਾਤ ਦੀ ਪ੍ਰੀਖਿਆ ਬੰਦ ਹੋ ਜਾਣ ਕਾਰਨ ਪੇਂਡੂ ਬੱਚਿਆਂ ਦਾ ਆਧਾਰ ਕਮਜ਼ੋਰ ਹੋ ਰਿਹਾ ਹੈ।

**Short Sale Specialist**

**Selling HUD homes anywhere in California**



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

**Multi-Million Dollars Producer-2007, 2008 & 2009**

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

**Golden State Realty**

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਉਡਾਣ ਤੋਂ ਪਹਿਲਾਂ ਹੀ ਪ੍ਰਤਾਪ ਸਿੰਘ ਬਾਜਵਾ ਦੇ ਖੰਭ ਕੁਤਰੇ

*(ਸਫਾ ਇਕ ਦੀ ਬਾਕੀ)*

ਲਈ ਬੰਗਾ ਦੇ ਵਿਧਾਇਕ ਤਰਲੋਚਨ ਸਿੰਘ ਸੂੰਢ, ਮਾਝੇ ਲਈ ਅੰਮ੍ਰਿਤਸਰ ਕੇਂਦਰੀ ਦੇ ਵਿਧਾਇਕ ਓ.ਪੀ. ਸੋਨੀ ਅਤੇ ਮਾਲਵੇ ਲਈ ਸ੍ਰੀ ਚਮਕੌਰ ਸਾਹਿਬ ਦੇ ਵਿਧਾਇਕ ਚਰਨਜੀਤ ਸਿੰਘ ਚੰਨੀ ਤੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਨੂੰ ਨਿਯੁਕਤ ਕੀਤਾ ਗਿਆ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਸ. ਬਾਜਵਾ ਨੇ ਫਤਿਹਜੰਗ ਸਿੰਘ ਬਾਜਵਾ ਤੇ ਸੁਖਪਾਲ ਸਿੰਘ ਖਹਿਰਾ ਨੂੰ ਕ੍ਰਮਵਾਰ ਪਾਰਟੀ ਦਫਤਰ ਦਾ ਇੰਚਾਰਜ ਅਤੇ ਮੁੱਖ ਬੁਲਾਰੇ ਵਜੋਂ ਨਿਯੁਕਤ ਕਰਨ ਤੋਂ ਪਹਿਲਾਂ ਹਾਈ ਕਮਾਨ ਤੋਂ ਮਨਜ਼ੂਰੀ ਨਹੀਂ ਲਈ ਸੀ ਜਿਸ ਦਾ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਗੁਲਚੈਨ ਸਿੰਘ ਚੜਕ ਤੇ ਸਕੱਤਰ ਹਰੀਸ਼ ਚੌਧਰੀ ਨੇ ਸਖਤ ਨੋਟਿਸ ਲਿਆ।

## ਬਾਦਲ ਪਿਉ-ਪੁੱਤਰ ਖੁਸ਼

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਕਲੇਸ਼ ਤੋਂ ਬਾਦਲ ਪਿਉ-ਪੁੱਤਰ ਕੁਝ ਜ਼ਿਆਦਾ ਹੀ ਖੁਸ਼ ਹਨ। ਸ. ਬਾਜਵਾ ਦੀ ਪਸੰਦ ਦੇ ਆਗੂਆਂ ਨੂੰ ਹਟਾਉਣ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਟਿੱਪਣੀ ਸੀ ਕਿ ਕਾਂਗਰਸ ਦੀ ਹਾਈ ਕਮਾਨ ਨੂੰ ਬਾਜਵਾ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ। ਯਾਦ ਰਹੇ ਕਿ ਸ. ਬਾਦਲ ਪਹਿਲਾਂ ਵੀ ਕਾਂਗਰਸ ਬਾਰੇ ਅਜਿਹੀਆਂ ਚੋਭਵੀਆਂ ਟਿੱਪਣੀਆਂ ਕਰਦੇ ਰਹੇ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਸੀ ਕਿ ਕਾਂਗਰਸ ਹੁਣ ਪੰਜਾਬ ਵਿਚ ਬਹੁਤ ਪਛੜ ਗਈ ਹੈ। ਹੁਣ ਹਰ ਖੇਤਰ ਵਿਚ ਅਕਾਲੀ ਦਲ ਝੰਡੇ ਗੱਡ ਰਿਹਾ ਹੈ।

ਇਹ ਮਾਮਲਾ ਮੀਤ ਪ੍ਰਧਾਨ ਰਾਹੁਲ ਗਾਂਧੀ ਕੋਲ ਪੁੱਜਣ ਤੋਂ ਬਾਅਦ ਹੰਗਾਮੀ ਹਾਲਤ ਵਿਚ ਸ. ਬਾਜਵਾ ਨੂੰ ਦੋਵੇਂ ਨਿਯੁਕਤੀਆਂ ਉਪਰ ਰੋਕ ਲਾਉਣ ਦੇ ਆਦੇਸ਼ ਦਿੱਤੇ ਗਏ। ਇਹ ਵੀ ਚਰਚਾ ਹੈ ਕਿ ਇਸ ਮੁੱਦੇ ਬਾਰੇ ਪੰਜਾਬ ਇਕਾਈ ਦੇ ਇਕ ਧੜੇ ਵੱਲੋਂ ਵੀ ਹਾਈ ਕਮਾਨ ਕੋਲ ਇਤਰਾਜ਼ ਉਠਾਇਆ ਗਿਆ ਜਿਸ ਕਾਰਨ ਹਾਈ ਕਮਾਨ ਨੇ ਪੰਜਾਬ ਕਾਂਗਰਸ ਵਿਚ ਮੁੜ ਕੋਈ ਨਵਾਂ ਕਲੇਸ਼ ਸ਼ੁਰੂ ਹੋਣ ਨੂੰ ਰੋਕਣ ਲਈ ਤੁਰੰਤ ਇਹ ਫੈਸਲਾ ਕਰ ਦਿੱਤਾ।

ਦਿੱਲੀ ਤੋਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਜਨਾਰਦਨ ਦਿਵੇਦੀ ਵੱਲੋਂ ਸ. ਬਾਜਵਾ ਨੂੰ ਭੇਜੇ ਪੱਤਰ ਵਿਚ ਸੂਬੇ ਵਿਚ ਨਵੇਂ ਮੀਤ ਪ੍ਰਧਾਨ ਨਿਯੁਕਤ ਕਰਨ ਬਾਰੇ ਕਿਹਾ ਗਿਆ ਹੈ ਕਿ ਇਨ੍ਹਾਂ ਖੇਤਰਾਂ ਵਿਚ ਪਾਰਟੀ ਦੀ ਮਜ਼ਬੂਤੀ ਲਈ ਇਹ ਨਿਯੁਕਤੀਆਂ ਕੀਤੀਆਂ ਗਈਆਂ ਹਨ।

ਸੂਤਰਾਂ ਮੁਤਾਬਕ ਇਹ ਨਿਯੁਕਤੀਆਂ ਕਾਂਗਰਸ ਦੀ ਕੌਮੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਅਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਮਨਜ਼ੂਰੀ ਤੋਂ ਬਾਅਦ ਕੀਤੀਆਂ ਗਈਆਂ ਹਨ।

ਦੂਜੇ ਬੰਨੇ ਸ. ਬਾਜਵਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਹਾਈ ਕਮਾਨ ਨੇ ਸਲਾਹ ਦਿੱਤੀ ਹੈ ਕਿ ਇਸ ਤਰ੍ਹਾਂ ਟੁੱਟਵੇਂ ਢੰਗ ਨਾਲ ਨਿਯੁਕਤੀਆਂ ਨਾ ਕੀਤੀਆਂ ਜਾਣ, ਇਸ ਨਾਲ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਹੋ ਸਕਦੇ ਹਨ ਤੇ ਇਕੋ ਵਾਰ ਸਾਰੀਆਂ ਨਵੀਆਂ ਨਿਯੁਕਤੀਆਂ ਦੀ ਤਜਵੀਜ਼ ਭੇਜ ਕੇ ਹਾਈ ਕਮਾਨ ਕੋਲੋਂ ਪ੍ਰਵਾਨਗੀ ਲੈ ਲਈ ਜਾਵੇ। ਉਨ੍ਹਾਂ ਮੰਨਿਆ ਕਿ ਹਾਈ ਕਮਾਨ ਕੋਲੋਂ ਇਨ੍ਹਾਂ ਨਿਯੁਕਤੀਆਂ ਦੀ ਮਨਜ਼ੂਰੀ ਨਾ ਲੈਣ ਕਾਰਨ ਰੋਕ ਲਾਉਣੀ ਪਈ ਹੈ। ਇਨ੍ਹਾਂ ਨਿਯੁਕਤੀਆਂ ਉਪਰ ਇਕ ਮਹੀਨੇ ਲਈ ਰੋਕ ਰਹੇਗੀ ਤੇ ਪੰਜਾਬ ਦਾ ਦੌਰਾ ਕਰਨ ਤੋਂ ਬਾਅਦ ਨਵੀਆਂ ਨਿਯੁਕਤੀਆਂ ਦੀ ਤਜਵੀਜ਼ ਤਿਆਰ ਕਰ ਕੇ ਹਾਈ ਕਮਾਨ ਨੂੰ ਭੇਜੀ ਜਾਵੇਗੀ।

# ਅਨੰਦਪੁਰ ਸਾਹਿਬ ਵਿਚ ਸੰਗਤ ਦਾ ਸੈਲਾਬ

*(ਸਫਾ ਇਕ ਦੀ ਬਾਕੀ)*

ਭਰ ਵਿਚ ਬੈਠੀ ਸੰਗਤ ਨੂੰ ਮੁਬਾਰਕਬਾਦ ਦਿੱਤੀ ਤੇ ਹੋਲੇ ਮਹੱਲੇ ਨੂੰ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤਾ ਚੜ੍ਹਦੀ ਕਲਾ ਦਾ ਤਿਉਹਾਰ ਦੱਸਿਆ। ਹੋਲੇ ਮਹੱਲੇ ਦਾ ਸ਼ੁਰੂਆਤੀ ਨਗਰ ਕੀਰਤਨ ਸ੍ਰੀ ਪੰਚਾਇਤੀ ਅਖਾੜਾ ਨਿਰਮਲਾ, ਕਨਖਲ, ਹਰਿਦੁਆਰ ਦੁਆਬਾ ਨਿਰਮਲ ਮੰਡਲ ਵੱਲੋਂ ਗੁਰਦੁਆਰਾ ਸੰਤ ਦਲੀਪ ਸਿੰਘ ਡੁਮੇਲੀ ਵਾਲਿਆਂ ਦੇ ਚੱਕ ਹੋਲਗੜ੍ਹ ਰੋਡ ਤੋਂ ਆਰੰਭ ਕੀਤਾ ਗਿਆ। ਬਾਬਾ ਪ੍ਰੀਤਮ ਸਿੰਘ ਨੇ ਦੱਸਿਆ ਕਿ ਬੀਤੇ ਕਈ ਸਾਲਾਂ ਤੋਂ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਦੇ ਪਹਿਲੇ ਦਿਨ ਨਿਰਮਲ ਭੇਖ ਵੱਲੋਂ ਸ਼ੁਰੂਆਤੀ ਨਗਰ ਕੀਰਤਨ ਸਜਾਇਆ ਜਾਂਦਾ ਹੈ। 27 ਤਾਰੀਕ ਨੂੰ ਸਿਆਸੀ ਕਾਨਫਰੰਸਾਂ ਹੋਈਆਂ ਜਦਕਿ 28 ਮਾਰਚ ਨੂੰ ਨਿਹੰਗ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਵਿਸ਼ਾਲ ਮਹੱਲਾ ਕੱਢਿਆ ਗਿਆ। ਇਸ ਤੋਂ ਬਿਨਾ ਹੋਲੇ ਮਹੱਲਾ ਦਾ ਸ਼ਿੰਗਾਰ ਕੁਸ਼ਤੀਆਂ, ਮਾਰਸ਼ਲ ਆਰਟ ਗੱਤਕਾ, ਕਬੱਡੀ ਤੇ ਘੋੜ ਸਵਾਰ ਨਿਹੰਗ ਸਿੰਘਾਂ ਦੇ ਜੌਹਰ ਦੇਖਣ ਲਈ ਵੀ ਸੰਗਤਾਂ 'ਚ ਬੇਹਦ ਉਤਸ਼ਾਹ ਸੀ।

**ਟਰਾਲੀ ਪਲਟਣ ਨਾਲ ਛੇ ਮੌਤਾਂ:** ਹੋਲੇ ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨਾਂ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਪੱਖੋਵਾਲ ਤੋਂ ਆਏ ਸ਼ਰਧਾਲੂਆਂ ਦੀ ਟਰਾਲੀ ਪਲਟਣ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 22 ਹੋਰ ਜ਼ਖਮੀ ਹੋ ਗਏ। ਮ੍ਰਿਤਕਾਂ ਵਿਚ ਤਿੰਨ ਪੁਰਸ਼ ਤੇ ਤਿੰਨ ਔਰਤਾਂ ਸ਼ਾਮਲ ਹਨ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇਹ ਸ਼ਰਧਾਲੂ ਗੁਰੂ ਕਾ ਲਾਹੌਰ ਦੇ ਦਰਸ਼ਨ ਕਰ ਕੇ ਅਨੰਦਪੁਰ ਸਾਹਿਬ ਨੂੰ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਦਾ ਟਰੈਕਟਰ ਬੇਕਾਬੂ ਹੋ ਕੇ ਪੰਜਾਬ ਦੀ ਹੱਦ ਤੋਂ 100 ਮੀਟਰ ਦੂਰ ਹਿਮਾਚਲ ਪ੍ਰਦੇਸ਼ ਵਿਚ ਪੈਂਦੇ ਸੇਲਾ ਘੋੜਾ ਵਿਖੇ ਪਲਟ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਹਾਦਸੇ ਵਿਚ ਮਾਰੇ ਗਏ ਸ਼ਰਧਾਲੂਆਂ ਦੇ ਪਰਿਵਾਰਾਂ ਨਾਲ ਦੁੱਖ ਵੰਡਾਇਆ ਹੈ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਦੇਣ ਤੇ ਜ਼ਖ਼ਮੀਆਂ ਦੇ ਇਲਾਜ ਲਈ ਲੋੜੀਂਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਸੇ ਦੌਰਾਨ ਸੰਗਤ ਦੀ ਸਹੂਲਤ ਲਈ ਪੂਰੇ ਪ੍ਰਬੰਧ ਕੀਤੇ ਗਏ ਸਨ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਆਪਣੇ ਨੁਮਾਇੰਦਿਆਂ ਦੀਆਂ ਉਚੇਚੀਆਂ ਡਿਊਟੀਆਂ ਲਗਾਈ ਗਈਆਂ ਸਨ। ਪ੍ਰਸ਼ਾਸਨ ਵੱਲੋਂ ਵੀ ਪੂਰੀ ਨਿਗਰਾਨੀ ਰੱਖੀ ਜਾ ਰਹੀ ਸੀ। ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਫਸਰ ਖੁਦ ਇਸ ਦਾ ਜਾਇਜ਼ਾ ਲੈ ਰਹੇ ਸਨ।

# ਸੇਵਾਮੁਕਤ ਡੀ.ਐਸ.ਪੀ. ਨੂੰ 3 ਸਾਲ ਕੈਦ

**ਪਟਿਆਲਾ:** ਦੋ ਸਕੇ ਭਰਾਵਾਂ ਨੂੰ ਅਗਵਾ ਕਰਨ ਦੇ ਵੀਹ ਸਾਲ ਪੁਰਾਣੇ ਕੇਸ ਵਿਚ ਸੀ.ਬੀ.ਆਈ. ਕੋਰਟ ਵੱਲੋਂ ਪੰਜ ਦਿਨ ਪਹਿਲਾਂ ਦੋਸ਼ੀ ਕਰਾਰ ਦੇ ਕੇ ਜੇਲ੍ਹ ਭੇਜੇ ਗਏ ਸੇਵਾ ਮੁਕਤ ਡੀ.ਐਸ.ਪੀ. ਜੋਗਿੰਦਰ ਸਿੰਘ ਨੂੰ ਤਿੰਨ ਸਾਲਾਂ ਦੀ ਕੈਦ ਦੀ ਸਜ਼ਾ ਹੋਈ ਹੈ। ਇਹ ਸਜ਼ਾ ਚੀਫ ਜੁਡੀਸ਼ਲ ਮੈਜਿਸਟਰੇਟ ਬਲਵੰਤ ਸਿੰਘ ਦੀ ਅਗਵਾਈ ਹੇਠਲੀ ਅਦਾਲਤ ਨੇ ਸੁਣਾਈ ਹੈ। ਉਂਜ ਇਹ ਸਾਬਕਾ ਪੁਲਿਸ ਅਧਿਕਾਰੀ ਜੇਲ੍ਹ ਦੀ ਹੋਰ ਹਵਾ ਖਾਣ ਤੋਂ ਬਚ ਗਿਆ ਕਿਉਂਕਿ ਤਿੰਨ ਸਾਲਾਂ ਤੱਕ ਦੀ ਸਜ਼ਾ ਵਾਲੇ ਵਿਅਕਤੀ ਨੂੰ ਕਾਨੂੰਨੀ ਪ੍ਰਕਿਰਿਆ ਅਧੀਨ ਮੌਕੇ 'ਤੇ ਹੀ ਜ਼ਮਾਨਤ ਦੇਣ ਦੀ ਵਿਵਸਥਾ ਹੈ। ਇਸ ਕੜੀ ਵਜੋਂ ਜ਼ਾਤੀ ਮੁਚੱਲਕਾ ਭਰਨ ਤੇ ਹੋਰ ਲੋੜੀਂਦੀ ਕਾਰਵਾਈ ਪੂਰੀ ਕਰਨ ਮਗਰੋਂ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ।

ਪ੍ਰਤਾਪ ਨਗਰ ਪਟਿਆਲਾ ਦੇ ਵਸਨੀਕ ਦੋ ਸਕੇ ਭਰਾਵਾਂ ਬਲਵਿੰਦਰ ਸਿੰਘ ਤੇ ਗੁਰਿੰਦਰ ਸਿੰਘ ਨੂੰ 1993 ਵਿਚ ਅਗਵਾ ਕਰਕੇ ਲਾਪਤਾ ਕਰਨ ਦੇ ਦੋਸ਼ਾਂ ਤਹਿਤ ਸੀ.ਬੀ.ਆਈ. ਨੇ ਅੱਧੀ ਦਰਜਨ ਪੁਲਿਸ ਅਧਿਕਾਰੀਆਂ ਖ਼ਿਲਾਫ਼ ਧਾਰਾ 365, 368, 343, 384 ਤੇ 120-ਬੀ ਅਧੀਨ ਕੇਸ ਦਰਜ ਕੀਤਾ ਸੀ। ਇਸ ਬਾਰੇ ਸੀ.ਬੀ.ਆਈ. ਦੇ ਸਪੈਸ਼ਲ ਜੁਡੀਸ਼ਲ ਮੈਜਿਸਟਰੇਟ ਜਾਪਇੰਦਰ ਸਿੰਘ ਦੀ ਅਗਵਾਈ ਹੇਠਲੀ ਅਦਾਲਤ ਨੇ 22 ਮਾਰਚ ਨੂੰ ਸੁਣਾਏ ਫ਼ੈਸਲੇ ਵਿਚ ਤਿੰਨ ਪੁਲਿਸ ਅਧਿਕਾਰੀਆਂ ਨੂੰ ਬਰੀ ਕਰ ਦਿੱਤਾ ਸੀ ਜਦਕਿ ਦੋ ਦੀ ਮੌਤ ਹੋ ਚੁੱਕੀ ਹੈ ਪਰ ਸਾਬਕਾ ਡੀ.ਐਸ.ਪੀ. ਜੋਗਿੰਦਰ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਉਣ ਲਈ ਇਹ ਕੇਸ ਚੀਫ ਜੁਡੀਸ਼ਲ ਮੈਜਿਸਟਰੇਟ ਕੋਲ ਭੇਜ ਦਿੱਤਾ ਸੀ।

# ਆਸਟਰੇਲੀਆ 'ਚ ਦਸਤਾਰ ਦੇ ਹੱਕ 'ਚ ਫੈਸਲਾ

*(ਸਫਾ ਇਕ ਦੀ ਬਾਕੀ)*

ਸਾਲ ਜਸਦੀਪ ਸਿੰਘ ਅਟਵਾਲ (23) ਨੂੰ ਸਾਈਕਲ ਚਲਾਉਂਦਿਆਂ ਹੈਲਮਟ ਨਾ ਪਾਉਣ ਕਾਰਨ ਪੁਲਿਸ ਨੇ ਸੌ ਡਾਲਰ ਦਾ ਜੁਰਮਾਨਾ ਕੀਤਾ ਸੀ ਜਿਸ ਨੂੰ ਇਸ ਨੌਜਵਾਨ ਨੇ ਅਦਾਲਤ ਵਿਚ ਇਹ ਕਹਿੰਦਿਆਂ ਚੁਣੌਤੀ ਦਿੱਤੀ ਸੀ ਕਿ ਸਿੱਖ ਹੁੰਦਿਆਂ ਦਸਤਾਰਧਾਰੀ ਹੋਣਾ ਉਸ ਦਾ ਹੱਕ ਹੈ ਤੇ ਇਸ ਦੀ ਜਗ੍ਹਾ ਉਹ ਹੈਲਮਟ ਨਹੀਂ ਪਹਿਨ ਸਕਦਾ। ਜੱਜ ਸਟਰੌਟ ਸ਼ੀਅਰਰ ਨੇ ਜਸਦੀਪ ਸਿੰਘ ਦੇ ਹੱਕ ਵਿਚ ਫੈਸਲਾ ਸੁਣਾਉਂਦਿਆਂ ਕਿਹਾ ਕਿ ਕਿਸੇ ਵਿਅਕਤੀ ਦੇ ਧਾਰਮਿਕ ਹੱਕਾਂ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਜਸਦੀਪ ਨੂੰ ਲਾਇਆ ਜੁਰਮਾਨਾ ਵੀ ਖਾਰਜ ਕਰ ਦਿੱਤਾ। ਜਸਦੀਪ ਸਿੰਘ ਦਾ ਕਹਿਣਾ ਹੈ ਕਿ ਅਦਾਲਤ ਦਾ ਇਹ ਫੈਸਲਾ ਭਵਿੱਖ ਵਿਚ ਦਸਤਾਰ ਬਾਰੇ ਅਪੀਲਾਂ ਵਿਚ ਅਹਿਮ ਸਾਬਤ ਹੋਵੇਗਾ।

# ਪੰਜਾਬ ਦੇ ਆਰਥਿਕ ਨਿਘਾਰ ਲਈ ਕੇਂਦਰ ਨੂੰ ਦੋਸ਼ੀ ਠਹਿਰਾਇਆ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਵਿਧਾਨ ਸਭਾ ਵਿਚ ਬਜਟ 'ਤੇ ਚੱਲ ਰਹੀ ਬਹਿਸ ਨੂੰ ਸਮੇਟਦਿਆਂ ਸੂਬੇ ਦੇ ਆਰਥਿਕ ਨਿਘਾਰ ਲਈ ਕੇਂਦਰ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਕੀਮਾਂ ਤੇ ਫਾਰਮੂਲੇ ਰਾਜ ਨੂੰ ਸੂਤ ਨਹੀਂ ਬੈਠ ਰਹੇ ਜਿਸ ਕਾਰਨ ਮਾਲੀ ਹਾਲਤ ਨਿੱਘਰ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ 'ਤੇ ਰਾਜ ਨਾਲ ਵਿਤਕਰਾ ਕਰਨ ਦਾ ਰਾਗ ਵੀ ਅਲਾਪਿਆ। ਵਿਧਾਨ ਸਭਾ ਨੇ ਵਿਰੋਧੀ ਧਿਰ ਦੀ ਗੈਰ ਮੌਜੂਦਗੀ ਵਿਚ ਮਾਲੀ ਸਾਲ 2013-14 ਦਾ 56051.78 ਕਰੋੜ ਰੁਪਏ ਦਾ ਬਜਟ ਵੀ ਪਾਸ ਕਰ ਦਿੱਤਾ।

ਵਿਰੋਧੀ ਧਿਰ ਵੱਲੋਂ ਸਦਨ ਦੀ ਕਾਰਵਾਈ ਦਾ ਬਾਈਕਾਟ ਕਰਕੇ 'ਮੌਕ ਸੈਸ਼ਨ' ਦੌਰਾਨ ਸਦਨ ਵਿਚੋਂ ਬਾਹਰ ਰਹਿ ਕੇ ਬਜਟ 'ਤੇ ਜਿਹੜੇ ਸਵਾਲ ਖੜ੍ਹੇ ਕੀਤੇ ਗਏ, ਉਨ੍ਹਾਂ ਦਾ ਜਵਾਬ ਸ. ਢੀਂਡਸਾ ਨੇ ਸਦਨ ਵਿਚ ਦਿੱਤਾ। ਵਿੱਤ ਮੰਤਰੀ ਨੇ ਬਜਟ ਪਾਸ ਹੋਣ ਤੋਂ ਪਹਿਲਾਂ ਕੁਝ ਰਿਆਇਤਾਂ ਤੇ ਸਕੂਲੀ ਖੇਡਾਂ ਲਈ 10 ਕਰੋੜ ਰੁਪਏ ਦੇ ਬਜਟ ਦਾ ਐਲਾਨ ਕੀਤਾ। ਸ. ਢੀਂਡਸਾ ਨੇ ਕਿਹਾ ਕਿ 750 ਰੁਪਏ ਦੀ ਕੀਮਤ ਤੱਕ ਦੇ ਜੁੱਤਿਆਂ 'ਤੇ 5.5 ਫੀਸਦੀ ਵੈਟ ਲੱਗੇਗਾ ਜਦੋਂਕਿ ਪਹਿਲਾਂ 250 ਰੁਪਏ ਤੱਕ ਇਹ ਛੋਟ ਸੀ। ਇਸੇ ਤਰ੍ਹਾਂ ਨਾਰੀਅਲ 'ਤੇ ਵੈਟ ਤੋਂ ਛੋਟ ਦੇ ਦਿੱਤੀ ਗਈ ਹੈ। ਵਿੱਤ ਮੰਤਰੀ ਨੇ ਕਿਹਾ ਕਿ ਆਲਮੀ ਮੰਦੀ ਦੇ ਦੌਰ ਵਿਚ ਸੂਬਾ ਆਰਥਿਕ ਤੌਰ 'ਤੇ ਤਰੱਕੀ ਕਰ ਰਿਹਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਕਰਜ਼ਾ ਅਤਿਵਾਦ ਦੀ ਦੇਣ ਹੈ। ਕੇਂਦਰ ਸਰਕਾਰ ਜੇਕਰ ਨਕਸਲਵਾਦ ਤੇ ਜੰਮੂ ਕਸ਼ਮੀਰ ਵਿਚ ਅਤਿਵਾਦ ਵਿਰੁੱਧ ਲੜਾਈ ਦਾ ਭਾਰ ਝੱਲ ਸਕਦੀ ਹੈ ਤਾਂ ਪੰਜਾਬ ਦੇ ਅਤਿਵਾਦ ਦਾ ਕਿਉਂ ਨਹੀਂ। ਸ. ਢੀਂਡਸਾ ਨੇ ਕਿਹਾ ਕਿ ਸਰਕਾਰ ਦੀ ਮਾਲੀ ਹਾਲਤ ਨੂੰ ਬੱਝਵੇਂ ਖਰਚਿਆਂ ਜਿਨ੍ਹਾਂ ਵਿਚ ਤਨਖਾਹਾਂ ਤੇ ਪੈਨਸ਼ਨਾਂ ਦਾ ਵੱਡਾ ਹਿੱਸਾ ਹੈ, ਨੇ ਹੀ ਝੰਬ ਸੁੱਟਿਆ ਹੈ। ਸਰਕਾਰ ਦੀ ਕੁੱਲ ਕਮਾਈ ਦਾ 56 ਫੀਸਦੀ ਹਿੱਸਾ ਤਾਂ ਤਨਖਾਹਾਂ ਹੀ ਖਾ ਜਾਂਦੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਗਲੇ ਵਿੱਤੀ ਵਰ੍ਹੇ ਦੌਰਾਨ ਰਾਜ ਸਰਕਾਰ ਨੂੰ ਪਿਛਲੇ ਸਾਲ ਦੇ ਮੁਕਾਬਲੇ 6550 ਕਰੋੜ ਰੁਪਏ ਦੀ ਵਾਧੂ ਆਮਦਨ ਹੋਣ ਦੇ ਆਸਾਰ ਹਨ ਜਦੋਂਕਿ ਖ਼ਰਚ 3200 ਕਰੋੜ ਰੁਪਏ ਤੱਕ ਵਧੇਗਾ। ਵਿੱਤ ਮੰਤਰੀ ਨੇ ਕਿਹਾ ਕਿ ਇਸ ਤਰ੍ਹਾਂ ਨਾਲ ਸਰਕਾਰ ਦੀਆਂ ਮਾਲੀ ਪ੍ਰਾਪਤੀਆਂ ਵਿਚ 17 ਫੀਸਦੀ ਵਾਧਾ ਹੋ ਰਿਹਾ ਹੈ। ਖ਼ਜ਼ਾਨਾ ਵਿਭਾਗ ਵੱਲੋਂ ਕੀਤੇ ਜਾ ਰਹੇ ਵਿੱਤੀ ਪ੍ਰਬੰਧ ਸਦਕਾ ਖਰਚੇ 10 ਫੀਸਦੀ ਤੱਕ ਵਧਣ 'ਤੇ ਕੰਟਰੋਲ ਕੀਤਾ ਜਾ ਰਿਹਾ ਹੈ। 2017 ਤੱਕ ਸਰਕਾਰ ਦੀ ਸਾਲਾਨਾ ਯੋਜਨਾ 30 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਚਾਰ ਸਾਲਾਂ ਦੌਰਾਨ ਪੰਜਾਬ ਆਰਥਿਕ ਤੌਰ 'ਤੇ ਤਰੱਕੀ ਕਰੇਗਾ।

# ਕਾਂਗਰਸ ਵੱਲੋਂ ਸਪੀਕਰ 'ਤੇ ਪੱਖਪਾਤੀ ਹੋਣ ਦਾ ਦੋਸ਼

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਾਹਰ ਸੜਕ ਉਪਰ ਕਾਂਗਰਸੀ ਵਿਧਾਇਕਾਂ ਵੱਲੋਂ ਪਿਛਲੇ 12 ਦਿਨਾਂ ਤੋਂ ਚਲਾਏ ਗਏ 'ਮੌਕ ਸੈਸ਼ਨ' ਦੌਰਾਨ ਸਪੀਕਰ ਦੀ ਭੂਮਿਕਾ ਨਿਭਾਉਂਦੇ ਆ ਰਹੇ ਵਿਧਾਇਕ ਜਗਮੋਹਨ ਸਿੰਘ ਕੰਗ ਨੇ 'ਸੈਸ਼ਨ' ਉਠਾਉਂਦਿਆਂ ਕਿਹਾ ਕਿ ਇਸ ਵਾਰ ਵਿਧਾਨ ਸਭਾ ਵਿਚ ਵਾਪਰੀ ਘਟਨਾ ਬੜੀ ਮੰਦਭਾਗੀ ਹੈ। ਇਹ ਨੌਬਤ ਸਰਕਾਰੀ ਧਿਰ ਤੇ ਸਪੀਕਰ ਚਰਨਜੀਤ ਸਿੰਘ ਅਟਵਾਲ ਦੇ ਪੱਖਪਾਤੀ ਰਵੱਈਏ ਕਾਰਨ ਆਈ ਹੈ।

ਸ. ਕੰਗ ਨੇ ਕਿਹਾ ਕਿ ਸਪੀਕਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਵਿਰੋਧੀ ਧਿਰ ਦੀ ਵੀ ਸੁਣਵਾਈ ਕਰੇ ਪਰ ਉਨ੍ਹਾਂ ਦੇ ਕਥਿਤ ਇਕ ਪਾਸੜ ਵਤੀਰੇ ਕਾਰਨ ਇਹ ਸਾਰਾ ਕੁਝ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਉਹ 12 ਦਿਨ 'ਸਪੀਕਰ' ਦੀ ਭੂਮਿਕਾ ਨਿਭਾਅ ਕੇ ਪੂਰੀ ਤਰ੍ਹਾਂ ਸੰਤੁਸ਼ਟ ਹਨ ਤੇ ਕਾਂਗਰਸੀ ਵਿਧਾਇਕਾਂ ਨੇ ਨਿਰੰਤਰ ਲੋਕ ਮੁੱਦਿਆਂ ਨੂੰ ਆਪਣੇ ਸੈਸ਼ਨ ਵਿਚ ਉਠਾਇਆ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਤੇ ਸਪੀਕਰ ਨੂੰ ਅਪੀਲ ਕੀਤੀ ਕਿ ਉਹ ਭਵਿੱਖ ਵਿਚ ਨਿਰਪੱਖਤਾ ਦਾ ਸਬੂਤ ਦੇਣ ਤੇ ਯਕੀਨੀ ਬਣਾਉਣ ਕਿ ਅੱਗੇ ਤੋਂ ਅਜਿਹੇ ਹਾਲਾਤ ਪੈਦਾ ਨਾ ਹੋ ਸਕਣ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ
ਫੋਨ: 209-992-7185

***ਮੇਰੇ ਉਤੇ ਅਸ਼ਲੀਲ ਗੀਤ ਗਾਉਣ ਦੇ ਦੋਸ਼ ਨਿਰਮੂਲ, ਨਾਲੇ ਮੈਂ ਤੇ ਧਾਰਮਿਕ ਟੇਪਾਂ ਵੀ ਕੱਢੀਆਂ ਹਨ-ਮਿਸ ਪੂਜਾ**

-ਬੀਬਾ ਜੀ, ਥੋਨੂੰ ਕੀਹਨੇ ਕਹਿ'ਤਾ ਪਈ ਕੂੜੇ ਦੇ ਢੇਰ ਉਤੇ ਅਗਰਬੱਤੀ ਲਾਉਣ ਨਾਲ ਕੂੜਾ ਪਵਿੱਤਰ ਹੋ ਜਾਂਦੈ।

***ਪੰਜਾਬ ਦੇਸ਼ 'ਚ ਛੇਵੇਂ ਤੋਂ ਬਾਰਵੇਂ ਨੰਬਰ 'ਤੇ ਪੁੱਜਾ**

-ਇਹੀ ਤਾਂ ਵਿਕਾਸ ਐ!

***ਸੀਰੀਅਲ 'ਗੁਰਬਾਣੀ' ਨੂੰ ਲੈ ਕੇ 'ਕਲਰਜ਼' ਟੀ. ਵੀ. ਵਿਰੁਧ ਕੇਸ ਦਰਜ**

-ਪ੍ਰੋਡਿਊਸਰ ਦੀ ਮਨਸ਼ਾ ਪੂਰੀ ਹੋਈ, ਹੁਣ ਮਿਲੂ ਮਸ਼ਹੂਰੀ।

***ਪੰਜਾਬ ਪੁਲਿਸ ਵਲੋਂ ਨਰਾਇਣ ਸਿੰਘ ਚੌੜਾ ਕੋਲੋਂ ਦੋ ਅਤਿ ਆਧੁਨਿਕ ਗੰਨਾਂ ਬਰਾਮਦ ਕਰਨ ਦਾ ਦਾਅਵਾ-ਇੱਕ ਖਬਰ**

-ਓ ਯਾਰ! ਤੁਹਾਨੂੰ ਬਾਦਲ ਸਾਹਿਬ ਨੇ ਇੰਨਾ ਕਾਬਿਲ ਡੀ. ਜੀ. ਪੀ. ਲਭ ਕੇ ਦਿੱਤਾ ਆ, ਤੁਸੀਂ ਫਿਰ ਗੰਨਾਂ-ਗੂੰਨਾਂ ਪਾਈ ਜਾਨੇ ਓਂ। ਕਮਲਿਓ ਤੁਸੀਂ ਤੇ ਭਾਵੇਂ ਸਿੱਖਾਂ 'ਤੇ ਤੋਪਾਂ ਪਾਈ ਜਾਓ, ਉਹ ਵੀ ਚੱਲੂ।

***ਸਰਕਾਰ ਵਿੱਤੀ ਸੰਕਟ ਵਿਚ ਨਹੀਂ-ਬਾਦਲ**

-ਤਨਖਾਹਾਂ ਰੋਕ ਕੇ ਮੁਲਾਜਮਾਂ ਨੂੰ ਖੱਜਲ ਕਰਨਾ ਤਾਂ ਐਵੇਂ ਸਾਡਾ ਸ਼ੁਗਲ ਐ।

***ਦੇਸ਼ ਹਾਲੇ ਵੀ ਗਰੀਬੀ ਤੇ ਸਮਾਜਿਕ ਬੁਰਾਈਆਂ ਦੇ ਚੁੰਗਲ 'ਚੋਂ ਨਹੀਂ ਨਿਕਲਿਆ-ਸ਼ਰਨਜੀਤ ਢਿੱਲੋਂ**

-ਤਾਂ ਹੀ ਤਾਂ ਝੁੱਡੂ ਤੇ ਚਮਚੇ ਕਿਸਮ ਦੇ ਬੰਦੇ ਲੀਡਰੀਆਂ ਕਰਨ ਡਹੇ ਐ।

***ਪ੍ਰਵਾਸੀਆਂ ਨੂੰ ਹੁਣ ਕੋਈ ਸ਼ਿਕਾਇਤ ਲੈ ਕੇ ਕਿਸੇ ਦਫਤਰ ਜਾਣ ਦੀ ਲੋੜ ਨਹੀਂ ਪਵੇਗੀ-ਪੰਜਾਬ ਸਰਕਾਰ**

-ਸਿਧੀ ਸਾਡੇ ਏਜੰਟਾਂ ਨਾਲ ਗੱਲ ਕਰੋ ਤੇ ਸਸਤੇ ਰੇਟਾਂ 'ਤੇ ਕੰਮ ਕਰਵਾਓ।

*Visit us on the web:*
***punjabtimesusa.com***

## ਪਾਕਿਸਤਾਨ 'ਚ ਚੋਣਾਂ 11 ਮਈ ਨੂੰ

**ਇਸਲਾਮਾਬਾਦ:** ਪਾਕਿਸਤਾਨ ਵਿਚ ਆਮ ਚੋਣਾਂ 11 ਮਈ ਨੂੰ ਹੋਣਗੀਆਂ ਤੇ ਇਸ ਦੇ ਨਾਲ ਹੀ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਕੋਈ ਸਰਕਾਰ ਆਪਣਾ ਕਾਰਜਕਾਲ ਪੂਰਾ ਕਰੇਗੀ। ਪ੍ਰਧਾਨ ਮੰਤਰੀ ਰਾਜਾ ਪਰਵੇਜ਼ ਅਸ਼ਰਫ਼ ਦੀ ਤਜਵੀਜ਼ 'ਤੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਐਲਾਨ ਕੀਤਾ ਹੈ ਕਿ ਦੇਸ਼ ਵਿਚ ਆਮ ਚੋਣਾਂ 11 ਮਈ ਨੂੰ ਹੋਣਗੀਆਂ। ਇਸ ਦੇ ਨਾਲ ਹੀ ਰਾਜਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ।

ਕੌਮੀ ਅਸੈਂਬਲੀ 16 ਮਾਰਚ ਨੂੰ ਪੰਜ ਵਰ੍ਹੇ ਪੂਰੇ ਹੋਣ 'ਤੇ ਭੰਗ ਕਰ ਦਿੱਤੀ ਗਈ ਸੀ। ਨਿਯਮਾਂ ਮੁਤਾਬਕ ਸਰਕਾਰ ਭੰਗ ਕੀਤੇ ਜਾਣ ਦੇ 60 ਦਿਨਾਂ ਦੇ ਅੰਦਰ-ਅੰਦਰ ਚੋਣਾਂ ਕਰਵਾਈਆਂ ਜਾਣੀਆਂ ਲਾਜ਼ਮੀ ਹਨ। ਪਾਕਿਸਤਾਨ ਦੀ ਵਰਤਮਾਨ ਸਰਕਾਰ ਦੇਸ਼ ਦੀ ਪਹਿਲੀ ਸਿਵਲ ਸਰਕਾਰ ਹੈ ਜੋ ਆਪਣਾ ਕਾਰਜਕਾਲ ਪੂਰਾ ਕਰ ਰਹੀ ਹੈ। 1947 ਵਿਚ ਜਦੋਂ ਪਾਕਿਸਤਾਨ ਬਣਿਆ ਸੀ, ਤੋਂ ਲੈ ਕੇ ਹੁਣ ਤੱਕ ਦੇਸ਼ 'ਚ ਕਈ ਦਹਾਕੇ ਫੌਜੀ ਰਾਜ ਰਿਹਾ ਹੈ। 1958-1971, 1977-1988 ਤੱਕ, 1999 ਤੋਂ 2008 ਤੱਕ ਦੇਸ਼ 'ਚ ਫੌਜ ਕਾਬਜ਼ ਰਹੀ।

## ਮੀਰ ਖੋਸੋ ਬਣੇ ਪਾਕਿ ਦੇ ਨਿਗਰਾਨ ਪ੍ਰਧਾਨ ਮੰਤਰੀ

**ਇਸਲਾਮਾਬਾਦ:** ਆਪਣੀ ਇਮਾਨਦਾਰੀ ਲਈ ਜਾਣੇ ਜਾਂਦੇ ਸੇਵਾਮੁਕਤ ਜੱਜ ਮੀਰ ਹਾਜ਼ਰ ਖਾਨ ਖੋਸੋ ਨੂੰ ਦੇਸ਼ ਦਾ ਨਿਗਰਾਨ ਪ੍ਰਧਾਨ ਮੰਤਰੀ ਚੁਣਿਆ ਗਿਆ ਹੈ ਜੋ 11 ਮਈ ਨੂੰ ਪਾਕਿਸਤਾਨ ਵਿਚ ਹੋ ਰਹੀਆਂ ਚੋਣਾਂ ਵੀ ਕਰਾਉਣਗੇ। ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਆਗੂ ਤੇ ਦੋ ਦਲੀ ਪਾਰਲੀਮਾਨੀ ਕਮੇਟੀ ਛੇ ਦਿਨਾਂ ਦੇ ਵਿਚਾਰ ਮਗਰੋਂ ਵੀ ਜਦੋਂ ਨਿਗਰਾਨ ਪ੍ਰਧਾਨ ਮੰਤਰੀ ਨਾ ਚੁਣ ਸਕੀ ਤਾਂ ਚੋਣ ਕਮਿਸ਼ਨ ਨੇ ਇਸ 84 ਸਾਲਾ ਆਗੂ ਦੀ ਨਿਯੁਕਤੀ ਕੀਤੀ।

## ਰਿਪਬਲਿਕਨ ਸੈਨੇਟਰ ਪਾਕਿਸਤਾਨ ਖ਼ਿਲਾਫ਼ ਡਟਿਆ

**ਵਾਸ਼ਿੰਗਟਨ:** ਰਾਸ਼ਟਰਪਤੀ ਪਦ ਦੀ ਇੱਛਾ ਰੱਖਣ ਵਾਲੇ ਰਿਪਬਲਿਕਨ ਸੈਨੇਟਰ ਨੇ ਸੈਨੇਟ ਦੇ ਸਾਹਮਣੇ ਸੋਧ ਪ੍ਰਸਤਾਵ ਰੱਖਿਆ ਹੈ ਜਿਸ ਵਿਚ ਇਹ ਮੰਗ ਕੀਤੀ ਗਈ ਹੈ ਕਿ ਜਦ ਤਕ ਸ਼ਕੀਲ ਅਫਰੀਦੀ ਦੀ ਜੇਲ੍ਹ ਤੋਂ ਰਿਹਾਈ ਨਹੀਂ ਹੁੰਦੀ ਤਦ ਤਕ ਪਾਕਿਸਤਾਨ ਨੂੰ ਕਿਸੇ ਵੀ ਤਰ੍ਹਾਂ ਦੀ ਵਿਦੇਸ਼ੀ ਆਰਥਿਕ ਸਹਾਇਤਾ ਬੰਦ ਕਰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀਆਂ ਕਾਰਵਾਈਆਂ ਬਰਦਾਸ਼ਤ ਕਰਨ ਯੋਗ ਨਹੀਂ ਹਨ।

## ਪਾਕਿਸਤਾਨੀ ਹਿੰਦੂ ਤੇ ਸਿੱਖ ਹੋਏ ਆਹਮੋ-ਸਾਹਮਣੇ

**ਇਸਲਾਮਾਬਾਦ:** ਇਤਰਾਜ਼ਯੋਗ ਤਸਵੀਰਾਂ ਨੂੰ ਲੈ ਕੇ ਪਾਕਿਸਤਾਨ ਦੇ ਦੱਖਣੀ ਸਿੰਧ ਸੂਬੇ ਵਿਚ ਹਿੰਦੂਆਂ ਤੇ ਸਿੱਖਾਂ ਵਿਚਾਲੇ ਪੈਦਾ ਹੋਇਆ ਝਗੜਾ ਕੌਮ ਦੇ ਆਗੂਆਂ ਦੇ ਦਖਲ ਕਾਰਨ ਟਲ ਗਿਆ। ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਬੇਸ਼ੱਕ ਦੋਵਾਂ ਧਿਰਾਂ ਵਿਚ ਸੁਲਾਹ ਸਫਾਈ ਹੋ ਗਈ ਹੈ ਪਰ ਸਿੰਧ ਦੇ ਸ਼ਿਕਾਰਪੁਰ ਇਲਾਕੇ ਵਿਚ ਘੱਟ ਗਿਣਤੀ ਸਿੱਖ ਸਥਾਨਕ ਹਿੰਦੂਆਂ ਤੋਂ ਭੈਅ ਖਾ ਰਹੇ ਹਨ। ਝਗੜਾ ਉਸ ਸਮੇਂ ਪੈਦਾ ਹੋਇਆ ਜਦੋਂ ਸਿੱਖ ਵਿਦਿਆਰਥੀਆਂ ਨੇ ਸ਼ਿਕਾਰਪੁਰ ਵਿਚ ਜੈ ਸਮਾਧਾ ਆਸ਼ਰਮ ਵਿਚ ਹੋਏ ਤਾਜ਼ਾ ਮੇਲੇ ਦੀਆਂ ਤਸਵੀਰਾਂ ਵੇਖੀਆਂ।

ਇਸ ਆਸ਼ਰਮ ਵਿਚ ਗੀਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹਨ ਤੇ ਸਿੱਖ ਤੇ ਹਿੰਦੂ ਇਥੇ ਮੱਥਾ ਟੇਕਣ ਲਈ ਅਕਸਰ ਜਾਂਦੇ ਹਨ। ਫੇਸਬੁੱਕ 'ਤੇ ਪਾਈਆਂ ਗਈਆਂ ਇਨ੍ਹਾਂ ਤਸਵੀਰਾਂ ਨੂੰ ਵੇਖ ਕੇ ਸਿੱਖ ਰੋਹ ਵਿਚ ਆ ਗਏ ਤੇ ਉਨ੍ਹਾਂ ਨੇ ਇਹ ਜਾਣਕਾਰੀ ਆਪਣੇ ਆਗੂਆਂ ਨੂੰ ਦਿੱਤੀ। ਪਾਕਿਸਤਾਨ ਹਿੰਦੂ ਕੌਂਸਲ ਦੇ ਮੁਖੀ ਰਾਮੇਸ਼ ਸਿੰਘ 22 ਮੈਂਬਰੀ ਟੀਮ ਨਾਲ ਸ਼ਿਕਾਰਪੁਰ ਪੁੱਜੇ ਤੇ ਮਸਲੇ ਨੂੰ ਸੁਲਝਾ ਲਿਆ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਨੇ ਵੀ ਕਿਹਾ ਕਿ ਉਨ੍ਹਾਂ ਦੀ ਕੌਮ ਕਿਸੇ ਨਾਲ ਝਗੜਾ ਨਹੀਂ ਕਰਨਾ ਚਾਹੁੰਦੀ ਤੇ ਦੋਵਾਂ ਧਿਰਾਂ ਵਿਚ ਸ਼ਾਂਤੀ ਲਈ ਮੁਆਫ ਕਰੋ ਤੇ ਭੁੱਲ ਜਾਓ ਦੀ ਨੀਤੀ 'ਤੇ ਭਰੋਸਾ ਕਰਦੀ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਪਾਕਿਸਤਾਨ ਵਿਚ ਸੂਬਾ ਸਿੰਧ ਦੇ ਸ਼ਹਿਰ ਸ਼ਿਕਾਰਪੁਰ ਦੇ ਡੇਰਾ ਮੁਖੀ ਸਾਈਂ ਨਾਰਾਇਣ ਭਜਨ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਿਰ ਢਕੇ ਬਿਨਾਂ ਬੈਠਣ ਤੇ ਖਾਲੀ ਅੰਗ ਤੇ ਹੋਰ ਧਰਮ ਦਾ ਚਿੰਨ੍ਹ ਬਣਾ ਕੇ ਮਜ਼ਾਕ ਉਡਾਏ ਜਾਣ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਪਾਕਿ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ। ਜਥੇਦਾਰ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤੀ ਜਾ ਸਕਦੀ।

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

**ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?**

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ**

**ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।**



**ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ**

**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

***Low Rates *One-Time Discounts *No minimums**

**Call Paul at 1-800-705-3863**

**Transportation Funding Group, Inc.**

**Minneapolis , MN 55426**

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
***National Truck Driving School***

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
***ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ***

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**
**1816 Main Ave., Secramento CA, 95838**

## ਭਾਰਤ ਤੇ ਅਮਰੀਕਾ ਪੁਲਾੜ ਵਿਚ ਕਰਨਗੇ ਇਕੱਠੇ ਕੰਮ

**ਵਾਸ਼ਿੰਗਟਨ:** ਪੁਲਾੜ ਸਰਗਰਮੀਆਂ ਬਾਰੇ ਭਾਰਤ ਤੇ ਅਮਰੀਕਾ ਸਹਿਯੋਗ ਦਾ ਦਾਇਰਾ ਮੋਕਲਾ ਕਰਨ ਲਈ ਸਹਿਮਤ ਹੋ ਗਏ ਹਨ। ਇਨ੍ਹਾਂ ਸਰਗਰਮੀਆਂ ਵਿਚ ਮੌਸਮ ਤੇ ਮਾਨਸੂਨ ਦੇ ਅਨੁਮਾਨ ਤੋਂ ਲੈ ਕੇ ਚੰਦਰ ਮੰਗਲ ਮਿਸ਼ਨ ਸਹਿਤ ਪੁਲਾੜ ਖੋਜਾਂ ਵਿਚ ਸਹਿਯੋਗ ਸ਼ਾਮਲ ਹੈ। ਦੋਵਾਂ ਦੇਸ਼ਾਂ ਦੀਆਂ ਪੁਲਾੜ ਏਜੰਸੀਆਂ 'ਇਸਰੋ' ਤੇ 'ਨਾਸਾ' 'ਚ ਸਹਿਮਤੀ ਦਾ ਐਲਾਨ ਸੀ ਐਸ ਜੇ ਡਬਲਯੂ ਜੀ ਨੇ ਇਕ ਬੈਠਕ ਪਿਛੋਂ ਕੀਤਾ ਹੈ।

ਮੀਟਿੰਗ ਵਿਚ ਕਿਹਾ ਗਿਆ ਕਿ 2008 ਵਿਚ ਭਾਰਤ ਦਾ ਸਫਲ ਮਿਸ਼ਨ ਚੰਦਰਯਾਨ-1 ਵਿਚ ਨਾਸਾ ਦੇ ਸਹਿਯੋਗ ਨੂੰ ਅੱਗੇ ਵਧਾਉਂਦਿਆਂ ਦੋਵੇਂ ਪੁਲਾੜ ਏਜੰਸੀਆਂ ਕਈ ਮਿਸ਼ਨਾਂ ਵਿਚ ਆਪਸੀ ਸਹਿਯੋਗ ਦੇਣਗੀਆਂ।

# ਅਕਾਲ ਤਖ਼ਤ ਦੇ ਹੁਕਮਨਾਮੇ ਹੁਣ ਵੈਬਸਾਈਟ 'ਤੇ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ-ਸਮੇਂ ਹੁੰਦੇ ਆਦੇਸ਼, ਸੰਦੇਸ਼ ਤੇ ਹੁਕਮਨਾਮੇ ਤੇ ਹੋਰ ਅਹਿਮ ਜਾਣਕਾਰੀਆਂ ਜੋ ਹੁਣ ਤਕ ਦੇਸ਼-ਵਿਦੇਸ਼ ਵਿਚ ਸਮੁੱਚੇ ਸਿੱਖ ਭਾਈਚਾਰੇ ਕੋਲ ਨਹੀਂ ਪੁੱਜਦੇ ਸਨ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵੈਬਸਾਈਟ 'ਤੇ ਦੇਖੇ ਜਾ ਸਕਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੁਣ ਤਕ ਆਪਣੀ ਕੋਈ ਵੱਖਰੀ ਵੈਬਸਾਈਟ ਨਹੀਂ ਸੀ ਤੇ ਸਿੱਖ ਸੰਗਤਾਂ ਨੂੰ ਇਸ ਬਾਰੇ ਕੁਝ ਜਾਣਕਾਰੀ ਸਿਰਫ ਸ਼੍ਰੋਮਣੀ ਕਮੇਟੀ ਦੀ ਵੈਬਸਾਈਟ ਤੋਂ ਹੀ ਮਿਲਦੀ ਹੈ।



ਨਵੀਂ ਸ਼ੁਰੂ ਕੀਤੀ ਗਈ ਵੈਬਸਾਈਟ ਸਿਰਫ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਸਬੰਧਤ ਹੋਵੇਗੀ ਤੇ ਇਸ 'ਤੇ ਜਾਣਕਾਰੀ ਭਰਪੂਰ ਹੋਵੇਗੀ। ਇਸ ਵੈਬਸਾਈਟ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੱਖ-ਵੱਖ ਜਥੇਦਾਰਾਂ ਵੱਲੋਂ ਸਮੇਂ-ਸਮੇਂ ਕੀਤੇ ਗਏ ਆਦੇਸ਼, ਸੰਦੇਸ਼ ਤੇ ਹੁਕਮਨਾਮੇ ਸ਼ਾਮਲ ਕੀਤੇ ਜਾਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਣ ਤਕ ਦੇ ਜਥੇਦਾਰਾਂ ਬਾਰੇ ਵੇਰਵੇ ਸ਼ਾਮਲ ਹੋਣਗੇ। ਪੰਜ ਤਖ਼ਤ ਸਾਹਿਬਾਨ ਤੇ ਪੰਜ ਸਿੰਘ ਸਾਹਿਬਾਨ ਬਾਰੇ ਵੀ ਵੇਰਵੇ ਸ਼ਾਮਲ ਹੋਣਗੇ।

ਸਿੰਘ ਸਾਹਿਬਾਨ ਵੱਲੋਂ ਵੱਖ-ਵੱਖ ਧਰਮਾਂ ਦੇ ਆਗੂਆਂ ਨਾਲ ਹੁੰਦੀਆਂ ਵਿਚਾਰ ਗੋਸ਼ਟੀਆਂ ਤੇ ਹੋਰ ਸਰਗਰਮੀਆਂ ਵੀ ਇਸ ਵੈਬਸਾਈਟ ਦਾ ਹਿੱਸਾ ਬਣਨਗੀਆਂ। ਇਸ ਤੋਂ ਇਲਾਵਾ ਸਿੱਖ ਰਹਿਤ ਮਰਿਆਦਾ, ਨਾਨਕਸ਼ਾਹੀ ਕੈਲੰਡਰ ਤੇ ਪੰਜ ਸਿੰਘ ਸਾਹਿਬਾਨ ਦੀਆਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੁੰਦੀਆਂ ਇਕੱਤਰਤਾਵਾਂ ਦੇ ਵੇਰਵੇ ਸ਼ਾਮਲ ਹੋਣਗੇ।

ਇਸ ਦੀ ਪੁਸ਼ਟੀ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਵਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਦੇਸ਼ ਵਿਦੇਸ਼ ਦੇ ਦੌਰੇ ਸਮੇਂ ਸਿੱਖ ਭਾਈਚਾਰੇ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਵੱਖਰੀ ਵੈਬਸਾਈਟ ਸ਼ੁਰੂ ਕੀਤੀ ਜਾਵੇ ਤਾਂ ਜੋ ਸਿੱਖ ਸੰਗਤ ਸਮੇਂ ਸਮੇਂ ਸਿੱਖ ਸੰਗਤਾਂ ਦੇ ਨਾਂ ਜਾਰੀ ਹੁੰਦੇ ਆਦੇਸ਼, ਸੰਦੇਸ਼ ਤੇ ਹੁਕਮਨਾਮਿਆਂ ਤੋਂ ਜਾਣੂ ਹੋ ਸਕੇ।

## ਬਲਵੀਰ ਸਿੰਘ ਕਲੇਰ ਨੂੰ ਸਦਮਾ, ਮਾਤਾ ਸੁਰਗਵਾਸ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ, ਰੀਓ ਲਿੰਡਾ ਦੇ ਨਿਸ਼ਕਾਮ ਸੇਵਾਦਾਰ ਸ. ਬਲਵੀਰ ਸਿੰਘ ਕਲੇਰ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ



ਬੀਬੀ ਸੁਰਿੰਦਰ ਕੌਰ

ਜਦੋਂ ਉਨ੍ਹਾਂ ਦੇ ਮਾਤਾ ਬੀਬੀ ਸੁਰਿੰਦਰ ਕੌਰ ਕਲੇਰ ਪਿਛਲੇ ਦਿਨੀਂ ਅਚਾਨਕ ਅਕਾਲ ਚਲਾਣਾ ਕਰ ਗਏ। ਉਹ ਕਰੀਬ 70 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤੀ ਮਾਸਟਰ ਪ੍ਰੇਮ ਕਲੇਰ, ਤਿੰਨ ਪੁੱਤਰ ਅਤੇ ਇਕ ਬੇਟੀ ਤੋਂ ਇਲਾਵਾ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਪਰਿਵਾਰਕ ਸੂਤਰਾਂ ਅਨੁਸਾਰ ਬੀਬੀ ਸੁਰਿੰਦਰ ਕੌਰ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਰਵਿਦਾਸ ਸਭਾ, ਰੀਓ ਲਿੰਡਾ ਵਿਖੇ 31 ਮਾਰਚ ਐਤਵਾਰ ਨੂੰ ਦੁਪਹਿਰ 12 ਵਜੇ ਹੋਵੇਗੀ। ਪਰਿਵਾਰ ਨਾਲ ਸੰਪਰਕ ਬਲਵੀਰ ਕਲੇਰ ਫੋਨ 916-769-8569 ਰਾਹੀਂ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਕਮੇਟੀ ਨੇ ਪੁਸਤਕ 'ਸਿੱਖ ਇਤਿਹਾਸ' ਬਾਰੇ ਸੁਚੇਤ ਕੀਤਾ

**ਅੰਮ੍ਰਿਤਸਰ:** ਹਿੰਦੀ ਪੁਸਤਕ 'ਸਿੱਖ ਇਤਿਹਾਸ' ਜਿਸ ਉਪਰ 2001 ਵਿਚ ਸ਼੍ਰੋਮਣੀ ਕਮੇਟੀ ਨੇ ਰੋਕ ਲਾਈ ਸੀ, ਬਾਰੇ ਸੋਸ਼ਲ ਨੈੱਟਵਰਕ 'ਤੇ ਕੁਝ ਲੋਕਾਂ ਵੱਲੋਂ ਮੁੜ ਚਰਚਾ ਸ਼ੁਰੂ ਕੀਤੇ ਜਾਣ 'ਤੇ ਫਿਕਰ ਜ਼ਾਹਰ ਕਰਦਿਆਂ ਕਮੇਟੀ ਨੇ ਇਸ ਬਾਰੇ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਸੁਚੇਤ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਕੁਝ ਸਿੱਖ ਵਿਰੋਧੀ ਤਾਕਤਾਂ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੀ ਹਰ ਤਰ੍ਹਾਂ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ 1998-99 ਵਿਚ ਜੇ.ਡੀ ਕਨਿੰਘਮ ਦੀ ਰਚਿਤ ਅੰਗਰੇਜ਼ੀ ਪੁਸਤਕ 'ਦਾ ਹਿਸਟਰੀ ਆਫ ਦਾ ਸਿੱਖਜ਼' ਦਾ ਹਿੰਦੀ ਅਨੁਵਾਦ 'ਸਿੱਖ ਇਤਿਹਾਸ' ਦੇ ਰੂਪ ਵਿਚ ਕਰਵਾਇਆ ਗਿਆ ਸੀ।

ਕਨਿੰਘਮ ਦੀ ਪੁਸਤਕ ਵਿਚ ਹਿਰਦੇ-ਵੇਧਕ ਟਿੱਪਣੀਆਂ ਹੋਣ ਕਰਕੇ ਜੁਲਾਈ 2007 ਨੂੰ ਸਿੱਖ ਸੰਗਤਾਂ ਵੱਲੋਂ ਧਿਆਨ ਵਿਚ ਲਿਆਉਣ 'ਤੇ ਤੁਰੰਤ ਸ਼੍ਰੋਮਣੀ ਕਮੇਟੀ ਵੱਲੋਂ ਇਸ ਬਾਰੇ ਪੰਜ ਮੈਂਬਰੀ ਸਬ-ਕਮੇਟੀ ਗਠਿਤ ਕੀਤੀ ਗਈ ਸੀ। ਸਬ-ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ 23 ਜੁਲਾਈ 07 ਨੂੰ ਜਨਰਲ ਹਾਊਸ ਦੇ ਮਤਾ ਨੰਬਰ 10 ਮੁਤਾਬਕ ਹਿੰਦੀ ਪੁਸਤਕ 'ਸਿੱਖ ਇਤਿਹਾਸ' 'ਤੇ ਮੁਕੰਮਲ ਪਾਬੰਦੀ ਲਾ ਦਿੱਤੀ ਸੀ ਤੇ 24 ਅਕਤੂਬਰ ਨੂੰ ਅਖ਼ਬਾਰਾਂ ਵਿਚ ਇਸ਼ਤਿਹਾਰ ਪ੍ਰਕਾਸ਼ਤ ਕਰਵਾ ਕੇ ਸੰਗਤਾਂ ਨੂੰ ਅਪੀਲ ਕੀਤੀ ਗਈ ਸੀ ਕਿ ਇਹ ਪੁਸਤਕ ਪੜ੍ਹਨਯੋਗ ਨਹੀਂ। ਹੁਣ ਕੁਝ ਸ਼ਰਾਰਤੀ ਲੋਕਾਂ ਵੱਲੋਂ ਇਸ ਹਿੰਦੀ ਪੁਸਤਕ ਨੂੰ ਮੰਦ ਭਾਵਨਾ ਤਹਿਤ ਵਾਪਸ ਜਮ੍ਹਾਂ ਨਹੀਂ ਕਰਵਾਇਆ ਤਾਂ ਜੋ ਸਿੱਖਾਂ ਦੀ ਸਰਬ-ਉੱਚ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪੁਸਤਕਾਂ ਨੂੰ ਘੋਖਣ ਲਈ ਬਕਾਇਦਾ ਘੋਖ ਸਬ-ਕਮੇਟੀ ਗਠਿਤ ਕੀਤੀ ਹੈ ਜੋ ਲਗਾਤਾਰ ਕੰਮ ਕਰ ਰਹੀ ਹੈ।

## ਅੰਮ੍ਰਿਤਸਰ 'ਚ ਪੌਡ ਕਾਰ ਪ੍ਰਣਾਲੀ ਦਾ ਕੰਮ ਰਿੜ੍ਹਿਆ

**ਅੰਮ੍ਰਿਤਸਰ:** ਦੇਸ਼-ਵਿਦੇਸ਼ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਂਦੇ ਲੱਖਾਂ ਸ਼ਰਧਾਲੂਆਂ ਨੂੰ ਸਹੂਲਤ ਦੇਣ ਤੇ ਭੀੜ ਤੋਂ ਰਾਹਤ ਦਿਵਾਉਣ ਦੇ ਮਕਸਦ ਨਾਲ 'ਪਰਸਨਲ ਰੈਪਿਡ ਟਰਾਂਜ਼ਿਟ ਪ੍ਰਣਾਲੀ' (ਪੌਡ ਕਾਰ) ਗੁਰੂ ਨਗਰੀ ਅੰਮ੍ਰਿਤਸਰ ਵਿਚ ਛੇਤੀ ਸ਼ੁਰੂ ਕੀਤੀ ਜਾ ਰਹੀ। ਇਸ ਬਾਰੇ ਟਰੈਕ ਬਣਾਉਣ ਦਾ ਕੰਮ ਜੂਨ ਵਿਚ ਸ਼ੁਰੂ ਕੀਤਾ ਜਾ ਰਿਹਾ ਹੈ, ਜਿਹੜਾ ਤਕਰੀਬਨ 30 ਮਹੀਨਿਆਂ ਵਿਚ ਮੁਕੰਮਲ ਹੋਵੇਗਾ। ਨਗਰ ਨਿਗਮ ਅਧਿਕਾਰੀਆਂ ਮੁਤਾਬਕ ਇਸ ਤਜਵੀਜ਼ਸ਼ੁਦਾ ਪ੍ਰੋਜੈਕਟ 'ਤੇ ਤਕਰੀਬਨ 200 ਕਰੋੜ ਖ਼ਰਚ ਹੋਣ ਦਾ ਅਨੁਮਾਨ ਹੈ।

ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਉਂਦੇ ਸ਼ਰਧਾਲੂਆਂ ਲਈ ਤਕਰੀਬਨ ਸੱਤ ਥਾਂਵਾਂ 'ਤੇ ਸਟੇਸ਼ਨ ਬਣਾਏ ਜਾਣਗੇ। ਤਕਰੀਬਨ ਪੌਣੇ ਚਾਰ ਕਿਲੋਮੀਟਰ ਦੇ ਸਫ਼ਰ ਲਈ ਇਨ੍ਹਾਂ ਸੱਤ ਸਟੇਸ਼ਨਾਂ 'ਤੇ 210 ਪੌਡ ਕਾਰਾਂ ਚੱਲਣਗੀਆਂ ਜਿਸ ਲਈ ਤਕਰੀਬਨ 15 ਫੁੱਟ ਉਚਾ ਟਰੈਕ ਬਣਾਇਆ ਜਾਵੇਗਾ। ਅੰਮ੍ਰਿਤਸਰ ਵਿਚ ਲੱਗਦੇ ਜਾਮ ਤੋਂ ਰਾਹਤ ਦਿਵਾਉਣ ਲਈ ਕਾਫ਼ੀ ਸਮਾਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੇ ਗੁਰੂ ਨਗਰੀ ਵਿਚ ਪ੍ਰਦੂਸ਼ਣ ਰਹਿਤ ਪੌਡ ਕਾਰਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਸੀ। ਇਸ ਬਾਰੇ ਫੈਸਲਾ ਕੀਤਾ ਗਿਆ ਸੀ ਕਿ ਰੇਲਵੇ ਸਟੇਸ਼ਨ ਤੋਂ ਹਾਲ ਬਾਜ਼ਾਰ ਦੇ ਰਸਤੇ ਸ੍ਰੀ ਹਰਿਮੰਦਰ ਸਾਹਿਬ ਤੱਕ ਟਰੈਕ ਬਣਾਇਆ ਜਾਵੇਗਾ ਪਰ ਦੁਕਾਨਦਾਰਾਂ ਵੱਲੋਂ ਭਾਰੀ ਵਿਰੋਧਤਾ ਕਰਨ 'ਤੇ ਹੁਣ ਇਸ ਦਾ ਰੂਟ ਬਦਲਦਿਆਂ ਗੋਲ ਬਾਗ ਵਾਲੇ ਪਾਸੇ ਤੋਂ ਟਰੈਕ ਬਣਾਉਣ ਦਾ ਕੰਮ ਸ਼ੁਰੂ ਕਰਕੇ ਵਾਇਆ ਰਾਮ ਬਾਗ ਤੇ ਅੱਗੋਂ ਕੈਰੋਂ ਮਾਰਕੀਟ ਦੇ ਰਸਤੇ ਵੱਖ-ਵੱਖ ਸਟੇਸ਼ਨ ਬਣਾਉਣ ਦੀ ਤਜਵੀਜ਼ ਹੈ। ਪੌਡ ਕਾਰ ਵਿਚ ਪੰਜ ਵਿਅਕਤੀਆਂ ਦੇ ਬੈਠਣ ਦਾ ਪ੍ਰਬੰਧ ਹੈ।


# ਗੁਰਦੁਆਰਾ ਐਲ ਸਬਰਾਂਟੇ ਦੀ ਕਮੇਟੀ ਵਲੋਂ ਗੋਲਕ ਨਾਲ ਖਿਲਵਾੜ?

**ਸਾਧ ਸੰਗਤ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

ਗੁਰਦੁਆਰਾ ਐਲ ਸਬਰਾਂਟੇ ਦੀ ਮੌਜੂਦਾ ਅਖੌਤੀ ਪ੍ਰਬੰਧਕ ਕਮੇਟੀ ਕਿਵੇਂ ਕਾਇਦੇ-ਕਾਨੂੰਨਾਂ ਨਾਲ ਖਿਲਵਾੜ ਕਰਕੇ ਹੋਂਦ ਵਿਚ ਆਈ ਹੈ, ਆਸ ਹੈ ਕਿ ਇਸ ਬਾਰੇ ਤਾਂ ਸਾਰੀ ਸੰਗਤ ਜਾਣੂੰ ਹੋ ਹੀ ਚੁਕੀ ਹੋਵੇਗੀ। ਇਹ ਵੀ ਦੱਸ ਦਈਏ ਕਿ ਇਸ ਸਬੰਧੀ ਸੁਪੀਰੀਅਰ ਕੋਰਟ ਵਿਚ ਇਕ ਕੇਸ ਵੀ ਚੱਲ ਰਿਹਾ ਹੈ ਪਰ ਅਜਿਹਾ ਵੀ ਬਹੁਤ ਕੁਝ ਹੈ ਜਿਸ ਬਾਰੇ ਸੰਗਤ ਅਜੇ ਜਾਣੂੰ ਨਹੀਂ ਹੋਵੇਗੀ। ਗੁਰੂ ਘਰ ਦੀ ਸੰਗਤ ਨੂੰ ਸੁਚੇਤ ਹੋਣ ਦੀ ਲੋੜ ਹੈ ਅਤੇ ਗੁਰੂਘਰ ਵਿਚ ਹੋ ਰਹੀਆਂ ਬੇਨਿਯਮੀਆਂ ਨੂੰ ਰੋਕਣਾ ਸਾਡਾ ਸਭ ਦਾ ਫਰਜ਼ ਹੈ।

**ਸੰਗਤ ਨੂੰ ਇਹ ਜਾਣਨ ਦਾ ਹੱਕ ਹੈ ਕਿ:**

1. ਕੋਰਟ ਵਿਚ ਚੱਲ ਰਹੇ ਕੇਸ 'ਤੇ ਹੁਣ ਤੱਕ ਕਿੰਨਾ ਪੈਸਾ ਖਰਚ ਹੋ ਚੁੱਕਾ ਹੈ ਅਤੇ ਹੋਰ ਕਿੰਨਾ ਖਰਚ ਹੋਣ ਦੀ ਸੰਭਾਵਨਾ ਹੈ? ਬਾਈਲਾਅਜ਼ ਅਨੁਸਾਰ 5000 ਡਾਲਰ ਤੋਂ ਵੱਧ ਹੋਣ ਵਾਲੇ ਕਿਸੇ ਵੀ ਖਰਚੇ ਲਈ ਸੰਗਤ ਤੋਂ ਪ੍ਰਵਾਨਗੀ ਲੈਣੀ ਜ਼ਰੂਰੀ ਹੈ।
2. ਕੀ ਇਹ ਸੱਚ ਹੈ ਕਿ ਕੇਸ ਸ਼ੁਰੂ ਹੋਣ ਸਮੇਂ ਗੁਰਦੁਆਰਾ ਕਮੇਟੀ ਵਲੋਂ ਵਕੀਲ ਕੋਲ ਇੱਕ ਲੱਖ ਡਾਲਰ ਜਾਂ ਕੋਈ ਵੀ ਹੋਰ ਰਕਮ ਜਮ੍ਹਾਂ ਕਰਵਾਈ ਗਈ ਸੀ ਅਤੇ ਜੇ ਇਹ ਸੱਚ ਹੈ ਤਾਂ ਕੀ ਇਸ ਦੀ ਪ੍ਰਵਾਨਗੀ ਲਈ ਗਈ ਸੀ?
3. ਮੌਜੂਦਾ ਪ੍ਰਬੰਧਕਾਂ ਵਲੋਂ ਕਈ ਵਾਰ ਸਟੇਜ ਤੋਂ ਇਹ ਅਨਾਊਂਸ ਕੀਤਾ ਗਿਆ ਹੈ ਕਿ ਅਪਰੈਲ ਮਹੀਨੇ ਵਿਚ ਬਿਲਡਿੰਗ ਦੀ ਸ਼ੁਰੂਆਤ ਕਰਨ ਲਈ 'ਟੱਕ' ਲਗਾਇਆ ਜਾਵੇਗਾ। ਕੀ ਉਹ ਦੱਸਣਗੇ ਕਿ,

(ੳ) ਬਿਲਡਿੰਗ ਸਬੰਧੀ ਹੁਣ ਤੱਕ ਕਿਹੜੇ ਪਰਮਿਟ ਮਿਲੇ ਹਨ? ਇਹ ਤਾਂ ਸਭ ਜਾਣਦੇ ਹਨ ਕਿ ਕੋਈ ਵੀ ਬਿਲਡਿੰਗ ਬਣਾਉਣ ਤੋਂ ਪਹਿਲਾਂ ਜ਼ਮੀਨ ਦੀ ਗਰੇਡਿੰਗ ਕਰਨੀ ਹੁੰਦੀ ਹੈ ਅਤੇ ਉਸ ਲਈ ਵੀ ਪਰਮਿਟ ਲਿਆ ਜਾਂਦਾ ਹੈ। ਸਾਡੀ ਸੂਚਨਾ ਅਨੁਸਾਰ ਗੁਰੂਘਰ ਕੋਲ ਅਜੇ ਤੱਕ ਗਰੇਡਿੰਗ ਪਰਮਿਟ ਵੀ ਨਹੀਂ ਹੈ। ਜੋ ਪਰਮਿਟ ਹੁਣ ਤੱਕ ਪ੍ਰਾਪਤ ਹੋਏ ਹਨ, ਉਨ੍ਹਾਂ ਵਿਚੋਂ ਇੱਕ ਪਹਾੜੀ ਦੀ ਮਿੱਟੀ ਨੂੰ ਹੇਠਾਂ ਖਿਸਕਣ ਤੋਂ ਰੋਕਣ ਲਈ ਹੈ ਅਤੇ ਇੱਕ ਪਾਰਕਿੰਗ ਦੇ ਉਪਰਲੇ ਲੈਵਲ 'ਤੇ ਫਾਇਰ ਟਰੱਕ ਦੇ ਮੁੜਨ ਲਈ ਲੋੜੀਂਦੀ ਥਾਂ ਬਣਾਉਣ ਲਈ ਹੈ। ਕੀ ਇਨ੍ਹਾਂ ਕੰਮਾਂ ਨੂੰ ਬਿਲਡਿੰਗ ਲਈ 'ਟੱਕ ਲਾਉਣਾ' ਦੱਸਿਆ ਜਾ ਰਿਹਾ ਹੈ? ਜਾਂ ਨੀਂਹ ਪੱਥਰ ਰੱਖਣਾ ਦੱਸਿਆ ਜਾ ਰਿਹਾ ਹੈ?

(ਅ) ਸੁਣਨ ਵਿਚ ਆਇਆ ਹੈ ਕਿ 'ਟੱਕ ਲਾਉਣ' ਲਈ ਇੰਡੀਆ ਤੋਂ ਤਖ਼ਤਾਂ ਦੇ ਜਥੇਦਾਰ ਆ ਰਹੇ ਹਨ। ਕੀ ਇਹ ਸੱਚ ਹੈ? ਜੇ ਅਜਿਹਾ ਹੈ ਤਾਂ ਇਸ ਤੋਂ ਹਾਸੋਹੀਣੀ ਗੱਲ ਕੀ ਹੋ ਸਕਦੀ ਹੈ ਕਿ ਪਹਾੜੀ ਦੀ ਢਲਾਣ ਰੋਕਣ ਦਾ ਨੀਂਹ ਪੱਥਰ ਰੱਖਿਆ ਜਾ ਰਿਹਾ ਹੈ? ਕਿਤੇ ਨੀਂਹ ਪੱਥਰ ਰੱਖਣ ਦੇ ਬਹਾਨੇ ਇੰਡੀਆ ਤੋਂ ਕੁੱਝ ਬੰਦੇ ਲਿਆਉਣ ਦਾ ਪ੍ਰੋਗਰਾਮ ਤਾਂ ਨਹੀਂ? ਇੱਥੇ ਇਹ ਯਾਦ ਦਿਵਾਉਣਾ ਉਚਿਤ ਹੋਵੇਗਾ ਕਿ ਬਿਲਡਿੰਗ ਸ਼ੁਰੂ ਕਰਨ ਦਾ ਟੱਕ ਸਾਲ 1999 ਵਿਚ ਪੰਜ ਸਿੰਘਾਂ ਵੱਲੋਂ ਅਰਦਾਸ ਕਰਕੇ ਇਕ ਵਾਰ ਤਾਂ ਲਾਇਆ ਜਾ ਚੁੱਕਾ ਹੈ। ਕੀ ਹੁਣ ਜਿਹੜੀ ਵੀ ਕਮੇਟੀ ਆਵੇਗੀ, ਉਹ ਹਰ ਵਾਰ 'ਟੱਕ ਲਾਉਣ' ਦੀ ਰਸਮ ਕਰਿਆ ਕਰੇਗੀ?

ਜੇ ਜਥੇਦਾਰ ਇਹ 'ਟੱਕ ਲਾਉਣ' ਲਈ ਆ ਰਹੇ ਹਨ ਤਾਂ ਉਨ੍ਹਾਂ ਦੇ ਆਉਣ ਦਾ ਖਰਚਾ ਕੌਣ ਕਰ ਰਿਹਾ ਹੈ? ਜੇ ਗੁਰੂਘਰ ਵੱਲੋਂ ਇਹ ਖਰਚਾ ਕਰਨ ਦੀ ਤਜਵੀਜ਼ ਹੈ ਤਾਂ ਇਹ ਕਿੰਨਾ ਹੈ ਤੇ ਕੀ ਇਸ ਦੀ ਸੰਗਤ ਤੋਂ ਪ੍ਰਵਾਨਗੀ ਲਈ ਗਈ ਹੈ?

(ੲ) ਗੁਰੂਘਰ ਦਾ ਬਿਲਡਿੰਗ ਦਾ ਪ੍ਰਾਜੈਕਟ 15-20 ਮਿਲੀਅਨ ਡਾਲਰ ਦਾ ਹੈ। ਹੁਣ ਜੇ ਪਰਮਿਟ ਨਾ ਹੋਣ ਦੇ ਬਾਵਜੂਦ ਇਹ ਪ੍ਰਾਜੈਕਟ ਸ਼ੁਰੂ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ ਤਾਂ ਕੀ ਪ੍ਰਬੰਧਕ ਵੀਰ ਦੱਸਣ ਦੀ ਖੇਚਲ ਕਰਨਗੇ ਕਿ ਕੀ ਇਸ ਪ੍ਰਾਜੈਕਟ ਬਾਰੇ ਕਰਜ਼ਾ ਪ੍ਰਵਾਨ ਕਰਵਾ ਲਿਆ ਗਿਆ ਹੈ? ਜੇ ਹਾਂ ਤਾਂ ਉਹ ਕਿਨ੍ਹਾਂ ਸ਼ਰਤਾਂ 'ਤੇ ਲਿਆ ਜਾ ਰਿਹਾ ਹੈ? ਜਾਂ ਫਿਰ ਇਹ ਪ੍ਰੋਗਰਾਮ ਤਾਂ ਨਹੀਂ ਕਿ ਜੋ ਗੁਰੂਘਰ ਕੋਲ ਹੁਣ ਤੱਕ ਰਕਮ ਜਮ੍ਹਾਂ ਹੋਈ ਹੈ, ਉਹ ਖਰਚ ਕਰਕੇ ਤੁਰਦੇ ਬਣੋ ਤੇ ਬਾਕੀ ਸਮੱਸਿਆ ਨਾਲ ਆਉਣ ਵਾਲੀਆਂ ਕਮੇਟੀਆਂ ਸਿੱਝਦੀਆਂ ਰਹਿਣ?

4. ਸੰਗਤ ਇਸ ਗੱਲ ਤੋਂ ਜਾਣੂੰ ਹੈ ਕਿ ਕੁੱਝ ਸਮਾਂ ਪਹਿਲਾਂ ਗੁਰੂਘਰ ਦੇ ਰਾਗੀ ਭਾਈ ਅਵਤਾਰ ਸਿੰਘ ਨੂੰ ਕਿਵੇਂ ਗੈਰਕਾਨੂੰਨੀ ਢੰਗ ਨਾਲ ਨੌਕਰੀ ਅਤੇ ਘਰ ਵਿਚੋਂ ਕੱਢਿਆ ਗਿਆ ਸੀ। ਉਸ ਸਮੇਂ ਦੀ 'ਅਧੂਰੀ ਕਮੇਟੀ' ਵੱਲੋਂ ਬਣਾਈ ਗਈ ਪੰਜ ਸਿੰਘਾਂ ਦੀ ਕਮੇਟੀ ਨੇ ਵੀ ਇਸ ਰਾਗੀ ਨੂੰ ਮੁੜ ਨੌਕਰੀ 'ਤੇ ਲਾਉਣ ਦੇ ਆਦੇਸ਼ ਦਿੱਤੇ ਸਨ ਪਰ ਉਸ ਦੀ ਵੀ ਪਾਲਣਾ ਨਹੀਂ ਕੀਤੀ ਗਈ। ਜਦੋਂ ਇਸ ਰਾਗੀ ਵੱਲੋਂ ਆਪਣੀ ਬਣਦੀ ਤਨਖਾਹ ਦੀ ਮੰਗ ਕੀਤੀ ਗਈ ਤਾਂ ਉਹ ਵੀ ਨਾ ਦਿੱਤੀ ਗਈ। ਅੰਤ ਨੂੰ ਉਸ ਨੇ ਆਪਣੀ ਬਣਦੀ ਤਨਖਾਹ ਜੋ ਉਸ ਸਮੇਂ ਕੋਈ 9000 ਡਾਲਰ ਸੀ, ਲੈਣ ਲਈ ਲੇਬਰ ਵਿਭਾਗ ਕੋਲ ਪਹੁੰਚ ਕੀਤੀ। ਇਹ 'ਅਖੌਤੀ ਕਮੇਟੀ' ਆਪਣਾ ਪੱਖ ਦੱਸਣ ਲਈ ਲੇਬਰ ਵਿਭਾਗ ਕੋਲ ਵੀ ਵਕੀਲ ਲੈ ਕੇ ਗਈ। ਲੇਬਰ ਵਿਭਾਗ ਨੇ ਸਾਰਾ ਰਿਕਾਰਡ ਦੇਖ ਕੇ ਇਸ ਰਾਗੀ ਨੂੰ 9000 ਦੀ ਬਜਾਏ ਕੋਈ 33000 ਡਾਲਰ ਅਦਾ ਕਰਨ ਦੇ ਹੁਕਮ ਦਿੱਤੇ। ਕਮੇਟੀ ਨੇ ਫਿਰ ਅੱਗੇ ਕਮਿਸ਼ਨਰ ਕੋਲ ਅਪੀਲ ਪਾ ਦਿੱਤੀ, ਉਹ ਵੀ ਵਕੀਲ ਰਾਹੀਂ। ਕਮਿਸ਼ਨਰ ਨੇ ਵੀ ਕਮੇਟੀ ਨੂੰ ਕੋਈ 21000 ਡਾਲਰ ਅਦਾ ਕਰਨ ਲਈ ਕਿਹਾ। ਹੁਣ ਇਸੇ ਕਮੇਟੀ ਨੇ ਸੁਪੀਰੀਅਰ ਕੋਰਟ ਵਿਚ ਅਪੀਲ ਕਰ ਦਿੱਤੀ ਹੈ, ਯਾਨਿ ਵਕੀਲਾਂ ਦੇ ਖਰਚੇ ਦੇ ਬਿਲ ਅਜੇ ਗੁਰੂ ਦੀ ਗੋਲਕ ਵਿਚੋਂ ਦਿੱਤੇ ਜਾਣੇ ਜਾਰੀ ਹਨ। ਇਸ ਅਪੀਲ ਦਾ ਇੱਕ ਹੋਰ ਦਿਲਚਸਪ ਪਹਿਲੂ ਇਹ ਹੈ ਕਿ ਅਪੀਲ ਕਰਨ ਵਾਲੀ ਪਾਰਟੀ ਨੂੰ ਇੱਕ ਬਾਂਡ ਭਰਕੇ ਦੇਣਾ ਪੈਂਦਾ ਹੈ ਕਿ ਜੇ ਇਹ ਪਾਰਟੀ ਹਾਰ ਜਾਂਦੀ ਹੈ (ਜਿਸ ਦੀ ਸੰਭਾਵਨਾ ਬਹੁਤ ਜ਼ਿਆਦਾ ਹੈ) ਤਾਂ ਇਹ ਦੂਸਰੀ ਪਾਰਟੀ ਨੂੰ ਵਕੀਲ ਕਰਨ 'ਤੇ ਆਉਣ ਵਾਲਾ ਖਰਚਾ ਵੀ ਦੇਵੇਗੀ। ਮਤਲਬ ਇਹ ਕਿ ਸ਼ੁਰੂ ਵਿਚ 9000 ਡਾਲਰ ਬਾਰੇ ਕੋਈ ਸਮਝੌਤੇ ਵਾਲਾ ਰਵੱਈਆ ਅਪਨਾਉਣ ਦੀ ਥਾਂ ਇਨ੍ਹਾਂ ਨੇ ਹੈਂਕੜਬਾਜ਼ੀ ਵਾਲਾ ਰਵੱਈਆ ਅਪਨਾਈ ਰੱਖਿਆ ਜਿਸ ਦੇ ਫਲਸਰੂਪ ਹੁਣ ਇਹ ਆਸਾਰ ਜ਼ਿਆਦਾ ਹਨ ਕਿ ਇਨ੍ਹਾਂ ਦੇ ਵਕੀਲ ਦਾ ਖਰਚਾ (ਜੋ ਕਿ 9000 ਡਾਲਰ ਤੋਂ ਪਹਿਲਾਂ ਹੀ ਟੱਪ ਚੁੱਕਾ ਹੋਵੇਗਾ)+21000 ਜਾਂ 33000+ਰਾਗੀ ਦੇ ਵਕੀਲ ਦਾ ਖਰਚਾ ਗੁਰੂ ਦੀ ਗੋਲਕ 'ਚੋਂ ਜਾਵੇਗਾ।

ਕੀ ਇਹ ਪ੍ਰਬੰਧਕ ਦੱਸਣਗੇ ਕਿ ਉਪਰੋਕਤ ਕੇਸ ਵਿਚ ਵਕੀਲ ਦਾ ਕਿੰਨਾ ਖਰਚਾ ਆ ਚੁੱਕਾ ਹੈ ਅਤੇ ਇਸ ਦੀ ਪ੍ਰਵਾਨਗੀ ਸੰਗਤ ਵੱਲੋਂ ਕਦੋਂ ਲਈ ਗਈ ਹੈ?

**ਸਾਧ ਸੰਗਤ ਜੀ, ਜੇ ਇਨ੍ਹਾਂ ਧਾਂਦਲੀਆਂ ਨੂੰ ਵੇਖ ਕੇ ਵੀ ਅਸੀਂ 'ਸਾਨੂੰ ਕੀ?' ਵਾਲਾ ਰਵੱਈਆ ਹੀ ਅਪਨਾਈ ਰੱਖਿਆ ਤਾਂ ਸਾਨੂੰ ਆਪਣੀ ਜ਼ਮੀਰ ਨੂੰ ਇਹ ਵੀ ਪੁੱਛਣਾ ਪਵੇਗਾ ਕਿ ਜਿਸ ਗੁਰੂ ਦੇ ਦਰ 'ਤੇ ਅਸੀਂ ਘਰਾਂ ਤੋਂ ਚੱਲ ਕੇ ਆਉਂਦੇ ਹਾਂ, ਕੀ ਸਾਡਾ ਵਿਹਾਰ ਉਸ ਗੁਰੂ ਦੀ ਸਿੱਖਿਆ ਦੇ ਅਨੁਸਾਰ ਹੈ?**

***ਸੰਗਤਾਂ ਦੇ ਦਾਸ:*** **ਗੁਰਮੇਲ ਸਿੰਘ ਸੈਣੀ, ਹਰਪ੍ਰੀਤ ਸਿੰਘ ਸੰਧੂ, ਅਮਰੀਕ ਸਿੰਘ ਮੱਲ੍ਹੀ, ਟਹਿਲ ਸਿੰਘ, ਬਲਦੇਵ ਸਿੰਘ ਰਾਹੀ, ਰਘਵੀਰ ਸਿੰਘ, ਬਲਜਿੰਦਰ ਸਿੰਘ ਬਾਦਲ, ਕੁਲਵੰਤ ਸਿੰਘ, ਅਮਰ ਸਿੰਘ ਮੱਲ੍ਹੀ, ਕਿਰਪਾਲ ਸਿੰਘ ਗਿੱਲ, ਮਨਦੀਪ ਸਿੰਘ ਸਮਰਾ, ਭਜਨ ਸਿੰਘ ਔਲਖ, ਕਸ਼ਮੀਰ ਸਿੰਘ ਦਿਓਲ, ਭੋਲਾ ਸਿੰਘ, ਪਰਮਜੀਤ ਸਿੰਘ ਦਾਖਾ ਅਤੇ ਸੰਗਤ ਦੇ ਹੋਰ ਅਨੇਕਾਂ ਮੈਂਬਰ।**

Advt.

# ਪੰਜਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰਸ 7 ਜੁਲਾਈ ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਟਾਕਟਨ ਇਕਾਈ ਵਲੋਂ ਪੰਜਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫੰਰਸ ਆਉਂਦੀ 7 ਜੁਲਾਈ ਨੂੰ ਇਥੇ ਕਰਵਾਈ ਜਾਵੇਗੀ। ਇਸ ਸਬੰਧੀ ਫੈਸਲਾ ਲੰਘੀ 22 ਮਾਰਚ ਨੂੰ ਸਭਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਕਾਨਫਰੰਸ ਵਿਚ ਉਤਰੀ ਅਮਰੀਕੀ ਪੰਜਾਬੀ ਕਹਾਣੀ ਦਾ ਸੰਗ੍ਰਹਿ 'ਪਰਵਾਸ ਤੋਂ ਆਵਾਸ ਵੱਲ' ਲੋਕ ਅਰਪਿਤ ਕੀਤਾ ਜਾਵੇਗਾ। ਇਸ ਸੰਗ੍ਰਹਿ ਵਿਚ 11 ਅਮਰੀਕੀ ਅਤੇ 11 ਕੈਨੇਡੀਅਨ ਕਹਾਣੀਕਾਰਾਂ ਦੀਆਂ 22 ਕਹਾਣੀਆਂ ਸ਼ਾਮਲ ਹਨ। ਇਸ ਦਾ ਸੰਪਾਦਨ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਦੇ ਸੰਪਾਦਕੀ ਬੋਰਡ ਨੇ ਕੀਤਾ ਹੈ। ਇਸ ਕਾਨਫਰੰਸ ਵਿਚ ਦੋ ਖੋਜ ਪੇਪਰ ਪੇਸ਼ ਕੀਤੇ ਜਾਣਗੇ। ਪਹਿਲਾ ਖੋਜ ਪੇਪਰ ਸਮੁੱਚੀ ਉਤਰੀ ਅਮਰੀਕੀ ਕਹਾਣੀ ਬਾਰੇ ਡਾ. ਜਸਵਿੰਦਰ ਸਿੰਘ (ਪ੍ਰੋਫੈਸਰ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਪੇਸ਼ ਕਰਨਗੇ। ਦੂਜਾ ਪੇਪਰ ਅਮਰੀਕੀ ਪੰਜਾਬੀ ਕਹਾਣੀ ਬਾਰੇ ਹੋਵੇਗਾ, ਜਿਸ ਦਾ ਫੋਕਸ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਪਰਵਾਸ ਤੋਂ ਆਵਾਸ ਵੱਲ' ਉਪਰ ਹੋਵੇਗਾ। ਇਹ



ਪੇਪਰ ਡਾ. ਧਨਵੰਤ ਕੌਰ (ਪ੍ਰੋਫੈਸਰ ਪੰਜਾਬੀ ਭਾਸ਼ਾ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਪੇਸ਼ ਕਰਨਗੇ। ਇਸ ਕਾਨਫਰੰਸ ਵਿਚ ਮੁੱਖ ਮਹਿਮਾਨ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਬੇਅ ਏਰੀਆ ਯੂਨਿਟ) ਦੇ ਸਾਬਕਾ ਪ੍ਰਧਾਨ ਪਿਆਰਾ ਸਿੰਘ ਕੁੱਦੋਵਾਲ ਅਤੇ ਬੀਬੀ ਸੁਰਜੀਤ ਕੌਰ ਟੋਰਾਂਟੋ, ਕੈਨੇਡਾ ਹੋਣਗੇ।

ਸਭਾ ਦੀ ਇਸ ਮੀਟਿੰਗ ਦੇ ਅਰੰਭ ਵਿਚ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇ ਪਿਛਲੇ ਪੰਜਾਂ ਸਾਲਾਂ ਦੀ ਕਾਰਗੁਜ਼ਾਰੀ ਦੀ ਸੰਖੇਪ ਰਿਪੋਰਟ ਪੇਸ਼ ਕੀਤੀ। ਉਪਰੰਤ ਸਭਾ ਦੀ ਚੋਣ ਪ੍ਰੋ. ਹਰਭਜਨ ਸਿੰਘ ਦੀ ਨਿਗਰਾਨੀ ਹੇਠ ਹੋਈ ਜਿਸ ਵਿਚ ਸਰਬਸੰਮਤੀ ਨਾਲ ਡਾ. ਹਰਭਜਨ ਸਿੰਘ ਸ਼ੇਰਗਿਲ (ਸਰਪ੍ਰਸਤ), ਸਤਨਾਮ ਸਿੰਘ ਸੰਧੂ (ਸਰਪ੍ਰਸਤ), ਹਰਜਿੰਦਰ ਪੰਧੇਰ (ਪ੍ਰਧਾਨ), ਜਸਵੰਤ ਸਿੰਘ ਸੈਦੋਕੇ (ਮੀਤ ਪ੍ਰਧਾਨ), ਬੀਬੀ ਮਨਜੀਤ ਕੌਰ ਸੰਧੂ (ਆਰਗੇਨਾਈਜ਼ਰ), ਮਨਦੀਪ ਸਿੰਘ (ਜਨਰਲ ਸੈਕਟਰੀ), ਬੀਬੀ ਹਰਪ੍ਰੀਤ ਕੌਰ (ਸੈਕਟਰੀ) ਚੁਣੇ ਗਏ। ਇਸ ਤੋਂ ਇਲਾਵਾ ਕਮੇਟੀ ਦੇ ਆਮ ਮੈਂਬਰਾਂ ਵਿਚ ਪ੍ਰੋ. ਹਰਭਜਨ ਸਿੰਘ, ਬੀਬੀ ਪਰਮਜੀਤ ਭਾਨੂੰ, ਮ੍ਰਿਗਇੰਦਰ ਕੌਰ ਪੰਧੇਰ, ਤਾਰਾ ਸਿੰਘ ਸਾਗਰ ਅਤੇ ਜਗਤਾਰ ਸਿੰਘ ਪ੍ਰੀਤ ਨੂੰ ਸ਼ਾਮਲ ਕੀਤਾ ਗਿਆ।

ਮੀਟਿੰਗ ਵਿਚ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਮੁੱਖ ਰੱਖਦਿਆਂ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੇ ਅੰਤ ਵਿਚ ਛੋਟਾ ਜਿਹਾ ਕਵੀ ਦਰਬਾਰ ਹੋਇਆ ਜਿਸ ਵਿਚ ਤਾਰਾ ਸਿੰਘ ਸਾਗਰ, ਹਰਪ੍ਰੀਤ ਕੌਰ, ਡਾ. ਸ਼ੇਰਗਿਲ, ਜਗਤਾਰ ਸਿੰਘ ਪ੍ਰੀਤ ਅਤੇ ਜਯੋਤੀ ਸਿੰਘ ਨੇ ਆਪਣੀਆਂ ਕਾਵਿ-ਰਚਨਾਵਾਂ ਪੇਸ਼ ਕੀਤੀਆਂ। ਅੰਤ ਵਿਚ ਡਾ. ਸ਼ੇਰਗਿਲ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

## Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਅਮਰੀਕਨ ਸਿਟੀਜ਼ਨ, 32/5'-6" ਪਤਲੀ ਖੂਬਸੂਰਤ ਐਮ ਏ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਿਰਫ ਅਮਰੀਕਾ ਰਹਿੰਦੇ ਕੱਚੇ ਜਾਂ ਪੱਕੇ ਲੜਕੇ ਹੀ ਸੰਪਰਕ ਕਰਨ। ਫੋਟੋ ਸਮੇਤ ਆਪਣਾ ਵੇਰਵਾ ਈ-ਮੇਲ ਕਰੋ: kaur.rulez13@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ 26 ਸਾਲ, ਕੱਦ 6 ਫੁੱਟ, ਐਮ ਫਾਰਮਾ, ਇੰਡੀਆ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਨਰਸਿੰਗ ਕਰਦੀ ਲੜਕੀ ਦੀ ਲੋੜ ਹੈ। ਮੁੰਡੇ ਦੇ ਮਾਪੇ ਅਮਰੀਕਾ ਸੈਟਲਡ ਹਨ। ਸੰਪਰਕ ਕਰੋ: 414-218-0532

---

ਜੱਟ ਸਿੱਖ ਉਮਰ 23 ਸਾਲ, ਕੱਦ 6'-1", ਵਰਕ ਪਰਮਿਟ 'ਤੇ ਕੈਨੇਡਾ ਰਹਿੰਦੇ ਲੜਕੇ ਲਈ ਕੈਨੇਡਾ/ਅਮਰੀਕਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ: 513-787-4237

---

Wanted US Citizen/Green card holder girl for Saini Sikh boy 28, 5'11" MS Software Engineer working on H-1 visa with a MNC in Silicon Valley CA. Cast no bar. Call: 510-585-5412 & email biodata @harry2007gsp@gmail.com

---

ਰਵਿਦਾਸੀਆ ਸਿੱਖ ਲੜਕੇ, 36, 5'-7" ਵੈਸ਼ਨੋ ਕਲੀਨਸ਼ੇਵ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਇਮੀਗਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-730-8029

## ਸਿਆਟਲ 'ਚ ਵਿਸਾਖੀ ਨਾਈਟ 13 ਅਪਰੈਲ ਨੂੰ

**ਸਿਆਟਲ:** ਸਥਾਨਕ ਸਭਿਆਚਾਰਕ ਸੰਸਥਾ ਯੂਨਾਈਟਿਡ ਪੰਜਾਬੀ ਕਲਚਰਲ ਕਲੱਬ ਵਲੋਂ ਵਿਸਾਖੀ ਮੌਕੇ ਇਕ ਰੰਗਾ-ਰੰਗ ਪ੍ਰੋਗਰਾਮ 'ਵਿਸਾਖੀ ਨਾਈਟ' ਕੈਂਟ ਟਾਊਨ ਵਿਚ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਖੁਸ਼ਵੰਤ ਸਿੰਘ ਸੰਧੂ ਤੇ ਮੀਤ ਪ੍ਰਧਾਨ ਦਵਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਗਾਇਕ ਸੁਖਦੇਵ ਸਾਹਿਲ ਅਤੇ ਗਾਇਕਾ ਸੁਖਵੰਤ ਸੁੱਖੀ ਆਪਣੀ ਗਾਇਕੀ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ।

ਸ. ਸੰਧੂ ਤੇ ਸ. ਧਾਮੀ ਅਨੁਸਾਰ ਇਸ ਪਰਿਵਾਰਕ ਪ੍ਰੋਗਰਾਮ ਦੌਰਾਨ ਏ ਬੀ ਸੀ ਭੰਗੜਾ ਕਲੱਬ ਸਿਆਟਲ ਦੇ ਗਭਰੂ ਭੰਗੜੇ ਦੇ ਜੌਹਰ ਦਿਖਾਉਣਗੇ। ਸਿਕਿਓਰਟੀ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਦਾਖਲਾ ਸੱਦਾ ਪੱਤਰਾਂ ਨਾਲ ਹੋਵੇਗਾ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Green Freightlines Inc
Now Hiring Owner Operators
Hiring Owner Operators for 48 states.
Reefers and vans also available for rent.
Contact:
Gogi Ghuman (916) 257-7865
Or e-mail: greenfreightlines@live.com



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਚੰਡੀਗੜ੍ਹ ਦੁਆਲੇ ਹਜ਼ਾਰਾਂ ਏਕੜ ਜ਼ਮੀਨ 'ਤੇ ਜ਼ੋਰਾਵਰਾਂ ਦਾ ਕਬਜ਼ਾ !

## ਜਾਂਚ ਕਮੇਟੀ ਵੱਲੋਂ ਬਾਦਲਾਂ ਨੂੰ ਕਲੀਨ ਚਿੱਟ



**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਦੇ ਨਾਲ ਲੱਗਦੇ ਇਲਾਕਿਆਂ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਜ਼ਮੀਨ ਹਾਸਲ ਕੀਤੇ ਜਾਣ ਦੀ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕਾਇਮ ਜਸਟਿਸ ਕੁਲਦੀਪ ਸਿੰਘ ਕਮੇਟੀ ਨੇ ਅਦਾਲਤ ਵਿਚ ਪੇਸ਼ ਆਪਣੀ ਅੰਤਰਿਮ ਰਿਪੋਰਟ ਵਿਚ ਸਾਫ ਤੌਰ 'ਤੇ ਕਿਹਾ ਹੈ ਕਿ ਇਸ ਇਲਾਕੇ ਵਿਚ ਹਜ਼ਾਰਾਂ ਏਕੜ ਜ਼ਮੀਨ ਜਾਂ ਤਾਂ ਹੜੱਪ ਲਈ ਗਈ ਹੈ ਜਾਂ ਹੜੱਪੇ ਜਾਣ ਦੇ ਅਮਲ ਵਿਚ ਹੈ। ਇਸ ਦੇ ਨਾਲ ਹੀ ਕਮੇਟੀ ਨੇ ਮਾਲ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਗੈਰ-ਕਾਨੂੰਨੀ ਤੇ ਜਾਅਲਸਾਜ਼ੀ ਵਾਲੇ ਹੁਕਮ ਜਾਰੀ ਕਰਨ ਵਾਸਤੇ ਚੱਕਬੰਦੀ ਦੇ ਡਾਇਰੈਕਟਰਾਂ ਤੇ ਐਡੀਸ਼ਨਲ ਡਾਇਰੈਕਟਰਾਂ ਨੂੰ ਵੀ ਕਟਹਿਰੇ ਵਿਚ ਖੜ੍ਹੇ ਕੀਤਾ ਹੈ।

ਕਮੇਟੀ ਨੇ ਚੰਡੀਗੜ੍ਹ ਲਾਗੇ ਪਿੰਡ ਕਾਂਸਲ ਤੇ ਕਰੋੜਾਂ ਦੀ ਜ਼ਮੀਨ ਦੇ ਕਈ ਤਬਾਦਲਿਆ ਦੇ ਮਾਮਲੇ ਵਿਚ ਵੀ ਖ਼ਾਮੀਆਂ ਫੜੀਆਂ ਹਨ। ਗੌਰਤਲਬ ਹੈ ਕਿ ਹੁਣ ਨਵਾਂ ਗਰਾਓਂ ਨਗਰ ਕੌਂਸਲ ਵਿਚ ਆਉਂਦੇ ਇਨ੍ਹਾਂ ਪਿੰਡਾਂ ਵਿਚ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸੈਣੀ ਦੀ ਮਾਲਕੀ ਵਾਲੀ ਜ਼ਮੀਨ ਵੀ ਹੈ। ਦੂਜੇ ਪਾਸੇ ਕਮੇਟੀ ਨੇ ਇਸ ਸਬੰਧੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਤੇ ਕੁਝ ਹੋਰ ਵੀਆਈਪੀਜ਼ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਕਮੇਟੀ ਨੇ ਕਿਹਾ ਹੈ ਕਿ ਇਨ੍ਹਾਂ ਦੀ ਮਾਲਕੀ ਵਾਲੀ ਜ਼ਮੀਨ ਕਦੇ ਵੀ ਸਰਕਾਰ, ਗ੍ਰਾਮ ਪੰਚਾਇਤ ਜਾਂ ਕਿਸੇ ਹੋਰ ਜਨਤਕ ਅਦਾਰੇ ਦੀ ਮਲਕੀਅਤ ਨਹੀਂ ਰਹੀ।

ਅਦਾਲਤ ਨੇ ਨਾਲ ਹੀ ਉਨ੍ਹਾਂ ਕੇਸਾਂ ਨੂੰ ਵੀ ਖੋਲ੍ਹੇ ਜਾਣ ਦੀ ਸਿਫਾਰਸ਼ ਕੀਤੀ ਹੈ ਜਿਨ੍ਹਾਂ ਬਾਰੇ ਸਿਵਲ ਅਦਾਲਤਾਂ, ਚੱਕਬੰਦੀ ਤੇ ਮਾਲ ਅਧਿਕਾਰੀਆਂ ਦੇ ਹੁਕਮ ਮੁੱਢਲੇ ਤੌਰ 'ਤੇ ਗ਼ੈਰ-ਕਾਨੂੰਨੀ ਧਨ ਤੇ ਜਾਅਲਸਾਜ਼ੀ, ਮਿਲੀਭੁਗਤ ਤੇ ਸਾਜ਼ਸ਼ ਉੱਤੇ ਆਧਾਰਤ ਸਨ। ਇਸ ਦੇ ਨਾਲ ਹੀ ਜ਼ਮੀਨ ਨਾਲ ਸਬੰਧਤ ਕੇਸਾਂ ਦੇ ਨਿਬੇੜੇ ਲਈ ਫਾਸਟ ਟਰੈਕ ਅਦਾਲਤਾਂ ਬਣਾਉਣ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਹਾਈ ਕੋਰਟ ਨੇ ਇਹ ਕਮੇਟੀ ਨਵਾਂ ਗਰਾਓਂ ਤੇ ਚੰਡੀਗੜ੍ਹ ਦੀ ਪੈਰੀਫੇਰੀ ਵਿਚਲੇ ਦੂਜੇ ਪਿੰਡਾਂ ਵਿਚ ਜ਼ਮੀਨਾਂ ਹਥਿਆਏ ਜਾਣ ਦੇ ਮਾਮਲੇ ਵਿਚ ਨਹੀਂ ਸਗੋਂ ਸਮੁੱਚੇ ਪੰਜਾਬ ਵਿਚ ਅਜਿਹੇ ਮਾਮਲਿਆਂ ਦੀ ਜਾਂਚ ਲਈ ਕਾਇਮ ਕੀਤੀ ਸੀ ਪਰ ਪਹਿਲੇ ਕਦਮ ਦੇ ਤੌਰ 'ਤੇ ਕਮੇਟੀ ਚੰਡੀਗੜ੍ਹ ਦੀ ਪੈਰੀਫੇਰੀ ਵਿਚਲੀ ਜ਼ਮੀਨ ਉੱਤੇ ਧਿਆਨ ਦੇਣ ਦਾ ਫੈਸਲਾ ਕੀਤਾ ਸੀ।

ਕਮੇਟੀ ਨੇ ਕਰੀਬ 360 ਪਿੰਡਾਂ ਵਿਚੋਂ ਅੱਠ ਪਿੰਡਾਂ ਦੇ ਮਾਲ ਰਿਕਾਰਡ ਨੂੰ ਘੋਖਿਆ ਜਿਨ੍ਹਾਂ ਵਿਚ ਕਰੋੜਾਂ, ਕਾਂਸਲ, ਮਿਰਜ਼ਾਪੁਰ ਤੇ ਮੁੱਲਾਂਪੁਰ ਗਰੀਬਦਾਸ ਸ਼ਾਮਲ ਹਨ ਜੋ ਚੰਡੀਗੜ੍ਹ ਲਾਗੇ ਪੰਜਾਬ ਦੇ ਨੀਮ ਪਹਾੜੀ ਇਲਾਕੇ ਕੰਢੀ ਦੇ ਪਿੰਡ ਹਨ। ਕਮੇਟੀ ਮੁਤਾਬਕ ਇਸ ਦੇ ਧਿਆਨ ਵਿਚ ਅਜਿਹੇ ਕਈ ਮਾਮਲੇ ਆਏ ਹਨ ਜਿੱਥੇ ਜ਼ਾਹਰਾ ਤੌਰ 'ਤੇ ਜਾਅਲਸਾਜ਼ੀ ਹੁੰਦੀ ਹੋਣ ਦੇ ਬਾਵਜੂਦ ਸਰਕਾਰੀ ਅਧਿਕਾਰੀਆਂ ਨੇ ਢਿੱਲ-ਮੱਠ ਵਾਲਾ ਰਵੱਈਆ ਅਪਣਾਇਆ। ਕਮੇਟੀ ਨੇ ਜ਼ਮੀਨਾਂ ਸਬੰਧੀ ਵਿਵਾਦਾਂ ਦਾ ਨਿਬੇੜਾ ਕੀਤਾ ਜਾ ਸਕਦਾ ਹੈ। ਕਮੇਟੀ ਨੇ ਕਿਹਾ ਕਿ ਇਸ ਨੇ ਰਿਕਾਰਡ ਦੀ ਘੋਖ ਲਗਪਗ ਮੁਕੰਮਲ ਕਰ ਲਈ ਹੈ ਤੇ ਇਸ ਨੂੰ ਕਥਿਤ 60 'ਵੀਆਈਪੀਜ਼' ਬਾਰੇ ਰਿਪੋਰਟ ਪੇਸ਼ ਕਰਨ ਲਈ ਥੋੜ੍ਹਾ ਹੋਰ ਸਮਾਂ ਲੱਗੇਗਾ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਇਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਸੀ ਕਿ ਇਨ੍ਹਾਂ ਦੀ ਮਾਲਕੀ ਵਾਲੀ ਜ਼ਮੀਨ ਪਹਿਲਾਂ ਜਨਤਕ ਜ਼ਮੀਨ ਨਹੀਂ ਸੀ। ਇਸ ਪਿੱਛੋਂ ਅਦਾਲਤ ਨੂੰ ਇਹ ਮਾਮਲਾ ਕਮੇਟੀ ਹਵਾਲੇ ਕੀਤਾ ਸੀ।

# ਜਬਰ ਜਨਾਹ ਕਰਨ ਵਾਲੇ ਪਿਓ ਨੂੰ ਉਮਰ ਕੈਦ

**ਨਵਾਂਸ਼ਹਿਰ:** ਜ਼ਿਲ੍ਹਾ ਤੇ ਸੈਸ਼ਨ ਜੱਜ ਸ਼ਹੀਦ ਭਗਤ ਸਿੰਘ ਨਗਰ ਗੁਰਚਰਨ ਸਿੰਘ ਸਰਾਂ ਦੀ ਅਦਾਲਤ ਵੱਲੋਂ ਆਪਣੀਆਂ ਤਿੰਨ ਧੀਆਂ ਨਾਲ ਜਬਰ ਜਨਾਹ ਕਰਨ ਵਾਲੇ ਬਾਪ ਨੂੰ ਉਮਰ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਜ਼ਿਕਰਯੋਗ ਹੈ ਕਿ 23 ਸਾਲਾ ਕੁੜੀ ਨੇ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਿਸ ਨੂੰ 13 ਅਪਰੈਲ, 2012 ਨੂੰ ਸ਼ਿਕਾਇਤ ਕੀਤੀ ਸੀ ਕਿ ਉਹ 12-13 ਸਾਲ ਦੀ ਸੀ ਜਦੋਂ ਉਸ ਦੀ ਮਾਂ ਕੰਮ 'ਤੇ ਜਾਂਦੀ ਸੀ ਤਾਂ ਉਸ ਦੇ ਪਿਤਾ ਨੇ ਉਸ ਨਾਲ ਜਬਰ-ਜਨਾਹ ਕੀਤਾ।

ਉਸ ਨੇ ਇਹ ਵੀ ਕਿਹਾ ਸੀ ਕਿ ਉਸ ਦੀਆਂ ਦੋ ਛੋਟੀਆਂ ਭੈਣਾਂ ਜਿਨ੍ਹਾਂ ਦੀ ਉਮਰ 18 ਸਾਲ ਤੇ 16 ਸਾਲ ਹੈ, ਉਨ੍ਹਾਂ ਨੂੰ ਵੀ ਉਸ ਦਾ ਪਿਤਾ ਹਵਸ਼ ਦਾ ਸ਼ਿਕਾਰ ਬਣਾਉਂਦਾ ਰਿਹਾ। ਪੁਲਿਸ ਵੱਲੋਂ ਕੇਸ ਧਾਰਾ 376, 506 ਦਰਜ ਕੀਤਾ ਸੀ। ਜ਼ਿਲ੍ਹਾ ਤੇ ਸੈਸ਼ਨ ਜੱਜ ਗੁਰਚਰਨ ਸਿੰਘ ਸਰਾਂ ਦੀ ਅਦਾਲਤ ਵੱਲੋਂ ਕਰਨੈਲ ਸਿੰਘ ਪੁੱਤਰ ਰੌਣਕੀ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਧਾਰਾ 376 ਵਿਚ ਉਮਰ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨਾ, ਜੁਰਮਾਨਾ ਨਾ ਦੇਣ ਤੇ ਉਸ ਨੂੰ ਛੇ ਮਹੀਨੇ ਹੋਰ ਕੈਦ ਕੱਟਣੀ ਹੋਵੇਗੀ ਜਦਕਿ ਧਾਰਾ 506 ਵਿਚ ਛੇ ਮਹੀਨੇ ਦੀ ਕੈਦ ਸੁਣਾਈ ਗਈ।

## ਇਕ ਹੋਰ ਕੇਸ ਵਿਚ ਦੋਸ਼ੀ ਨੂੰ 10 ਸਾਲ ਕੈਦ

**ਸੰਗਰੂਰ:** ਇਥੇ ਵਧੀਕ ਸੈਸ਼ਨ ਜੱਜ ਵਰਿੰਦਰ ਅਗਰਵਾਲ ਦੀ ਫਾਸਟ ਟਰੈਕ ਅਦਾਲਤ ਵੱਲੋਂ ਬਲਾਤਕਾਰ ਦੇ ਦੋਸ਼ੀ ਨੂੰ 10 ਸਾਲ ਦੀ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਕੇਸ ਅਨੁਸਾਰ ਪੀੜਤ ਲੜਕੀ ਦੀ ਸ਼ਿਕਾਇਤ 'ਤੇ ਪੁਲਿਸ ਥਾਣਾ ਦਿੜ੍ਹਬਾ ਨੇ ਅੰਗਰੇਜ਼ ਸਿੰਘ ਵਾਸੀ ਪਿੰਡ ਢਡਿਆਲ ਦੇ ਖ਼ਿਲਾਫ਼ 27 ਅਗਸਤ, 2012 ਨੂੰ ਜ਼ੇਰੇ ਦਫ਼ਾ 376, 506 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕੀਤਾ ਸੀ।

ਲੜਕੀ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਅੰਗਰੇਜ਼ ਸਿੰਘ ਨੇ ਉਸ ਦੇ ਘਰ ਆ ਕੇ ਉਸ ਨਾਲ ਜਬਰ ਜਨਾਹ ਕੀਤਾ ਤੇ ਬਾਅਦ ਵਿਚ ਵੀ ਉਸ ਨੂੰ ਬਲੈਕਮੇਲ ਕਰਕੇ ਉਸ ਨਾਲ ਕਰੀਬ ਅੱਠ ਮਹੀਨੇ ਜਬਰ ਜਨਾਹ ਕਰਦਾ ਰਿਹਾ। ਲੜਕੀ ਨੇ ਆਪਣੇ ਪਰਿਵਾਰ ਨੂੰ ਇਸ ਬਾਰੇ ਦੱਸਿਆ ਜਿਸ ਤੋਂ ਬਾਅਦ ਪੁਲਿਸ ਨੇ ਅੰਗਰੇਜ਼ ਸਿੰਘ ਵਾਸੀ ਢਡਿਆਲ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ 14 ਸਤੰਬਰ, 2012 ਨੂੰ ਗ੍ਰਿਫ਼ਤਾਰ ਕਰ ਲਿਆ। ਅਦਾਲਤ ਵੱਲੋਂ ਅੰਗਰੇਜ਼ ਸਿੰਘ (26) ਨੂੰ 10 ਸਾਲ ਦੀ ਕੈਦ ਤੇ ਪੰਜ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

# ਸਰਕਾਰ ਨੇ ਠੇਕਿਆਂ ਤੋਂ ਕਮਾਏ 2729 ਕਰੋੜ ਰੁਪਏ



**ਪਟਿਆਲਾ:** ਆਬਕਾਰੀ ਤੇ ਕਰ ਵਿਭਾਗ ਪੰਜਾਬ ਨੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਲਈ 2013-14 ਵਿੱਤੀ ਵਰ੍ਹੇ ਲਈ ਠੇਕਿਆਂ ਦੀ ਬੋਲੀ ਡਰਾਅ ਰਾਹੀਂ ਕੀਤੀ। ਵਿਭਾਗ ਦੇ ਠੇਕੇਦਾਰਾਂ ਤੋਂ ਲਾਇਸੈਂਸਿੰਗ ਫੀਸ ਰਾਹੀਂ 2720 ਕਰੋੜ ਰੁਪਏ ਹੋਰ ਇਕੱਠੇ ਕੀਤੇ ਗਏ। ਚਾਲੂ ਵਿੱਤੀ ਸਾਲ ਦੌਰਾਨ 30 ਕਰੋੜ ਤੋਂ ਵੱਧ ਬੋਤਲਾਂ ਪੀ ਜਾਣ ਵਾਲੇ ਪੰਜਾਬ ਦੇ ਅਗਲੇ ਵਰ੍ਹੇ 31 ਕਰੋੜ ਬੋਤਲਾਂ ਪੀਣ ਦੀ ਸੰਭਾਵਨਾ ਹੈ। 2011 ਵਿਚ ਪੰਜਾਬ ਵਿਚ 7256 ਠੇਕੇ ਸਨ ਜਦਕਿ 2005-06 ਵਿਚ ਇਹ ਗਿਣਤੀ 5652 ਸੀ।

ਇਸ ਵੇਲੇ ਪੰਜਾਬ ਵਿਚ 5064 ਤੋਂ ਵੱਧ ਪੀ.ਐਮ.ਐਲ. ਠੇਕੇ ਤੇ 2192 ਆਈ.ਐਮ.ਐਫ.ਐਲ. ਵਾਲੇ ਠੇਕੇ ਹਨ। ਇਹ ਗਿਣਤੀ ਵਧਣ ਦੇ ਆਸਾਰ ਹਨ। ਆਬਕਾਰੀ ਅਧਿਕਾਰੀਆਂ ਅਨੁਸਾਰ ਵਿਭਾਗ ਨੂੰ ਅਗਲੇ ਸਾਲ ਵਿਚ ਸ਼ਰਾਬ ਤੋਂ 4000 ਕਰੋੜ ਰੁਪਏ ਆਮਦਨ ਰਹਿਣ ਦੀ ਸੰਭਾਵਨਾ ਹੈ ਜਦਕਿ 191 ਕਰੋੜ ਰੁਪਏ ਦੀ ਵਧੀਕ ਰਾਸ਼ੀ ਅਰਜ਼ੀਆਂ ਤੋਂ ਇਕੱਠੀ ਹੋ ਚੁੱਕੀ ਹੈ।

# ਚੋਣਾਂ 2014: ਕਾਂਗਰਸ ਦੀ ਅੱਖ ਹੁਣ ਧਾਰਮਿਕ ਡੇਰਿਆਂ 'ਤੇ

**ਚੰਡੀਗੜ੍ਹ:** ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਦਿੱਲੀ ਵਿਚ ਪੰਜਾਬ ਦੇ ਸਮੂਹ ਕਾਂਗਰਸੀ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨਾਲ ਕੀਤੀ ਮੀਟਿੰਗ ਦੌਰਾਨ ਰਾਜ ਦੇ ਧਾਰਮਿਕ ਡੇਰਿਆਂ ਨੂੰ ਆਪਣੇ ਨਾਲ ਜੋੜਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਬਰ ਵਿਰੁੱਧ ਡਟ ਕੇ ਖੜ੍ਹੇ ਹੋਣ ਦੇ ਵਿਚਾਰ ਉਭਰ ਕੇ ਸਾਹਮਣੇ ਆਏ।

ਸ੍ਰੀ ਰਾਹੁਲ ਗਾਂਧੀ ਨੇ ਇਹ ਮੀਟਿੰਗ ਪੰਜਾਬ ਦੇ ਸਿਆਸੀ ਹਾਲਾਤ ਦਾ ਜਾਇਜ਼ਾ ਲੈਣ ਲਈ ਸੱਦੀ ਸੀ। ਮੀਟਿੰਗ ਵਿਚ ਪੰਜਾਬ ਨਾਲ ਸਬੰਧਤ ਕੇਂਦਰੀ ਮੰਤਰੀ ਮਨੀਸ਼ ਤਿਵਾੜੀ, ਅੰਬਿਕਾ ਸੋਨੀ, ਅਸ਼ਵਨੀ ਕੁਮਾਰ ਤੇ ਪ੍ਰਨੀਤ ਕੌਰ ਵੀ ਸ਼ਾਮਲ ਸਨ। ਸ੍ਰੀ ਗਾਂਧੀ ਨੇ ਲੋਕ ਸਭਾ ਚੋਣਾਂ ਲਈ ਸੂਬਾਈ ਇਕਾਈ ਦੀਆਂ ਤਿਆਰੀਆਂ ਉਪਰ ਜਿਥੇ ਚਰਚਾ ਕੀਤੀ ਉਥੇ ਅਕਾਲੀ-ਭਾਜਪਾ ਸਰਕਾਰ ਦੀਆਂ ਸਰਗਰਮੀਆਂ ਦੀ ਵੀ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਪੰਜਾਬ ਦੇ ਸੰਸਦ ਮੈਂਬਰਾਂ ਨੇ ਕਾਂਗਰਸ ਨਾਲੋਂ ਟੁੱਟੇ ਡੇਰਿਆਂ ਨੂੰ ਨਾਲ ਜੋੜਨ ਦੇ ਜਿਥੇ ਸੁਝਾਅ ਦਿੱਤੇ, ਉਥੇ ਪੰਜਾਬ ਦੀਆਂ ਹੋਰ ਸਿਆਸੀ ਧਿਰਾਂ ਨੂੰ ਵੀ ਪਾਰਟੀ ਨਾਲ ਤੋਰਨ ਉਪਰ ਜ਼ੋਰ ਦਿੱਤਾ।



ਰਾਹੁਲ ਗਾਂਧੀ ਵੱਲੋਂ ਉਚੇਚੀਆਂ ਵਿਚਾਰਾਂ

ਸੰਸਦ ਮੈਂਬਰ ਨੇ ਕਿਹਾ ਕਿ ਜਿਵੇਂ ਅਕਾਲੀਆਂ ਨੇ ਭਾਜਪਾ ਨਾਲ ਸਾਂਝ ਪਾਈ ਹੈ, ਉਸੇ ਤਰ੍ਹਾਂ ਕਾਂਗਰਸ ਨੂੰ ਵੀ ਹਮਖਿਆਲੀ ਪਾਰਟੀਆਂ ਨੂੰ ਨਾਲ ਜੋੜਨਾ ਚਾਹੀਦਾ ਹੈ। ਮੀਟਿੰਗ ਵਿਚ ਅਕਾਲੀਆਂ ਵੱਲੋਂ ਕਾਂਗਰਸੀ ਵਰਕਰਾਂ ਉਪਰ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਮੁੱਦਾ ਵੀ ਉਠਿਆ ਤੇ ਕੇਂਦਰੀ ਸਕੀਮਾਂ ਅਧੀਨ ਪੰਜਾਬ ਨੂੰ ਦਿੱਤੇ ਜਾ ਰਹੇ ਕਰੋੜਾਂ ਰੁਪਏ ਦਾ ਪ੍ਰਚਾਰ ਵੀ ਧੁਰ ਹੇਠਾਂ ਤਕ ਕਰਨ ਦੇ ਸੁਝਾਅ ਦਿੱਤੇ ਗਏ। ਸੰਸਦ ਮੈਂਬਰਾਂ ਨੇ ਸ੍ਰੀ ਗਾਂਧੀ ਨੂੰ ਪੰਜਾਬ ਵਿਚਲੇ ਪ੍ਰਾਜੈਕਟਾਂ ਦੇ ਉਦਘਾਟਨ ਕੇਂਦਰੀ ਮੰਤਰੀਆਂ ਰਾਹੀਂ ਕਰਵਾਉਣ ਤੇ ਅਕਾਲੀਆਂ ਦੇ ਜਬਰ ਨੂੰ ਰੋਕਣ ਲਈ ਕਦਮ ਚੁੱਕਣ ਲਈ ਵੀ ਕਿਹਾ।

ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਜਨਰਲ ਸਕੱਤਰ ਨੂੰ ਦੱਸਿਆ ਕਿ ਉਹ ਅਗਲੇ ਇਕ ਮਹੀਨੇ ਦੌਰਾਨ ਪੰਜਾਬ ਦਾ ਦੌਰਾ ਕਰਕੇ ਕਾਂਗਰਸੀ ਵਰਕਰਾਂ ਨੂੰ ਲਾਮਬੰਦ ਕਰਨਗੇ। ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸੱਤਾਧਾਰੀ ਦਲ ਤੇ ਕਾਂਗਰਸ ਵਿਧਾਇਕ ਦਲ ਵਿਚਕਾਰ ਪੈਦਾ ਹੋਏ ਟਕਰਾਅ ਬਾਰੇ ਵੀ ਚਰਚਾ ਹੋਣ ਦੇ ਸੰਕੇਤ ਮਿਲੇ ਹਨ। ਸ੍ਰੀ ਰਾਹੁਲ ਗਾਂਧੀ ਨੇ ਇਸ ਮੌਕੇ ਸੰਸਦ ਮੈਂਬਰਾਂ ਨੂੰ ਸਾਲ 2014 ਦੀਆਂ ਲੋਕ ਸਭਾ ਚੋਣਾਂ ਲਈ ਅਗਾਊਂ ਤਿਆਰੀਆਂ ਕਰਨ ਲਈ ਕਿਹਾ ਤੇ ਆਸ ਪ੍ਰਗਟ ਕੀਤੀ ਕਿ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚੋਂ ਪਾਰਟੀ ਨੂੰ ਜਿੱਤ ਮਿਲੇਗੀ।

## ਨਵਾਂ ਕਾਂਗਰਸ ਪ੍ਰਧਾਨ ਵੀ ਬਾਦਲ ਵੱਲ ਸਿੱਧਾ ਹੋਇਆ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵ ਨਿਯੁਕਤ ਪ੍ਰਧਾਨ ਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਅਹੁਦਾ ਸੰਭਾਲਦਿਆਂ ਹੀ ਬਾਦਲਾਂ ਨੂੰ ਵੰਗਾਰਿਆ ਹੈ। ਇਸ ਮੌਕੇ ਹੋਏ ਸਮਾਗਮ ਵਿਚ ਲੰਮੇ ਸਮੇਂ ਬਾਅਦ ਕਾਂਗਰਸ ਦੀ ਸਮੂਹ ਲੀਡਰਸ਼ਿਪ ਇਕ ਸਟੇਜ ਉਤੇ ਨਜ਼ਰ ਆਈ ਕਿਉਂਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਦੀ ਤਾਜਪੋਸ਼ੀ ਹੋਈ ਸੀ ਤਾਂ ਉਸ ਵੇਲੇ ਪ੍ਰਧਾਨਗੀ ਦੇ ਦਾਅਵੇਦਾਰ ਸ. ਬਾਜਵਾ ਤੇ ਹੋਰ ਕਈ ਆਗੂ ਗੈਰ-ਹਾਜ਼ਰ ਰਹੇ ਸਨ ਜਦਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਖੇਮੇ ਦੇ ਸਮੂਹ ਵਿਧਾਇਕਾਂ ਤੇ ਆਗੂਆਂ ਸਮੇਤ ਇਸ ਸਮਾਗਮ ਵਿਚ ਪੁੱਜੇ।

ਉਨ੍ਹਾਂ ਸ. ਬਾਜਵਾ ਨੂੰ ਅਕਾਲੀ ਦਲ-ਭਾਜਪਾ ਗਠਜੋੜ ਸਰਕਾਰ ਦੀ ਗੁੰਡਾਗਰਦੀ ਵਿਰੁੱਧ ਹਰੇਕ ਲੜਾਈ ਵਿਚ ਸਾਥ ਦੇਣ ਦਾ ਜਨਤਕ ਤੌਰ 'ਤੇ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਉਹ 16 ਸਾਲ ਪੰਜਾਬ ਲਈ ਜੱਦੋਜਹਿਦ ਕਰਦੇ ਰਹੇ ਹਨ ਤੇ ਹੁਣ ਅਕਾਲੀ ਹੱਦੋਂ ਬਾਹਰ ਜਾ ਕੇ ਕਾਂਗਰਸੀਆਂ ਤੇ ਆਮ ਲੋਕਾਂ 'ਤੇ ਜ਼ੁਲਮ ਢਾਹ ਰਹੇ ਹਨ ਜਿਸ ਦਾ ਨਤੀਜਾ ਉਨ੍ਹਾਂ ਨੂੰ ਭੁਗਤਣਾ ਪਵੇਗਾ। ਸ. ਬਾਜਵਾ ਨੇ ਵੀ ਕੈਪਟਨ ਨੂੰ ਦੋਸ਼ਾਲਾ ਭੇਟ ਕਰਕੇ ਸਨਮਾਨਤ ਕੀਤਾ।

ਸ. ਬਾਜਵਾ ਨੇ ਪਹਿਲੀ ਸੱਟੇ ਹੀ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਪਰ ਹੱਲਾ ਬੋਲਦਿਆਂ ਕਿਹਾ ਕਿ ਪੰਜਾਬੀਆਂ ਨੂੰ ਤਾਂ ਔਰੰਗਜ਼ੇਬ ਨਹੀਂ ਦਬਾਅ ਸਕਿਆ ਸੀ ਫਿਰ ਬਾਦਲ ਕੀ ਚੀਜ਼ ਹਨ। ਉਨ੍ਹਾਂ ਕਿਹਾ ਕਿ ਬਾਦਲ ਦੀ ਇਕੋ ਪ੍ਰਾਪਤੀ ਹੈ ਕਿ ਪੰਜਾਬ ਤੇ ਪੰਜਾਬੀ ਗਰੀਬ ਹੋ ਰਹੇ ਹਨ ਤੇ ਸੁਖਬੀਰ-ਮਜੀਠੀਆ ਅਮੀਰ ਹੋ ਰਹੇ ਹਨ। ਇਸ ਵੇਲੇ ਰਾਜ ਦੇ 22 ਮਹਿਕਮੇ ਇਕੱਲੇ ਬਾਦਲ ਪਰਿਵਾਰ ਦੇ ਕਬਜ਼ੇ ਹੇਠ ਹਨ। ਇਸ ਤੋਂ ਇਲਾਵਾ ਰੇਤ, ਕੇਬਲ, ਸ਼ਰਾਬ ਸਮੇਤ ਸਾਰੇ ਵਪਾਰ ਉਪਰ ਇਸੇ ਪਰਿਵਾਰ ਦਾ ਕਬਜ਼ਾ ਹੈ।

ਨਵੇਂ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਦਾ ਕੋਈ ਧੜਾ ਨਹੀਂ ਹੋਵੇਗਾ ਤੇ ਹਰੇਕ ਮਿਹਨਤੀ ਆਗੂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਸ ਲੜਾਈ ਵਿਚ ਉਨ੍ਹਾਂ ਨੂੰ ਕੈਪਟਨ ਅਗਵਾਈ ਦੇਣਗੇ। ਉਨ੍ਹਾਂ ਐਲਾਨ ਕੀਤਾ ਕਿ ਪੁਲਿਸ ਤਸ਼ੱਦਦ ਦੇ ਸ਼ਿਕਾਰ ਕਾਂਗਰਸੀ ਵਰਕਰਾਂ ਨੂੰ ਪਾਰਟੀ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੀ ਜਾਵੇਗੀ ਤੇ ਇਸ ਦੀ ਸ਼ੁਰੂਆਤ ਅੰਮ੍ਰਿਤਸਰ ਤੋਂ ਟੋਲ ਫਰੀ ਨੰਬਰ ਦੇ ਕੇ ਕੀਤੀ ਜਾਵੇਗੀ। ਉਹ ਦੋ ਮਹੀਨਿਆਂ ਦੌਰਾਨ ਸਮੁੱਚੇ ਪੰਜਾਬ ਦਾ ਦੌਰਾ ਕਰਨਗੇ ਤੇ ਜਿਸ ਦੀ ਸ਼ੁਰੂਆਤ 29 ਮਾਰਚ ਨੂੰ ਗੁਰਦਾਸਪੁਰ ਤੋਂ ਕੀਤੀ ਜਾਵੇਗੀ।

ਸ. ਬਾਜਵਾ ਨੇ ਆਪਣੀ ਖਾਮੋਸ਼ੀ ਤੋੜਦਿਆਂ ਪੰਜਾਬ ਵਿਧਾਨ ਸਭਾ ਵਿਚ ਵਾਪਰੀ ਘਟਨਾ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਸ੍ਰੀ ਜਾਖੜ ਦੀ ਅਗਵਾਈ ਹੇਠ ਕਾਂਗਰਸ ਵਿਧਾਇਕ ਦਲ ਦੀ ਕਾਰਗੁਜ਼ਾਰੀ ਵਰਨਣਯੋਗ ਹੈ ਤੇ ਵਿਧਾਇਕ ਜਗਮੋਹਨ ਕੰਗ ਨੇ ਸਪੀਕਰ ਦੀ ਕੁਰਸੀ ਉਪਰ ਬੈਠ ਕੇ ਕੁਝ ਵੀ ਗਲਤ ਨਹੀਂ ਕੀਤਾ ਕਿਉਂਕਿ ਜਦੋਂ ਹੁਕਮਰਾਨ ਵਿਰੋਧੀ ਧਿਰ ਦੀ ਗੱਲ ਹੀ ਨਹੀਂ ਸੁਣਨਗੇ ਤਾਂ ਉਨ੍ਹਾਂ ਕੋਲ ਹੋਰ ਕੋਈ ਚਾਰਾ ਹੀ ਨਹੀਂ ਰਹਿੰਦਾ।

# ਪੱਤਰਕਾਰ ਰੰਧਾਵਾ ਦੀ ਕਿਤਾਬ 'ਸਮੇਂ ਦਾ ਸੱਚ' ਰਿਲੀਜ਼

**ਸੈਕਰਾਮੈਂਟੋ (ਬਿਊਰੋ):** ਪੱਤਰਕਾਰ ਗੁਰਜਤਿੰਦਰ ਸਿੰਘ ਰੰਧਾਵਾ ਦੀ ਕਿਤਾਬ 'ਸਮੇਂ ਦਾ ਸੱਚ' ਸੈਕਰਾਮੈਂਟੋ ਅਤੇ ਫਰਿਜ਼ਨੋ ਵਿਚ ਪਿਛਲੇ ਦਿਨੀਂ ਦੋ ਵੱਖ-ਵੱਖ ਸਮਾਗਮਾਂ ਵਿਚ ਰਿਲੀਜ਼ ਕੀਤੀ ਗਈ। ਦੋਵਾਂ ਸਮਾਗਮਾਂ ਵਿਚ ਕੈਲੀਫੋਰਨੀਆਂ ਭਰ



ਤੋਂ ਉਘੀਆ ਸ਼ਖਸ਼ੀਅਤਾਂ ਨੇ ਹਿੱਸਾ ਲਿਆ।

ਇਥੇ ਹੋਟਲ ਫੋਰ ਪੁਆਇੰਟ (ਸ਼ੈਰੇਟਨ) ਵਿਖੇ ਹੋਏ ਸਮਾਗਮ ਵਿਚ ਸੈਨ ਫਰਾਂਸਿਸਕੋ ਦੇ ਭਾਰਤੀ ਕੌਂਸਲਖਾਨੇ ਤੋਂ ਐਨ ਪੀ ਸਿੰਘ ਨੇ ਬੋਲਦਿਆ ਕਿਹਾ ਮੈਨੂੰ ਸ. ਰੰਧਾਵਾ ਦੇ ਲੇਖ ਪੜ੍ਹਨ ਦਾ ਮੌਕਾ ਮਿਲਦਾ ਰਿਹਾ ਹੈ। ਇਨ੍ਹਾਂ ਲੇਖਾਂ ਵਿਚ ਪਰਵਾਸੀ ਪੰਜਾਬੀਆਂ ਬਾਰੇ ਕਾਫੀ ਚਰਚਾ ਹੈ। ਡਾ. ਜਸਬੀਰ ਸਿੰਘ ਕੰਗ ਨੇ ਮੰਚ ਸੰਚਾਲਨ ਕੀਤਾ ਅਤੇ ਸ. ਰੰਧਾਵਾ ਦੀ ਪੱਤਰਕਾਰੀ ਉਤੇ ਚਾਨਣਾ ਪਾਇਆ।

ਪੰਜਾਬੀ ਸਾਹਿਬ ਸਭਾ ਦੇ ਸਹਿਯੋਗ ਨਾਲ ਹੋਏ ਇਸ ਸਮਾਗਮ ਵਿਚ ਸਭਾ ਦੇ ਪ੍ਰਧਾਨ ਦਿੱਲ ਨਿੱਜਰ ਅਤੇ ਨੀਲਮ ਸੈਣੀ ਨੇ 'ਸਮੇਂ ਦਾ ਸੱਚ' ਕਿਤਾਬ ਉਤੇ ਆਪੋ-ਆਪਣੇ ਪਰਚੇ ਪੜ੍ਹੇ। ਸਮਾਗਮ ਨੂੰ ਹੋਰਨਾਂ ਤੋਂ ਇਲਾਵਾ ਜਤਿੰਦਰਪਾਲ ਸਿੰਘ ਜੇ ਪੀ, ਹਰਮੇਲ ਸਿੰਘ ਨਿੱਜਰ, ਡਾ. ਗੁਰਪ੍ਰੀਤ ਸਿੰਘ ਧੁੱਗਾ, ਸੁਖਚੈਨ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਜਸਪ੍ਰੀਤ ਸਿੰਘ ਅਟਾਰਨੀ, ਸੁਰਿੰਦਰ ਸਿੰਘ ਬਿੰਦਰਾ, ਤਜਿੰਦਰ ਸਿੰਘ ਦੋਸਾਂਝ, ਅਜੀਤ ਸਿੰਘ ਸੰਧੂ, ਗੁਲਿੰਦਰ ਸਿੰਘ ਗਿੱਲ, ਹਰਜਿੰਦਰ ਸਿੰਘ ਧਾਮੀ, ਗੁਰਬਖਸ਼ੀਸ਼ ਸਿੰਘ ਗਰੇਵਾਲ, ਸੁਖਵਿੰਦਰ ਸਿੰਘ ਸੰਘੇੜਾ, ਮਨਜੀਤ ਕੌਰ ਸੇਖੋਂ, ਗੁਰਵੰਤ ਸਿੰਘ ਪੰਨੂੰ, ਜਸਵਿੰਦਰ ਸਿੰਘ ਨਾਗਰਾ, ਹਰਬੰਸ ਸਿੰਘ ਪੰਮਾ, ਕੁਲਦੀਪ ਸਿੰਘ ਚੀਡਸਾ, ਇਕਬਾਲ ਸਿੰਘ ਬੜਵਾਲ, ਮਹਿੰਦਰ ਘੱਗ, ਚਰਨਜੀਤ ਸਿੰਘ ਪੰਨੂੰ, ਤਾਰਾ ਸਿੰਘ ਸਾਗਰ, ਮੇਜਰ ਭੁਪਿੰਦਰ ਦਲੇਰ, ਹਰਭਜਨ ਢਿਲੋਂ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿਚ ਕੈਲੀਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।

ਗੁਰਜਤਿੰਦਰ ਸਿੰਘ ਰੰਧਾਵਾ ਨੇ ਅਖੀਰ ਵਿਚ ਆਪਣੀ ਕਿਤਾਬ 'ਸਮੇਂ ਦਾ ਸੱਚ' ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 552 ਸਫ਼ਿਆਂ ਦੀ ਇਸ ਕਿਤਾਬ ਵਿਚ ਪਰਵਾਸੀ ਭਾਰਤੀਆਂ ਦੇ ਮਸਲਿਆਂ ਬਾਰੇ ਭਰਭੂਰ ਜਾਣਕਾਰੀ ਦਿੱਤੀ ਗਈ ਹੈ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਅਤੇ ਪੰਜਾਬ ਕ੍ਰਿਕਟ ਕਲੱਬ ਸੈਕਰਾਮੈਂਟੋ ਵਲੋਂ ਸ. ਰੰਧਾਵਾ ਨੂੰ ਸਨਮਾਨ ਚਿੰਨ ਭੇਂਟ ਕੀਤੇ ਗਏ।

ਫਰਿਜ਼ਨੋ ਵਿਚ ਹੋਏ ਇਕ ਸਮਾਗਮ ਵਿਚ ਵੀ ਸ. ਰੰਧਾਵਾ ਦੀ ਇਹ ਕਿਤਾਬ ਰਿਲੀਜ਼ ਕੀਤੀ ਗਈ। ਇਸ ਮੌਕੇ ਕਾਂਗਰਸਮੈਨ ਜਿਮ ਕੋਸਟਾ ਮੁੱਖ ਮਹਿਮਾਨ ਸਨ ਜਦਕਿ ਕਿਤਾਬ ਦੀ ਪਹਿਲੀ ਕਾਪੀ ਮੇਅਰ ਰੂਬੀ ਧਾਲੀਵਾਲ ਨੂੰ ਭੇਂਟ ਕੀਤੀ ਗਈ। ਇਹ ਸਮਾਗਮ ਅਰਵਿੰਦਰ ਸਿੰਘ ਲਾਖਣ, ਰਵਿੰਦਰ ਸਿੰਘ ਬੋਇਲ, ਕਰਮਜੀਤ ਸਿੰਘ ਤਲਵੰਡੀ, ਭੁਪਿੰਦਰ ਸਿੰਘ ਰਠੌਰ, ਪਰਮਿੰਦਰ ਪਾਲ ਸਿੰਘ ਰਠੌਰ, ਸ਼ੇਰ ਸਿੰਘ ਚੌਹਾਨ, ਧਰਮਿੰਦਰ ਸਿੰਘ ਚੌਹਾਨ, ਕਮਲਜੀਤ ਸਿੰਘ ਚੌਹਾਨ, ਜਗਰੂਪ ਸਿੰਘ ਗਰੇਵਾਲ ਅਤੇ ਗੈਰੀ ਗਰੇਵਾਲ ਦੇ ਸਹਿਯੋਗ ਨਾਲ ਹੋਇਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਲ ਸਿਹੋਤਾ ਸੁਰਿੰਦਰ ਸਿੰਘ ਨਿੱਜਰ, ਅਮ੍ਰਿਤਪਾਲ ਸਿੰਘ ਨਿੱਜਰ, ਪ੍ਰਿੰ. ਪ੍ਰੀਤਮ ਸਿੰਘ ਨਾਹਲ, ਗੁਰਦੀਪ ਸਿੰਘ ਨਿੱਜਰ, ਡਾ. ਗੁਰੂਮੇਲ ਸਿੰਘ ਸਿੱਧੂ, ਸੁਰਿੰਦਰ ਮੰਡਾਲੀ, ਹਰਜਿੰਦਰ ਕੰਗ, ਸੰਤੋਖ ਸਿੰਘ ਮਿਨਹਾਸ, ਗੁਰਪ੍ਰੀਤ ਧਾਲੀਵਾਲ, ਪਾਲ ਸਿੰਘ ਕੈਲੇ, ਸੁੱਖੀ ਘੁੰਮਣ, ਤਾਜ ਰੰਧਾਵਾ, ਦਲਜੀਤ ਸਿੰਘ ਰਿਆੜ, ਪ੍ਰੀਤਮ ਸਿੰਘ ਪਾਸਲਾ, ਸਾਧੂ ਸਿੰਘ ਸੰਘਾ, ਡਾ. ਅਰਜਨ ਸਿੰਘ ਜੋਸਨ, ਡਾ. ਪਿਸ਼ੌਰਾ ਸਿੰਘ ਢਿਲੋਂ, ਤਜਿੰਦਰ ਸਿੰਘ ਰੰਧਾਵਾ, ਜਸਪ੍ਰੀਤ ਸਿੰਘ ਅਟਾਰਨੀ ਤੇ ਮਨਜੀਤ ਸਿੰਘ ਕੁਲਾਰ ਨੇ ਆਪਣੇ ਵਿਚਾਰ ਰੱਖੇ। ਸ਼੍ਰੋਮਣੀ ਯੂਥ ਅਕਾਲੀ ਦਲ ਵਲੋਂ ਸ. ਰੰਧਾਵਾ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਵੀ ਇਲਾਕੇ ਦੀਆਂ ਉਘੀਆਂ ਸ਼ਖਸੀਅਤਾਂ ਹਾਜ਼ਰ ਸਨ।

# ਗੀਤਕਾਰ ਮੰਗਲੀ ਦੇ 'ਹਲਕੇ ਪੱਧਰ' ਦੇ ਗੀਤ ਦਾ ਵਿਰੋਧ

**ਨਿਊ ਯਾਰਕ (ਬਿਊਰੋ):** ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ ਦੇ ਪ੍ਰਧਾਨ ਜਸਵੰਤ ਸਿੰਘ ਜੱਸਾ ਨੇ ਸਥਾਨਕ ਗੀਤਕਾਰ ਦੀਪ ਮੰਗਲੀ ਦੇ ਲਿਖੇ ਅਤੇ ਗਾਇਕਾ ਮਿਸ ਪੂਜਾ ਦੇ ਗਾਏ ਇਕ ਗੀਤ ਨੂੰ ਘਟੀਆ ਗੀਤਕਾਰੀ ਕਰਾਰ ਦਿੰਦਿਆਂ ਗੀਤਕਾਰ ਮੰਗਲੀ ਨੂੰ ਸਲਾਹ ਦਿੱਤੀ ਹੈ ਕਿ ਉਹ ਅਜਿਹੀ ਹਲਕੇ ਪੱਧਰ ਦੀ ਗੀਤਕਾਰੀ ਤੋਂ ਪਰਹੇਜ਼ ਰੱਖੇ। ਇਹ ਗੀਤ ਮਿਸ ਪੂਜਾ ਦੀ ਨਵੀਂ ਆ ਰਹੀ ਫਿਲਮ 'ਪੂਜਾ ਕਿਵੇਂ ਆ' ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਗੀਤ 'ਤੇ ਬਾਲੀਵੁੱਡ ਨ੍ਰਿਤਕਾ ਰਾਖੀ ਸਾਵੰਤ ਨੇ ਡਾਂਸ ਕੀਤਾ ਹੈ।



ਦੀਪ ਮੰਗਲੀ

ਇਥੇ ਜਾਰੀ ਇਕ ਬਿਆਨ ਵਿਚ ਜਸਵੰਤ ਸਿੰਘ ਜੱਸਾ ਨੇ ਆਖਿਆ ਹੈ ਕਿ ਇਸ ਗੀਤ ਦੇ ਬੋਲ ਬਹੁਤ ਹੀ ਅਸ਼ਲੀਲ ਹਨ ਜੋ ਕਿ ਸਾਡੇ ਸਭਿਆਚਾਰ ਵਿਚ ਸਹਿਣ ਨਹੀਂ ਕੀਤੇ ਜਾ ਸਕਦੇ। ਦੀਪ ਮੰਗਲੀ ਨੂੰ ਅਜਿਹਾ ਹਲਕੀ ਪੱਧਰ ਦਾ ਗੀਤ ਲਿਖਣ ਲਈ ਪੰਜਾਬੀ ਭਾਈਚਾਰੇ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਇਥੇ ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਸ਼ਹੀਦ ਊਧਮ ਸਿੰਘ ਸਭਾ ਨੇ ਸ਼ਹੀਦ ਊਧਮ ਸਿੰਘ ਬਾਰੇ ਲਿਖੇ ਇਕ ਗੀਤ ਕਰਕੇ ਦੀਪ ਮੰਗਲੀ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਸੀ। ਇਸ ਸਨਮਾਨ ਦਾ ਜ਼ਿਕਰ ਕਰਦਿਆਂ ਸ. ਜੱਸਾ ਨੇ ਆਖਿਆ ਕਿ ਜੇ ਕਿਸੇ ਗੀਤਕਾਰ ਜਾਂ ਗਾਇਕ ਨੂੰ ਚੰਗੀ ਗੀਤਕਾਰੀ ਤੇ ਗਾਇਕੀ ਕਰਕੇ ਸਨਮਾਨਤ ਕੀਤਾ ਜਾਂਦਾ ਹੈ ਤਾਂ ਉਸ ਵਲੋਂ ਮਾੜਾ ਲਿਖਣ ਜਾਂ ਗਾਉਣ 'ਤੇ ਉਸ ਦਾ ਵਿਰੋਧ ਕਰਨਾ ਵੀ ਬਣਦਾ ਹੈ। ਦੀਪ ਮੰਗਲੀ ਜਿਹੇ ਗੀਤਕਾਰ, ਜਿਸ ਨੂੰ ਵਧੀਆ ਗੀਤ ਲਿਖਣ ਕਰਕੇ ਸਭ ਨੇ ਸਤਿਕਾਰ ਦਿੱਤਾ ਹੈ, ਨੂੰ ਤਾਂ ਅਜਿਹੀ ਹਲਕੇ ਪੱਧਰ ਦੀ ਗੀਤਕਾਰੀ ਤੋਂ ਬਿਲਕੁਲ ਪਰਹੇਜ ਕਰਨਾ ਚਾਹੀਦਾ ਸੀ।

## ਦੇਹਰਾਦੂਨ-ਅੰਮ੍ਰਿਤਸਰ ਵਿਚਾਲੇ ਚੱਲੇਗੀ 'ਗੋਲਡਨ ਟੈਂਪਲ ਐਕਸਪ੍ਰੈਸ' ਬੱਸ

**ਸ਼ਿਮਲਾ:** ਦੋ ਸਿੱਖ ਧਾਰਮਿਕ ਸਥਾਨਾਂ ਨੂੰ ਬਿਹਤਰ ਢੰਗ ਨਾਲ ਜੋੜਨ ਲਈ ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਐਚਆਰਟੀਸੀ) ਵੱਲੋਂ ਦੇਹਰਾਦੂਨ-ਪਾਉਂਟਾ ਸਾਹਿਬ-ਅੰਮ੍ਰਿਤਸਰ ਮਾਰਗ 'ਤੇ ਨਵੀਂ ਲਗਜ਼ਰੀ ਗੋਲਡਨ ਟੈਂਪਲ ਐਕਸਪ੍ਰੈਸ ਬੱਸ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ।

ਇਸ ਬੱਸ ਸੇਵਾ ਦਾ ਮਕਸਦ ਸਿੱਖ ਸ਼ਰਧਾਲੂਆਂ ਦੇ ਧਾਰਮਿਕ ਟੂਰ ਨੂੰ ਉਤਸ਼ਾਹਤ ਕਰਨਾ ਹੈ। 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਹਿਮਾਚਲ ਪ੍ਰਦੇਸ਼ ਵਿਚ ਪਾਉਂਟਾ ਸਾਹਿਬ ਗੁਰਦੁਆਰਾ ਸਥਾਪਤ ਕੀਤਾ ਹੈ ਜਿਸ ਵਿਚ ਦੁਨੀਆਂ ਭਰ ਤੋਂ ਸਿੱਖ ਦਰਸ਼ਨਾਂ ਲਈ ਪੁੱਜਦੇ ਹਨ।

# ਪੰਜ ਅਪਰੈਲ ਨੂੰ ਰਿਲੀਜ਼ ਹੋਵੇਗੀ ਫਿਲਮ 'ਸਾਡਾ ਹੱਕ'

**ਲੁਧਿਆਣਾ (ਬਿਊਰੋ):** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਪੰਜਾਬ ਵਿਚ 1980 ਦੇ ਦਹਾਕੇ ਦੌਰਾਨ ਚੱਲੇ ਕਾਲੇ ਦੌਰ ਦੌਰਾਨ ਸਮੁੱਚੇ ਪੰਜਾਬੀ ਲੋਕਾਂ ਦੇ ਦੁੱਖਾਂ ਦੀ ਕਹਾਣੀ ਨੂੰ ਪਰਦੇ 'ਤੇ ਪੇਸ਼ ਕਰਨ ਲਈ ਬਣਾਈ ਗਈ ਪੰਜਾਬੀ ਫਿਲਮ 'ਸਾਡਾ ਹੱਕ' ਨੌਜਵਾਨ ਪੀੜ੍ਹੀ ਨੂੰ ਉਸਾਰੂ ਸਬਕ ਦੇਣ ਵਿਚ ਸਹਾਈ ਸਿੱਧ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇਕ ਫ਼ਿਲਮ ਹੀ ਨਹੀਂ ਬਲਕਿ ਹਰ ਵਿਅਕਤੀ ਦੀ ਜ਼ਮੀਰ ਨੂੰ ਝੰਜੋੜਨ ਵਾਲੀ ਇਤਿਹਾਸਕ ਸਚਾਈ ਹੈ।

ਪੰਜ ਅਪਰੈਲ ਨੂੰ ਰਿਲੀਜ਼ ਹੋ ਰਹੀ ਇਸ



ਫ਼ਿਲਮ ਦੇ ਨਿਰਮਾਤਾ ਕੁਲਜਿੰਦਰ ਸਿੱਧੂ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਸੈਂਸਰ ਬੋਰਡ ਵੱਲੋਂ ਪਾਸ ਕੀਤੀ ਗਈ 'ਸਾਡਾ ਹੱਕ' ਸਮੁੱਚੇ ਪੰਜਾਬੀਆਂ ਲਈ ਇਕ ਪ੍ਰੇਰਨਾ ਦਾ ਸ੍ਰੋਤ ਹੋਵੇਗੀ। ਪੰਜਾਬ ਦੇ ਲੋਕਾਂ ਦੇ ਦੁੱਖਾਂ ਦੀ ਕਹਾਣੀ ਨੂੰ ਪਰਦੇ 'ਤੇ ਪੇਸ਼ ਕਰਨ ਦਾ 'ਸਾਡਾ ਹੱਕ' ਫ਼ਿਲਮ ਇਕ ਛੋਟਾ ਜਿਹਾ ਉਪਰਾਲਾ ਹੈ ਤਾਂ ਕਿ ਉਸ ਦੁਖਦ ਸਮੇਂ ਦੀ ਮੂੰਹ ਬੋਲਦੀ ਤਸਵੀਰ ਨੂੰ ਜਨਤਾ ਦੇ ਸਾਹਮਣੇ ਲਿਆਂਦਾ ਜਾਵੇ ਤੇ ਅੱਜ ਦੀ ਨੌਜਵਾਨ ਪੀੜ੍ਹੀ ਇਸ ਫ਼ਿਲਮ ਤੋਂ ਉਸਾਰੂ ਸਬਕ ਲੈ ਸਕੇ ਤੇ ਇਤਿਹਾਸ ਵਿਚ ਹੋਈਆਂ ਗਲਤੀਆਂ ਨੂੰ ਦੁਹਰਾਉਣ ਤੋਂ ਰੋਕਿਆ ਜਾ ਸਕੇ।

ਕੁਲਜਿੰਦਰ ਸਿੱਧੂ ਨੇ ਕਿਹਾ ਕਿ ਇਸ ਫ਼ਿਲਮ ਦਾ ਮੁੱਖ ਸੁਨੇਹਾ ਮਨੁੱਖੀ ਏਕਤਾ, ਭਾਈਚਾਰੇ ਤੇ ਦੇਸ਼ ਦੀ ਅਖੰਡਤਾ ਮਜ਼ਬੂਤ ਕਰਨਾ ਹੈ।


ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



**Safe & Easy Weight Loss**
**Ph:317-886-4858**

*334 S Emerson Ave, Greenwood IN 46143*
*(Inside Indian Bazaar)*

www.punjabiweightloss.blogspot.com www.goherbalife.com/skaur



ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



**Paramjit S. Khaira**
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com

Working under state law SB 577





ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ
ਉਨੇ ਹੀ ਮਿੰਟ ਕੱਟੇ ਜਾਣਗੇ

*24/7 Customer Service Available*
*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸਨਿਚਰਵਾਰ, 30 ਮਾਰਚ 2013*

## ਸਜ਼ਾ ਅਤੇ ਸਿਆਸਤ

ਇਤਾਲਵੀ ਜਲ ਸੈਨਿਕਾਂ ਬਾਰੇ ਛਿੜੇ ਵਿਵਾਦ ਨੇ ਭਾਰਤੀ ਆਗੂਆਂ ਦਾ ਦੋਹਰਾ ਕਿਰਦਾਰ ਸਾਹਮਣੇ ਲੈ ਆਂਦਾ ਹੈ। ਇਹ ਜਲ ਸੈਨਿਕ, ਜਿਨ੍ਹਾਂ ਉਤੇ ਭਾਰਤ ਦੇ ਦੋ ਮਛੇਰਿਆਂ ਨੂੰ ਮਾਰਨ ਦਾ ਦੋਸ਼ ਹੈ, ਵੋਟਾਂ ਪਾਉਣ ਇਕ ਮਹੀਨੇ ਦੀ ਜ਼ਮਾਨਤ ਉਤੇ ਆਪਣੇ ਦੇਸ਼ ਇਟਲੀ ਗਏ ਸਨ ਅਤੇ ਉਨ੍ਹਾਂ 22 ਮਾਰਚ ਨੂੰ ਵਾਪਸ ਭਾਰਤ ਪੁੱਜਣਾ ਸੀ, ਪਰ ਇਸ ਤੋਂ ਪਹਿਲਾਂ ਹੀ ਇਟਲੀ ਨੇ ਐਲਾਨ ਕਰ ਦਿੱਤਾ ਕਿ ਉਹ ਆਪਣੇ ਜਲ ਸੈਨਿਕ ਭਾਰਤ ਨਹੀਂ ਭੇਜੇਗਾ। ਇਨ੍ਹਾਂ ਖਿਲਾਫ ਕੋਈ ਵੀ ਬਣਦੀ ਕਾਰਵਾਈ ਇਟਲੀ ਵਿਚ ਹੀ ਕੀਤੀ ਜਾਵੇਗੀ। ਜਲ ਸੈਨਿਕਾਂ ਨੂੰ ਭਿਜਵਾਉਣ ਲਈ ਇਟਲੀ ਦੇ ਰਾਜਦੂਤ ਨੇ ਇਨ੍ਹਾਂ ਦੀ ਵਾਪਸੀ ਬਾਰੇ ਹਲਫੀਆ ਬਿਆਨ ਕਿਉਂਕਿ ਭਾਰਤ ਦੀ ਸੁਪਰੀਮ ਕੋਰਟ ਵਿਚ ਦਿੱਤਾ ਸੀ, ਇਸ ਲਈ ਸੁਪਰੀਮ ਕੋਰਟ ਦੀ ਕਾਰਵਾਈ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਕਾਰ ਡਿਪਲੋਮੈਟਿਕ ਤਣਾਅ ਵਧ ਗਿਆ। ਦੋ ਹਫਤੇ ਚੱਲੇ ਇਸ ਨਾਟਕ ਤੋਂ ਬਾਅਦ ਆਖਰਕਾਰ ਦੋਵੇਂ ਜਲ ਸੈਨਿਕ ਮਿਥੀ ਤਾਰੀਕ 22 ਮਾਰਚ ਨੂੰ ਭਾਰਤ ਪੁੱਜ ਗਏ। ਇਹ ਵੀ ਚਰਚਾ ਹੈ ਕਿ ਇਹ ਵਾਪਸੀ ਕਿਸੇ ਸਮਝੌਤੇ ਤਹਿਤ ਹੀ ਹੋਈ ਹੈ, ਪਰ ਸਭ ਤੋਂ ਵੱਧ ਚਰਚਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦੇ ਉਸ ਬਿਆਨ ਦੀ ਹੋਈ ਹੈ ਜਿਸ ਵਿਚ ਉਨ੍ਹਾਂ ਇਟਲੀ ਨੂੰ ਬਾਕਾਇਦਾ ਭਰੋਸਾ ਦਿੱਤਾ ਹੈ ਕਿ ਜਲ ਸੈਨਿਕਾਂ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ। ਉਨ੍ਹਾਂ ਖਿਲਾਫ ਸੁਣਵਾਈ ਰਾਜਦੂਤ ਦੀ ਨਿਗਰਾਨੀ ਹੇਠ ਹੀ ਹੋਵੇਗੀ। ਸੁਣਵਾਈ ਲਈ ਵੱਖਰੀ ਅਦਾਲਤ ਵੀ ਬਣਾ ਦਿੱਤੀ ਗਈ ਹੈ।

ਵਿਚਾਰਨ ਵਾਲਾ ਮੁੱਦਾ ਇਹ ਹੈ ਕਿ ਭਾਰਤ ਫਾਂਸੀ ਦੀ ਸਜ਼ਾ ਜਾਰੀ ਰੱਖਣ ਦੇ ਹੱਕ ਵਿਚ ਡਟ ਕੇ ਖੜ੍ਹਾ ਹੈ। ਸੰਯੁਕਤ ਰਾਸ਼ਟਰ ਵਿਚ ਇਸ ਨੇ ਫਾਂਸੀ ਦੇ ਹੱਕ ਵਿਚ ਵੋਟ ਪਾਈ ਹੈ। ਹਾਲ ਹੀ ਵਿਚ ਇਸ ਨੇ ਚੁੱਪ-ਚੁਪੀਤੇ ਕਸ਼ਮੀਰੀ ਨੌਜਵਾਨ ਅਫਜ਼ਲ ਗੁਰੂ ਨੂੰ ਫਾਂਸੀ ਉਤੇ ਵੀ ਟੰਗ ਦਿੱਤਾ ਹੈ। ਹੋਰ ਵੀ ਕਈ ਸਿਆਸੀ ਕਾਰਕੁਨਾਂ ਨੂੰ ਫਾਂਸੀ ਦੀ ਸਜ਼ਾ ਦਿਤੀ ਹੋਈ ਹੈ। ਜਦੋਂ ਅਜਿਹੇ ਕੇਸ ਸਾਹਮਣੇ ਆਉਂਦੇ ਹਨ ਤਾਂ ਹਰ ਆਗੂ ਦਾ ਬਿਆਨ ਹੁੰਦਾ ਹੈ ਕਿ ਕਾਨੂੰਨ ਆਪਣੀ ਕਾਰਵਾਈ ਕਰੇਗਾ; ਫਿਰ ਇਤਾਲਵੀ ਜਲ ਸੈਨਿਕਾਂ ਦੇ ਕੇਸ ਦਾ ਫੈਸਲਾ ਅਦਾਲਤ ਦੀ ਥਾਂ ਵਿਦੇਸ਼ ਮੰਤਰੀ ਨੇ ਕਿਸ ਤਰ੍ਹਾਂ ਸੁਣਾ ਦਿੱਤਾ? ਕੀ ਇਹ ਡਿਪਲੋਮੈਟਿਕ ਦਬਾਅ ਤਹਿਤ ਕੀਤਾ ਗਿਆ? ਭਾਰਤੀ ਨਿਆਂਪਾਲਿਕਾ ਬਾਰੇ ਇਹ ਚਰਚਾ ਅਕਸਰ ਚਲਦੀ ਹੈ ਕਿ ਵੱਖ-ਵੱਖ ਲੋਕਾਂ ਬਾਰੇ ਇਸ ਦੇ ਫੈਸਲੇ ਵੱਖ-ਵੱਖ ਹੁੰਦੇ ਹਨ। ਇਸ ਦੇ ਅਨੇਕਾਂ ਕਾਰਨ ਹੋ ਸਕਦੇ ਹਨ। ਇਨ੍ਹਾਂ ਵਿਚੋਂ ਇਕ ਕਾਰਨ ਇਹ ਵੀ ਹੈ ਕਿ ਜਿਨ੍ਹਾਂ ਲੋਕਾਂ ਦੀ ਸਿਸਟਮ ਵਿਚ ਪਹੁੰਚ ਨਹੀਂ ਹੁੰਦੀ, ਉਨ੍ਹਾਂ ਨੂੰ ਹੀ ਸਜ਼ਾ ਮਿਲਦੀ ਹੈ, ਪਹੁੰਚ ਵਾਲੇ ਬਚ ਜਾਂਦੇ ਹਨ।

ਹੁਣ ਮੰਤਰੀ ਦੇ ਬਿਆਨ ਦੇ ਪ੍ਰਸੰਗ ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਾ ਕੇਸ ਘੋਖਣਾ ਬਣਦਾ ਹੈ। ਉਸ ਨੂੰ ਮਨਿੰਦਰਜੀਤ ਸਿੰਘ ਬਿੱਟਾ ਉਤੇ ਹਮਲਾ ਕਰਨ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਸੁਣਾਈ ਹੋਈ ਸੀ। ਹਮਲੇ ਵਿਚ ਬਿੱਟਾ ਬਚ ਗਿਆ ਸੀ, ਪਰ ਨੌਂ ਹੋਰ ਜਾਨਾਂ ਚਲੀਆਂ ਗਈਆਂ ਸਨ। 1995 ਵਿਚ ਪ੍ਰੋ. ਭੁੱਲਰ ਨੂੰ ਜਰਮਨੀ, ਜਿੱਥੇ ਫਾਂਸੀ ਦੀ ਸਜ਼ਾ ਉਤੇ ਪਾਬੰਦੀ ਹੈ, ਤੋਂ ਭਾਰਤ ਲਿਆਂਦਾ ਗਿਆ ਸੀ। ਇਟਲੀ ਵਿਚ ਵੀ ਫਾਂਸੀ ਦੀ ਸਜ਼ਾ ਬੰਦ ਹੈ। ਇਸੇ ਨੁਕਤੇ ਨੂੰ ਆਧਾਰ ਬਣਾ ਕੇ ਹੀ ਇਟਲੀ ਨੇ ਕੇਸ ਚੱਲਣ ਤੋਂ ਪਹਿਲਾਂ ਹੀ ਆਪਣੇ ਜਲ ਸੈਨਿਕਾਂ ਦੀ ਫਾਂਸੀ ਤੋਂ ਖਲਾਸੀ ਕਰਵਾ ਲਈ ਹੈ। ਇਹੀ ਨਹੀਂ, 1995 ਵਿਚ ਗ੍ਰਿਫਤਾਰ ਹੋਇਆ ਪ੍ਰੋ. ਭੁੱਲਰ ਹੁਣ ਤੱਕ 18 ਸਾਲ ਕੈਦ ਕੱਟ ਚੁੱਕਾ ਹੈ। 2001 ਵਿਚ ਫਾਂਸੀ ਦੀ ਸਜ਼ਾ ਸੁਣਾਉਣ ਤੋਂ ਬਾਅਦ ਉਸ ਨੂੰ ਜੇਲ੍ਹ ਮੈਨੂਅਲ ਅਨੁਸਾਰ ਇਕੱਲਾ ਰੱਖਿਆ ਜਾ ਰਿਹਾ ਹੈ। ਇਸ ਇਕੱਲ ਕਾਰਨ ਉਸ ਦਾ ਮਾਨਸਿਕ ਤਵਾਜ਼ਨ ਵੀ ਵਿਗੜ ਗਿਆ ਹੈ, ਹੁਣ ਹਸਪਤਾਲ ਵਿਚ ਉਸ ਦਾ ਇਲਾਜ ਚੱਲ ਰਿਹਾ ਹੈ। ਹੋਰ ਤਾਂ ਹੋਰ, ਸੁਪਰੀਮ ਕੋਰਟ ਦੇ ਜਿਸ ਤਿੰਨ ਮੈਂਬਰੀ ਬੈਂਚ ਨੇ ਉਸ ਦੀ ਸਜ਼ਾ ਬਾਰੇ ਘੋਖ ਕੀਤੀ ਸੀ, ਉਨ੍ਹਾਂ ਵਿਚੋਂ ਇਕ ਜੱਜ ਐਮ.ਬੀ. ਸ਼ਾਹ ਨੇ ਉਸ ਨੂੰ ਬਰੀ ਕਰਨ ਦਾ ਫੈਸਲਾ ਦਿੱਤਾ ਸੀ। ਇਸ ਕੇਸ ਵਿਚ ਫਾਂਸੀ ਦਾ ਆਧਾਰ ਪੁਲਿਸ ਕਮਿਸ਼ਨਰ ਅੱਗੇ ਦਿੱਤੇ ਉਸ ਬਿਆਨ ਨੂੰ ਬਣਾਇਆ ਗਿਆ ਸੀ ਜੋ ਕਦੀ ਅਦਾਲਤ 'ਚ ਵੀ ਪੇਸ਼ ਨਹੀਂ ਕੀਤਾ ਗਿਆ। ਫਿਰ ਵੀ ਉਸ ਦੀ ਖਲਾਸੀ ਨਹੀਂ ਹੋ ਰਹੀ। ਇਸ ਬਾਰੇ ਕਿਸੇ ਨੇ ਮੰਤਰੀ ਨੂੰ ਕੁਝ ਪੁੱਛਿਆ ਵੀ ਨਹੀਂ ਹੈ।

ਅਸਲ ਵਿਚ, ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦੇ ਬਿਆਨ ਨਾਲ ਕਾਨੂੰਨ ਦੇ ਦੋ ਵੱਖਰੇ ਮੂੰਹ ਐਨ ਸਾਫ ਦਿਸ ਰਹੇ ਹਨ। ਉਂਜ, ਇਤਾਲਵੀ ਕੇਸ ਦੀ ਮਿਸਾਲ ਸਾਹਮਣੇ ਰੱਖਦਿਆਂ ਇਹ ਸਵਾਲ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਜਿੰਨੇ ਵੱਡੇ ਪੱਧਰ ਉਤੇ ਇਟਲੀ ਨੇ ਆਪਣੇ ਜਲ ਸੈਨਿਕਾਂ ਦਾ ਕੇਸ ਉਠਾਇਆ, ਬਚਾਅ ਲਈ ਚਾਰਜੋਈ ਕੀਤੀ; ਕੀ ਪ੍ਰੋ. ਭੁੱਲਰ ਵਾਲੇ ਕੇਸ ਵਿਚ ਇੰਨੇ ਵੱਡੇ ਪੱਧਰ ਉਤੇ ਚਾਰਾਜੋਈ ਕਦੀ ਸੰਭਵ ਹੋ ਸਕੀ ਸੀ? ਇਹ ਸਵਾਲ ਇਸ ਲਈ ਵੀ ਹੈ ਕਿ ਹਰਿਆਣਾ ਦੇ ਪਿੰਡ ਹੋਂਦ ਚਿੱਲੜ, ਜਿਥੇ ਨਵੰਬਰ 1984 ਵਿਚ ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਸੀ, ਬਾਰੇ ਨਾਮਜ਼ਦ ਜਾਂਚ ਕਮਿਸ਼ਨ ਦੀ ਪਿਛਲੇ ਦਿਨੀਂ ਸੁਣਵਾਈ ਮੌਕੇ ਨਾ ਪੀੜਤਾਂ ਦਾ ਵਕੀਲ ਪੁੱਜਾ ਅਤੇ ਨਾ ਹੀ ਪੀੜਤ ਪੁੱਜੇ। ਹਾਂ, ਇਸ ਕੇਸ ਦੀ ਪੈਰਵੀ ਕਰ ਰਹੀ ਕਮੇਟੀ ਦੇ ਮੈਂਬਰ ਜ਼ਰੂਰ ਪੁੱਜੇ ਸਨ। ਇਹ ਨਿਰੋਲ ਤਾਲਮੇਲ ਦੀ ਘਾਟ ਦਾ ਮਾਮਲਾ ਹੈ। ਸਭ ਨੂੰ ਯਾਦ ਹੋਵੇਗਾ ਕਿ ਜਦੋਂ ਪ੍ਰੋ. ਭੁੱਲਰ ਨੂੰ ਪੰਜਾਬ ਲਿਆਉਣ ਦੀ ਕਾਗਜ਼ੀ ਕਾਰਵਾਈ ਚੱਲੀ ਸੀ ਤਾਂ ਕੇਂਦਰ ਸਰਕਾਰ ਵੱਲੋਂ ਸੂਬਾ ਸਰਕਾਰ ਦੀ ਰਾਏ ਮੰਗਣ 'ਤੇ ਬਾਦਲ ਸਰਕਾਰ ਨੇ ਇਹ ਲਿਖ ਭੇਜਿਆ ਸੀ ਕਿ ਪ੍ਰੋ. ਭੁੱਲਰ ਤਾਂ ਬੜਾ ਖਤਰਨਾਕ ਅਤਿਵਾਦੀ ਹੈ, ਇਸ ਨੂੰ ਪੰਜਾਬ ਵਿਚ ਰੱਖਣਾ ਖਤਰੇ ਤੋਂ ਖਾਲੀ ਨਹੀਂ। ਇਸ ਰਾਏ ਦੇ ਨਾਲ ਹੀ ਉਸ ਦੀ ਪੰਜਾਬ ਵਾਪਸੀ ਦਾ ਰਾਹ ਬੰਦ ਹੋ ਗਿਆ। ਅਜਿਹੇ ਹੋਰ ਵੀ ਬਹੁਤ ਸਾਰੇ ਤੱਥ ਹੋ ਸਕਦੇ ਹਨ ਜੋ ਲਗਾਤਾਰ ਰਾਹ ਬੰਦ ਕਰੀ ਜਾਂਦੇ ਹੋਣਗੇ। ਇਹ ਰਾਹ ਖੋਲ੍ਹਣ ਲਈ ਜਾਪਦਾ ਹੈ ਇਟਲੀ ਵੱਲੋਂ ਲਾਏ ਜ਼ੋਰ ਤੋਂ ਕਿਤੇ ਵੱਧ ਜ਼ੋਰ ਲਾਉਣ ਦੀ ਲੋੜ ਹੁੰਦੀ ਹੈ। ਵਿਤਕਰਿਆਂ ਦੇ ਪ੍ਰਚਾਰ ਦਾ ਮਾਮਲਾ ਆਪਣੀ ਥਾਂ ਹੈ, ਅਜਿਹੀ ਚਾਰਾਜੋਈ ਆਪਣੀ ਥਾਂ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੱਚੀ ਸਾਲ ਲੰਬੀ ਉਡੀਕ?*

ਵੋਟਾਂ 'ਲੈਣ ਦਾ' ਆ ਗਿਆ ਢੰਗ ਜਿਸ ਨੂੰ, ਰਾਜ ਗੱਦੀ 'ਤੇ ਉਹਨੇ ਹੀ ਬੁੱਕਣਾ ਜੀ।
ਹਾਕਮ ਵਾਸਤੇ ਸੌਖਾ ਏ ਆਕੀਆਂ ਨੂੰ, 'ਧਾਰਾ' ਠੋਕ ਕੇ ਜੇਲ੍ਹਾਂ ਵਿਚ ਸੁੱਟਣਾ ਜੀ।
ਨਾਹਰਾ 'ਰਾਜ ਨਹੀਂ ਸੇਵਾ' ਦਾ ਬੋਲ ਕੇ ਤੇ ਦੋਹੀਂ ਹੱਥੀਂ ਪਰ ਜਨਤਾ ਨੂੰ ਲੁੱਟਣਾ ਜੀ।
ਪਰਜਾ ਦੁਖੀ ਹੋ 'ਤਾਂਹਾਂ ਨੂੰ ਦੇਖਦੀ ਐ, ਜਾਣੇ ਰੱਬ! ਹੰਕਾਰ ਕਦ ਟੁੱਟਣਾ ਜੀ।
ਦੱਸ ਰਹੇ ਹਾਲਾਤ ਨੇ ਆਉਣ ਵਾਲੇ, ਖੂਨ ਹੋਰ ਗਰੀਬਾਂ ਦਾ ਸੁੱਕਣਾ ਜੀ।
ਸਹਿ ਹੁੰਦੀ ਨਾ ਮਿੰਟ ਦੀ ਨ੍ਹੇਰ ਗਰਦੀ, ਪੱਚੀ ਸਾਲ ਦਾ ਰਾਜ ਕਦ ਮੁੱਕਣਾ ਜੀ?

# ਭਾਰਤ ਦਾ ਮਨੁੱਖੀ ਵਿਕਾਸ ਪਛੜਿਆ

*ਪਿਛਲੇ ਕੁਝ ਸਾਲਾਂ ਤੋਂ ਮੁਹੱਈਆ ਕਰਵਾਏ ਜਾ ਰਹੇ ਅੰਕੜਿਆਂ ਮੁਤਾਬਕ ਭਾਰਤ, ਵਿਕਾਸ ਦੀ ਪਟੜੀ ਉਤੇ ਚੜ੍ਹਿਆ ਹੋਇਆ ਹੈ। ਇਸ ਪ੍ਰਸੰਗ 'ਚ ਸੰਸਾਰ ਭਰ ਵਿਚ ਇਸ ਦੀ ਚੰਗੀ ਪੈਂਠ ਵੀ ਬਣੀ ਹੈ। ਸੰਸਾਰ ਦੀ ਆਰਥਿਕਤਾ ਅਤੇ ਵਪਾਰ ਵਿਚ ਇਸ ਦਾ ਹਿੱਸਾ ਲਗਾਤਾਰ ਵਧ ਰਿਹਾ ਹੈ, ਪਰ ਮਨੁੱਖੀ ਵਿਕਾਸ ਦੇ ਪੱਖ ਤੋਂ ਭਾਰਤ ਪਿਛਾਂਹ ਵੱਲ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੀਆਂ ਹਰ ਸਾਲ ਜਾਰੀ ਹੁੰਦੀਆਂ ਰਿਪੋਰਟਾਂ ਮੁਤਾਬਕ ਸੰਸਾਰ ਦੇ 187 ਦੇਸ਼ਾਂ ਵਿਚੋਂ ਮਨੁੱਖੀ ਵਿਕਾਸ ਪੱਖੋਂ ਭਾਰਤ ਦਾ ਦਰਜਾ 2005 ਵਿਚ 128ਵਾਂ ਸੀ, 2007 ਵਿਚ 134ਵਾਂ ਹੋ ਗਿਆ ਅਤੇ 2012 ਵਿਚ ਇਹ 136ਵੇਂ ਤੱਕ ਪੁੱਜ ਗਿਆ ਹੈ। ਜੰਗ ਦੇ ਭੰਨੇ ਇਰਾਕ ਤੋਂ ਵੀ ਇਹ 5 ਦਰਜੇ ਹੇਠਾਂ ਹੈ।*

ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਵੱਲੋਂ ਜਾਰੀ ਕੀਤੀ ਗਈ 'ਮਨੁੱਖੀ ਵਿਕਾਸ ਰਿਪੋਰਟ 2013' ਵਿਚ ਸੰਸਾਰ ਦੇ ਦੱਖਣੀ ਹਿੱਸੇ ਦੇ ਉਭਾਰ 'ਤੇ ਰੌਸ਼ਨੀ ਪਾਈ ਗਈ ਹੈ। ਦੱਖਣੀ ਹਿੱਸੇ ਵਿਚ ਤਕਰੀਬਨ 130 ਵਿਕਾਸਸ਼ੀਲ ਦੇਸ਼ ਸ਼ਾਮਿਲ ਹਨ ਜੋ ਇਸ ਵਕਤ ਸੰਸਾਰ ਆਰਥਿਕਤਾ ਦੇ ਮੁੱਖ ਚਾਲਕ ਬਣੇ ਹੋਏ ਹਨ।



ਪ੍ਰਫੁੱਲ ਬਿਦਵਈ

ਇਹ ਦੇਸ਼ ਬੇਮਿਸਾਲ ਰਫ਼ਤਾਰ ਅਤੇ ਦਰ ਨਾਲ ਅੱਗੇ ਵਧ ਰਹੇ ਹਨ। ਉਥੋਂ ਦੇ ਲੋਕਾਂ ਦੇ ਜੀਵਨ ਹਾਲਾਤ ਅਤੇ ਸੰਭਾਵਨਾਵਾਂ ਨਾਟਕੀ ਢੰਗ ਨਾਲ ਬਦਲੀਆਂ ਹਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 1980 ਤੋਂ 2010 ਦਰਮਿਆਨ ਸੰਸਾਰ ਆਰਥਿਕਤਾ ਵਿਚ ਦੱਖਣ ਦਾ ਹਿੱਸਾ 33 ਫ਼ੀਸਦੀ ਤੋਂ ਵਧ ਕੇ 45 ਫ਼ੀਸਦੀ ਹੋ ਗਿਆ ਹੈ ਅਤੇ ਸੰਸਾਰ ਵਪਾਰ ਵਿਚ ਇਸ ਦਾ ਹਿੱਸਾ 25 ਤੋਂ 47 ਫ਼ੀਸਦੀ ਹੋ ਗਿਆ ਹੈ।

ਦੱਖਣ ਵਿਚਲੇ ਚੀਨ ਅਤੇ ਭਾਰਤ ਵਰਗੇ ਦੇਸ਼ਾਂ ਦੀ ਫੀ ਵਿਅਕਤੀ ਆਮਦਨ 20 ਸਾਲਾਂ ਵਿਚ ਦੁੱਗਣੀ ਹੋ ਗਈ ਹੈ, ਜਦੋਂ ਕਿ ਬਰਤਾਨੀਆ ਵਿਚ ਸਨਅਤੀ ਕ੍ਰਾਂਤੀ ਆਉਣ ਤੋਂ ਬਾਅਦ ਇਸ ਅਮਲ ਨੂੰ 150 ਸਾਲ ਲੱਗ ਗਏ ਸਨ ਅਤੇ ਅਮਰੀਕਾ ਵਿਚ 50 ਸਾਲ ਲੱਗੇ, ਜਿਥੇ ਸਨਅਤੀਕਰਨ ਥੋੜ੍ਹੀ ਦੇਰ ਨਾਲ ਹੋਇਆ। 2020 ਤੱਕ ਚੀਨ, ਭਾਰਤ ਅਤੇ ਬ੍ਰਾਜ਼ੀਲ ਦਾ ਸਾਂਝਾ ਉਤਪਾਦਨ ਕੈਨੇਡਾ, ਫਰਾਂਸ, ਜਪਾਨ, ਜਰਮਨੀ, ਇਟਲੀ, ਬਰਤਾਨੀਆ ਅਤੇ ਅਮਰੀਕਾ ਦੇ ਸਾਂਝੇ ਉਤਪਾਦਨ ਤੋਂ ਵੀ ਵੱਧ ਹੋਵੇਗਾ; ਪਰ ਚਿੰਤਾ ਦੀ ਗੱਲ ਇਹ ਹੈ ਕਿ ਮਨੁੱਖੀ ਵਿਕਾਸ ਸੂਚਕ ਅੰਕਾਂ ਪੱਖੋਂ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਵਿਚਕਾਰ ਬਹੁਤ ਗੰਭੀਰ ਪਾੜਾ ਹੈ। ਚੀਨ, ਭਾਰਤ ਅਤੇ ਬ੍ਰਾਜ਼ੀਲ ਮਨੁੱਖੀ ਵਿਕਾਸ ਪੱਖੋਂ ਅਜਿਹੇ ਦਰਜਿਆਂ 'ਤੇ ਹਨ ਜੋ ਉਨ੍ਹਾਂ ਨੂੰ ਮਨੁੱਖੀ ਵਿਕਾਸ ਦੀ ਪੌੜੀ ਦੇ ਅੱਧ ਵਿਚ ਖੜ੍ਹਾ ਕਰਦੇ ਹਨ।

ਸੰਸਾਰ ਪੱਧਰ 'ਤੇ 187 ਦੇਸ਼ਾਂ ਵਿਚੋਂ ਮਨੁੱਖੀ ਵਿਕਾਸ ਪੱਖੋਂ ਭਾਰਤ ਦਾ ਦਰਜਾ 2005 ਵਿਚ 128ਵਾਂ ਸੀ, 2007 ਵਿਚ 134ਵਾਂ ਹੋ ਗਿਆ ਅਤੇ 2012 ਵਿਚ ਇਹ 136ਵੇਂ ਤੱਕ ਪੁੱਜ ਗਿਆ ਹੈ। ਜੰਗ ਦੇ ਭੰਨੇ ਇਰਾਕ ਤੋਂ ਵੀ ਇਹ 5 ਦਰਜੇ ਹੇਠਾਂ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਮਨੁੱਖੀ ਵਿਕਾਸ ਸੂਚਕ ਅੰਕ ਵਿਚ ਸੁਧਾਰ ਦੀ ਸਾਲਾਨਾ ਦਰ ਮੌਜੂਦਾ ਸਮੇਂ 1980 ਤੋਂ ਵੀ ਮਾੜੀ ਹੈ। ਹਾਲ ਹੀ ਦੇ ਸਮੇਂ ਦੌਰਾਨ ਕੀਤੀ ਗਈ ਕੁਝ ਤਰੱਕੀ ਦੇ ਬਾਵਜੂਦ ਭਾਰਤ ਮਨੁੱਖੀ ਵਿਕਾਸ ਪੱਖੋਂ ਉੱਚੀਆਂ ਪ੍ਰਾਪਤੀਆਂ ਕਰਨ ਵਾਲੇ ਉਨ੍ਹਾਂ ਦੇਸ਼ਾਂ ਵਿਚ ਸ਼ਾਮਿਲ ਨਹੀਂ ਹੋ ਸਕਿਆ ਜਿਨ੍ਹਾਂ ਨੇ ਆਪਣੇ ਮਨੁੱਖੀ ਵਿਕਾਸ ਸੂਚਕ ਅੰਕਾਂ ਵਿਚ ਚਮਤਕਾਰੀ ਸੁਧਾਰ ਲਿਆਂਦਾ ਹੈ। ਇਨ੍ਹਾਂ ਵਿਚ ਬੰਗਲਾਦੇਸ਼, ਚਿੱਲੀ, ਘਾਨਾ, ਇੰਡੋਨੇਸ਼ੀਆ, ਮਲੇਸ਼ੀਆ, ਮਾਰੀਸ਼ਸ, ਮੈਕਸੀਕੋ, ਰਵਾਂਡਾ, ਦੱਖਣੀ ਕੋਰੀਆ, ਥਾਈਲੈਂਡ, ਟਿਊਨੇਸ਼ੀਆ, ਤੁਰਕੀ, ਵੀਅਤਨਾਮ ਅਤੇ ਯੁਗਾਂਡਾ ਆਦਿ ਸ਼ਾਮਿਲ ਹਨ। ਭਾਰਤ ਬੜੇ ਮਾਣ ਨਾਲ ਖੁਦ ਨੂੰ 'ਬਰਿਕਸ' ਦਾ ਮੈਂਬਰ ਕਹਾਉਂਦਾ ਹੈ (ਬ੍ਰਾਜ਼ੀਲ, ਰੂਸ, ਚੀਨ ਅਤੇ ਦੱਖਣੀ ਅਫਰੀਕਾ ਇਸ ਦੇ ਹੋਰ ਮੈਂਬਰ ਹਨ); ਪਰ ਇਸ ਦਾ ਮਨੁੱਖੀ ਵਿਕਾਸ ਸੂਚਕ ਅੰਕ ਦੂਜੇ ਚਾਰ ਦੇਸ਼ਾਂ ਤੋਂ 23 ਫ਼ੀਸਦੀ ਹੇਠਾਂ ਹੈ। ਜਿਹੜੇ ਮਰਜ਼ੀ ਪੱਖ ਤੋਂ ਪਰਖ ਲਈਏ, ਭਾਰਤ ਸਮਾਜਕ ਭਲਾਈ ਦੇ ਮੁਹਾਜ਼ 'ਤੇ ਦੁਨੀਆਂ ਦੇ ਬਹੁਤੇ ਦੇਸ਼ਾਂ ਤੋਂ ਪਿੱਛੇ ਹੀ ਨਜ਼ਰ ਆਉਂਦਾ ਹੈ। ਅਸਲ ਵਿਚ ਭਾਰਤ ਦੀ ਮਨੁੱਖੀ ਵਿਕਾਸ ਦੀ ਕਾਰਗੁਜ਼ਾਰੀ ਇਸ ਕਰ ਕੇ ਮਾੜੀ ਹੈ ਕਿਉਂਕਿ ਇਹ ਅਜਿਹੇ ਸਰਗਰਮ ਵਿਕਾਸਸ਼ੀਲ ਰਾਜ ਵਜੋਂ ਵਿਚਰਨ ਵਿਚ ਨਾਕਾਮ ਰਿਹਾ ਹੈ ਜਿਸ ਵਿਚ ਲੋਕਾਂ ਦੀ ਸਾਂਝੀ ਸ਼ਮੂਲੀਅਤ ਵਾਲੀ ਤਰੱਕੀ ਅਤੇ ਉੱਨਤੀ ਦੀ ਬੁਨਿਆਦੀ ਵਿਚਾਰਧਾਰਾ ਹੋਵੇ। ਭਾਰਤੀ ਸਮਾਜ ਵਿਚਲੀਆਂ ਡੂੰਘੀਆਂ ਗੈਰ-ਬਰਾਬਰੀਆਂ ਇਥੇ ਪਸਰੀ ਗਰੀਬੀ ਅਤੇ ਹੋਰ ਸਮਾਜਕ ਬੁਰਾਈਆਂ ਦੇ ਮੱਦੇਨਜ਼ਰ ਇਥੇ ਸਗੋਂ ਸਮਾਜ ਭਲਾਈ ਸਕੀਮਾਂ ਵਿਚ ਸਰਕਾਰ ਵੱਲੋਂ ਵੱਧ ਤੋਂ ਵੱਧ ਨਿਵੇਸ਼ ਕੀਤੇ ਜਾਣ ਦੀ ਲੋੜ ਹੈ।

ਸ਼ਾਇਦ ਇਸੇ ਗੱਲ ਦੇ ਮੱਦੇਨਜ਼ਰ 2005 ਵਿਚ ਸਾਂਝੇ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਨੇ ਬੜਾ ਅਹਿਮ ਕੌਮੀ ਦਿਹਾਤੀ ਰੁਜ਼ਗਾਰ ਗਾਰੰਟੀ ਐਕਟ (ਨਰੇਗਾ) ਲਾਗੂ ਕੀਤਾ ਸੀ, ਪਰ ਕੇਂਦਰ ਇਹ ਯਕੀਨੀ ਬਣਾਉਣ ਵਿਚ ਅਸਫ਼ਲ ਰਿਹਾ ਕਿ ਇਸ ਐਕਟ ਅਧੀਨ ਕੰਮ ਹਾਸਲ ਕਰਨ ਵਾਲਿਆਂ ਨੂੰ ਸਾਰੇ ਸੂਬਿਆਂ ਵਿਚ ਘੱਟੋ-ਘੱਟ ਮਿਹਨਤਾਨਾ ਜ਼ਰੂਰ ਮਿਲੇ। ਇਸ ਤੋਂ ਵੀ ਮਾੜੀ ਗੱਲ ਇਹ ਕਿ ਕੇਂਦਰ ਨੇ ਇਸ ਯੋਜਨਾ ਦੇ ਬਜਟ ਵਿਚ 20 ਫ਼ੀਸਦੀ ਤੋਂ ਵੀ ਵੱਧ ਦੀ ਕਟੌਤੀ ਕਰ ਦਿੱਤੀ, ਜਦੋਂ ਕਿ ਬਜਟ ਲੋੜੀਂਦੇ ਰੁਜ਼ਗਾਰ ਸਿਰਜਣ ਲਈ ਪਹਿਲਾਂ ਹੀ ਕਾਫੀ ਨਹੀਂ ਸੀ। ਇਸੇ ਤਰ੍ਹਾਂ ਆਪਣੇ ਦੂਜੇ ਕਾਰਜਕਾਲ ਦੌਰਾਨ ਸਾਂਝੇ ਪ੍ਰਗਤੀਸ਼ੀਲ ਗਠਜੋੜ ਨੇ ਖੁਰਾਕ ਸੁਰੱਖਿਆ ਬਿੱਲ ਦਾ ਰੂਪ ਹੀ ਬਦਲ ਕੇ ਰੱਖ ਦਿੱਤਾ। ਇਸ ਨੂੰ ਬੜੀ ਲਾਪ੍ਰਵਾਹੀ ਨਾਲ ਲਟਕਾਈ ਰੱਖਿਆ ਗਿਆ ਅਤੇ ਇਸ ਵਿਚ ਬਹੁਤ ਸਾਰੀਆਂ ਸੋਧਾਂ ਕਰ ਕੇ ਇਕ ਤਰ੍ਹਾਂ ਨਾਲ ਇਸ ਨੂੰ ਪ੍ਰਭਾਵਹੀਣ ਹੀ ਬਣਾ ਦਿੱਤਾ ਗਿਆ। ਇਸ ਬਿੱਲ ਅਧੀਨ ਗਰੀਬਾਂ ਨੂੰ ਮਿਲਣ ਵਾਲੇ ਅਨਾਜ ਵਿਚ ਕਟੌਤੀ ਕਰਨ ਅਤੇ ਅਨਾਜ ਦੀਆਂ ਕੀਮਤਾਂ ਵਧਾਉਣ ਦੇ ਮੰਤਵ ਹਿੱਤ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਨੇ ਬਿੱਲ ਵਿਚ ਘੱਟੋ-ਘੱਟ 71 ਸੋਧਾਂ ਕੀਤੀਆਂ ਹਨ।

ਅਜਿਹਾ ਰੁਝਾਨ ਪਲਟਿਆ ਜਾਣਾ ਚਾਹੀਦਾ ਹੈ। ਜੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਨੇ ਅਗਲੀਆਂ ਚੋਣਾਂ ਵਿਚ ਜਨਤਾ ਦਾ ਧਿਆਨ ਆਪਣੇ ਵੱਲ ਖਿੱਚਣਾ ਹੈ ਤਾਂ ਇਸ ਨੂੰ ਨਵੀਆਂ ਭਲਾਈ ਸਕੀਮਾਂ ਲਾਗੂ ਕਰਨ ਦੇ ਨਾਲ-ਨਾਲ ਮੌਜੂਦਾ ਸਕੀਮਾਂ ਲਈ ਵੀ ਖਰਚ ਵਿਚ ਵਾਧਾ ਕਰਨਾ ਹੋਵੇਗਾ। ਦੋ ਸਕੀਮਾਂ ਮੁੱਖ ਤੌਰ 'ਤੇ ਧਿਆਨ ਦੀ ਅਤੇ ਲਾਗੂ ਕੀਤੇ ਜਾਣ ਦੀ ਮੰਗ ਕਰਦੀਆਂ ਹਨ। ਇਕ ਹੈ ਗਰੀਬਾਂ ਨੂੰ ਮਕਾਨ ਮੁਹੱਈਆ ਕੀਤੇ ਜਾਣ ਦੀ ਯੋਜਨਾ ਅਤੇ ਦੂਜੀ ਹੈ ਸਾਰੇ ਬਜ਼ੁਰਗਾਂ, ਵਿਧਵਾਵਾਂ ਅਤੇ ਅਪਾਹਜਾਂ ਲਈ ਵਿਆਪਕ ਪੈਨਸ਼ਨ ਦੀ ਯੋਜਨਾ। ਪਹਿਲੀ ਯੋਜਨਾ 15 ਮਿਲੀਅਨ ਦਿਹਾਤੀ ਬੇਜ਼ਮੀਨੇ ਪਰਿਵਾਰਾਂ ਜਿਨ੍ਹਾਂ ਵਿਚੋਂ 8 ਮਿਲੀਅਨ ਮਕਾਨ-ਵਿਹੂਣੇ ਹਨ, ਨੂੰ 4356 ਵਰਗ ਫੁੱਟ ਜ਼ਮੀਨ ਵਾਲਾ ਇਕ-ਇਕ ਅਜਿਹਾ ਮਕਾਨ ਮੁਹੱਈਆ ਕਰਾਉਣ ਦੀ ਹੈ ਜਿਥੇ ਪਾਣੀ, ਬਿਜਲੀ ਵਰਗੀਆਂ ਮੁੱਢਲੀਆਂ ਸਹੂਲਤਾਂ ਮੌਜੂਦ ਹੋਣ। ਇਸ 'ਤੇ ਕੇਂਦਰ ਵੱਲੋਂ ਪ੍ਰਤੀ ਸਾਲ 30 ਹਜ਼ਾਰ ਕਰੋੜ ਰੁਪਏ ਖਰਚੇ ਜਾਣਗੇ। ਇਸ ਯੋਜਨਾ ਵਿਚ 75:25 ਦੇ ਅਨੁਪਾਤ ਨਾਲ ਕੇਂਦਰ ਅਤੇ ਰਾਜਾਂ ਵੱਲੋਂ ਖਰਚ ਕੀਤਾ ਜਾਵੇਗਾ।

ਪੈਨਸ਼ਨ ਪ੍ਰੀਸ਼ਦ ਵੱਲੋਂ 4 ਤੋਂ 8 ਮਾਰਚ ਤੱਕ ਦਿੱਲੀ ਦੇ ਜੰਤਰ-ਮੰਤਰ ਵਿਖੇ ਦਿੱਤੇ ਗਏ ਧਰਨੇ ਦੌਰਾਨ ਸਰਬ ਵਿਆਪਕ ਪੈਨਸ਼ਨਾਂ ਦੀ ਮੰਗ ਜ਼ੋਰ-ਸ਼ੋਰ ਨਾਲ ਉਠਾਈ ਗਈ। ਭਾਰਤ ਵਿਚਲੇ ਬਹੁਗਿਣਤੀ ਬਜ਼ੁਰਗ ਲੋਕਾਂ ਨੂੰ ਆਪਣੀ ਰੋਟੀ ਖ਼ੁਦ ਕਮਾਉਣ ਲਈ ਵਸਤਾਂ ਦੀ ਢੋਆ-ਢੁਆਈ, ਸਬਜ਼ੀਆਂ ਵੇਚਣ ਜਾਂ ਰਿਕਸ਼ੇ ਚਲਾਉਣ ਆਦਿ ਕਈ ਅਜਿਹੇ ਕੰਮ ਕਰਨੇ ਪੈਂਦੇ ਹਨ ਜੋ ਉਨ੍ਹਾਂ ਦੀ ਸਿਹਤ ਦੇ ਨਾਲ-ਨਾਲ ਉਨ੍ਹਾਂ ਦੇ ਮਾਣ-ਸਤਿਕਾਰ ਨੂੰ ਵੀ ਸੱਟ ਮਾਰਦੇ ਹਨ। ਉਨ੍ਹਾਂ ਦੀ ਸਾਂਭ-ਸੰਭਾਲ ਕਰਨਾ ਸਮਾਜ ਦਾ ਫਰਜ਼ ਬਣਦਾ ਹੈ। ਮੌਜੂਦਾ ਸਮੇਂ ਪੈਨਸ਼ਨ ਪ੍ਰੋਗਰਾਮ ਹੇਠ ਸਿਰਫ 30 ਮਿਲੀਅਨ ਲੋਕ ਆਉਂਦੇ ਹਨ ਜਿਸ ਵਿਚ ਬਜ਼ੁਰਗਾਂ ਨੂੰ 200 ਰੁਪਏ ਮਹੀਨਾ ਅਤੇ ਵਿਧਵਾਵਾਂ ਅਤੇ ਅਪਾਹਜਾਂ ਨੂੰ 300 ਰੁਪਏ ਮਹੀਨਾ ਪੈਨਸ਼ਨ ਮਿਲਦੀ ਹੈ। ਪੈਨਸ਼ਨ ਲੈਣ ਵਾਲੇ ਲੋਕਾਂ ਦੀ ਗਿਣਤੀ ਦੇ ਨਾਲ-ਨਾਲ ਪੈਨਸ਼ਨ ਦੀ ਰਕਮ ਵਧਾਉਣ ਦੀ ਵੀ ਲੋੜ ਹੈ। 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਾਰੇ ਲੋੜਵੰਦ ਲੋਕਾਂ ਨੂੰ ਪੈਨਸ਼ਨ ਦਿੱਤੀ ਜਾਣੀ ਚਾਹੀਦੀ ਹੈ। ਜੇ ਇਸ ਉਮਰ ਵਰਗ ਦੇ ਟੈਕਸ ਅਦਾ ਕਰਨ ਵਾਲੇ ਜਾਂ ਹੋਰ ਅਮੀਰ ਲੋਕਾਂ ਨੂੰ ਵਿਚੋਂ ਕੱਢ ਵੀ ਦਿੱਤਾ ਜਾਏ ਤਾਂ ਵੀ ਪੈਨਸ਼ਨ ਦੇ ਹੱਕਦਾਰ ਲੋਕਾਂ ਦੀ ਗਿਣਤੀ 79 ਮਿਲੀਅਨ ਦੇ ਲਗਭਗ ਬਣਦੀ ਹੈ। ਇਨ੍ਹਾਂ ਲਈ 2000 ਰੁਪਏ ਪ੍ਰਤੀ ਮਹੀਨਾ ਦੀ ਪੈਨਸ਼ਨ ਜਿਵੇਂ ਪ੍ਰੀਸ਼ਦ ਵੱਲੋਂ ਮੰਗ ਕੀਤੀ ਗਈ ਹੈ, ਅਦਾ ਕੀਤੇ ਜਾਣ ਨਾਲ ਹੋਣ ਵਾਲਾ ਖਰਚ ਸਮੁੱਚੇ ਘਰੇਲੂ ਉਤਪਾਦਨ ਦਾ 3.4 ਫ਼ੀਸਦੀ ਬਣਦਾ ਹੈ।



ਇਹ ਖਰਚ ਉਨਾ ਜ਼ਿਆਦਾ ਵੀ ਨਹੀਂ ਹੈ, ਜਿੰਨਾ ਵੇਖਣ ਨੂੰ ਜਾਪਦਾ ਹੈ। ਜੇ ਬ੍ਰਾਜ਼ੀਲ ਵਰਗਾ ਦੇਸ਼ ਆਪਣੇ ਸਮੁੱਚੇ ਘਰੇਲੂ ਉਤਪਾਦਨ ਦਾ 8.9 ਫ਼ੀਸਦੀ ਹਿੱਸਾ ਪੈਨਸ਼ਨਾਂ 'ਤੇ ਖਰਚ ਸਕਦਾ ਹੈ ਤਾਂ ਭਾਰਤ ਇਸ ਦਾ ਅੱਧ ਤਾਂ ਖਰਚ ਹੀ ਸਕਦਾ ਹੈ। ਬਸ ਲੋੜ ਹੈ ਟੈਕਸਾਂ ਰਾਹੀਂ ਇਕੱਠੇ ਹੁੰਦੇ ਮਾਲੀਏ ਨੂੰ ਵਧਾਉਣ ਦੀ, ਜੋ ਇਸ ਸਮੇਂ ਸਮੁੱਚੇ ਘਰੇਲੂ ਉਤਪਾਦਨ ਦਾ ਸਿਰਫ 16.5 ਫ਼ੀਸਦੀ ਹੈ। ਭਾਰਤ ਦਾ ਦੋ-ਤਿਹਾਈ ਟੈਕਸ ਮਾਲੀਆ ਅਸਿੱਧੇ ਟੈਕਸਾਂ ਰਾਹੀਂ ਆਉਂਦਾ ਹੈ ਜਿਸ ਦਾ ਬੋਝ ਆਮ ਲੋਕਾਂ ਵੱਲੋਂ ਬਰਦਾਸ਼ਤ ਕੀਤਾ ਜਾਂਦਾ ਹੈ। ਭਾਰਤ ਦੇ ਸਭ ਤੋਂ ਅਮੀਰ ਅਤੇ ਉੱਚ ਮੱਧ ਵਰਗ ਦੇ ਲੋਕ ਬਹੁਤ ਘੱਟ ਟੈਕਸ ਅਦਾ ਕਰ ਰਹੇ ਹਨ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਸਰਕਾਰ ਹਰ ਸਾਲ ਟੈਕਸ ਛੋਟਾਂ ਰਾਹੀਂ 5 ਲੱਖ ਕਰੋੜ ਰੁਪਏ ਦੇ ਟੈਕਸ ਮੁਆਫ਼ ਕਰ ਦਿੰਦੀ ਹੈ। ਇਹ ਰੁਝਾਨ ਰੋਕਿਆ ਜਾਣਾ ਚਾਹੀਦਾ ਹੈ। ਫਿਰ ਹੀ ਵਿਕਾਸ ਅਤੇ ਵਾਧੇ ਵਿਚਲੇ ਖੱਪੇ ਨੂੰ ਦੂਰ ਕੀਤਾ ਜਾ ਸਕੇਗਾ।

# ਕਿਉਂ ਤੇ ਕਿਵੇਂ ਯਾਦ ਕਰੀਏ ਆਪਣੇ ਨਾਇਕਾਂ ਨੂੰ

## ਪਰਿਕਰਮਾ

*ਹਾਲ ਹੀ ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਸਮਾਗਮ ਸੰਸਾਰ ਭਰ ਵਿਚ ਮਨਾਏ ਗਏ। ਹਰ ਥਾਂ ਉਨ੍ਹਾਂ ਦੀ ਕੁਰਬਾਨੀ ਅਤੇ ਉਨ੍ਹਾਂ ਵੱਲੋਂ ਸਜਾਏ ਸੁਪਨਿਆਂ ਬਾਰੇ ਗੱਲਾਂ ਕੀਤੀਆਂ ਗਈਆਂ, ਤੇ ਨਾਲ ਹੀ ਇਨ੍ਹਾਂ ਸੁਪਨਿਆਂ ਦੀ ਪੂਰਤੀ ਲਈ ਮੁਹਿੰਮਾਂ ਉਤੇ ਚੜ੍ਹਨ ਦਾ ਤਹੱਈਆ ਕੀਤਾ ਗਿਆ। ਸਾਡੇ ਕਾਲਮਨਵੀਸ ਪ੍ਰੋ. ਕੁਲਵੰਤ ਸਿੰਘ ਰੋਮਾਣਾ ਨੇ ਸ਼ਹੀਦਾਂ ਦੀ ਇਸੇ ਕੁਰਬਾਨੀ ਬਾਰੇ ਕੁਝ ਅਹਿਮ ਨੁਕਤੇ ਸਾਂਝੇ ਕੀਤੇ ਹਨ ਅਤੇ ਨਾਲ ਹੀ ਕੁਝ ਸਵਾਲ ਵੀ ਉਠਾਏ ਹਨ ਤਾਂ ਕਿ ਅੱਜ ਦੇ ਸਮੇਂ ਵਿਚ ਲਗਾਤਾਰ ਉਠ ਰਹੇ ਸਵਾਲਾਂ ਨਾਲ ਸੰਵਾਦ ਰਚਾ ਕੇ ਮਨੁੱਖ ਉਤੇ ਪੈਂਦੀ ਆ ਰਹੀ ਭੀੜ ਨਾਲ ਨਜਿੱਠਿਆ ਜਾ ਸਕੇ। ਉਨ੍ਹਾਂ ਦਾ ਮੰਨਣਾ ਹੈ ਕਿ ਜਿੰਨਾ ਚਿਰ ਅਸੀਂ ਇਤਿਹਾਸ ਨੂੰ ਵਰਤਮਾਨ ਦੇ ਰੂ-ਬਰੂ ਨਹੀਂ ਕਰਦੇ, ਅੱਜ ਦੇ ਕਰੂਰ ਹਾਲਾਤ ਨਾਲ ਟੱਕਰ ਨਹੀਂ ਲਈ ਜਾ ਸਕਦੀ। ਸ਼ਹੀਦਾਂ ਅਤੇ ਜੁਝਾਰੂਆਂ ਨੇ ਵੀ ਤਾਂ ਆਪਣੇ ਵਕਤਾਂ ਵਿਚ ਵਰਤਮਾਨ ਨਾਲ ਇੰਜ ਹੀ ਅੱਖ ਮਿਲਾਈ ਸੀ! -ਸੰਪਾਦਕ*

ਸੋਫੋਕਲੀਸ ਦੇ ਮਸ਼ਹੂਰ ਨਾਟਕ 'ਐਨਟਿਗਨੀ' ਦਾ ਜੁਮਲਾ ਹੈ:

ਜ਼ਾਲਮ ਦੀ ਮੌਤ ਨਾਲ ਹੀ ਉਸ ਦੀ ਤਮਾਮ ਲੀਲ੍ਹਾ ਖ਼ਤਮ ਹੋ ਜਾਂਦੀ ਹੈ।

ਪਰ ਜ਼ੁਲਮ ਖ਼ਿਲਾਫ਼ ਲੜਨ ਵਾਲੇ ਬਹਾਦਰਾਂ ਦੀ ਮੌਤ ਤੋਂ ਉਨ੍ਹਾਂ ਦਾ ਸਮਾਂ ਸ਼ੁਰੂ ਹੁੰਦਾ ਹੈ।

...ਭਾਵ ਜ਼ੁਲਮ ਤੇ ਜ਼ਾਲਮ ਦਾ ਨਾਸ਼ ਅਟੱਲ ਹੈ ਅਤੇ ਜ਼ੁਲਮ ਖ਼ਿਲਾਫ਼ ਲੜਨ ਮਰਨ ਵਾਲੇ ਨਾਇਕ ਕਦੇ ਨਹੀਂ ਮਰਦੇ। ਉਹ ਆਪਣੀ ਕੌਮ ਦੇ ਚੇਤਿਆਂ 'ਚ ਹਮੇਸ਼ਾ ਜ਼ਿੰਦਾ ਰਹਿੰਦੇ ਹਨ। ਇਸੇ ਲਈ ਉਹ ਭਾਰਤੀ ਜਿਨ੍ਹਾਂ ਨੇ ਮੁਗਲ ਅਤੇ ਅੰਗਰੇਜ਼ ਤਾਨਾਸ਼ਾਹ ਹਾਕਮਾਂ ਦੇ ਜ਼ੁਲਮ-ਓ-ਜਬਰ ਸਾਹਮਣੇ ਡਟਣ ਦੀ ਹਿੰਮਤ ਕੀਤੀ, ਇਸ ਰਸਤੇ ਉਤੇ ਚੱਲਦਿਆਂ ਅਥਾਹ ਤਸੀਹੇ ਜਰੇ ਤੇ ਆਖਰ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ, ਉਨ੍ਹਾਂ ਸ਼ਹੀਦਾਂ ਨੂੰ ਅਸੀਂ ਅੱਜ ਵੀ ਬੜੇ ਸਤਿਕਾਰ ਤੇ ਉਤਸ਼ਾਹ ਨਾਲ ਯਾਦ ਕਰਦੇ ਹਾਂ। ਉਨ੍ਹਾਂ ਦੇ ਜਨਮ ਦਿਨ ਅਤੇ ਸ਼ਹੀਦੀ ਦਿਹਾੜੇ ਬੜੇ ਜੋਸ਼-ਓ-ਖਰੋਸ਼ ਨਾਲ ਮਨਾਏ ਜਾਂਦੇ ਹਨ। ਪੰਜਾਬੀ ਜਿਥੇ-ਜਿਥੇ ਵੀ ਵਸਦੇ ਹਨ, ਉਹ ਮੁਗਲ ਬਾਦਸ਼ਾਹਾਂ ਦੇ ਜਬਰ ਖ਼ਿਲਾਫ਼ ਲੜਨ ਵਾਲੇ ਸਿੱਖ ਗੁਰੂਆਂ, ਅੰਗਰੇਜ਼ਾਂ ਦੀ ਗੁਲਾਮੀ ਵਿਰੁੱਧ ਲੜਾਈ 'ਚ ਜਾਨਾਂ ਵਾਰਨ ਵਾਲੇ ਗਦਰੀ ਬਾਬਿਆਂ ਅਤੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਬੜੀ ਸ਼ਿੱਦਤ ਨਾਲ ਯਾਦ ਕਰਦੇ ਹਨ। ਉਨ੍ਹਾਂ ਦੀ ਯਾਦ ਵਿਚ ਹਰ ਸਾਲ ਵੱਡੇ-ਵੱਡੇ ਸਮਾਗਮ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦੀ ਬਹਾਦਰੀ ਤੇ ਕੁਰਬਾਨੀ ਨੂੰ ਚੇਤੇ ਕੀਤਾ ਜਾਂਦਾ ਹੈ। ਸਕੂਲਾਂ ਕਾਲਜਾਂ ਦੇ ਕੋਰਸਾਂ ਵਿਚ ਉਨ੍ਹਾਂ ਦੇ ਸੰਘਰਸ਼ ਤੇ ਕੁਰਬਾਨੀ ਦੇ ਜਜ਼ਬਾਤ ਬਾਰੇ ਦਾਨਸ਼ਵਰ ਲੇਖਕਾਂ ਦੇ ਲੇਖ ਸ਼ਾਮਲ ਕੀਤੇ ਜਾਂਦੇ ਹਨ ਤਾਂ ਕਿ ਸਾਡੇ ਦੇਸ਼ ਦੇ ਨੌਜਵਾਨ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਨਿਰਸਵਾਸਥ ਤੇ ਨਿਰਭੈ ਸ਼ਹਿਰੀ ਬਣਨ। ਇਸ ਸਬੰਧੀ ਜੋ ਸਮਾਗਮ ਕੀਤੇ ਜਾਂਦੇ ਹਨ, ਉਨ੍ਹਾਂ 'ਚ ਸਾਡੇ ਇਨ੍ਹਾਂ ਨਾਇਕਾਂ ਦੀ ਦੇਸ਼ ਭਗਤੀ, ਬਹਾਦਰੀ ਤੇ ਕੁਰਬਾਨੀ ਵਾਰੇ ਚਰਚਾ ਕਰਵਾਈ ਜਾਂਦੀ ਹੈ। ਉਨ੍ਹਾਂ ਦੇ ਸੰਘਰਸ਼ ਭਰਪੂਰ ਜੀਵਨ ਵਾਰੇ ਇਤਿਹਾਸਕਾਰਾਂ ਵੱਲੋਂ ਕੀਤੀਆਂ ਨਵੀਆਂ ਖੋਜਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਉਨ੍ਹਾਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਜੀਵਨ 'ਤੇ ਨਾਟਕ ਖੇਡੇ ਜਾਂਦੇ ਹਨ। ਇਹ ਸਭ ਕੁਝ ਇਕ ਉਪਰਾਲਾ ਹੈ, ਉਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਤੇ ਪ੍ਰੇਰਨਾ ਦੀ ਮਿਸਾਲ ਨੂੰ ਜਗਦੀ ਰੱਖਣ ਦਾ; ਉਨ੍ਹਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਜ਼ਿੰਦਾ ਰੱਖਣ ਦਾ। ਉਨ੍ਹਾਂ ਦੇ ਕੁਰਬਾਨੀ ਭਰਪੂਰ ਜੀਵਨ ਤੋਂ ਚਾਨਣ ਲੈ ਕੇ ਆਪਣੇ ਮੌਜੂਦਾ ਸਮਾਜ ਨੂੰ ਰੌਸ਼ਨ ਰੱਖਣ ਦਾ।



**ਪ੍ਰੋ. ਕੁਲਵੰਤ ਸਿੰਘ ਰੋਮਾਣਾ**
**ਫੋਨ: 209-416-5020**

ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਇਸ ਬੇਨਜ਼ੀਰ ਵਿਰਸੇ ਨੂੰ ਆਪਣੀ ਕੌਮ ਦੇ ਲੋਕਾਂ ਸਾਹਮਣੇ ਕਿਵੇਂ ਪੇਸ਼ ਕੀਤਾ ਜਾਵੇ ਕਿ ਉਹ ਵੀ ਆਪਣੇ ਮੌਜੂਦਾ ਸਮਾਜ ਨੂੰ ਸੰਵਾਰਨ ਲਈ ਤੱਤਪਰ ਹੋਣ। ਉਨ੍ਹਾਂ 'ਚ ਵੀ ਇਕ ਐਸਾ ਜਜ਼ਬਾ ਪੈਦਾ ਹੋਵੇ ਕਿ ਉਹ ਵੀ ਆਪਣੇ ਸਮਾਜ ਵਿਚਲੇ ਭੈੜਾਂ ਨੂੰ ਖ਼ਤਮ ਕਰਨ ਲਈ ਉਠ ਖੜ੍ਹੇ ਹੋਣ। ਇਸ ਸਬੰਧ 'ਚ ਪਹਿਲਾ ਨੁਕਤਾ ਤਾਂ ਇਹ ਹੈ ਕਿ ਨਾਇਕਾਂ ਤੇ ਸ਼ਹੀਦਾਂ ਨੂੰ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਮਿਥਿਹਾਸਿਕ ਨਜ਼ਰੀਏ ਤੋਂ ਨਹੀਂ; ਭਾਵ ਉਨ੍ਹਾਂ ਦੇ ਜੀਵਨ ਤੇ ਕੰਮਾਂ ਬਾਰੇ ਨਵੀਨ ਤੇ ਪਾਏਦਾਰ ਖੋਜਾਂ ਦੇ ਆਧਾਰ ਉਤੇ ਹੀ ਵਿਚਾਰ-ਚਰਚਾ ਹੋਣੀ ਚਾਹੀਦੀ ਹੈ। ਅਸੀਂ ਆਪਣੇ ਸੁਭਾਅ ਕਾਰਨ ਆਪਣੇ ਸ਼ਹੀਦਾਂ ਦਾ ਸਤਿਕਾਰ ਕਰਦੇ-ਕਰਦੇ ਉਨ੍ਹਾਂ ਨੂੰ ਹੋਰ ਵਡਿਆਉਣ ਲਈ ਉਨ੍ਹਾਂ ਦੇ ਸਾਧਾਰਨ ਜੀਵਨ ਨਾਲ ਐਸੇ ਮਨਘੜਤ ਅਤੇ ਪੈਗੰਬਰੀ ਨੁਕਤੇ ਜੋੜ ਦਿੰਦੇ ਹਾਂ ਕਿ ਵਿਗਿਆਨਕ ਸੋਚ ਰੱਖਣ ਵਾਲੀ ਸਾਡੀ ਨੌਜਵਾਨ ਪੀੜ੍ਹੀ ਦੀਆਂ ਤਾਂ ਅੱਖਾਂ ਹੀ ਅੱਡੀਆਂ ਰਹਿ ਜਾਂਦੀਆਂ ਹਨ। ਇਸ ਸਬੰਧੇ ਵਚ ਮਹਾਤਮਾ ਗਾਂਧੀ ਦੀ ਸ਼ਹੀਦੀ ਤੋਂ ਬਾਅਦ ਜਵਾਹਰ ਲਾਲ ਨਹਿਰੂ ਦਾ ਇਕ ਕਥਨ ਬੜਾ ਮਹੱਤਵਪੂਰਨ ਹੈ। ਉਸ ਕਿਹਾ ਸੀ ਕਿ ਸਾਡੇ ਇਸ ਮਹਾਨ ਪੁਰਸ਼ ਨੂੰ ਸਾਡੀ ਸੱਚੀ ਸ਼ਰਧਾਂਜਲੀ ਹਮੇਸ਼ਾ ਇਹੋ ਰਹੇਗੀ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸ ਮਹਾਨ ਨਾਇਕ ਵਾਰੇ ਦੋ ਗੱਲਾਂ ਯਾਦ ਰੱਖਣ ਕਿ ਇਸ ਸਾਧਾਰਨ ਬੰਦੇ ਨੇ ਆਪਣੀ ਹਿੰਮਤ ਤੇ ਸੰਜਮ ਨਾਲ ਉਹ ਕਾਰਨਾਮਾ ਕਰ ਦਿਖਾਇਆ ਹੈ ਜੋ ਇਤਿਹਾਸ ਵਿਚ ਇਸ ਨੂੰ ਵਲੀ ਦਾ ਰੁਤਬਾ ਬਖ਼ਸ਼ਦਾ ਹੈ। ਦੂਜਾ ਇਹ ਕਿ ਇਹ ਸਾਡੇ ਵਾਂਗੇ ਹੀ ਹੱਡ-ਮਾਸ ਦਾ ਬੰਦਾ ਸੀ ਤੇ ਸਾਡੇ ਵਾਂਗ ਹੀ ਇਸ ਧਰਤੀ 'ਤੇ ਤੁਰਦਾ-ਫਿਰਦਾ ਸੀ। ਸਾਡੇ ਵਾਂਗ ਹੀ ਸੌਂਦਾ-ਜਾਗਦਾ ਸੀ।

ਭਗਤ ਸਿੰਘ ਦੇ ਜੀਵਨ ਤੇ ਸੰਘਰਸ਼ ਬਾਰੇ ਉਸ ਦੇ ਅੰਨ੍ਹੇ ਸ਼ਰਧਾਲੂਆਂ ਨੇ ਬੜਾ ਕੁਝ ਐਸਾ ਜੋੜ ਰੱਖਿਆ ਹੈ ਪਰ ਜੇ ਅਸੀਂ ਉਸ ਦੇ ਬਚਪਨ ਤੋਂ ਆਖਰ ਤੱਕ ਦੇ ਸਾਥੀ ਯਸ਼ਪਾਲ ਵੱਲੋਂ ਭਗਤ ਸਿੰਘ ਬਾਰੇ ਲਿਖੇ ਲੇਖ ਪੜ੍ਹੀਏ, ਜਾਂ ਡਾ. ਭਗਵਾਨ ਸਿੰਘ ਜੋਸ਼ ਅਤੇ ਡਾ. ਚਮਨ ਲਾਲ (ਦੋਵੇਂ ਜਵਹਾਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ) ਦੀ ਭਗਤ ਸਿੰਘ ਬਾਰੇ ਕੀਤੀ ਖੋਜ ਦਾ ਅਧਿਐਨ ਕਰੀਏ ਤਾਂ ਅਸਲੀ ਭਗਤ ਸਿੰਘ ਦਾ ਪਤਾ ਲੱਗਦਾ ਹੈ ਕਿ ਸਕੂਲ ਅਤੇ ਕਾਲਜ ਦੇ ਮੁੱਢਲੇ ਸਾਲਾਂ 'ਚ ਉਹ ਵੀ ਉਨਾ ਹੀ ਬੇਪ੍ਰਵਾਹ ਸੀ ਜਿੰਨਾ ਕੁ ਕੋਈ ਸਾਧਾਰਨ ਵਿਦਿਆਰਥੀ ਹੋ ਸਕਦਾ ਹੈ। ਉਸ ਦੀ ਇਸ ਬੇਪ੍ਰਵਾਹੀ ਤੋਂ ਉਸ ਦਾ ਬਾਪ ਵੀ ਉਨਾ ਹੀ ਖ਼ਫ਼ਾ ਸੀ ਜਿੰਨਾ ਕੋਈ ਸਾਧਾਰਨ ਬਾਪ ਹੋ ਸਕਦਾ ਹੈ, ਪਰ ਸੰਘਰਸ਼ ਦੇ ਅਮਲ 'ਚ ਪੈ ਕੇ ਉਹ ਇਨਕਲਾਬੀ ਬੁੱਧੀਜੀਵੀ ਬਣ ਗਿਆ ਜਿਸ ਨੇ ਸਮਾਜ ਤੇ ਸਟੇਟ ਦੇ ਤਾਣੇ-ਬਾਣੇ ਨੂੰ ਪੂਰੀ ਤਰ੍ਹਾਂ ਸਮਝ ਲਿਆ ਸੀ।

ਲੋਕਾਂ ਨੂੰ ਆਪਣੇ ਇਸ ਮਿਸਾਲੀ ਇਨਕਲਾਬੀ ਵਿਰਸੇ ਨਾਲ ਜੋੜਨ ਦੇ ਕਾਰਜ ਨੂੰ ਦੋ ਨੁਕਤਿਆਂ ਤੋਂ ਵੇਖਣਾ ਚਾਹੀਦਾ ਹੈ। ਇਕ ਪਾਸੇ ਇਸ ਕਾਰਜ 'ਚ ਲੱਗੇ ਉਹ ਲੋਕ ਹਨ ਜੋ ਸੁੱਚ-ਮੁੱਚ ਸਮਾਜ ਦੇ ਭੈੜਾਂ ਖਿਲਾਫ਼ ਲੜ ਰਹੇ ਹਨ ਅਤੇ ਲੋਕਾਂ ਨੂੰ ਆਪਣੇ ਇਸ ਇਨਕਲਾਬੀ ਵਿਰਸੇ ਨਾਲ ਜੋੜ ਕੇ ਆਪਣੇ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਦਾ ਸੁਪਨਾ ਦੇਖ ਰਹੇ ਹਨ। ਪੰਜਾਬ 'ਚ ਕਈ ਨੌਜਵਾਨ ਅਤੇ ਵਿਦਿਆਰਥੀ ਜਥੇਬੰਦੀਆਂ ਇਹ ਕੰਮ ਕਰ ਰਹੀਆਂ ਹਨ। ਕਈ ਨਾਟਕ ਤੇ ਸੰਗੀਤ ਮੰਡਲੀਆਂ ਵੀ ਇਸ ਕੰਮ 'ਚ ਇਨ੍ਹਾਂ ਜਥੇਬੰਦੀਆਂ ਦੀ ਭਰਪੂਰ ਮਦਦ ਕਰ ਰਹੀਆਂ ਹਨ। ਦੂਜੇ ਪਾਸੇ ਉਹ ਧਿਰਾਂ ਹਨ ਜੋ ਇਨ੍ਹਾਂ ਸ਼ਹੀਦਾਂ ਦਾ ਨਾਂ ਵਰਤ ਕੇ ਆਪਣਾ ਉਲੂ ਸਿੱਧਾ ਕਰਨਾ ਚਾਹੁੰਦੇ ਹਨ। ਸਭ ਸਿਆਸੀ ਧਿਰਾਂ ਇਸ ਕੰਮ 'ਚ ਮੋਹਰੀ ਹਨ। ਮਸਲਨ, ਕੁਝ ਸਮਾਂ ਪਹਿਲਾਂ ਭਗਤ ਸਿੰਘ ਦੇ ਸੌਵੇਂ ਜਨਮ ਦਿਨ ਦੇ ਸਬੰਧ 'ਚ ਸਮਾਗਮ ਹੋਏ। ਪ੍ਰਕਾਸ਼ ਸਿੰਘ ਬਾਦਲ, ਅਮਰਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਬਾਦਲ ਦੀਆਂ ਪਾਰਟੀਆਂ ਨੇ ਆਪੋ-ਆਪਣੇ ਪ੍ਰੋਗਰਾਮ ਖਟਕੜ ਕਲਾਂ 'ਚ ਕੀਤੇ। ਇਕ-ਦੂਜੇ ਤੋਂ ਵੱਡਾ ਇਕੱਠ ਦਿਖਾਉਣ ਲਈ ਸਭ ਵਸੀਲੇ ਵਰਤੇ ਗਏ। ਆਪਣੇ ਆਪ ਨੂੰ ਭਗਤ ਸਿੰਘ ਦੇ ਅਸਲੀ ਵਾਰਸ ਸਿੱਧ ਕਰਨ ਲਈ ਵੱਡੀ ਗਿਣਤੀ 'ਚ ਨੌਜਵਾਨ ਮੁੰਡਿਆਂ ਨੂੰ ਚਿੱਟੇ ਕਮੀਜ਼-ਪਜਾਮੇ ਪਹਿਨਾ ਕੇ ਭਗਤ ਸਿੰਘ ਸਟਾਈਲ ਦੀਆਂ ਬਸੰਤੀ ਪੱਗਾਂ ਸਜਾ ਕੇ ਲਿਆਂਦਾ ਗਿਆ। ਤਿੰਨੇ ਧਿਰਾਂ ਦਾ ਇਕੋ ਮਕਸਦ ਸੀ, ਫਰਵਰੀ 2012 ਵਿਚ ਹੋਣ ਵਾਲੀਆਂ ਚੋਣਾਂ ਵਿਚ ਵੱਧ ਤੋਂ ਵੱਧ ਵੋਟਾਂ ਬਟੋਰਨ ਦਾ। ਦੂਜੇ ਪਾਸੇ ਭਗਤ ਸਿੰਘ ਦਾ ਇਹੋ ਸੌਵਾਂ ਜਨਮ ਦਿਨ ਬਰਨਾਲਾ ਵਿਖੇ ਮਨਾਇਆ ਗਿਆ ਜਿਸ ਵਿਚ ਪੰਜਾਬ ਦੀਆਂ ਉਹ ਸਭ ਅਗਾਂਹਵਧੂ ਜਥੇਬੰਦੀਆਂ ਸ਼ਾਮਲ ਸਨ ਜੋ ਵੋਟਾਂ ਦੀ ਸਿਆਸਤ ਤੋਂ ਤਾਂ ਕੋਹਾਂ ਦੂਰ ਸਨ, ਪਰ ਸਮਾਜਕ ਚੇਤੰਨਤਾ ਅਤੇ ਭਲਾਈ ਲਈ ਯਤਨਸ਼ੀਲ ਸਨ। ਇਹ ਲੋਕ ਕਾਫ਼ਲਿਆਂ ਦੇ ਰੂਪ ਵਿਚ ਪੰਜਾਬ ਵਿਚ ਸਭ ਦਿਸ਼ਾਵਾਂ ਵੱਲੋਂ ਪਿੰਡਾਂ, ਸ਼ਹਿਰਾਂ ਵਿਚੋਂ ਦੀ ਮਾਰਚ ਕਰਦੇ ਆਏ ਸਨ। ਭਗਤ ਸਿੰਘ ਦੇ ਸੰਘਰਸ਼ ਤੇ ਸੁਪਨਿਆਂ ਬਾਰੇ ਪ੍ਰਚਾਰ ਵੀ ਕਰਦੇ ਆਏ ਸਨ ਤੇ ਲੋਕਾਂ ਨੂੰ ਨਾਲ ਵੀ ਲੈਂਦੇ ਆਏ ਸਨ। ਸਟੇਜ 'ਤੇ ਨਰੋਲ ਆਜ਼ਾਦੀ ਦੇ ਪ੍ਰਵਾਨਿਆਂ ਦੇ ਜੀਵਨ ਤੇ ਘੋਲ ਬਾਰੇ ਭਾਸ਼ਣ ਤੇ ਪ੍ਰੋਗਰਾਮ ਹੋਏ। ਮਿਸਾਲੀ ਇਕੱਠ ਸੀ। ਭਾਜੀ ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਰਾਹੀਂ ਇਸ ਮੁੱਦੇ ਦਾ ਡੱਟ ਕੇ ਪ੍ਰਚਾਰ ਕੀਤਾ। ਇਸ ਸਬੰਧ 'ਚ ਉਸ ਦੇ ਨਾਟਕਾਂ ਦੇ ਕਈ ਡਾਇਲਾਗ ਤਾਂ ਇੰਨੇ ਲੰਬੇ ਹੋ ਜਾਂਦੇ ਸਨ ਕਿ ਨਾਟਕ ਭਾਸ਼ਣ ਲੱਗਣ ਲੱਗ ਪੈਂਦਾ ਸੀ। ਹਾਸੇ-ਹਾਸੇ 'ਚ ਉਸ ਦੇ ਕਈ ਪੈਰੋਕਾਰ ਤਾਂ ਇਥੋਂ ਤੱਕ ਕਹਿ ਦਿੰਦੇ ਸਨ ਕਿ ਬਾਬੇ ਨਾਟਕ 'ਚ ਭਾਸ਼ਣ ਅਤੇ ਭਾਸ਼ਣ 'ਚ ਨਾਟਕ ਕਰ ਜਾਂਦੇ ਹਨ।



ਸ਼ਹੀਦ ਭਗਤ ਸਿੰਘ ਦੀ ਇਕ ਤਸਵੀਰ

ਮਾਰਚ ਦਾ ਮਹੀਨਾ ਆਮ ਤੌਰ 'ਤੇ ਪੰਜਾਬੀਆਂ ਲਈ ਸ਼ਹੀਦੀ ਸਮਾਗਮਾਂ ਦਾ ਮਹੀਨਾ ਹੁੰਦਾ ਹੈ। ਪੰਜਾਬ ਸਮੇਤ ਜਿਥੇ ਕਿਤੇ ਵੀ ਪੰਜਾਬੀ ਵਸਦੇ ਹਨ, ਉਥੇ ਇਹ ਸਮਾਗਮ ਬੜੀ ਸ਼ਾਨ-ਓ-ਸ਼ੌਕਤ ਨਾਲ ਮਨਾਏ ਜਾਂਦੇ ਹਨ; ਭਾਵੇਂ ਇਹ ਅਮਰੀਕਾ ਹੈ, ਕੈਨੇਡਾ ਹੈ, ਇੰਗਲੈਂਡ ਜਾਂ ਕੋਈ ਹੋਰ ਮੁਲਕ। ਸ਼ਾਇਦ ਇਸ ਦਾ ਵੱਡਾ ਕਾਰਨ ਇਹ ਹੋਵੇ ਕਿ ਗਦਰ ਲਹਿਰ ਦੇ ਲਗਭਗ ਸਾਰੇ ਆਗੂਆਂ ਦਾ ਸਬੰਧ ਪੰਜਾਬ ਨਾਲ ਸੀ ਅਤੇ ਭਗਤ ਸਿੰਘ ਤੇ ਉਸ ਦੇ ਸਾਥੀ ਵੀ ਪੰਜਾਬੀ ਸਨ ਜਿਨ੍ਹਾਂ ਨੂੰ ਮਾਰਚ ਮਹੀਨੇ ਫਾਂਸੀ ਲਾਈ ਗਈ ਸੀ। ਇਹ ਪ੍ਰੋਗਰਾਮ ਆਮ ਤੌਰ 'ਤੇ ਇੰਨੇ ਜੋਸ਼ੀਲੇ ਹੁੰਦੇ ਹਨ ਕਿ ਸਰੋਤਿਆਂ ਨੂੰ ਇਨਕਲਾਬੀ ਉਤਸ਼ਾਹ ਨਾਲ ਓਤ-ਪੋਤ ਕਰ ਦਿੰਦੇ ਹਨ। ਕਈ ਜਜ਼ਬਾਤੀ ਲੋਕ ਤਾਂ ਇਥੋਂ ਤੱਕ ਕਹਿ ਦਿੰਦੇ ਹਨ ਕਿ ਜੇ ਉਹ ਸਰਾਭੇ ਜਾਂ ਭਗਤ ਸਿੰਘ ਦੇ ਸਮਿਆਂ 'ਚ ਪੈਦਾ ਹੋਏ ਹੁੰਦੇ ਤਾਂ ਉਨ੍ਹਾਂ ਇਨ੍ਹਾਂ ਸ਼ਹੀਦ ਦੇ ਨਾਲ ਹੋਣਾ ਸੀ। ਉਨ੍ਹਾਂ ਦੀ ਸੋਚ ਤੋਂ ਇਉਂ ਲਗਦਾ ਹੈ ਜਿਵੇਂ ਹੁਣ ਮੁਲਕ 'ਚੋਂ ਸਭ ਅਲਾਮਤਾਂ ਖ਼ਤਮ ਹੋ ਗਈਆਂ ਹੋਣ ਤੇ ਨਾਲ ਹੀ ਕੁਰਬਾਨੀਆਂ ਦਾ ਮੌਸਮ ਵੀ ਖ਼ਤਮ ਹੋ ਗਿਆ ਹੋਵੇ, ਪਰ ਐਸਾ ਨਹੀਂ ਹੈ। ਭਾਰਤ ਵਿਚ ਅੱਜ ਵੀ ਐਸਾ ਕੁਝ ਵਾਪਰ ਰਿਹਾ ਹੈ ਜੋ ਜਮਹੂਰੀ ਮੁਲਕ ਵਿਚ ਬਿਲਕੁਲ ਵੀ ਨਹੀਂ ਵਾਪਰਨਾ ਚਾਹੀਦਾ। ਕੁਝ ਵਿਅਕਤੀ ਤੇ ਤਨਜ਼ੀਮਾਂ ਹਨ ਜੋ ਇਸ ਬੇਇਨਸਾਫੀ ਖਿਲਾਫ ਲੜ ਵੀ ਰਹੇ ਹਨ, ਜਾਨਾਂ ਵੀ ਵਾਰ ਰਹੇ ਹਨ। ਮਿਸਾਲ ਵਜੋਂ ਸਾਧਾਰਨ ਬੰਦੇ ਲਈ ਕਾਨੂੰਨ ਹੈ ਕਿ ਜੇ ਉਸ ਉਤੇ ਕੋਈ ਦੋਸ਼ ਹੈ ਤਾਂ ਉਹ ਜੇਲ੍ਹ ਜਾਏਗਾ ਤੇ ਉਨੀ ਦੇਰ ਜੇਲ੍ਹ 'ਚ ਰਹੇਗਾ ਜਿੰਨਾ ਚਿਰ ਉਹ ਅਦਾਲਤ 'ਚ ਆਪਣੇ ਆਪ ਨੂੰ ਨਿਰਦੋਸ਼ ਸਿੱਧ ਨਹੀਂ ਕਰਦਾ; ਪਰ ਕਿਸੇ ਐਮ.ਪੀ. ਜਾਂ ਐਮ.ਐਲ.ਏ. ਉਤੇ ਜੇ ਕੋਈ ਦੋਸ਼ ਲਗਦਾ ਹੈ ਤਾਂ ਉਸ ਨੂੰ ਉਨ੍ਹਾਂ ਚਿਰ ਦੋਸ਼ੀ ਨਹੀਂ ਕਿਹਾ ਜਾ ਸਕਦਾ, ਜਿੰਨਾ ਚਿਰ ਮੁਲਕ ਦੀ ਆਖਰੀ ਅਦਾਲਤ ਉਸ ਨੂੰ ਦੋਸ਼ੀ ਨਹੀਂ ਠਹਿਰਾ ਦਿੰਦੀ। ਉਨਾ ਚਿਰ ਉਹ ਸਾਰੇ ਅਹੁਦੇ ਅਤੇ ਸਹੂਲਤਾਂ ਮਾਣ ਸਕਦਾ ਹੈ। ਇਥੋਂ ਤੱਕ ਕਿ ਆਖਰੀ ਅਦਾਲਤ ਵੱਲੋਂ ਦੋਸ਼ੀ ਸਿੱਧ ਹੋ ਕੇ ਅਤੇ ਸਜ਼ਾਯਾਫਤਾ ਹੋ ਕੇ ਵੀ ਉਹ ਸਜ਼ਾ ਸਸਪੈਂਡ ਕਰਵਾ ਕੇ ਅਹੁਦੇ 'ਤੇ ਕਾਇਮ ਰਹਿ ਸਕਦਾ ਹੈ। ਨਵਜੋਤ ਸਿੰਘ ਸਿੱਧੂ ਨੂੰ ਸੁਪਰੀਮ ਕੋਰਟ ਵੱਲੋਂ ਕਤਲ ਕੇਸ ਵਿਚ ਚਾਰ ਸਾਲ ਦੀ ਸਜ਼ਾ ਹੋਈ ਹੈ, ਪਰ ਉਹ ਸਜ਼ਾ ਸਸਪੈਂਡ ਕਰਵਾ ਕੇ ਅੱਜ ਵੀ ਪਾਰਲੀਮੈਂਟ ਵਿਚ ਬੈਠਾ ਤਾੜੀਆਂ ਮਾਰ ਰਿਹਾ ਹੈ।



ਸ਼ਹਿਲਾ ਮਸੂਦ

ਮਨਮੋਹਨ ਸਿੰਘ ਸਰਕਾਰ ਨੇ 15 ਜੂਨ 2005 ਨੂੰ ਆਰ.ਟੀ.ਆਈ. (ਰਾਈਟ ਟੂ ਇਨਫਰਮੇਸ਼ਨ) ਨਾਂ ਦਾ ਬਿੱਲ ਪਾਸ ਕੀਤਾ ਜੋ 12 ਅਕਤੂਬਰ 2005 ਨੂੰ ਕਾਨੂੰਨ ਬਣ ਕੇ ਲਾਗੂ ਹੋ ਗਿਆ। ਇਸ ਦੇ ਲਾਗੂ ਹੋਣ ਨਾਲ ਆਮ ਸ਼ਹਿਰੀਆਂ ਨੂੰ ਅਧਿਕਾਰ ਮਿਲ ਗਿਆ ਕਿ ਉਹ ਅਰਜ਼ੀ ਦੇ ਕੇ ਕਿਸੇ ਸਰਕਾਰੀ ਮਹਿਕਮੇ ਜਾਂ ਕਰਮਚਾਰੀ ਬਾਰੇ ਜਾਣਕਾਰੀ ਲੈ ਸਕਣ। ਕੁਝ ਸੁਰੱਖਿਆ ਮਹਿਕਮਿਆਂ ਤੇ ਵੱਡੇ ਅਧਿਕਾਰੀਆਂ ਨੂੰ ਛੱਡ ਕੇ ਸਭ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਇਸ ਕਾਨੂੰਨ ਨੇ ਮਨੁੱਖੀ ਹੱਕਾਂ ਲਈ ਅਤੇ ਕੁਰੱਪਸ਼ਨ ਖਿਲਾਫ਼ ਲੜ ਰਹੇ ਲੋਕਾਂ 'ਚ ਨਵੀਂ ਰੂਹ ਫੂਕ ਦਿੱਤੀ। ਧੜਾ-ਧੜ ਵੱਡੇ ਵੱਡੇ ਅਦਾਰਿਆਂ 'ਚ ਕੁਰੱਪਸ਼ਨ ਦਾ ਪਰਦਾਫਾਸ਼ ਹੋਣ ਲੱਗਾ। ਜਿਹੜੇ ਮਹਿਕਮੇ ਜਾਂ ਲੋਕ ਇਸ ਕਾਨੂੰਨ ਦੀ ਮਾਰ ਤੋਂ ਬਾਹਰ ਸਨ, ਉਨ੍ਹਾਂ ਨੂੰ ਇਸ ਦੇ ਘੇਰੇ 'ਚ ਲਿਆਉਣ ਲਈ ਮੁਹਿੰਮਾਂ ਸ਼ੁਰੂ ਹੋ ਗਈਆਂ। ਅੰਨਾ ਹਜ਼ਾਰੇ ਦੀ ਸਖ਼ਤ ਲੋਕ ਪਾਲ ਦੀ ਮੰਗ ਵੀ ਇਸ ਮੁਹਿੰਮ ਦੀ ਦੇਣ ਹੈ। ਦਿੱਲੀ ਦੇ ਇਕ ਕੱਪੜਾ ਵਪਾਰੀ ਸੁਭਾਸ਼ ਅਗਰਵਾਲ ਨੇ ਐਸੀ ਅਣਥੱਕ ਮਿਹਨਤ ਕੀਤੀ ਕਿ ਸਰਕਾਰ ਨੂੰ ਮਨਿਸਟਰਾਂ ਤੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਇਸ ਕਾਨੂੰਨ ਦੇ ਘੇਰੇ 'ਚ ਲਿਆਉਣਾ ਪਿਆ। ਆਰ.ਟੀ.ਆਈ. ਕਾਰਕੁਨਾਂ ਦੀ ਬਦੌਲਤ ਏ. ਰਾਜਾ ਵਰਗੇ ਮਨਿਸਟਰ ਅਤੇ ਮਧੂ ਕੌੜਾ ਵਰਗੇ ਚੀਫ਼ ਮਨਿਸਟਰ ਜੇਲ੍ਹਾਂ 'ਚ ਤੁੰਨ ਦਿੱਤੇ ਗਏ, ਪਰ ਇਹ ਵੀ ਸਚਾਈ ਹੈ ਕਿ ਆਰ.ਟੀ.ਆਈ. ਕਾਰਕੁਨਾਂ ਦਾ ਕੰਮ ਅੱਗ ਨਾਲ ਖੇਡਣ ਤੋਂ ਘੱਟ ਨਹੀਂ। ਜਿਨ੍ਹਾਂ ਲੋਕਾਂ ਦੀ ਕੁਰੱਪਸ਼ਨ ਦਾ ਇਹ ਕਾਰਕੁਨ ਪਰਦਾਫਾਸ਼ ਕਰਦੇ ਹਨ, ਉਹ ਧਨੀ ਵੀ ਹਨ ਤੇ ਸ਼ਕਤੀਸ਼ਾਲੀ ਵੀ। ਇਹੋ ਕਾਰਨ ਹੈ ਕਿ ਜਨਵਰੀ 2010 ਤੋਂ ਲੈ ਕੇ ਅਕਤੂਬਰ 2011 ਤੱਕ ਸਿਰਫ਼ 20 ਮਹੀਨਿਆਂ ਵਿਚ ਆਰ.ਟੀ.ਆਈ. ਲਹਿਰ ਨਾਲ ਸਬੰਧਤ 12 ਕਾਰਕੁਨ ਕਤਲ ਕਰ ਦਿੱਤੇ ਗਏ ਜਿਨ੍ਹਾਂ 'ਚ ਭੁਪਾਲ ਦੀ 38 ਸਾਲਾ ਸ਼ਹਿਲਾ ਮਸੂਦ ਵੀ ਸੀ ਅਤੇ 40 ਕਾਰਕੁਨਾਂ ਉਤੇ ਜਾਨਲੇਵਾ ਹਮਲੇ ਹੋਏ ਹਨ। ਇਹ ਲੜਾਈ ਕਿਸੇ ਇਨਕਲਾਬੀ ਸੰਘਰਸ਼ ਤੋਂ ਘੱਟ ਨਹੀਂ। ਇਨ੍ਹਾਂ ਲੋਕਾਂ ਦਾ ਇਨ੍ਹਾਂ ਸ਼ਹੀਦੀ ਸਮਾਗਮਾਂ 'ਚ ਜ਼ਿਕਰ ਵੀ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਜਾਣਾ ਚਾਹੀਦਾ ਹੈ।

ਭਾਰਤ 'ਚ ਅਜੋਕੇ ਸਮਿਆਂ ਦੀ ਸਭ ਤੋਂ ਵੱਡੀ ਅਲਾਮਤ ਹੈ ਆਮ ਲੋਕਾਂ ਦਾ ਰੂਹਾਨੀ ਸੋਸ਼ਣ। ਤੁਸੀਂ ਸਵੇਰੇ 4-5 ਵਜੇ ਕਿਸੇ ਵੀ ਭਾਰਤੀ ਭਾਸ਼ਾ ਦਾ ਚੈਨਲ ਖੋਲ੍ਹ ਲਉ, ਉਥੇ ਤੁਹਾਨੂੰ ਕੋਈ ਨਾ ਕੋਈ ਬਾਬਾ ਜਾਂ ਬਾਬੀ ਐਸੇ-ਐਸੇ ਰੂਹਾਨੀ ਸੰਦੇਸ਼ ਦਿੰਦੇ ਦਿਸਣਗੇ ਜਿਵੇਂ ਹੁਣੇ-ਹੁਣੇ ਅਗਲੇ ਜਹਾਨੋਂ ਹੋ ਕੇ ਆਏ ਹੋਣ। ਜਗ੍ਹਾ-ਜਗ੍ਹਾ ਡੇਰੇ ਵੀ ਲੋਕਾਂ ਦੇ ਸਭ ਦੁੱਖਾਂ ਦਾ ਦਾਰੂ ਕਰਦੇ ਦਿਸਣਗੇ। ਵੱਡੇ-ਵੱਡੇ ਨੇਤਾ ਤੁਹਾਨੂੰ ਤਰ੍ਹਾਂ-ਤਰ੍ਹਾਂ ਦੇ ਵਹਿਮਾਂ-ਭਰਮਾਂ ਅਤੇ ਟੂਣੇ-ਟਾਮਣਾਂ ਦੇ ਚੱਕਰਾਂ 'ਚ ਫਸੇ ਦਿਸਣਗੇ। ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਸੋਨੀਆ ਗਾਂਧੀ ਤੇ ਐਲ.ਕੇ. ਅਡਵਾਨੀ ਬਾਕਾਇਦਾ ਹਵਨ ਕਰਵਾ ਕੇ ਲੋਕ ਸਭਾ ਦੀ ਚੋਣ ਲਈ ਕਾਗਜ਼ ਭਰਨ ਗਏ। ਲੋਕ ਆਪਣੇ ਦੁੱਖ, ਤਕਲੀਫਾਂ ਦੇ ਅਸਲੀ ਕਾਰਨ ਸਮਝਣ ਤੇ ਉਨ੍ਹਾਂ ਦਾ ਠੀਕ ਹੱਲ ਲੱਭਣ ਦੀ ਬਜਾਏ ਧਾਰਮਿਕ ਸਥਾਨਾਂ 'ਤੇ ਮੱਥੇ ਰਗੜ ਕੇ ਜਾਂ ਜੋਤਸ਼ੀਆਂ ਦੇ ਦੱਸੇ ਉਪਾਅ ਕਰ ਕੇ ਆਪਣੇ ਜੀਵਨ ਦੀਆਂ ਉਲਝਣਾਂ ਹੱਲ ਕਰਨਾ ਚਾਹੁੰਦੇ ਹਨ। ਅਖ਼ਬਾਰਾਂ ਰਸਾਲਿਆਂ 'ਚ ਹੋਰ ਕੁਝ ਹੋਵੇ ਨਾ ਹੋਵੇ, ਰਾਸ਼ੀ ਫਲ ਜ਼ਰੂਰ ਪੜ੍ਹਨ ਨੂੰ ਮਿਲੇਗਾ। ਸਮਾਜ ਨੂੰ ਹਾਂ-ਪੱਖੀ ਤੇ ਉਸਾਰੂ ਸਮਾਜ ਬਣਾਉਣ ਲਈ ਐਸੇ ਨਖਿਧ ਤੇ ਗੈਰ-ਵਿਗਿਆਨਕ ਰੁਝਾਨਾਂ ਨੂੰ ਠੱਲ੍ਹ ਪਾਉਣੀ ਜ਼ਰੂਰੀ ਹੈ। ਭਾਰਤ ਦੀ ਤਰਕਸ਼ੀਲ ਸੁਸਾਇਟੀ ਨੇ ਦੇਸ਼ ਵਿਚ ਇਸ ਕਿਸਮ ਦੀ ਰੂਹਾਨੀ ਲੁੱਟ ਤੋਂ ਗੈਰ-ਵਿਗਿਆਨਕ ਰੁਝਾਨ ਨੂੰ ਹਰ ਹੀਲੇ ਸਮਾਜ 'ਚੋਂ ਖ਼ਤਮ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ, ਉਸ ਨੇ ਕੋਈ ਵੀ ਕਰਾਮਾਤ ਦਿਖਾਉਣ ਵਾਲੇ ਲਈ ਪੰਜ ਲੱਖ ਰੁਪਏ ਦਾ ਇਨਾਮ ਰੱਖਿਆ ਹੈ ਜੋ ਅੱਜ ਤੱਕ ਕੋਈ ਮਹਾਤਮਾ ਨਹੀਂ ਲੈ ਸਕਿਆ। ਉਨ੍ਹਾਂ ਨੂੰ ਕਈ ਵਾਰ ਆਪਣੇ ਆਪ ਨੂੰ ਪੈਗੰਬਰ ਸਮਝਣ ਵਾਲੇ ਲੋਕਾਂ ਦੇ ਚੇਲਿਆਂ ਨਾਲ ਲੜਾਈ-ਝਗੜਾ ਵੀ ਕਰਨਾ ਪਿਆ ਹੈ। ਲੋੜ ਹੈ ਐਸੇ ਅਦਾਰਿਆਂ ਤੇ ਜਥੇਬੰਦੀਆਂ ਨੂੰ ਹਰ ਤਰੀਕੇ ਨਾਲ ਉਤਸ਼ਾਹਿਤ ਕਰਨ ਦੀ, ਤਾਂ ਕਿ ਉਹ ਸਮਾਜ ਵਿਚ ਚੱਲ ਰਹੇ ਇਸ ਮਾਰੂ ਰੁਝਾਨ ਨੂੰ ਰੋਕਿਆ ਜਾ ਸਕੇ। ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਹੋਣ ਵਾਲੇ ਇਨ੍ਹਾਂ ਸ਼ਹੀਦੀ ਸਮਾਗਮ ਵਿਚ ਭਾਰਤ 'ਚ ਰੂਹਾਨੀਅਤ ਦੇ ਨਾ 'ਤੇ ਚੱਲ ਰਹੇ ਇਸ ਫਰਾਡ ਦਾ ਭਾਸ਼ਣਾਂ, ਗੀਤਾਂ ਜਾਂ ਨਾਟਕਾਂ ਰਾਹੀਂ ਪਰਦਾਫਾਸ਼ ਹੋਣ ਚਾਹੀਦਾ ਹੈ ਅਤੇ ਇਸ ਫਰਾਡ ਨੂੰ ਰੋਕਣ ਵਿਚ ਲੱਗੀਆਂ ਤਨਜ਼ੀਮਾਂ ਅਤੇ ਸ਼ਖ਼ਸੀਅਤਾਂ ਦਾ ਮਾਨ-ਸਨਮਾਨ ਹੋਣਾ ਚਾਹੀਦਾ ਹੈ। ਇਹੀ ਸਾਡੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੈ ਅਤੇ ਮੌਜੂਦਾ ਸਮਾਜ ਦਾ ਭਲਾ ਵੀ ਇਸੇ ਗੱਲ ਵਿਚ ਹੈ।

# ਲੋੜ ਵਿਕਾਸ ਦੇ ਦਾਅਵੇ ਦੀ ਥਾਂ ਵਿਕਾਸ ਮਾਡਲ ਬਦਲਣ ਦੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਅਸੀਂ ਬਾਬਿਆਂ ਦੇ ਮੂੰਹੋਂ ਸਦੀਆਂ ਤੋਂ ਚੱਲਦਾ ਆਇਆ ਇਹ ਮੁਹਾਵਰਾ ਸੁਣਦੇ ਆਏ ਹਾਂ, 'ਉਤਮ ਖੇਤੀ, ਮੱਧਮ ਵਪਾਰ, ਨਖਿਧ ਚਾਕਰੀ ਤੇ ਭੀਖ ਦਵਾਰ।' ਜਿਹੜੀ ਖੇਤੀ ਨੂੰ 'ਕਰਮਾਂ ਸੇਤੀ' ਹੋਣ ਦੇ ਬਾਵਜੂਦ ਪੰਜਾਬ ਵਿਚ 'ਉਤਮ' ਕਿੱਤਾ ਮੰਨਿਆ ਜਾਂਦਾ ਸੀ, ਉਹ ਹੁਣ ਆਧੁਨਿਕ ਵਸੀਲੇ ਹਾਸਲ ਹੋਣ ਤੋਂ ਬਾਅਦ ਤਰੱਕੀ ਦੀਆਂ ਮੰਜ਼ਲਾਂ ਸਰ ਕਰਦੀ ਦਿਖਾਈ ਦੇਣੀ ਚਾਹੀਦੀ ਸੀ। ਉਸ ਨੇ ਤਰੱਕੀ ਕੀਤੀ ਵੀ ਹੈ, ਪਰ ਸਾਰੇ ਕਿਸਾਨ ਤਰੱਕੀ ਨਹੀਂ ਕਰ ਸਕੇ। ਕਿਸਾਨੀ ਕਿੱਤੇ ਨਾਲ ਜੁੜੇ ਲੋਕ ਜਾਣਦੇ ਹਨ ਕਿ ਤਕੜਾ ਕਿਸਾਨ ਖੇਤੀ ਦੀ ਕਮਾਈ ਖਾਂਦਾ ਹੈ ਤੇ ਮਾੜੇ ਦੀ ਕਮਾਈ ਨੂੰ ਖੇਤੀ ਖਾ ਜਾਂਦੀ ਹੈ। ਜਿਸ ਨੂੰ ਇਸ ਦਾ ਯਕੀਨ ਨਹੀਂ, ਉਹ ਖੇਤੀ ਦੀਆਂ ਜੋਤਾਂ ਦੇ ਅੰਕੜੇ ਪੜ੍ਹ ਕੇ ਜਾਣ ਸਕਦਾ ਹੈ।***

ਤਰੱਕੀ ਭਾਰਤ ਵੀ ਕਰ ਰਿਹਾ ਹੈ, ਪੰਜਾਬ ਵੀ। ਦੋਵਾਂ ਦੇ ਹੁਕਮਰਾਨ ਇਹ ਕਹਿੰਦੇ ਹਨ ਕਿ ਤਰੱਕੀ ਵਿਚ ਕੋਈ ਕਸਰ ਨਹੀਂ ਰੱਖੀ ਜਾਵੇਗੀ। ਅਸਲ ਵਿਚ ਤਰੱਕੀ ਦੀ ਕਹਾਣੀ ਕਿਸੇ ਦੇ ਸਮਝ ਵਿਚ ਨਹੀਂ ਆਉਂਦੀ। ਭਗਵੰਤ ਮਾਨ ਦੇ ਮਿੱਤਰ ਮੰਗੇ ਨੂੰ ਪੁੱਛੋ ਤਾਂ ਉਹ ਕਹਿੰਦਾ ਹੈ ਕਿ ਬਾਦਲ ਸਾਹਿਬ ਕਹਿੰਦੇ ਨੇ ਕਿ 'ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਲਿਆਉਣਾ ਹੈ, ਸੁਖਬੀਰ ਸਿੰਘ ਬਾਦਲ ਕਹਿੰਦਾ ਹੈ ਕਿ ਪੰਜਾਬ ਨੂੰ ਕੈਲੀਫੋਰਨੀਆ ਬਣਾ ਦੇਣਾ ਹੈ, ਇੱਕ ਜਣਾ ਦੋ ਸੌ ਸਾਲ ਅੱਗੇ ਲਿਜਾਣਾ ਚਾਹੁੰਦਾ ਹੈ, ਦੂਜਾ ਦੋ ਸੌ ਸਾਲ ਪਿੱਛੇ। ਇਹ ਸਲਾਹ ਕਰ ਕੇ ਕਿਉਂ ਨਹੀਂ ਬੋਲਦੇ?' ਭਾਰਤ ਨੇ ਇਸ ਹਫਤੇ ਇੱਕ ਨਵੀਂ ਮਿਜ਼ਾਈਲ ਬਣਾਈ ਹੈ, ਜੋ ਪਾਣੀ ਦੇ ਹੇਠਾਂ ਚੱਲਦੀ ਪਣਡੁੱਬੀ ਵਿਚੋਂ ਚਲਾ ਕੇ ਵੇਖੀ ਗਈ। ਇਹ ਪਾਣੀ ਦੇ ਥੱਲੇ-ਥੱਲੇ ਜਾ ਕੇ ਨਿਸ਼ਾਨਾ ਫੁੰਡ ਲੈਂਦੀ ਹੈ। ਤਰੱਕੀ ਇਹ ਵੀ ਹੈ। ਇਸ ਮਿਜ਼ਾਈਲ ਬਾਰੇ ਤਰਕਸ਼ੀਲ ਸੋਸਾਇਟੀ ਦਾ ਕਵੀ ਜਗਸੀਰ ਜੀਦਾ ਇਹ ਗਾਉਂਦਾ ਮਿਲ ਜਾਂਦਾ ਹੈ ਕਿ 'ਬੰਦੇ ਮਾਰਨ ਲਈ ਬਣਾ ਲਈਆਂ ਮਿਜ਼ਾਈਲਾਂ, ਨਰਮੇ ਦੀ ਸੁੰਡੀ ਨਹੀਂ ਮਰੀ।' ਤਰੱਕੀ ਦਾ ਦਾਅਵਾ ਕਰਨ ਵੇਲੇ ਨਾ ਕਿਸੇ ਨੇ ਬਾਦਲ ਬਾਪ-ਬੇਟੇ ਨੂੰ ਰੋਕਣਾ ਹੈ ਤੇ ਨਾ ਮਨਮੋਹਨ ਸਿੰਘ ਨੂੰ। ਜੇ ਉਨ੍ਹਾਂ ਨੂੰ ਨਹੀਂ ਰੋਕਿਆ ਜਾ ਸਕਦਾ ਤਾਂ ਹਕੀਕਤਾਂ ਵੀ ਚੀਕ ਕੇ ਸੱਚ ਕਹਿਣ ਤੋਂ ਨਹੀਂ ਰੋਕੀਆਂ ਜਾ ਸਕਦੀਆਂ।

ਬਹੁਤ ਸਾਲ ਪਹਿਲਾਂ ਇੱਕ ਮਿੰਨੀ ਕਹਾਣੀ ਪੜ੍ਹੀ ਸੀ, ਜਿਸ ਦਾ ਸਾਰ ਇਹ ਸੀ ਕਿ ਕਿਸੇ ਥਾਂ ਸੜਕ ਹਾਦਸਾ ਹੋਣ ਕਰ ਕੇ ਅੱਠ ਜਣੇ ਮਾਰੇ ਗਏ। ਹਾਦਸੇ ਵਾਲੀ ਥਾਂ ਆਏ ਦਿਨ ਹਾਦਸੇ ਵਾਪਰਨ ਦੀ ਖਬਰ ਆਉਂਦੀ ਸੀ। ਕਾਰਨ ਇਹ ਸੀ ਕਿ ਮੋੜ ਅਤੇ ਪੁਲੀ ਦੋਵੇਂ ਇਕੱਠੇ ਸਨ। ਕਈ ਵਾਰ ਮੰਗ ਉਠੀ ਕਿ ਪੁਲੀ ਤੋੜ ਕੇ ਸਿੱਧੀ ਕਰ ਦਿੱਤੀ ਜਾਵੇ, ਪਰ ਮਹਿਕਮੇ ਦਾ ਜਵਾਬ ਹੁੰਦਾ ਕਿ ਇਸ ਕੰਮ ਲਈ ਦਸ ਲੱਖ ਰੁਪਏ ਚਾਹੀਦੇ ਹਨ, ਜਦੋਂ ਤੱਕ ਇਹ ਰਕਮ ਸਰਕਾਰ ਤੋਂ ਨਾ ਮਿਲ ਜਾਵੇ, ਪੁਲੀ ਸਿੱਧੀ ਕਰਨ ਦਾ ਕੰਮ ਨਹੀਂ ਹੋ ਸਕਦਾ। ਇਸ ਵਾਰ ਹਾਦਸੇ ਪਿੱਛੋਂ ਮ੍ਰਿਤਕਾਂ ਦੇ ਭੋਗ 'ਤੇ ਇੱਕ ਮੰਤਰੀ ਆ ਗਿਆ। ਉਹ ਹਾਦਸੇ ਨੂੰ ਰੱਬੀ ਭਾਣਾ ਦੱਸਦਿਆਂ ਤੇ ਮ੍ਰਿਤਕਾਂ ਦੇ ਪਰਿਵਾਰਾਂ ਦੀ ਮਦਦ ਲਈ ਇੱਕ-ਇੱਕ ਲੱਖ ਰੁਪਏ ਦੇਣ ਦਾ ਐਲਾਨ ਕਰ ਕੇ ਇਹ ਵੀ ਕਹਿ ਗਿਆ ਕਿ 'ਇਸ ਪੁਲੀ ਕੋਲ ਰੋਜ਼ ਹਾਦਸੇ ਹੁੰਦੇ ਹਨ, ਸਾਡੀ ਸਰਕਾਰ ਨੇ ਅੱਗੇ ਤੋਂ ਇਸ ਪੁਲੀ 'ਤੇ ਹੋਏ ਹਾਦਸੇ ਵਿਚ ਮਰਨ ਵਾਲਿਆਂ ਦੇ ਪਰਿਵਾਰਾਂ ਲਈ 50 ਲੱਖ ਰੁਪਏ ਦਾ ਵੱਖਰਾ ਫੰਡ ਕਾਇਮ ਕਰ ਦਿੱਤਾ ਹੈ।' ਸੀ ਤਾਂ ਉਹ ਸਿਰਫ਼ ਕਹਾਣੀ, ਪਰ ਦਸ ਲੱਖ ਰੁਪਏ ਖਰਚ ਕੇ ਪੁਲੀ ਠੀਕ ਕਰਨ ਦੀ ਥਾਂ ਸਰਕਾਰ ਨੇ ਉਸ ਪੁਲੀ ਕੋਲ ਮਰਨ ਵਾਲਿਆਂ ਦੇ ਪਰਿਵਾਰਾਂ ਲਈ ਪੰਜਾਹ ਲੱਖ ਰੁਪਏ ਰਾਖਵੇਂ ਰੱਖ ਲਏ ਤਾਂ ਇਸ ਵਿਚ ਵੀ ਸ਼ਾਇਦ ਇੱਕ ਰਾਜ਼ ਸੀ। ਜੇ ਪੁਲੀ ਠੀਕ ਕੀਤੀ ਜਾਂਦੀ ਤਾਂ ਲੋਕਾਂ ਨੂੰ ਯਾਦ ਨਹੀਂ ਸੀ ਰਹਿਣੀ, ਪਰ ਜੇ ਲੋਕ ਮਰਦੇ ਰਹਿਣ ਤਾਂ ਹਰ ਕਿਸੇ ਦੇ ਭੋਗ ਮੌਕੇ ਮਦਦ ਦਾ ਐਲਾਨ ਕਰ ਕੇ ਭੱਲ ਖੱਟੀ ਜਾ ਸਕਦੀ ਸੀ।

ਪੰਜਾਬ ਸਰਕਾਰ ਨੇ ਇਸ ਵਾਰੀ ਆਪਣੇ ਬੱਜਟ ਵਿਚ ਇੱਕ ਖਾਸ ਗੱਲ ਇਹ ਕੀਤੀ ਹੈ ਕਿ ਖੁਦਕੁਸ਼ੀ ਕਰ ਜਾਣ ਵਾਲੇ ਕਿਸਾਨਾਂ ਦੇ ਪਰਿਵਾਰਾਂ ਲਈ ਚੋਖੀ ਰਕਮ ਰੱਖ ਦਿੱਤੀ ਹੈ। ਉਂਜ ਇਹ ਵੀ ਜਦੋਂ ਮਿਲੇਗੀ, ਓਦੋਂ ਹੀ ਲੋਕਾਂ ਨੂੰ ਯਕੀਨ ਆਵੇਗਾ, ਪਰ ਵੱਡਾ ਸਵਾਲ ਇਹ ਨਹੀਂ ਕਿ ਰਕਮ ਰੱਖੀ ਹੈ ਜਾਂ ਨਹੀਂ ਤੇ ਜੇ ਰੱਖੀ ਹੈ ਤਾਂ ਕਿੰਨੀ ਕੁ ਰੱਖੀ ਗਈ ਹੈ, ਸਗੋਂ ਇਹ ਹੈ ਕਿ ਕੀ ਲੋਕ ਸਿਰਫ ਇਸ ਤਰ੍ਹਾਂ ਦੇ ਅੱਥਰੂ ਪੂੰਝਾਉਣ ਵਾਲਿਆਂ ਨੂੰ ਉਡੀਕਣ ਜੋਗੇ ਰਹਿ ਗਏ ਹਨ? ਜਿਨ੍ਹਾਂ ਕਿਸਾਨਾਂ ਦੇ ਖੁਦਕੁਸ਼ੀ ਕਰ ਜਾਣ ਪਿਛੋਂ ਉਨ੍ਹਾਂ ਦੇ ਪਰਿਵਾਰਾਂ ਨੂੰ ਮਦਦ ਦਿੱਤੀ ਜਾਣੀ ਹੈ, ਉਨ੍ਹਾਂ ਨੂੰ ਖੁਦਕੁਸ਼ੀ ਕਿਉਂ ਕਰਨੀ ਪਈ ਤੇ ਹੋਰ ਕਿਸੇ ਕਿਸਾਨ ਨੂੰ ਇਹ ਕਦਮ ਨਾ ਚੁੱਕਣਾ ਪਵੇ, ਇਸ ਪੱਖੋਂ ਕੀ ਸੋਚਿਆ ਗਿਆ ਹੈ? ਪੰਜਾਬ ਵਿਚ ਇੱਕ ਖੇਤੀ ਮੰਤਰੀ ਹੁੰਦਾ ਸੀ, ਹੁਣ ਸਾਬਕਾ ਹੋਣ ਪਿੱਛੋਂ ਮੰਜੇ



ਉਤੇ ਪਿਆ ਵੀ ਆਪਣੇ ਪੁੱਤਰ ਦੀ ਖਾਤਰ ਪਾਰਟੀ ਦੇ ਬਾਕੀ ਲੀਡਰਾਂ ਨਾਲ ਆਢਾ ਲਾਈ ਰੱਖਦਾ ਹੈ। ਉਸ ਨੇ ਖੁਦਕੁਸ਼ੀਆਂ ਕਰਦੇ ਕਿਸਾਨਾਂ ਬਾਰੇ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਸੀ ਕਿ 'ਮਾੜੇ ਹਾਲਾਤ ਦਾ ਐਵੇਂ ਰੋਣਾ ਹੈ, ਅਸਲ ਵਿਚ ਕਿਸਾਨ ਸ਼ਰਾਬਾਂ ਪੀਂਦੇ ਤੇ ਜੂਆ ਵਗੈਰਾ ਖੇਡ ਕੇ ਜਦੋਂ ਆਪਣੇ ਸਿਰ ਕਰਜ਼ਾ ਚੜ੍ਹਾ ਲੈਂਦੇ ਹਨ ਤਾਂ ਖੁਦਕੁਸ਼ੀ ਕਰ ਜਾਂਦੇ ਹਨ।' ਜਿਸ ਪੰਜਾਬ ਨੂੰ ਏਦਾਂ ਦੇ ਮੰਤਰੀ ਵੀ ਮਿਲ ਜਾਂਦੇ ਹਨ, ਉਸ ਦੇ ਲੋਕਾਂ ਦੀ ਹਾਲਤ ਕਿਸ ਤਰ੍ਹਾਂ ਦੀ ਹੋ ਸਕਦੀ ਹੈ, ਇਸ ਦਾ ਸਿਰਫ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਕਿਸਾਨ ਵੀ ਇਥੇ ਦੁਖੀ ਹਨ ਤੇ ਹੋਰ ਲੋਕ ਵੀ ਸੌਖੇ ਨਹੀਂ, ਕਿਉਂਕਿ ਹਾਲਾਤ ਹੀ ਸਾਜ਼ਗਾਰ ਨਹੀਂ।

ਅਸੀਂ ਬਾਬਿਆਂ ਦੇ ਮੂੰਹੋਂ ਸਦੀਆਂ ਤੋਂ ਚੱਲਦਾ ਆਇਆ ਇਹ ਮੁਹਾਵਰਾ ਸੁਣਦੇ ਆਏ ਹਾਂ, 'ਉਤਮ ਖੇਤੀ, ਮੱਧਮ ਵਪਾਰ, ਨਖਿਧ ਚਾਕਰੀ ਤੇ ਭੀਖ ਦਵਾਰ।' ਜਿਹੜੀ ਖੇਤੀ ਨੂੰ 'ਕਰਮਾਂ ਸੇਤੀ' ਹੋਣ ਦੇ ਬਾਵਜੂਦ ਪੰਜਾਬ ਵਿਚ 'ਉਤਮ' ਕਿੱਤਾ ਮੰਨਿਆ ਜਾਂਦਾ ਸੀ, ਉਹ ਹੁਣ ਆਧੁਨਿਕ ਵਸੀਲੇ ਹਾਸਲ ਹੋਣ ਤੋਂ ਬਾਅਦ ਤਰੱਕੀ ਦੀਆਂ ਮੰਜ਼ਲਾਂ ਸਰ ਕਰਦੀ ਦਿਖਾਈ ਦੇਣੀ ਚਾਹੀਦੀ ਸੀ। ਉਸ ਨੇ ਤਰੱਕੀ ਕੀਤੀ ਵੀ ਹੈ, ਪਰ ਸਾਰੇ ਕਿਸਾਨ ਤਰੱਕੀ ਨਹੀਂ ਕਰ ਸਕੇ। ਕਿਸਾਨੀ ਕਿੱਤੇ ਨਾਲ ਜੁੜੇ ਲੋਕ ਜਾਣਦੇ ਹਨ ਕਿ ਤਕੜਾ ਕਿਸਾਨ ਖੇਤੀ ਦੀ ਕਮਾਈ ਖਾਂਦਾ ਹੈ ਤੇ ਮਾੜੇ ਦੀ ਕਮਾਈ ਨੂੰ ਖੇਤੀ ਖਾ ਜਾਂਦੀ ਹੈ। ਜਿਸ ਨੂੰ ਇਸ ਦਾ ਯਕੀਨ ਨਹੀਂ, ਉਹ ਖੇਤੀ ਦੀਆਂ ਜੋਤਾਂ ਦੇ ਅੰਕੜੇ ਪੜ੍ਹ ਕੇ ਜਾਣ ਸਕਦਾ ਹੈ।

ਕੇਂਦਰ ਦੇ ਖੇਤੀ ਮੰਤਰਾਲੇ ਨੇ ਬੀਤੇ ਦਸੰਬਰ ਵਿਚ ਇਹ ਗੱਲ ਹੈਰਾਨੀ ਨਾਲ ਨੋਟ ਕੀਤੀ ਸੀ ਕਿ ਦੇਸ਼ ਦੇ ਹੋਰ ਰਾਜਾਂ ਵਿਚ ਖੇਤੀ ਕਰਨ ਵਾਲੇ ਕਿਸਾਨਾਂ ਦੀਆਂ ਛੋਟੀਆਂ ਜੋਤਾਂ ਵਧ ਰਹੀਆਂ ਹਨ, ਪਰ ਪੰਜਾਬ ਵਿਚ ਇਨ੍ਹਾਂ ਦੇ ਘਟਦੇ ਜਾਣ ਦਾ ਰੁਝਾਨ ਹੈ। ਇਥੇ ਵੱਡੇ ਫਾਰਮਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪਿਛਲੇ ਸਾਲ ਦੀ ਜਨਗਣਨਾ ਮੌਕੇ ਪਤਾ ਲੱਗਾ ਕਿ ਇਥੇ ਵੱਡੇ ਫਾਰਮਾਂ ਦੀ ਗਿਣਤੀ ਦਸ ਲੱਖ ਤੋਂ ਟੱਪ ਗਈ ਹੈ ਅਤੇ ਇਨ੍ਹਾਂ ਵਿਚ ਪੌਣੇ ਤਿੰਨ ਲੱਖ ਦੇ ਕਰੀਬ ਉਹ ਹਨ, ਜਿਨ੍ਹਾਂ ਦੀ ਜ਼ਮੀਨ ਵੀਹ ਕਿੱਲੇ ਤੋਂ ਵੱਧ ਹੈ। ਦੂਜੇ ਪਾਸੇ 3 ਤੋਂ 4 ਕਿੱਲੇ ਜ਼ਮੀਨ ਵਾਲੇ ਕਿਸਾਨਾਂ ਦੀ ਗਿਣਤੀ ਇਸ ਤੋਂ ਕਈ ਗੁਣਾਂ ਵੱਧ ਹੋਣੀ ਚਾਹੀਦੀ ਸੀ ਪਰ ਉਹ ਸਾਢੇ ਤਿੰਨ ਲੱਖ ਵੀ ਨਹੀਂ ਰਹਿ ਗਏ। ਵੱਡੇ ਫਾਰਮਾਂ ਦੀ ਗਿਣਤੀ ਜਦੋਂ ਵਧਦੀ ਹੈ ਤਾਂ ਛੋਟੇ ਕਿਸਾਨਾਂ ਨੂੰ ਕੂੜੇ ਦੇ ਢੇਰ 'ਤੇ ਸੁੱਟ ਕੇ ਵਧਦੀ ਹੈ। ਇਸ ਦਾ ਪਤਾ ਇਸ ਗੱਲੋਂ ਲੱਗਦਾ ਹੈ ਕਿ ਪਿਛਲੇ ਇੱਕ ਦਹਾਕੇ ਦੌਰਾਨ ਇੱਕ ਲੱਖ ਤੀਹ ਹਜ਼ਾਰ ਕਿਸਾਨਾਂ ਨੇ ਪੰਜਾਬ 'ਚ ਖੇਤੀ ਦਾ 'ਉਤਮ' ਕਿੱਤਾ ਕਰਨ ਦੀ ਥਾਂ ਆਪਣੀ ਜ਼ਮੀਨ ਹੋਰਨਾਂ ਕੋਲ ਪੱਕੇ ਠੇਕੇ ਉਤੇ ਚਾੜ੍ਹ ਦਿੱਤੀ ਤੇ 78 ਹਜ਼ਾਰ ਕਿਸਾਨਾਂ ਨੇ ਜ਼ਮੀਨ ਉਂਜ ਹੀ ਵੇਚ ਦਿੱਤੀ ਹੈ।

ਵੀਹ ਕੁ ਸਾਲ ਪਹਿਲਾਂ ਪੰਜਾਬੀ ਵਿਅੰਗ ਲੇਖਕ 'ਚਾਚਾ ਚੰਡੀਗੜ੍ਹੀਆ' ਨੇ ਮਜ਼ਾਕ ਨਾਲ ਲਿਖਿਆ ਸੀ ਕਿ 'ਚੰਗਾ ਹੋਇਆ ਕਿ ਰੱਬ ਨੇ ਜੱਟ ਪੈਦਾ ਕਰ ਦਿੱਤੇ, ਨਹੀਂ ਤਾਂ ਖੇਤੀ ਦਾ ਕੁੱਤਾ ਜਿਹਾ ਕੰਮ ਬੰਦਿਆਂ ਨੂੰ ਕਰਨਾ ਪੈਣਾ ਸੀ।' ਆਖਰ ਕੀ ਕਾਰਨ ਹੈ ਕਿ ਕਿਸਾਨ ਆਪਣੇ ਕਈ ਪੀੜ੍ਹੀਆਂ ਤੋਂ ਤੁਰੇ ਆਏ ਪਿਤਾ-ਪੁਰਖੀ ਕਿੱਤੇ ਤੋਂ ਬਾਹਰ ਹੋਣ ਲੱਗ ਪਏ ਹਨ? ਇਸ ਦੀ ਚਿੰਤਾ ਕਰਨ ਦੀ ਥਾਂ ਖੁਦਕੁਸ਼ੀਆਂ ਤੋਂ ਪੀੜਤ ਪਰਿਵਾਰਾਂ ਲਈ ਰਕਮ ਰਾਖਵੀਂ ਰੱਖ ਦਿੱਤੀ ਗਈ ਹੈ।

ਗੱਲ ਸਿਰਫ ਕਿਸਾਨਾਂ ਦੀ ਨਹੀਂ, ਆਏ ਦਿਨ ਸ਼ਹਿਰੀ ਗਰੀਬ ਵੀ ਆਰਥਿਕ ਤੰਗੀਆਂ ਕਾਰਨ ਖੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਦੀ ਕੋਈ ਜਥੇਬੰਦੀ ਨਹੀਂ ਤੇ ਇਸ ਲਈ ਉਨ੍ਹਾਂ ਦੀ ਚਰਚਾ ਨਹੀਂ ਹੁੰਦੀ। ਮਜ਼ਦੂਰੀ ਕਰਨ ਵਾਲਿਆਂ ਦੀ ਵੀ ਹਾਲਤ ਚੰਗੀ ਨਹੀਂ ਤੇ ਛੋਟੇ ਦੁਕਾਨਦਾਰ ਵੀ ਮਾਰ ਹੇਠ ਹਨ। ਉਨ੍ਹਾਂ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਬੈਂਕਾਂ ਵਾਲੇ ਪਹਿਲਾਂ ਕਰਜ਼ੇ ਦੀ ਹਾਂ ਨਹੀਂ ਕਰਦੇ ਤੇ ਫਿਰ ਜੇ ਕਰਜ਼ਾ ਦੇ ਵੀ ਦੇਣ ਤਾਂ ਹਰ ਕਿਸ਼ਤ ਲਈ ਅਗਾਊਂ ਦਬਕੇ ਮਾਰ ਕੇ ਜ਼ਲੀਲ ਕਰਦੇ ਹਨ। ਪੰਜਾਬੀ ਦਾ ਮੁਹਾਵਰਾ ਹੈ ਕਿ 'ਗਰੀਬ ਦੀ ਵਹੁਟੀ, ਸਾਰਿਆਂ ਦੀ ਭਾਬੀ।' ਉਹ ਗਰੀਬ ਹੋਣ ਕਰ ਕੇ ਸਾਰਿਆਂ ਮੂਹਰੇ ਲਿਲਕੜੀਆਂ ਕੱਢੀ ਜਾਂਦੇ ਹਨ। ਬੈਂਕਾਂ ਵਾਲਿਆਂ ਦਾ ਕਹਿਣਾ ਹੈ ਕਿ ਜੇ ਦਿੱਤੇ ਹੋਏ ਕਰਜ਼ੇ ਦੀ ਉਗਰਾਹੀ ਸਖਤੀ ਕਰ ਕੇ ਨਾ ਕੀਤੀ ਜਾਵੇ ਤਾਂ ਅੱਗੋਂ ਲਈ ਬੈਂਕਾਂ ਦਾ ਕਾਰੋਬਾਰ ਠੱਪ ਹੋ ਜਾਵੇਗਾ, ਪਰ ਇਹ ਗੱਲ ਸਿਰਫ ਕਹਿਣ ਦੀ ਹੈ, ਹਕੀਕਤ ਕੁਝ ਹੋਰ ਹੈ, ਜਿਹੜੀ ਸੌ ਪਰਦੇ ਪਾੜ ਕੇ ਬਾਹਰ ਨਿਕਲ ਆਉਂਦੀ ਹੈ।

ਭਾਰਤ ਸਰਕਾਰ ਦਾ ਵਿੱਤ ਮੰਤਰਾਲਾ ਆਮ ਕਰ ਕੇ ਵੱਡੇ ਲੋਕਾਂ ਦੇ ਭੇਦ ਲੁਕਾਉਣ ਦਾ ਯਤਨ ਕਰਦਾ ਹੈ, ਪਰ ਕਈ ਵਾਰੀ ਏਦਾਂ ਕਰਨਾ ਔਖਾ ਹੋ ਜਾਂਦਾ ਹੈ। ਇਸ ਵਾਰੀ ਵੀ ਭੇਦ ਬੇਪਰਦ ਹੋ ਗਏ ਹਨ। ਖਜ਼ਾਨਾ ਮੰਤਰੀ ਚਿਦੰਬਰਮ ਨੇ ਬੈਂਕਾਂ ਨੂੰ ਜਦੋਂ ਇਹ ਆਖਿਆ ਕਿ ਵੱਡੇ ਡਿਫਾਲਟਰਾਂ ਤੋਂ ਉਗਰਾਹੀ ਲਈ ਉਚੇਚੀ ਕੋਸ਼ਿਸ਼ ਕਰਨ, ਤਾਂ ਵੱਡਿਆਂ ਵੱਲ ਕਰਜ਼ੇ ਬਾਰੇ ਅਸਲੀ ਰਿਪੋਰਟ ਮੀਡੀਏ ਨੇ ਕੱਢ ਲਿਆਂਦੀ। ਪਤਾ ਇਹ ਲੱਗਾ ਹੈ ਕਿ ਕਰੀਬ 95 ਹਜ਼ਾਰ ਕਰੋੜ ਰੁਪਏ ਦੇ ਜਿਹੜੇ ਪੈਸੇ ਬੈਂਕਾਂ ਫਸ ਗਏ ਮੰਨਦੀਆਂ ਹਨ, ਉਨ੍ਹਾਂ ਵਿਚੋਂ 44 ਫੀਸਦੀ, ਕਰੀਬ 42,000 ਕਰੋੜ ਰੁਪਏ, ਸਿਰਫ 30 ਵੱਡੇ ਘਰਾਣਿਆਂ ਕੋਲ ਹਨ। ਇਹੋ ਬੈਂਕਾਂ ਕਿਸੇ 25-30 ਹਜ਼ਾਰ ਰੁਪਏ ਦੇ ਕਰਜ਼ਦਾਰ ਗਰੀਬ ਦੀ ਬਾਂਹ ਮਰੋੜਨ ਨੂੰ ਹਰ ਵਕਤ ਤਿਆਰ ਰਹਿੰਦੀਆਂ ਹਨ ਤੇ ਜੇ ਕੋਈ ਤਨਖਾਹਦਾਰ ਮੁਲਾਜ਼ਮ ਪੰਜ ਜਾਂ ਦਸ ਲੱਖ ਦਾ ਕਰਜ਼ਦਾਰ ਹੋਵੇ ਤਾਂ ਉਸ ਦੇ ਅਦਾਰੇ ਨੂੰ ਉਸ ਦੀ ਤਨਖਾਹ ਵਿਚੋਂ ਕੱਟ ਕੇ ਭੇਜਣ ਨੂੰ ਕਹਿੰਦੀਆਂ ਹਨ। ਜਿਨ੍ਹਾਂ ਤੀਹ ਘਰਾਣਿਆਂ ਨੇ 42 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਲੈ ਕੇ ਮੋੜਨ ਦੀ ਲੋੜ ਨਹੀਂ ਸਮਝੀ, ਉਨ੍ਹਾਂ ਦੇ ਨਾਂ ਗਿਣੇ ਜਾਣ ਤਾਂ ਕਈ ਵੱਡੇ ਲੋਕ ਇਸ ਵਿਚ ਸ਼ਾਮਲ ਮਿਲਦੇ ਹਨ। ਸਾਡੇ ਪੰਜਾਬ ਦੇ 3 ਸਾਬਕਾ ਮੁੱਖ ਮੰਤਰੀਆਂ ਦੇ ਨਾਂ ਵੀ ਇਨ੍ਹਾਂ ਵਿਚ ਹਨ, ਜਿਨ੍ਹਾਂ ਵਿਚੋਂ ਦੋ ਇਸ ਦੁਨੀਆਂ ਵਿਚ ਨਹੀਂ, ਪਰ ਉਨ੍ਹਾਂ ਦੀ ਜਾਇਦਾਦ ਲੈਣ ਵਾਲੇ ਪਰਿਵਾਰ ਅਤੇ ਅਦਾਰੇ ਜਾਇਦਾਦ ਲੈ ਕੇ ਬੈਠ ਗਏ ਹਨ, ਦੇਣਦਾਰੀ ਦੀ ਜ਼ਿੰਮੇਵਾਰੀ ਨਹੀਂ ਲੈ ਰਹੇ।

ਇਹੋ ਨਹੀਂ, ਪਿਛਲੇ ਮਹੀਨੇ ਜਦੋਂ ਸੁਪਰੀਮ ਕੋਰਟ ਨੇ ਸਹਾਰਾ ਕੰਪਨੀ ਵੱਲੋਂ ਆਪਣੇ ਗਾਹਕਾਂ ਦੇ 24,000 ਕਰੋੜ ਰੁਪਏ ਦੱਬੀ ਛੱਡਣ ਦਾ ਨੋਟਿਸ ਲੈ ਕੇ ਇਹ ਪੈਸੇ ਵਾਪਸ ਕਰਨ ਨੂੰ ਕਿਹਾ ਤਾਂ ਨਾਲ ਸਟਾਕ ਐਕਸਚੇਂਜ ਸੰਭਾਲ ਕੇ ਰੱਖਣ ਲਈ ਜ਼ਿੰਮੇਵਾਰ ਅਦਾਰੇ 'ਸੇਬੀ' ਨੂੰ ਵੀ ਝਾੜ ਪਾਈ ਸੀ। ਸੇਬੀ ਵਾਲੇ ਆਪ ਕੁਝ ਕਰਨ ਦੀ ਥਾਂ ਗਾਹਕਾਂ ਦੇ ਨਾਲ ਸਹਾਰਾ ਵੱਲੋਂ ਕੀਤੀ ਧੋਖਾਧੜੀ ਦੀ ਗੱਲ ਸੁਪਰੀਮ ਕੋਰਟ ਵੱਲ ਤਿਲਕਾਈ ਜਾਂਦੇ ਸਨ। ਇਹ ਗੱਲ ਦੱਸਦੀ ਹੈ ਕਿ ਧੜਵੈਲ ਕੰਪਨੀਆਂ ਦੇ ਵੱਲੋਂ ਆਮ ਲੋਕਾਂ ਨਾਲ ਠੱਗੀ ਕਰਨ ਦੇ ਮਾਮਲੇ ਵਿਚ ਚੌਕਸੀ ਰੱਖਣ ਵਾਲੇ ਮਹਿਕਮੇ ਉਨ੍ਹਾਂ ਦੀ ਕਿਸੇ ਵੀ ਗੱਲ 'ਚ ਅੜਿੱਕਾ ਨਹੀਂ ਬਣਦੇ। ਪੰਜਾਬੀ ਦੇ ਮੁਹਾਵਰੇ ਵਾਂਗ 'ਕੁੱਤੀ ਚੋਰਾਂ ਦੇ ਨਾਲ ਰਲੀ ਹੋਈ ਹੈ।'

ਜਿਸ ਦੇਸ਼ ਵਿਚ ਆਮ ਆਦਮੀ ਦੇ ਮਗਰ ਬੈਂਕਾਂ ਦੇ ਅਧਿਕਾਰੀ ਪੁਲਿਸ ਦੀਆਂ ਧਾੜਾਂ ਲੈ ਕੇ ਸ਼ਿਕਾਰੀਆਂ ਵਾਲੇ ਚਾਅ ਨਾਲ ਦੌੜਾਂ ਲਾਉਂਦੇ ਹਨ ਤੇ ਵੱਡੇ ਘਰਾਂ ਦੇ ਵੱਡੇ ਗੇਟ ਮੂਹਰੇ ਜਾ ਕੇ ਠਠੰਬਰ ਜਾਂਦੇ ਹਨ, ਉਸ ਦੇਸ਼ ਜਾਂ ਉਸ ਦੇ ਪੰਜਾਬ ਵਰਗੇ ਕਿਸੇ ਵੀ ਰਾਜ 'ਚ ਆਮ ਆਦਮੀ ਦੀ ਜੂਨ ਸੁਧਰਨੀ ਸੁਫਨਾ ਹੀ ਰਹਿੰਦੀ ਹੈ। ਭਾਰਤ ਦੇ ਲੋਕ ਏਦਾਂ ਦੇ ਸੁਫਨੇ ਉਦੋਂ ਤੋਂ ਲੈਂਦੇ ਆ ਰਹੇ ਹਨ, ਜਦੋਂ ਤੋਂ ਇਹ ਦੇਸ਼ ਆਜ਼ਾਦ ਹੋਇਆ ਹੈ। ਅਜੇ ਵੀ ਉਨ੍ਹਾਂ ਦੇ ਸੁਫਨੇ ਲੈਣ ਦੇ ਦਿਨ ਗਏ ਨਹੀਂ। ਜਾਣਗੇ ਕਦੋਂ, ਇਸ ਬਾਰੇ ਵੀ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ। ਜੋ ਗੱਲ ਅੱਜ ਲੋਕਾਂ ਨੂੰ ਵੀ ਤੇ ਹਾਕਮਾਂ ਨੂੰ ਵੀ ਸੋਚਣ ਦੀ ਲੋੜ ਹੈ, ਉਹ ਇਹ ਹੈ ਕਿ ਬੈਂਕ ਹੁਣ ਦੇਸ਼ ਤੇ ਦੇਸ਼ ਦੇ ਲੋਕਾਂ ਦੀ ਲੋੜ ਪੂਰੀ ਕਰਨ ਜੋਗੇ ਨਾ ਰਹਿ ਕੇ ਵੱਡੇ ਘਰਾਣਿਆਂ ਦੀ ਜੇਬ ਵਿਚ ਪੈ ਜਾਣ ਨਾਲ ਮੁਲਕ ਦੀ ਆਰਥਿਕਤਾ ਉਨ੍ਹਾਂ ਦੀ ਮੁੱਠੀ ਵਿਚ ਆ ਗਈ ਹੈ। ਅਗਲੇ ਦਿਨਾਂ ਵਿਚ ਜਦੋਂ ਜ਼ਮੀਨਾਂ ਵੀ ਅਸਲੀ ਕਿਸਾਨੀ ਕਰਨ ਵਾਲਿਆਂ ਦੀ ਥਾਂ ਉਨ੍ਹਾਂ ਲੋਕਾਂ ਕੋਲ ਚਲੀਆਂ ਗਈਆਂ, ਜਿਹੜੇ ਖੇਤੀ ਕਰਦੇ ਨਹੀਂ, ਕਾਰਿੰਦੇ ਰੱਖ ਕੇ ਉਨ੍ਹਾਂ ਤੋਂ ਕਰਵਾਉਂਦੇ ਹਨ, ਉਦੋਂ ਇਸ ਦੇਸ਼ ਦਾ ਕੀ ਬਣੇਗਾ? ਜੇ ਇਸ ਪੱਖੋਂ ਸੋਚਿਆ ਜਾਵੇ ਤਾਂ ਖੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਪਰਿਵਾਰਾਂ ਲਈ ਆਰਥਿਕ ਮਦਦ ਦਾ ਪ੍ਰਬੰਧ ਕਰਨ ਤੋਂ ਪਹਿਲਾਂ ਇਹ ਪ੍ਰਬੰਧ ਕਰਨ ਬਾਰੇ ਸੋਚਣਾ ਪਵੇਗਾ ਕਿ ਅੱਗੇ ਤੋਂ ਕੋਈ ਹੋਰ ਕਿਸਾਨ ਉਹ ਦਵਾਈ ਪੀਣ ਲਈ ਮਜਬੂਰ ਨਹੀਂ ਹੋਣਾ ਚਾਹੀਦਾ, ਜਿਹੜੀ ਉਹਦੇ ਪੀਣ ਲਈ ਨਹੀਂ, ਕੀੜੇ ਮਾਰਨ ਲਈ ਬਣਾਈ ਗਈ ਸੀ।

Quick Stop 40, Oklahoma

**Help Wanted**

ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ

ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

*Radio CK, PO Box 296, Fremont, CA 94537*

# ਬਲਿਹਾਰੇ ਦਿਲ-ਦਿਮਾਗ ਦੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਲੱਖ-ਕਰੋੜ ਭਾਂਤ ਦੀ ਜਾਣਕਾਰੀ ਸਾਂਭੀ ਬੈਠਾ ਕੰਪਿਊਟਰ ਬਣਾਉਣ ਵਾਲਾ ਮਨੁੱਖ, ਖੁਦ ਵੀ ਇਸ ਨਾਲੋਂ ਘੱਟ ਗੁੰਝਲਦਾਰ ਨਹੀਂ। ਕੰਪਿਊਟਰ ਦਾ ਤਾਂ ਫਿਰ ਵੀ ਆਦਿ-ਅੰਤ ਪਾਇਆ ਜਾ ਸਕਦਾ ਹੈ, ਪਰ ਮਨੁੱਖੀ ਮਨ ਵਿਚ ਕੀ ਕੁਝ ਪਿਆ ਹੈ, ਉਸ ਦਾ ਪਾਰਾਵਾਰ ਹੀ ਨਹੀਂ! ਮਨੁੱਖੀ ਦਿਲ ਦੀ ਅਦਭੁਤ ਲੀਲ੍ਹਾ ਕਰਕੇ ਹੀ ਕਹਿੰਦੇ ਹਾਂ, 'ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ।' ਮਨੁੱਖੀ ਦਿਲ ਹੀ ਕਿਉਂ, ਕੁਦਰਤ ਨੇ ਪਸ਼ੂ-ਪੰਛੀਆਂ ਦੇ ਦਿਲ ਦਿਮਾਗ ਵਿਚ ਇੰਨੇ ਸੂਖਮ 'ਸੈਂਸਰ' ਫਿੱਟ ਕੀਤੇ ਹੁੰਦੇ ਹਨ ਕਿ ਉਨ੍ਹਾਂ ਦੇ ਕਰਾਮਾਤੀ ਜਲਵੇ ਦੇਖ ਕੇ ਬੰਦਾ ਵੀ ਮੂੰਹ 'ਚ ਉਂਗਲਾਂ ਪਾ ਲੈਂਦਾ ਹੈ। ਸੋਚੋ ਕਿ ਅੱਧ ਅਕਾਸ਼ਾਂ ਵਿਚ ਉਡਦੀ ਫਿਰਦੀ ਇੱਲ੍ਹ ਧਰਤੀ 'ਤੇ ਪਿਆ ਮੁਰਦਾਰ ਪਸ਼ੂ ਕਿਵੇਂ ਦੇਖ ਲੈਂਦੀ ਹੈ? ਕੀੜੀਆਂ ਨੂੰ ਕੌਣ ਦੱਸ ਦਿੰਦਾ ਹੈ ਕਿ ਖੰਡ, ਤੇਲ ਜਾਂ ਘਿਉ ਕਿਹੜੀ ਅਲਮਾਰੀ ਵਿਚ ਪਏ ਨੇ? ਕਹਿੰਦੇ ਹਨ ਕਿ ਜਦ ਕੀੜਿਆਂ ਦਾ ਭੌਣ ਮੂੰਹ 'ਚ ਚਿੱਟੇ-ਚਿੱਟੇ ਆਂਡੇ ਚੁੱਕ ਕੇ ਇਕ ਥਾਂ ਤੋਂ ਦੂਜੀ ਜਗ੍ਹਾ ਜਾ ਰਿਹਾ ਹੋਵੇ ਤਾਂ ਸਮਝੋ ਕਿ ਮੀਂਹ ਆਇਆ ਕਿ ਆਇਆ! ਭਲਾ ਕੀੜਿਆਂ ਨੂੰ ਆਉਣ ਵਾਲੇ ਮੌਸਮ ਦਾ ਹਾਲ ਕਿਹੜਾ 'ਰੇਡੂਆ' ਦੱਸ ਜਾਂਦਾ ਹੈ?

ਪਿਛਲੇ ਸਾਲ ਮਈ ਮਹੀਨੇ ਅਮਰੀਕਾ ਤੋਂ ਆਪਣੇ ਪਿੰਡ ਪਹੁੰਚਿਆ ਹੋਇਆ ਸਾਂ। ਰਾਤ ਦੀ ਰੋਟੀ ਪਾਣੀ ਛਕ-ਛਕਾ ਕੇ ਗੱਲਾਂ ਕਰਦੇ-ਕਰਦੇ ਅਸੀਂ ਬਿਸਤਰਿਆਂ 'ਤੇ ਲੇਟ ਗਏ। ਬਾਹਰ ਗੇਟ ਲੱਗੇ ਹੋਏ ਬਗਲ ਵਿਚ ਖੁੱਲ੍ਹੀ ਛੱਡੀ ਹੋਈ ਸਾਡੀ ਪਾਲਤੂ ਕੁੱਤੀ ਵਿਹੜੇ ਦੇ ਕਦੇ ਕਿਸੇ ਖੂੰਜੇ ਜਾ ਕੇ 'ਬਊਂ-ਬਊਂ' ਕਰੇ, ਕਦੇ ਕਿਸੇ ਖੂੰਜੇ! ਜਦ ਵੀ ਮੇਰੀ ਅੱਖ ਲੱਗਣ ਲਗਦੀ, ਉਹ ਫਿਰ ਉਚੀ-ਉਚੀ ਭੌਂਕ ਪੈਂਦੀ। ਉਸ ਦਾ ਘੜੀ-ਮੁੜੀ ਭੌਂਕਣਾ ਮੇਰੇ ਲਈ ਤਾਂ ਸਮੱਸਿਆ ਬਣ ਗਿਆ, ਪਰ ਮੇਰੇ ਦੋਵੇਂ ਬੇਟੇ ਬੜੇ ਆਰਾਮ ਨਾਲ ਇਉਂ ਪਏ ਸਨ, ਜਿਵੇਂ ਉਨ੍ਹਾਂ ਨੂੰ ਕੁੱਤੀ ਸੁਣਦੀ ਹੀ ਨਾ ਹੋਵੇ। ਮੈਂ ਸਮਝ ਲਿਆ ਕਿ ਇਹ ਰੋਜ਼ ਦੇ ਗਿੱਝੇ ਹੋਏ ਹਨ।

ਕੁੱਤੀ ਦਾ ਹਟ-ਹਟ ਕੇ ਭੌਂਕਣਾ, ਜਦ ਮੈਥੋਂ ਬਰਦਾਸ਼ਤ ਹੀ ਨਾ ਹੋਇਆ, ਤਦ ਮੈਂ ਆਪਣੇ ਬੇਟਿਆਂ ਨੂੰ ਕਿਹਾ ਕਿ ਇਸ ਦਾ ਕੋਈ ਬੰਦੋਬਸਤ ਨਹੀਂ ਹੋ ਸਕਦਾ? ਉਨ੍ਹਾਂ ਦੱਸਿਆ ਕਿ ਇਹ ਹੁਣੇ-ਹੁਣੇ ਈ ਠੀਕਰੀ ਪਹਿਰਾ ਦੇ ਰਹੀ ਹੈ, ਟਿਕੀ ਰਾਤ ਤੋਂ ਇਹਨੇ ਵੀ ਟਿਕ ਕੇ ਬਹਿ ਜਾਣਾ ਹੈ। ਕੁਝ ਚਿਰ ਤਾਂ ਮੈਨੂੰ ਉਸ ਦਾ ਭੌਂਕਣਾ ਸੁਣੀ ਗਿਆ, ਫਿਰ ਕੋਈ ਪਤਾ ਹੀ ਨਾ ਲੱਗਾ ਕਿ ਕਦੋਂ ਮੇਰੇ ਘੁਰਾੜੇ ਵੱਜਣ ਲੱਗ ਪਏ। ਉਸ ਨੂੰ ਚੁੱਪ ਕੀਤੀ ਨੂੰ ਮਸਾਂ ਘੰਟਾ, ਪੌਣਾ ਘੰਟਾ ਹੀ ਹੋਇਆ ਹੋਵੇਗਾ ਕਿ ਉਹ ਇਕ ਵਾਰ ਫਿਰ ਜ਼ੋਰ-ਜ਼ੋਰ ਨਾਲ ਭੌਂਕਣ ਲੱਗ ਪਈ। ਇਸ ਤੋਂ ਪਹਿਲਾਂ ਕੁੱਤੀ ਦੀ ਟਊਂ-ਟਊਂ ਨੂੰ ਅਣ-ਸੁਣਿਆ ਕਰ ਕੇ ਲੰਮੇ ਪਏ ਰਹਿਣ ਵਾਲੇ ਮੇਰੇ ਦੋਵੇਂ ਮੁੰਡੇ ਹੁਣ ਉਸ ਦੇ ਭੌਂਕਿਆਂ ਇਕਦਮ ਅੱਭੜਵਾਹੇ ਉਠ ਖੜ੍ਹੇ ਹੋਏ। "ਕੀ ਹੋਇਆ?" ਉਨ੍ਹਾਂ ਦੇ ਇੰਜ ਹਾਬੜ ਕੇ ਉਠਣ 'ਤੇ ਮੈਂ ਪੁੱਛਿਆ। "ਡੈਡੀ ਜੀ, ਬਾਹਰ ਵਿਹੜੇ 'ਚ ਸੱਪ ਆ ਗਿਐ।" ਹਫੜਾ-ਦਫੜੀ 'ਚ ਉਹ ਲਾਠੀਆਂ ਸੋਟੇ ਚੁੱਕਣ ਦੌੜੇ। ਇਕ ਜਣੇ ਨੇ ਬਿਜਲੀ ਦੇ ਸਵਿੱਚਾਂ 'ਤੇ ਹੱਥ ਮਾਰਿਆ, ਪਰ ਬਿਜਲੀ ਗੁੱਲ। ਬਾਹਰ ਕੁੱਤੀ ਦੀ ਆਵਾਜ਼ ਹੋਰ ਉਚੀ ਹੋ ਰਹੀ ਸੀ। ਫਟਾ-ਫਟ ਸਿਰਹਾਣੇ ਹੇਠੋਂ ਟਾਰਚ ਚੁੱਕ ਕੇ ਉਹ ਬਾਹਰ ਭੱਜੇ। ਮੈਂ ਵੀ ਅੱਖਾਂ ਮਲਦਾ ਨੰਗੇ ਪੈਰੀਂ ਉਨ੍ਹਾਂ ਦੇ ਪਿੱਛੇ ਹੋ ਲਿਆ। ਮੈਂ ਹੈਰਾਨ ਸਾਂ ਕਿ ਮੇਰੇ ਲਾਗੇ ਸੁੱਤੇ ਹੋਇਆਂ ਨੂੰ, ਇਨ੍ਹਾਂ ਦੋਹਾਂ ਨੂੰ ਇਹ 'ਇਲਹਾਮ' ਕਿੱਦਾਂ ਹੋ ਗਿਆ ਕਿ ਬਾਹਰ ਸੱਪ ਫਿਰਦੈ। ਕੁੱਤੀ ਤਾਂ ਸਾਡੇ ਸੌਣ ਲੱਗਿਆਂ ਵੀ ਭੌਂਕਦੀ ਸੀ ਤੇ ਬਾਅਦ 'ਚ ਵੀ ਗੱਜਦੀ ਰਹੀ ਸੀ।

ਵਿਹੜੇ 'ਚ ਜਾ ਕੇ ਬੇਟੇ ਨੇ ਟਾਰਚ ਮਾਰੀ। ਟਾਰਚ ਦੀ ਲਾਈਟ ਵਿਚ ਦੇਖਿਆ, ਸਾਹਮਣੇ 4-5 ਫੁੱਟ ਲੰਮਾ ਕਾਲਾ ਫਨੀਅਰ ਸੱਪ! ਸੱਚ-ਮੁੱਚ ਸੱਪ ਦੇਖ ਕੇ ਮੇਰੀਆਂ ਅੱਖਾਂ ਅੱਡੀਆਂ ਰਹਿ ਗਈਆਂ! ਕੁੱਤੀ ਉਹਦੇ ਵੱਲ ਕੁੱਦ-ਕੁੱਦ ਕੇ ਪੈ ਰਹੀ ਸੀ। ਉਹ ਫਨ ਫੈਲਾ ਕੁੱਤੀ ਨਾਲ ਮੁਕਾਬਲਾ ਕਰ ਰਿਹਾ ਜਾਪਦਾ ਸੀ। ਟਾਰਚ ਦੀ ਤੇਜ਼ ਰੌਸ਼ਨੀ 'ਚ ਸ਼ਾਇਦ ਸੱਪ ਨੂੰ ਦਿਸਣੋਂ ਬੰਦ ਹੋ ਗਿਆ ਤੇ ਉਹ ਛੇਤੀ ਹੀ ਸਾਡੇ ਅੜਿੱਕੇ ਆ ਗਿਆ।

ਬਾਅਦ ਵਿਚ ਮੇਰੇ ਪੁੱਛਣ 'ਤੇ ਬੇਟਿਆਂ ਨੇ ਭੇਤ ਖੋਲ੍ਹਿਆ ਕਿ ਵਿਹੜੇ ਵਿਚ ਜਾਂ ਆਸ-ਪਾਸ ਕੋਈ ਸੱਪ ਸਪੋਲੀਆ ਆ ਜਾਏ ਤਾਂ ਕੁੱਤੀ ਦੇ ਭੌਂਕਣ ਦੀ ਆਵਾਜ਼ ਆਮ ਨਾਲੋਂ ਬਿਲਕੁਲ ਅਲੱਗ ਤਰ੍ਹਾਂ ਦੀ ਹੁੰਦੀ ਹੈ। ਸਾਨੂੰ ਇਸ ਦਾ ਖਾਸਾ ਤਜਰਬਾ ਹੋ ਚੁੱਕਾ ਹੈ। ਅਸੀਂ ਕੁੱਤੀ ਦੀ ਆਵਾਜ਼ ਤੋਂ ਝੱਟ ਅੰਦਾਜ਼ਾ ਲਾ ਲਈਦਾ ਹੈ ਕਿ ਹੁਣ ਇਸ ਦਾ ਭੌਂਕਣਾ ਖਤਰੇ ਦਾ ਸਾਇਰਨ ਹੈ।

ਦੂਜੀ ਘਟਨਾ ਬੋਤੇ (ਊਠ) ਦੇ ਦਿਮਾਗ ਵਿਚ ਲੱਗੇ ਸੈਂਸਰ ਨਾਲ ਸਬੰਧਤ ਹੈ ਜੋ ਮੇਰੇ ਬਾਬਾ ਜੀ ਦੀ ਹੱਡ ਬੀਤੀ ਹੈ। ਮੈਂ ਭਾਵੇਂ ਆਪਣੀ ਸੁਰਤਿ ਵਿਚ ਆਪਣੇ ਪਿੰਡ ਬੋਤਿਆਂ ਨਾਲ ਖੇਤੀ ਹੁੰਦੀ ਦੇਖੀ ਹੋਈ ਹੈ, ਪਰ ਇਹ ਵਾਕਿਆ ਸੰਨ ਸੰਤਾਲੀ ਤੋਂ ਪਹਿਲਾਂ ਦਾ ਹੈ। ਕਿਹਾ ਜਾਂਦਾ ਹੈ ਕਿ ਹਲਕਿਆ ਕੁੱਤਾ ਅਤੇ ਬਕਰਾਲਿਆ ਬੋਤਾ, ਇਕ ਬਰਾਬਰ ਹੁੰਦੇ ਹਨ। ਇਸ ਹਾਲਤ 'ਚ ਦੋਵੇਂ ਅਤਿ ਖਤਰਨਾਕ ਹੋ ਜਾਂਦੇ ਹਨ। ਫਰਕ ਸਿਰਫ ਇੰਨਾ ਹੁੰਦਾ ਹੈ ਕਿ ਹਲਕੇ ਹੋਏ ਕੁੱਤੇ ਦੀ ਮੌਤ ਜਲਦੀ ਹੋ ਜਾਂਦੀ ਹੈ, ਲੇਕਿਨ ਬਕਰਾਲੇ ਹੋਏ ਬੋਤੇ ਨੂੰ ਕਾਬੂ ਕਰ ਕੇ ਪੁਚਕਾਰਦਿਆਂ ਰਾਜ਼ੀ ਕੀਤਾ ਜਾ ਸਕਦਾ ਹੈ।

ਸੋ, ਅੰਗਰੇਜ਼ੀ ਰਾਜ ਸਮੇਂ ਸਾਡੇ ਪਿੰਡ ਦੇ ਮੁਸਲਮਾਨ ਲੰਬੜਦਾਰ ਖੁਸ਼ੀਏ ਦੇ ਵਿਹੜੇ ਵਿਚ ਵੇਲਣਾ ਚੱਲ ਰਿਹਾ ਸੀ। ਵੇਲਣੇ ਨੂੰ ਜੁਪੇ ਬੋਤੇ ਨੂੰ ਹੋਰ ਤੇਜ਼ ਤੁਰਨ ਦੇ ਇਸ਼ਾਰੇ ਵਜੋਂ ਕਿਤੇ ਖੁਸ਼ੀਆ ਸੋਟੀ ਮਾਰ ਬੈਠਾ। ਬੋਤਾ ਕੈੜ ਖਾ ਗਿਆ। ਗਾਧੀ ਨੂੰ ਬੰਨ੍ਹਿਆ ਹੋਇਆ ਬਾਂਸ ਤੋੜ ਕੇ ਉਹ ਖੌਰੂ ਪਾਉਣ ਲੱਗ ਪਿਆ। ਉਸ ਨੇ ਨਕੇਲ ਵਾਲੀ ਰੱਸੀ ਵੀ ਤੁੜਾ ਲਈ। ਉਸ ਦੀ ਪਾਗਲਾਂ ਵਰਗੀ ਨਕਲੋ-ਹਰਕਤ ਦੇਖ ਕੇ, ਖੁਦ ਲੰਬੜ ਤੇ ਉਸ ਦਾ ਸਾਰਾ ਟੱਬਰ ਕੋਠੇ 'ਤੇ ਜਾ ਚੜ੍ਹਿਆ। ਲੱਗ ਪਏ 'ਬਚਾਉ ਓਏ, ਰਲੋ ਓਏ' ਦੀਆਂ ਦੁਹਾਈਆਂ ਪਾਉਣ। ਬਾਲ ਬੱਚਿਆਂ ਦਾ ਚੀਕ-ਚਿਹਾੜਾ ਸੁਣ ਕੇ ਮੂੰਹ 'ਚੋਂ ਝੱਗ ਸੁੱਟਦਾ ਚੰਡਾਲ ਬਣਿਆ ਬੋਤਾ ਕੋਠੇ ਦੇ ਬਨੇਰਿਆਂ ਨਾਲ ਇਉਂ ਬੂਥੀ ਘਸਾਵੇ, ਜਿਵੇਂ ਉਹ ਰੋਂਦੇ ਕੁਰਲਾਉਂਦੇ ਟੱਬਰ ਨੂੰ ਕੱਚਿਆਂ ਚੱਬ ਜਾਣਾ ਚਾਹੁੰਦਾ ਹੋਵੇ।

ਖੁਸ਼ੀਏ ਦੇ ਘਰ ਦੁਆਲੇ ਸਾਰਾ ਪਿੰਡ ਆਣ 'ਕੱਠਾ ਹੋ ਗਿਆ, ਪਰ ਕੋਈ ਡਰਦਾ ਮਾਰਾ ਵਿਹੜੇ 'ਚ ਜਾਣ ਦੀ ਹਿੰਮਤ ਨਾ ਕਰੇ। ਪਿਤਾ ਜੀ ਦੱਸਦੇ ਹੁੰਦੇ ਸਨ ਕਿ ਬਾਪੂ (ਸਾਡਾ ਬਾਬਾ) ਲਾਠੀ ਹੱਥ ਵਿਚ ਲੈ ਕੇ ਪਿਛਵਾੜਿਉਂ ਪੌੜੀ ਰਾਹੀਂ ਕੋਠੇ 'ਤੇ ਜਾ ਚੜ੍ਹਿਆ। ਉਹ ਭੇਤ ਵਾਲੀ ਇਹ ਗੱਲ ਜਾਣਦਾ ਸੀ ਕਿ ਊਠ ਦੇ ਹੋਰ ਜਿਥੇ ਮਰਜ਼ੀ ਡਾਂਗਾਂ ਮਾਰੀ ਜਾਉ, ਉਹ ਰੱਤੀ ਪ੍ਰਵਾਹ ਨਹੀਂ ਕਰਦਾ; ਲੇਕਿਨ ਉਹਦੇ ਕੰਨਾਂ ਦੇ ਹੇਠ ਨੂੰ ਗਿੱਚੀ ਵਿਚ ਇਕ-ਦੋ ਸੋਟੀਆਂ ਵੱਜ ਜਾਣ 'ਤੇ ਉਹ ਨਿੱਸਲ ਹੋ ਜਾਂਦਾ ਹੈ। ਸੋ, ਬਾਬੇ ਨੇ ਦਾਅ ਜਿਹਾ ਲਾ ਕੇ ਊਠ ਦੀ ਗਿੱਚੀ ਵਿਚ ਉਪਰੋਥਲੀ ਦੋ ਡਾਂਗਾਂ ਜੜ ਦਿੱਤੀਆਂ। ਇਸ ਦੇ ਨਾਲ ਹੀ ਉਹ ਊਠ ਦੀ ਘਮਾਂਠ (ਪਿੱਠ) ਉਤੇ ਜਾ ਚੜ੍ਹਿਆ। ਫੁਰਤੀ ਨਾਲ ਬਾਬੇ ਨੇ ਢੈਲੇ ਪੈ ਚੁੱਕੇ ਬੋਤੇ ਦੀ ਨਕੇਲ ਵੀ ਫੜ ਲਈ ਅਤੇ ਉਸ ਨੂੰ 'ਇਸ਼...ਇਸ਼...ਇਸ਼...' (ਬੋਤੇ ਨੂੰ ਬਿਠਾਉਣ ਲਈ ਵਰਤੇ ਜਾਂਦੇ ਸੰਕੇਤਕ ਸ਼ਬਦ) ਕਰ ਕੇ ਬਿਠਾ ਲਿਆ। ਉਸ ਦੀਆਂ ਪੁੜਪੁੜੀਆਂ ਅਤੇ ਗਿੱਚੀ ਉਤੇ ਕੋਸਾ-ਕੋਸਾ ਦੇਸੀ ਘਿਉ ਮਲਦਿਆਂ ਬਾਬੇ ਨੇ ਉਸ ਨੂੰ ਬੱਚਿਆਂ ਵਾਂਗ ਲਾਡ ਪਿਆਰ ਕੀਤਾ। ਕੁਝ ਪਲ ਪਹਿਲਾਂ ਰਾਖਸ਼ ਬਣਿਆ ਬੋਤਾ, ਹੁਣ ਦੇਵਤਾ ਬਣਿਆ ਬੈਠਾ ਸੀ।

ਕਹਿੰਦੇ ਨੇ ਇਸ ਵਾਕਿਆ ਤੋਂ ਬਾਅਦ ਉਸ ਬੋਤੇ ਨੇ ਸਾਡੇ ਬਾਬਾ ਜੀ ਦੀ ਪੈੜਚਾਲ ਦੀ ਬਿੜਕ ਜਾਂ ਆਵਾਜ਼ ਕਹਿ ਲਉ, ਇਸ ਕਦਰ ਆਪਣੇ ਦਿਲ ਦਿਮਾਗ 'ਚ ਪੱਕੀ ਵਸਾ ਲਈ ਕਿ ਉਹ ਬਾਬਾ ਜੀ ਦੇ ਨੇੜੇ ਆਉਣ 'ਤੇ ਇਕਦਮ ਦਹਿਲ ਜਾਂਦਾ। ਦੱਸਦੇ ਨੇ ਕਿ ਖੂਹ ਜਾਂ ਵੇਲਣੇ ਨੂੰ ਜੋਤੇ ਹੋਏ ਦੇ ਭਾਵੇਂ ਉਸ ਦੇ ਖੋਪੇ ਲਾਏ ਹੁੰਦੇ ਸਨ, ਪਰ ਜਦ ਕਿਤੇ ਬਾਬਾ ਜੀ ਨੇ ਸਹਿਵਨ ਹੀ ਪੁੱਛਣਾ, "ਖੁਸ਼ੀ ਮੁਹੰਮਦ, ਕਿਆ ਕਰਦੇ ਐ ਬਈ?", ਤਾਂ ਖੁਸ਼ੀ ਮੁਹੰਮਦ ਵੱਲੋਂ ਕੋਈ ਹੁੰਗਾਰਾ ਭਰਨ ਤੋਂ ਪਹਿਲੋਂ ਹੀ ਬੋਤੇ ਨੇ ਡਰਦਿਆਂ ਪਹਿਲਾਂ ਤੋਂ ਦੁੱਗਣੀ ਚਾਲੇ ਤੁਰਨ ਲੱਗ ਪੈਣਾ। ਲੰਬੜਾਂ ਦੇ ਘਰੇ ਬੁੱਢਾ ਹੋ ਕੇ ਮਰਨ ਤੱਕ ਉਸ ਬੋਤੇ ਨੂੰ ਸਾਡਾ ਬਾਬਾ ਨਹੀਂ ਸੀ ਭੁੱਲਿਆ।

ਇਹ ਤਾਂ ਸਨ ਕੁਝ ਚੌਪਾਇਆਂ ਦੀ 'ਮੈਮਰੀ ਪਾਵਰ' ਦੀਆਂ ਕਥਾਵਾਂ। ਹੁਣ ਲਗਦੇ ਹੱਥ 'ਦੋ ਪਾਏ', ਭਾਵ ਬੰਦੇ ਦੀ ਕਮਾਲ ਦੀ ਯਾਦਾਸ਼ਤ ਬਾਰੇ ਵੀ ਸੁਣ ਲਓ। ਮੇਰੇ ਪਿਤਾ ਜੀ ਇਹ ਅਜਬ ਕਿੱਸਾ ਅਕਸਰ ਉਦੋਂ ਸੁਣਾਇਆ ਕਰਦੇ ਸਨ, ਜਦ ਕਿਤੇ ਮਾਪਿਆਂ ਵੱਲੋਂ ਆਪਣੇ ਪੁੱਤਾਂ-ਧੀਆਂ ਲਈ ਜਫਰ ਜਾਲਣ ਦੀ ਗੱਲ ਛਿੜਦੀ।

ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਾਹਲਪੁਰ ਕਸਬੇ ਦੇ ਲਾਗਲੇ ਪਿੰਡ ਨੰਗਲ ਦੇ ਉਸਤਾਦ ਰਾਗੀ ਪ੍ਰੋ. ਦਰਸ਼ਨ ਸਿੰਘ 'ਕੋਮਲ' ਬਚਪਨ ਵਿਚ ਹੀ ਕਲਾਸੀਕਲ ਸੰਗੀਤ ਸਿੱਖਣ ਲੱਗ ਪਏ। ਨੇਤਰਹੀਣ ਹੋਣ ਦੇ ਬਾਵਜੂਦ ਉਨ੍ਹਾਂ ਤਬਲੇ ਮਰਦੰਗ ਸਮੇਤ ਕਈ ਸਾਜ਼ਾਂ ਦੀ ਮੁਹਾਰਤ ਹਾਸਲ ਕਰ ਲਈ। ਦੂਰ-ਦੂਰ ਤੱਕ ਉਨ੍ਹਾਂ ਦੀਆਂ ਧੁੰਮਾਂ ਪੈਣ ਲੱਗੀਆਂ। ਇਹ ਪਤਾ ਨਹੀਂ ਕਿ ਕੀ ਸਬੱਬ ਬਣਿਆ ਹੋਵੇਗਾ ਕਿ ਉਹ ਬਚਪਨ ਤੋਂ ਜਵਾਨੀ 'ਚ ਪੈਰ ਧਰਨ ਦੇ ਦਿਨੀਂ ਘਰਦਿਆਂ ਨੂੰ ਦੱਸੇ ਬਗੈਰ ਸੰਗੀਤ ਦੀ ਉਚੀ ਵਿੱਦਿਆ ਪ੍ਰਾਪਤੀ ਲਈ ਘਰੋਂ ਨਿਕਲ ਗਏ। ਸਾਲ-ਛੇ ਮਹੀਨੇ ਤਾਂ ਮਾਂ-ਬਾਪ ਉਡੀਕਦੇ ਰਹੇ ਕਿ ਉਹ ਆਪੇ ਵਾਪਸ ਮੁੜ ਆਉਣਗੇ, ਪਰ ਜਦ ਲੰਮਾ ਅਰਸਾ ਬੀਤਣ ਤੋਂ ਬਾਅਦ ਉਨ੍ਹਾਂ ਦੀ ਕੋਈ ਉਘ-ਸੁੱਘ ਨਾ ਮਿਲੀ ਤਾਂ ਮਾਪਿਆਂ ਨੂੰ ਚਿੰਤਾ ਹੋਈ।

ਉਨ੍ਹਾਂ ਦੇ ਬਜ਼ੁਰਗ ਪਿਤਾ ਆਪਣੇ ਪੁੱਤ ਦੀ ਭਾਲ ਵਿਚ ਲੱਕ ਬੰਨ੍ਹ ਕੇ ਤੁਰ ਪਏ। ਜਿਥੇ ਵੀ ਸੰਗੀਤ ਵਿਦਿਆਲਾ ਜਾਂ ਸੰਗੀਤ ਘਰਾਣਿਆਂ ਦਾ ਪਤਾ ਲੱਗਦਾ, ਉਹ ਉਥੇ ਪਹੁੰਚ ਜਾਂਦੇ। ਪੁੱਤ ਲਈ ਵਿਆਕੁਲ ਹੋਏ ਉਹ ਦਿੱਲੀ, ਮਥਰਾ ਤੱਕ ਘੁੰਮ ਆਏ, ਪਰ ਕੋਮਲ ਜੀ ਦਾ ਕੋਈ ਥਹੁ-ਪਤਾ ਨਾ ਲੱਗਾ। ਉਨ੍ਹਾਂ ਪੰਜਾਬ ਦੇ ਸੰਗੀਤ ਅਚਾਰੀਆਂ ਦੇ ਘਰੀਂ ਜਾ-ਜਾ ਕੇ ਵੀ ਪੁੱਛ-ਪੜਤਾਲ ਕੀਤੀ, ਪਰ ਕਿਤਿਉਂ ਵੀ ਕੋਈ ਸੂਹ ਨਾ ਮਿਲੀ। ਬਾਪੂ ਨੂੰ ਗੁਆਚੇ ਪੁੱਤ ਦੀ ਘੋਰ ਚਿੰਤਾ ਤਾਂ ਹੋਈ, ਪਰ ਉਹ ਨਿਰਾਸ਼ ਨਾ ਹੋਇਆ। ਉਸ ਦੇ ਕੰਨੀਂ ਲੋਕਾਂ ਦੀਆਂ ਇਹ ਆਵਾਜ਼ਾਂ ਵੀ ਪੈਂਦੀਆਂ ਰਹਿੰਦੀਆਂ ਕਿ 'ਲਉ ਜੀ, ਉਹ ਕਿਤੇ ਹੁਣ ਤੱਕ ਜਿਉਂਦਾ ਹੋਣੈ...ਅੰਨ੍ਹਾ ਸੀਗਾ, ਕਿਸੇ ਈਰਖਾਲੂ ਨੇ ਜ਼ਹਿਰ ਜ਼ੂਹਰ ਦੇ ਕੇ ਮਾਰ ਮੁਕਾਇਆ ਹੋਣਾ ਐਂ।' ਪਰ ਉਸ ਦਾ ਸਿਦਕੀ ਬਾਪ ਬੜੇ ਵਿਸ਼ਵਾਸ ਨਾਲ ਆਖਦਾ, 'ਮੇਰਾ ਪੁੱਤ ਜਿੱਥੇ ਵੀ ਹੋਵੇਗਾ, ਚੜ੍ਹਦੀ ਕਲਾ ਵਿਚ ਹੋਏਗਾ।'

ਘੁੰਮਦਿਆਂ-ਘੁਮਾਉਂਦਿਆਂ ਉਹ ਇਕੇਰਾਂ ਲਾਹੌਰ ਜਾ ਵੜਿਆ। ਉਥੇ ਕਿਸੇ ਬੈਂਡ ਪਾਰਟੀ ਦੇ ਸਾਜਿੰਦੇ ਪਾਸੋਂ ਗੀਤ ਸੰਗੀਤ ਸਿਖਾਉਣ ਵਾਲਿਆਂ ਦੇ ਅੱਡੇ-ਗੱਡੇ ਪੁੱਛੇ। ਉਹ ਨੇਕ ਸੱਜਣ ਉਨ੍ਹਾਂ ਨੂੰ ਨਾਲ ਲੈ ਇਕ ਬਾਜ਼ਾਰ ਵਿਚ ਚਲਾ ਗਿਆ। ਉਸ ਨੇ ਦੂਰੋਂ ਇਕ ਚੁਬਾਰੇ ਵੱਲ ਇਸ਼ਾਰਾ ਕਰ ਕੇ ਦੱਸਿਆ ਕਿ ਉਥੇ ਰਾਗ ਦੇ ਮੰਨੇ-ਪ੍ਰਮੰਨੇ ਉਸਤਾਦ ਜੀ ਰਹਿੰਦੇ ਨੇ। ਉਥੇ ਕਾਫੀ ਦੂਰੋਂ-ਦੂਰੋਂ ਸ਼ਾਗਿਰਦ ਆਉਂਦੇ-ਜਾਂਦੇ ਰਹਿੰਦੇ ਨੇ। ਉਹ ਦੋਵੇਂ ਜਣੇ ਗੱਲਾਂ ਕਰਦੇ ਚੁਬਾਰੇ ਦੇ ਹੇਠ ਪਹੁੰਚ ਗਏ। ਕਹਿੰਦੇ ਨੇ ਚੁਬਾਰੇ ਵਿਚੋਂ ਤਬਲਾ ਵੱਜਣ ਦੀ ਆ ਰਹੀ ਆਵਾਜ਼ ਸੁਣ ਕੇ ਬਜ਼ੁਰਗ ਨੇ ਥਾਏਂ ਪੈਰ ਗੱਡ ਲਏ। ਅੱਖਾਂ 'ਚੋਂ ਤ੍ਰਿਪ ਤ੍ਰਿਪ ਹੰਝੂ ਕੇਰਦਿਆਂ ਉਹ ਘਿਗਿਆਈ 'ਵਾਜ਼ 'ਚ ਬੋਲਿਆ, "ਬੱਸ...ਇੱਥੇ ਈ ਐ ਮੇਰਾ ਪੁੱਤ!...ਆਹ ਤਬਲਾ ਉਹਦਾ ਹੀ ਵੱਜ ਰਿਹੈ!"

ਬਜ਼ੁਰਗ ਚਾਈਂ-ਚਾਈਂ ਚੁਬਾਰੇ ਚੜ੍ਹਿਆ। ਪੂਰੀ ਲੋਰ 'ਚ ਆ ਕੇ ਤਬਲਾ ਵਜਾ ਰਹੇ ਆਪਣੇ ਨੇਤਰਹੀਣ ਪੁੱਤ ਨੂੰ ਗਲਵਕੜੀ ਵਿਚ ਲੈ ਕੇ ਬਾਪ ਦੀਆਂ ਆਂਦਰਾਂ ਨੂੰ ਠੰਢ ਪੈ ਗਈ ਹੋਵੇਗੀ।

ਕਿੱਸਾ ਪੂਰਨ ਭਗਤ ਦਾ ਸ਼ਾਇਰ ਕਹਿੰਦਾ ਹੈ ਕਿ ਪੁੱਤ ਦੇ ਵਿਯੋਗ ਵਿਚ ਅੰਨ੍ਹੀ ਹੋਈ ਮਾਂ ਇੱਛਰਾਂ ਨੂੰ ਪਤਾ ਲੱਗਾ ਕਿ ਕਿਸੇ ਜੋਗੀ ਦੇ ਆਉਣ ਕਰ ਕੇ ਰਾਜੇ ਸਲਵਾਨ ਦਾ ਸੁੱਕਿਆ ਬਾਗ ਮੁੜ ਹਰਾ ਹੋ ਗਿਆ ਹੈ। ਉਹ ਵੀ ਆਪਣੇ ਦਿਲ ਦਾ ਦਰਦ ਲੈ ਕੇ ਧੂਣਾ ਰਮਾਈ ਬੈਠੇ 'ਜੋਗੀ' ਕੋਲ ਜਾ ਪਹੁੰਚਦੀ ਹੈ। ਕਿੱਸਾਕਾਰ ਲਿਖਦਾ ਹੈ ਕਿ ਜਦੋਂ ਜੋਗੀ ਉਸ ਨੂੰ ਦੇਖ ਕੇ 'ਆਉ ਮਾਤਾ' ਕਹਿੰਦਾ ਹੈ ਤਾਂ ਇਹ ਬੋਲ ਸੁਣਦਿਆਂ ਮਾਂ ਇੱਛਰਾਂ ਦੇ ਦਿਲ-ਦਿਮਾਗ 'ਚ ਦੱਬੀ ਪਈ ਪੂਰਨ ਪੁੱਤ ਦੀ ਆਵਾਜ਼ ਟੁਣਕ ਪੈਂਦੀ ਹੈ ਤੇ ਉਸ ਦੀਆਂ ਦੁੱਧੀਆਂ ਵਿਚ ਆਪਣੇ ਪੁੱਤ ਲਈ ਦੁੱਧ ਉਤਰ ਆਉਂਦਾ ਹੈ।

# ਵਕਤ ਕਿਸੇ ਦੇ ਪਿਉ ਦਾ ਨਾ

ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਵਕਤ ਜਿਸ ਦਾ ਇਕ ਨਾਮ ਸਮਾਂ ਵੀ ਹੈ, ਦੇ 3 ਵੱਖ-ਵੱਖ ਰੂਪ ਹਨ-ਭੂਤਕਾਲ, ਵਰਤਮਾਨ ਅਤੇ ਭਵਿੱਖ। ਸਮੇਂ ਦੇ ਤਿੰਨ ਰੰਗ ਮਨੁੱਖ ਦੀ ਜ਼ਿੰਦਗੀ ਨੂੰ ਵੀ ਤਿੰਨ ਹਿੱਸਿਆਂ ਵਿਚ ਵੰਡਦੇ ਹਨ। ਧਰਤੀ ਉਤੇ ਆਏ ਹਰ ਬੰਦੇ ਨੂੰ ਵਕਤ ਦੇ ਇਨ੍ਹਾਂ ਤਿੰਨਾਂ ਰੰਗਾਂ ਦੀ ਹੋਲੀ ਖੇਡਣੀ ਪੈਂਦੀ ਹੈ। ਸਮੇਂ ਦਾ ਵਿਚਕਾਰਲਾ ਰੰਗ ਸਮਝੋ ਟਰੈਫਿਕ ਵਾਲੀ ਪੀਲੀ ਲਾਈਟ ਹੈ ਜੋ ਪਹਿਲਾਂ ਹਰੀ ਵਿਚੋਂ ਲੰਘਣ ਅਤੇ ਬਾਅਦ ਵਿਚ ਲਾਲ 'ਤੇ ਰੁਕਣ ਦਾ ਇਸ਼ਾਰਾ ਹੈ। ਇਸੇ ਤਰ੍ਹਾਂ ਚੱਲ ਰਿਹਾ ਸਮਾਂ ਸਾਨੂੰ ਲੰਘੇ ਹੋਏ ਦਾ ਸੰਕੇਤ ਦਿੰਦਾ ਹੈ ਅਤੇ ਆਉਣ ਵਾਲੇ ਸਮੇਂ ਦਾ ਅਹਿਸਾਸ ਕਰਵਾਉਂਦਾ ਹੈ। ਅਸਲ ਵਿਚ ਸਮੇਂ ਦਾ ਇਹੀ ਰੂਪ ਮਾਨਣਯੋਗ ਹੁੰਦਾ ਹੈ ਕਿਉਂਕਿ ਲੰਘਿਆ ਮੁੜ ਨਹੀਂ ਆਉਂਦਾ ਅਤੇ ਆਉਣ ਵਾਲੇ ਸਮੇਂ ਬਾਰੇ ਕੁਝ ਵੀ ਨਿਸ਼ਚਿਤ ਨਹੀਂ। ਜੋ ਵਰਤਮਾਨ ਹੈ, ਉਹੀ ਤੁਸਾਂ ਦਾ ਆਪਣਾ ਹੈ,

ਇਹ ਵਕਤ ਕਿਸੇ ਦੇ ਪਿਉ ਦਾ ਨਾ,
ਅੱਜ ਤੇਰਾ ਤੇ ਕੱਲ੍ਹ ਮੇਰਾ ਏ।
ਅੱਜ ਇਸ ਪਾਸੇ, ਕੱਲ੍ਹ ਉਸ ਪਾਸੇ,
ਨਾ ਕਿਤੇ ਵੀ ਪੱਕਾ ਡੇਰਾ ਏ।
ਮੈਨੂੰ ਦੱਸਿਓ ਅੱਜ ਤੱਕ ਕਿਹੜੇ ਨੇ,
ਤੱਕਿਆ ਏਸ ਦਾ ਚਿਹਰਾ ਏ।
ਕਿਵੇਂ ਕੈਦ ਕੋਈ ਕਰਲੂ ਮੁੱਠੀਆਂ ਵਿਚ,
ਪੂਰੇ ਆਲਮ ਦੇ ਵਿਚ ਘੇਰਾ ਏ।
ਖੁਸ਼ੀਆਂ ਦੀ ਜਗਮਗ ਵਕਤ ਕਰੇ,
ਜਿਥੇ ਕਰਿਆ ਦਰਦ ਹਨ੍ਹੇਰਾ ਏ।
ਜਿਹੜੇ ਵਿਹੜਿਆਂ ਹੰਕਾਰ ਵੜੇ,
ਉਸ ਵਿਹੜੇ ਕਰੇ ਹਨੇਰਾ ਏ।
ਇਹੇ ਵਕਤ ਨਾ ਬਹਿੰਦਾ ਟਿਕ ਨਿੰਮਿਆ,
ਇਹਦਾ ਮੁਕੇ ਨਾ ਤੋਰਾ ਫੇਰਾ ਵੇ।

ਵਕਤ ਕਿਸੇ ਦੇ ਪਿਉ ਦਾ ਨਹੀਂ। ਇਸ ਦੀ ਆਪਣੀ ਕੋਈ ਜੁਬਾਨ ਵੀ ਨਹੀਂ ਹੁੰਦੀ, ਫਿਰ ਵੀ ਇਹ ਘੜੀ ਦੀਆਂ ਸੂਈਆਂ ਦੀ ਟਿੱਕ ਟਿੱਕ ਨਾਲ ਸਾਨੂੰ ਸਾਡੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ। ਪੁਲਾਂ ਹੇਠੋਂ ਲੰਘੇ ਪਾਣੀਆਂ ਵਾਂਗ ਵਕਤ ਵੀ ਕਦੇ ਪਿੱਛੇ ਨਹੀਂ ਮੁੜਦਾ ਅਤੇ ਨਾ ਹੀ ਇਸ ਨੂੰ ਜ਼ੰਜੀਰਾਂ ਵਿਚ ਜਕੜਿਆ ਜਾ ਸਕਦਾ ਹੈ। ਇਸ ਦੀ ਆਪਣੀ ਇਕ ਰਫ਼ਤਾਰ ਹੈ। ਜੋ ਇਸ ਦੇ ਕਦਮ ਨਾਲ ਕਦਮ ਮਿਲਾ ਕੇ ਚੱਲੇਗਾ, ਉਹ ਆਪਣੇ ਮਕਸਦ ਦੀ ਮੰਜ਼ਿਲ ਉਤੇ ਜ਼ਰੂਰ ਅੱਪੜੇਗਾ ਪਰ ਜੋ ਇਸ ਦੀ ਤੋਰ ਨਹੀਂ ਤੁਰ ਸਕਦਾ ਉਹ ਹਮੇਸ਼ਾ ਹੀ ਫਾਡੀ ਰਹੇਗਾ। ਸਮੇਂ ਦੀ ਕਦਰ ਕਰੇ ਬਿਨਾਂ ਇਨਸਾਨ ਦੀ ਕਦਰ ਵੀ ਨਹੀਂ ਪੈਂਦੀ। ਸਮੇਂ ਦੀ ਸੰਭਾਲ ਹੀ ਸਫ਼ਲਤਾ ਵਾਲੇ ਘਰ ਨੂੰ ਜਾਣ ਵਾਲੀਆਂ ਰਾਹਾਂ ਵਿਖਾਉਂਦੀ ਹੈ।

ਸਮੇਂ ਦੀਆਂ ਤਿੰਨ ਅਵਸਥਾਵਾਂ ਅਤੇ ਦੋ ਦਿਸ਼ਾਵਾਂ ਹਨ-ਇਕ ਚੰਗੀ, ਇਕ ਮਾੜੀ। ਚੱਲ ਰਿਹਾ ਮਾੜਾ ਵਕਤ ਸਾਨੂੰ ਚੰਗੇ ਵਕਤ ਦੀ ਤਲਾਸ਼ ਦੀ ਰਾਹ 'ਤੇ ਤੋਰਦਾ ਹੈ। ਮਾੜਾ ਵਕਤ ਸਾਡੇ ਅੰਦਰਲੇ ਸ਼ੈਤਾਨ ਨੂੰ ਮਾਰ ਕੇ ਪਰਮਾਤਮਾ ਨਾਲ ਨੇੜਤਾ ਬਣਾਉਂਦਾ ਹੈ ਤੇ ਇਹੀ ਸਾਨੂੰ ਸਾਡੀਆਂ ਭੁੱਲਾਂ ਦਾ ਅਹਿਸਾਸ ਕਰਵਾ ਸਿਆਣਪਾਂ ਦੇ ਪਾਠ ਪੜ੍ਹਾਉਂਦਾ ਹੈ। ਮਾੜਾ ਵਕਤ ਜ਼ਿੰਦਗੀ ਵਿਚ ਲੱਗੀ ਉਸ ਠੋਕਰ ਵਾਂਗ ਹੈ, ਜੋ ਸੰਭਲਣ ਦੀ ਜਾਂਚ ਸਿਖਾਉਂਦਾ ਹੈ, ਸਮਝਿਆ ਜਾਵੇ ਤਾਂ ਇਹ ਸਾਡੇ ਜੀਵਨ ਵਿਚ ਇਕ ਪ੍ਰੇਰਨਾ ਦਾ ਸਰੋਤ ਹੈ। ਇਕ ਮਾੜਾ ਵਕਤ ਹੀ ਹੈ, ਜੋ ਸਾਡੇ ਹੰਕਾਰ ਦੀਆਂ ਜ਼ੰਜ਼ੀਰਾਂ ਨੂੰ ਤੋੜ ਨਿਮਰਤਾ ਦੀਆਂ ਡੋਰਾਂ 'ਚ ਬੰਨ੍ਹਦਾ ਹੈ। ਵਕਤ ਹੀ ਹੈ, ਜੋ ਮਾੜੇ ਹਾਲਾਤ 'ਚ ਵੀ ਮਨੁੱਖ ਨੂੰ ਮੁੜ ਖੁਸ਼ਹਾਲ ਹੋਣ ਦੀ ਪ੍ਰੇਰਨਾ ਦਿੰਦਾ ਹੈ।

ਚੰਗੇ ਵਕਤ ਦੀ ਗੱਲ ਕਰੀਏ ਜੋ ਸਭ ਨੂੰ ਚੰਗਾ ਲੱਗਦਾ ਹੈ। ਚੰਗਾ ਵਕਤ ਕਈ ਵਾਰੀ ਸਾਡੇ ਅੰਦਰ 'ਮੈਂ' ਦਾ ਪ੍ਰਵੇਸ਼ ਕਰ ਸਾਨੂੰ 'ਹਉਮੈ' ਦੇ ਜੰਜਾਲ ਵਿਚ ਫਸਾ ਦਿੰਦਾ ਹੈ, ਜਿਸ ਨਾਲ ਸਾਡੀ ਜ਼ਮੀਰ ਤੇ ਇਨਸਾਨੀਅਤ ਮੌਤ ਦੇ ਬੂਹੇ ਆ ਖਲੋਂਦੀ ਹੈ। ਚੰਗਾ ਵਕਤ ਕਈ ਵਾਰੀ ਰੱਬ ਨੂੰ ਵੀ ਭੁਲਾ ਦਿੰਦਾ ਹੈ। ਮਾੜੇ ਵਕਤ ਤੋਂ ਅਸੀਂ ਹਮੇਸ਼ਾ ਮੂੰਹ ਮੋੜਦੇ ਹਾਂ ਤੇ ਚੰਗੇ ਵਕਤ ਦੀ ਸੁਗੰਧ ਸਾਨੂੰ ਪਿਆਰੀ ਲੱਗਦੀ ਹੈ, ਜੋ ਸਾਨੂੰ ਗਰੂਰ ਦੇ ਨਸ਼ੇ ਵਿਚ ਮਦਹੋਸ਼ ਵੀ ਕਰ ਦਿੰਦੀ ਹੈ। ਮਾੜਾ ਵਕਤ ਜੋ ਸਾਨੂੰ ਅਕਲਾਂ ਸਿਖਾਉਂਦਾ ਹੈ, ਉਸ ਦੀ ਅਸੀਂ ਕਦੇ ਕਾਮਨਾ ਨਹੀਂ ਕਰਦੇ ਪਰ ਚੰਗੇ ਵਕਤ ਦੀਆਂ ਅਰਦਾਸਾਂ ਹਰ ਵਕਤ ਕਰਦੇ ਹਾਂ ਜੋ ਕਈ ਵਾਰੀ ਸਾਡੇ ਅੰਦਰ ਫਤੂਰ ਵੀ ਭਰ ਦਿੰਦਾ ਹੈ। ਚੰਗੇ ਬਣ ਕੇ ਵੇਖੋ, ਚੰਗਾ ਵਕਤ ਤੁਹਾਨੂੰ ਆਪ ਉਡੀਕੇਗਾ,

ਕਰੋ ਕਦਰ ਵੀਰਿਓ ਵੇ,
ਇਸ ਵਕਤ ਪਿਆਰੇ ਦੀ।
ਕਾਮਯਾਬੀਆਂ ਵਾਲੀ ਜੇ,
ਚੜ੍ਹਨਾ ਛੱਤ ਚੁਬਰੇ ਦੀ।
ਭੱਠੀ ਪੈ ਹੀ ਇੱਟ ਬਣਦੀ,
ਯਾਰੋ ਕੱਚੇ (ਗਿਲੇ) ਗਾਰੇ ਦੀ।
ਵਕਤ ਨੂੰ ਸਾਂਭੋ ਬਣਨਾ ਜੇ,
ਚਮਕ ਕੋਈ ਤਾਰੇ ਦੀ।
ਬਣ ਕੇ ਜਲੋ ਮਿਸਾਲ,
ਲਾਓ ਚੋਟ ਨਗਾਰੇ ਦੀ,
ਸੁਲਘਣ ਦਾ ਕੀ ਫਾਇਦਾ,
ਬਣ ਕੇ ਪਾਥੀ ਹਾਰੇ ਦੀ।
ਪੋਹ ਦੀ ਠੰਡ ਤੋਂ ਬਚਣਾ,
ਬਣ ਜੋ ਅੱਗ ਅੰਗਿਆਰੇ ਦੀ।
ਵਕਤ ਸਾਂਭ ਲੈ ਨਿੰਮਿਆ,
ਨਾ ਇੱਟ ਬਣ'ਜੀਂ ਢਾਰੇ ਦੀ।

ਬੀਤ ਚੁੱਕਿਆ ਵਕਤ ਜਿਸ ਵਿਚ ਇਨਸਾਨ ਨੇ ਦੁੱਖਾਂ ਦੀ ਤਪਸ਼ ਅਤੇ ਸੁੱਖਾਂ ਦੀ ਠੰਡਕ ਪਿੰਡੇ ਉਤੇ ਹੰਢਾਈ ਹੁੰਦੀ ਹੈ, ਜਿਸ ਦੇ ਕੁਝ ਪਹਿਲੂ ਬੰਦੇ ਦੀ ਉਮਰ ਭਰ ਲਈ ਯਾਦ ਬਣ ਜਾਂਦੇ ਹਨ। ਹਰ ਇਕ ਦੇ ਅਤੀਤ ਨਾਲ ਕਈ ਅਜਿਹੇ ਪਲ ਵੀ ਜੁੜੇ ਹੁੰਦੇ ਹਨ, ਜਿਨ੍ਹਾਂ ਨੂੰ ਉਹ ਚਾਹੁੰਦੇ ਹੋਏ ਵੀ ਨਹੀਂ ਭੁਲਾ ਸਕਦਾ। ਮਿੱਠੀਆਂ ਤੇ ਕੌੜੀਆਂ ਯਾਦਾਂ ਕਈ ਵਾਰ ਸਾਨੂੰ ਕਈ ਕਈ ਸਾਲ ਪਿਛੇ ਲਿਜਾ ਖੜ੍ਹਾ ਕਰਦੀਆਂ ਹਨ। ਗੁਜ਼ਰੇ ਦੌਰ ਦੀਆਂ ਝੱਲੀਆਂ ਤਕਲੀਫਾਂ ਸਾਨੂੰ ਚੱਲ ਰਹੇ ਸਮੇਂ ਵਿਚ ਮੁਸ਼ਕਿਲਾਂ ਤੋਂ ਬਚਣ ਦਾ ਇਕ ਨੁਕਤਾ ਬਣ ਸਕਦੀਆਂ ਹਨ।

ਲਾਲਸਾ ਅਤੇ ਲਾਲਚ ਚੱਲਦੇ ਸਮੇਂ ਨੂੰ ਵਧੀਆ ਬਣਾਉਣ ਵਿਚ ਇਕ ਵਿਘਨ ਪਾਉਂਦੇ ਹਨ ਜੋ ਆਉਣ ਵਾਲੇ ਸਮੇਂ ਲਈ ਖੁਸ਼ੀਆਂ ਖਰੀਦਣ ਲਾ ਦਿੰਦੇ ਹਨ। ਸਾਡੀ ਫਿਤਰਤ ਬਣ ਗਈ ਹੈ ਕਿ ਜੋ ਪੱਲੇ ਹੈ, ਉਸ ਨੂੰ ਸਾਂਭਣ ਦੀ ਅਸੀਂ ਫ਼ਿਕਰ ਨਹੀਂ ਕਰਦੇ ਤੇ ਆਉਣ ਵਾਲਾ ਵਕਤ ਜਿਸ ਨੂੰ ਅਸੀਂ ਵੇਖਿਆ ਨਹੀਂ ਹੁੰਦਾ ਉਸ ਦੇ ਫਿਕਰ ਵਿਚ ਜੁੱਟ ਜਾਂਦੇ ਹਾਂ।

ਅੱਜ ਜਿਸ ਦੀ ਪਹੁੰਚ ਚੱਲੇ, ਵਕਤ ਉਸ ਦਾ ਹੀ ਹੋ ਜਾਂਦਾ ਹੈ, ਜਿਸ ਵਿਹੜੇ ਗਰੀਬੀ ਅਤੇ ਲਾਚਾਰੀ ਹੋਵੇ, ਵਕਤ ਉਸ ਦੇ ਨਾਲ ਨਹੀਂ ਹੁੰਦਾ ਜਿਸ ਕਰਕੇ ਵਕਤ ਦੇ ਸ਼ਰਮਾਏਦਾਰਾਂ ਅੱਗੇ ਉਨ੍ਹਾਂ ਨੂੰ ਹੱਥ ਫੈਲਾਉਣੇ ਅਤੇ ਜੋੜਨੇ ਵੀ ਪੈ ਜਾਂਦੇ ਹਨ, ਜਿਸ ਨਾਲ ਮਨੁੱਖਤਾ ਦਾ ਘਾਣ ਹੁੰਦਾ ਹੈ। ਵਕਤ ਜਿਨ੍ਹਾਂ ਦੇ ਨਾਲ ਹੁੰਦਾ ਹੈ, ਕਈ ਵਾਰੀ ਵਕਤ ਦੇ ਮਾਰਿਆਂ ਨੂੰ ਉਨ੍ਹਾਂ ਦੇ ਗੋਚਰੂ ਹੋਣਾ ਪੈਂਦਾ ਹੈ। ਇਕ ਸੁਨੇਹਾ ਉਨ੍ਹਾਂ ਨੂੰ ਜਿਨ੍ਹਾਂ ਦੀ ਦਹਿਲੀਜ਼ ਭਲਾ ਵਕਤ ਆ ਵੜਿਆ।

ਜੇ ਨਾਜਾਇਜ਼ ਨਿਆਸਰੇ ਦਾ,
ਤੁਸੀਂ ਲਾਭ ਉਠਾਵੋਗੇ।
ਸਮਾਂ ਰੱਬ ਜੇ ਬਦਲ ਦਿੱਤਾ,
ਫਿਰ ਬਹਿ ਪਛਤਾਵੋਗੇ।
ਆਉ ਕੰਮ ਗਰੀਬਾਂ ਦੇ,
ਸੁੱਖ ਬੜਾ ਹੀ ਪਾਵੋਗੇ।
ਨਾ ਵਕਤ ਕਿਸੇ ਦਾ ਮੀਤ ਬਣੇ,
ਬਣੇ ਮੀਤ ਗਵਾਵੋਗੇ।
ਰਹੇ ਪਿਆਰ ਤੇ ਨਾ ਹੰਕਾਰ ਰਹੇ,
ਚੰਗਾ ਵਕਤ ਹੰਢਾਵੋਗੇ।
ਨਹੀਂ ਨਿੰਮਿਆ ਮਾਣ ਤਾਂ ਟੁੱਟਦੇ ਆਏ,
ਮਾਣ ਟੁੱਟਗੇ ਤਾਂ ਪਛਤਾਵੋਗੇ।

# ਪ੍ਰੋ. ਭੁੱਲਰ ਦੀ ਫਾਂਸੀ ਤੁੜਵਾਉਣ ਲਈ ਦਸਤਖਤੀ ਮੁਹਿੰਮ ਜਾਰੀ

**ਸੈਨ ਹੋਜ਼ੇ (ਬਿਊਰੋ):** ਪੰਜਾਬ ਤੋਂ ਛਪਦੇ ਅਖਬਾਰ 'ਪਹਿਰੇਦਾਰ' ਵੱਲੋਂ ਰਾਜਸੀ ਫਾਂਸੀਆਂ ਦੇ ਵਿਰੋਧ ਅਤੇ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਰੱਦ ਕਰਵਾਉਣ ਵਾਸਤੇ ਅਰੰਭੀ ਗਈ ਦਸਤਖਤੀ ਮੁਹਿੰਮ ਤਹਿਤ ਲੰਘੇ ਐਤਵਾਰ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਤੋਂ ਦਸਤਖਤ ਕਰਵਾਏ ਗਏ।



ਤਜਿੰਦਰ ਸਿੰਘ ਭੁੱਲਰ

ਇਸ ਦਸਤਖਤੀ ਮੁਹਿੰਮ ਦੇ ਪਹਿਲੇ ਦਿਨ ਪਟੀਸ਼ਨ 'ਤੇ ਸਿੱਖ ਸੰਗਤ ਨੇ 300 ਤੋਂ ਵੱਧ ਦਸਤਖਤ ਕੀਤੇ।

ਇਸ ਮੁਹਿੰਮ ਦੀ ਸ਼ੁਰੂਆਤ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਤਜਿੰਦਰ ਸਿੰਘ ਭੁੱਲਰ ਨੇ ਗੁਰਦੁਆਰਾ ਸਾਹਿਬ ਦੀ ਸਟੇਜ਼ ਤੋਂ ਪ੍ਰਭਾਵਸ਼ਾਲੀ ਤਕਰੀਰ ਕਰਕੇ ਕੀਤੀ। ਸੰਗਤ ਨੂੰ ਸੰਬੋਧਨ ਕਰਦਿਆਂ ਸ. ਭੁੱਲਰ ਨੇ ਭਾਰਤ ਸਰਕਾਰ ਵੱਲੋਂ 1947 ਲੈ ਕੇ ਹੁਣ ਤੱਕ ਸਿੱਖਾਂ ਨਾਲ ਕੀਤੇ ਧੱਕੇ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ। ਇੰਦਰਜੀਤ ਸਿੰਘ ਥਿੰਦ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਝੂਠੇ ਕੇਸ ਵਿਚ ਉਲਝਾਇਆ ਗਿਆ ਹੈ ਅਤੇ ਉਨ੍ਹਾਂ ਦੇ ਪੱਖ ਨੂੰ ਅਣਗੌਲਿਆ ਕੀਤਾ ਗਿਆ ਹੈ।

ਇਸੇ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਜਿੰਦਰ ਸਿੰਘ ਭੁੱਲਰ ਨਾਲ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਪ੍ਰਧਾਨ ਹਰਦੇਵ ਸਿੰਘ ਤੱਖਰ, ਜਨਰਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਸਟੇਜ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਕਮੇਟੀ ਮੈਂਬਰ ਕ੍ਰਿਪਾਲ ਸਿੰਘ ਅਟਵਾਲ, ਬਹਾਦਰ ਸਿੰਘ ਦਿਉਲ, ਸੁਰਿੰਦਰ ਸਿੰਘ ਪੁਰੇਵਾਲ ਅਤੇ ਸਰਬਜੋਤ ਸਿੰਘ ਸਵੱਦੀ ਤੋਂ ਇਲਾਵਾ ਜਸਵੀਰ ਸਿੰਘ ਪਵਾਰ, ਜਗਮੀਤ ਸਿੰਘ ਹੁੰਦਲ ਤੇ ਮਾਸਟਰ ਭੁਪਿੰਦਰ ਸਿੰਘ ਸ਼ਾਮਲ ਹੋਏ। ਸਾਰੇ ਆਗੂਆਂ ਨੇ ਕਿਹਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਬਚਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।



ਪ੍ਰੋ. ਭੁੱਲਰ ਦਾ ਭਰਾ ਤਜਿੰਦਰ ਸਿੰਘ ਭੁੱਲਰ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਨਾਲ ਅਤੇ (ਹੇਠਾਂ) ਦਸਤਖਤੀ ਮੁਹਿੰਮ ਤਹਿਤ ਦਸਤਖਤ ਕਰ ਰਹੀ ਸੰਗਤ








Visit us on the web:**wwwpunjabtimesusa.com**

## ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦਾ ਐਲਾਨ ਜੂਨ 'ਚ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਲਗਾਤਾਰ ਨੌਂ ਜਿੱਤਾਂ ਦੇ ਰੂਪ ਵਿਚ ਸਫਲਤਾ ਦਾ ਸਿਹਰਾ ਪਾਰਟੀ ਦੇ ਵਰਕਰਾਂ ਦੀ ਮਿਹਨਤ ਦੇ ਸਿਰ ਬੱਝਦਾ ਹੈ। ਪਾਰਟੀ ਦੀ ਨਵੀਂ ਭਰਤੀ ਮੁਹਿੰਮ ਨੂੰ ਸ਼ੁਰੂ ਕਰਕੇ ਪਾਰਟੀ ਦੇ ਜਥੇਬੰਦਕ ਢਾਂਚੇ ਦੀ ਚੋਣ ਬਾਰੇ ਆਮ ਇਜਲਾਸ ਨੂੰ ਸੰਬੋਧਨ ਕਰਦਿਆਂ ਸ. ਬਾਦਲ ਨੇ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਪਿੰਡ ਪਿੰਡ ਤੱਕ ਪਹੁੰਚ ਕਰਕੇ ਪਾਰਟੀ ਦੇ ਆਧਾਰ ਨੂੰ ਹੋਰ ਵਿਸ਼ਾਲ ਕਰਨ।

ਸ. ਬਾਦਲ ਨੇ ਕਿਸੇ ਵੀ ਤਰ੍ਹਾਂ ਦੀ ਬੋਗਸ ਭਰਤੀ ਵਿਰੁੱਧ ਚਿਤਾਵਨੀ ਦਿੰਦਿਆਂ ਕਿਹਾ ਕਿ 10% ਨਵੇਂ ਮੈਂਬਰਾਂ ਨਾਲ ਉਨ੍ਹਾਂ ਵੱਲੋਂ ਸੰਪਰਕ ਕੀਤਾ ਜਾਵੇਗਾ ਤੇ ਕਿਸੇ ਤਰ੍ਹਾਂ ਦੀ ਫਰਜ਼ੀ ਭਰਤੀ ਦੀ ਗੱਲ ਸਾਹਮਣੇ ਆਉਣ 'ਤੇ ਇਸ ਲਈ ਕਸੂਰਵਾਰ ਕਿਸੇ ਵੀ ਆਗੂ ਜਾਂ ਵਰਕਰ ਨੂੰ ਪਾਰਟੀ ਦਾ ਕੋਈ ਅਹੁਦਾ ਨਹੀਂ ਦਿੱਤਾ ਜਾਵੇਗਾ।

ਜਥੇਬੰਦਕ ਚੋਣਾਂ ਲਈ ਇਕ ਸਮਾਂ ਸੀਮਾ ਤੈਅ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਰਤੀ ਮੁਹਿੰਮ 15 ਮਈ ਤੱਕ ਹੀ ਜਾਰੀ ਰਹੇਗੀ ਤੇ ਇਸ ਪਿਛੋਂ ਇਕ ਦਿਨ ਦਾ ਵੀ ਵਾਧਾ ਨਹੀਂ ਹੋਵੇਗਾ। ਜਥੇਬੰਦਕ ਢਾਂਚੇ ਦਾ ਐਲਾਨ ਜੂਨ ਦੇ ਪਹਿਲੇ ਹਫਤੇ ਵਿਚ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਵਲੋਂ 22 ਅਤੇ 23 ਅਪਰੈਲ ਨੂੰ ਪਾਰਟੀ ਦਾ ਦੋ ਦਿਨਾ ਵਿਸ਼ੇਸ਼ ਵਰਕਰ ਸਿਖਲਾਈ ਕੈਂਪ ਅਨੰਦਪੁਰ ਸਾਹਿਬ ਵਿਖੇ ਲਾਇਆ ਜਾਵੇਗਾ। ਇਸ ਕੈਂਪ ਦੌਰਾਨ ਵਰਕਰਾਂ ਤੋਂ ਫੀਡਬੈਕ ਲੈਣ ਤੋਂ ਇਲਾਵਾ ਉਨ੍ਹਾਂ ਨੂੰ ਪਾਰਟੀ ਦੀ ਵਿਚਾਰਧਾਰਾ, ਪ੍ਰਾਪਤੀਆਂ ਤੇ ਇਤਿਹਾਸ ਬਾਰੇ ਜਾਣੂ ਕਰਵਾਇਆ ਜਾਵੇਗਾ।







# ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ ਮੌਕੇ

# ਪੰਜਾਬ ਟਾਈਮਜ਼ ਨਾਈਟ-2013

## ਗੀਤ ਸੰਗੀਤ ਭਰੀ ਇਕ ਸ਼ਾਮ


ਜਤਿੰਦਰ ਜਰਗੀਆ


ਨਿੰਮਾ ਡੱਲੇਵਾਲਾ

**6 ਅਪਰੈਲ 2013**

*(ਸਨਿਚਰਵਾਰ ਸ਼ਾਮ 6:30 ਵਜੇ)*

**ਇੰਡੀਆ ਹਾਊਸ, ਸ਼ਾਮਬਰਗ**

1521 W. Schaumburg Rd., Schaumburg,
IL 60194, Ph:847-895-5501

Limited seats, Minimum contribution: $50

**ਹੋਰ ਜਾਣਕਾਰੀ ਲਈ 847-359-0746**


ਬਲਬੀਰ ਸਿੰਘ
ਅਲਗੋਜ਼ਾ ਮਾਸਟਰ


ਸੰਗੀਤ: ਨਰਿੰਦਰ ਬੱਗਾ


ਮਹਿਮਾਨ ਗਾਇਕ
ਟੋਨੀ ਧਨੋਆ

## ਗਰੈਂਡ ਸਪਾਂਸਰ


ਨਿੱਕ ਗਾਖਲ


ਹਰਜਿੰਦਰ ਸਿੰਘ ਸੰਧੂ


ਗੁਲਜ਼ਾਰ ਸਿੰਘ ਮੁਲਤਾਨੀ


ਭੁਪਿੰਦਰ ਸਿੰਘ ਹੁੰਦਲ


ਮੇਜਰ ਗੁਰਚਰਨ ਸਿੰਘ ਝੱਜ


ਡਾ. ਹਰਜਿੰਦਰ ਸਿੰਘ ਖਹਿਰਾ


ਡਾ. ਦਲਵੀਰ ਸਿੰਘ ਪੰਨੂ

**ਸਪਾਂਸਰ (ਸ਼ਿਕਾਗੋ):** ਸਵਰਨ ਸਿੰਘ ਸੇਖੋਂ, ਦਰਸ਼ਨ ਸਿੰਘ, ਜਗਜੀਤ ਸਿੰਘ ਢੀਂਡਸਾ, ਜਸਵਿੰਦਰ ਸਿੰਘ ਸੰਧੂ, ਕ੍ਰਿਪਾਲ ਸਿੰਘ ਰੰਧਾਵਾ, ਭੁਪਿੰਦਰ (ਭਿੰਦਾ) ਸਿੰਘ ਢਿੱਲੋਂ, ਬਲਵਿੰਦਰ ਸਿੰਘ ਗਿਰਨ, ਰੋਨੀ ਕੁਲਾਰ, ਸੰਨੀ ਕੁਲਾਰ, ਅਮਰੀਕ ਸਿੰਘ (ਅਮਰ ਕਾਰਪੈਟਸ), ਨਾਜਰ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਅੰਮ੍ਰਿਤਪਾਲ ਗਿੱਲ, ਕਰਨਲ ਨਿਰਮਲ ਸਿੰਘ ਸਿੰਘਾ, ਰਵੀ (ਆਰ ਕੇ ਕਾਰਪੈਟ), ਅਮਰਦੇਵ ਬਦੇਸ਼ਾ, ਰਛਪਾਲ ਖੰਗੂੜਾ, ਹਰਦੀਪ ਗਿੱਲ, ਪਰਮਿੰਦਰ ਵਾਲੀਆ, ਸੰਤੋਖ ਸਿੰਘ ਡੀ ਸੀ, ਲੱਕੀ ਸਹੋਤਾ, ਹਰਵਿੰਦਰ ਸਿੰਘ ਬਿੱਲਾ, ਅਜੈਬ ਸਿੰਘ ਲੱਖਣ, ਜਸਕਰਨ ਧਾਲੀਵਾਲ, ਅਜਮੇਰ ਪੰਨੂ, ਜਗਵਿੰਦਰ ਸਿੰਘ ਭੱਠਲ, ਗੁਰਪ੍ਰੀਤ ਗਿੱਲ, ਠਾਕਰ ਸਿੰਘ ਬਸਾਤੀ, ਸਤਿੰਦਰ ਸਿੰਘ ਸੁਸਾਣਾ, ਦਰਸ਼ਨ ਸਿੰਘ ਬਸਰਾਓਂ, ਲਖਵੀਰ ਸਿੰਘ ਸੰਧੂ, ਗਿਆਨ ਸਿੰਘ ਸੀਹਰਾ, ਸਤਨਾਮ ਸਿੰਘ ਔਲਖ, ਇਕਬਾਲ ਸਿੰਘ ਰੰਧਾਵਾ।

**ਇੰਡੀਆਨਾ:** ਬਲਦੇਵ ਸਿੰਘ ਸੱਲਾਂ, ਕਮਲਜੀਤ ਵਿਰਕ, ਪ੍ਰਿਥਪਾਲ ਸਿੰਘ ਘੋਤੜਾ, ਜਸਪਾਲ ਸਿੰਘ ਮੁਲਤਾਨੀ, ਜਸਪਾਲ ਸਿੰਘ ਬਿੱਟੂ, ਜਸਬੀਰ ਸਿੰਘ ਪੇਲੀਆ, ਮਨਜੀਤ ਨਾਗਰਾ, ਧਰਮਿੰਦਰ ਖਟੜਾ, ਗੁਰਬਖਸ਼ ਰਾਹੀ, ਮਨਜਿੰਦਰ ਸਿੰਘ ਸੰਧੂ, ਸੁਖਜਿੰਦਰ ਸਿੰਘ ਭੁੱਲਰ;

**ਮਿਸ਼ੀਗਨ:** ਰਾਜ ਸਿਆਨ, ਰਾਜਬੀਰ ਸਿੰਘ ਬੋਪਾਰਾਏ, ਕਰਨ ਗਿੱਲ, ਸੁਰਿੰਦਰ ਸਿੰਘ ਕੰਗ, ਲਾਡੀ ਮੁਲਤਾਨੀ, ਬਲਬੀਰ ਸਿੰਘ, ਕੁਲਦੀਪ ਸਿੰਘ, ਗੁਰਜਿੰਦਰ ਸਿੰਘ ਡਿੰਪਲ.

**ਮਿਲਵਾਕੀ:** ਕੁਲਵਿੰਦਰ ਸਿੰਘ ਧਾਲੀਵਾਲ, ਅਮਰਜੀਤ ਸਿੰਘ ਸੰਧਰ, ਬਲਬੀਰ ਸਿੰਘ ਸੈਣੀ, ਪਾਖਰ ਸਿੰਘ ਸਿੱਧੂ, ਸੁਖਦੇਵ ਸਿੰਘ ਖਾਲਸਾ, ਲਾਲੀ ਸਿੱਧੂ, ਗੁਰਦੇਵ ਸਿੰਘ; **ਓਹਾਇਓ:** ਇਕਬਾਲ ਸਿੰਘ ਬੋਪਾਰਾਏ, ਗੁਰਿੰਦਰ ਸਿੰਘ ਢਿੱਲੋਂ।

**ਕੈਲੀਫੋਰਨੀਆ:** ਪਿਆਰਾ ਸਿੰਘ ਗੋਸਲ, ਨਾਹਰ ਸਿੰਘ ਹੀਰ, ਰਛਪਾਲ ਸਿੰਘ ਫਰਵਾਲਾ, ਚਰਨ ਸਿੰਘ ਜੱਜ, ਸਤਵੰਤ ਸਿੰਘ, ਭੁਪਿੰਦਰ ਸਿੰਘ ਢਿਲੋਂ, ਸੁਖਦੇਵ ਸਿੰਘ ਬੈਣੀਵਾਲ, ਪ੍ਰੀਤਮ ਸਿੰਘ ਗਰੇਵਾਲ, ਕੁਲਜੀਤ ਸਿੰਘ, ਐਸ ਪੀ ਸਿੰਘ, ਪਲਵਿੰਦਰ ਸਿੰਘ ਗੁਰਾਇਆ, ਗੁਰਚਰਨ ਸਿੰਘ ਮਾਨ, ਗੁਰਦਾਵਰ ਸਿੰਘ ਮਹੇੜੂ, ਸਰਬਜੋਤ ਸਿੰਘ ਸਵੱਦੀ, ਪਰਮਜੀਤ ਸਿੰਘ ਦਾਖਾ।

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ, ਲਾਇਨਜ਼ ਆਫ ਪੰਜਾਬ-ਸ਼ਿਕਾਗੋ, ਅਮੈਰਿਕਨ ਸੀਨੀਅਰ ਸਿੱਖ ਐਸੋਸੀਏਸ਼ਨ (ਆਸਾ), ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ, ਪੰਜਾਬੀ ਕਲਚਰਲ ਸੁਸਾਇਟੀ ਸਾਊਥ ਮਿਸ਼ੀਗਨ-ਕੈਲਮਜ਼ੂ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਡਵੈਸਟ-ਮਿਸ਼ੀਗਨ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ-ਬੈਟਲ ਕਰੀਕ, ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਡੇਅਟਨ (ਓਹਾਇਓ), ਸ਼ਹੀਦ ਊਧਮ ਸਿੰਘ ਸੁਸਾਇਟੀ-ਨਿਊ ਯਾਰਕ, ਹੱਸਦਾ ਪੰਜਾਬ ਐਸੋਸੀਏਸ਼ਨ ਡੈਲਸ (ਟੈਕਸਸ); ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ, ਬੇਅ ਏਰੀਆ ਸਪੋਰਟਸ ਕਲੱਬ ਕੈਲੀਫੋਰਨੀਆ, ਸੋਲਾਨੋ ਕਾਉਂਟੀ ਸਪੋਰਟਸ ਕਲੱਬ (ਫੇਅਰਫੀਲਡ), ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ, ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ, ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਫਰਿਜ਼ਨੋ, ਪੰਜਾਬੀ ਅਮੈਰੀਕਨ ਹੈਰੀਟੇਜ਼ ਸੁਸਾਇਟੀ ਯੂਬਾ ਸਿਟੀ, ਬੇਅ ਏਰੀਆ ਕਲਚਰਲ ਐਂਡ ਸਪੋਰਟਸ ਐਸੋਸੀਏਸ਼ਨ ਸੈਨ ਹੋਜ਼ੇ।

**ਮੀਡੀਆ ਸਹਿਯੋਗੀ:** ਪੰਜਾਬੀ ਲੇਖਕ ਡਾਟ ਕਾਮ, ਰੇਡੀਓ ਚੰਨ ਪਰਦੇਸੀ, ਰੇਡੀਓ ਰੌਣਕ ਮੇਲਾ, ਸਿੱਖ ਟੀ ਵੀ, ਰੇਡੀਓ ਦੇਸੀ ਜੰਕਸ਼ਨ, ਰੇਡੀਓ ਚੜ੍ਹਦੀ ਕਲਾ, ਪੰਜਾਬੀ ਰੇਡੀਓ ਯੂ ਐਸ ਏ।

**ਵਿਸ਼ੇਸ਼ ਸਹਿਯੋਗੀ: ਜੈ ਰਾਮ ਸਿੰਘ ਕਾਹਲੋਂ, ਗੁਰਮੁਖ ਸਿੰਘ ਭੁੱਲਰ, ਸੁਰਿੰਦਰ ਸਿੰਘ ਭਾਟੀਆ**

*ਵੀਡੀਓ ਅਤੇ ਫੋਟੋਗ੍ਰਾਫੀ: ਸਿਆਨ ਵੀਡੀਓ (ਫੋਨ:734-261-0936)*

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

*e-mail: punjabtimes1@sbcglobal.net, website: www.punjabtimesusa.com*

# ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ, ਪ੍ਰੋ ਜੋਗਿੰਦਰ ਸਿੰਘ ਰਮਦੇਵ, ਅਮੋਲਕ ਸਿੰਘ ਗਾਖਲ, ਡਾ. ਨਵਦੀਪ ਕੌਰ ਸੰਧੂ, ਬਲਵਿੰਦਰ ਕੌਰ ਸੇਖੋਂ, ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਦਿਓਲ, ਹਰਜੀਤ ਸਿੰਘ ਸਾਹੀ



ਬਲਵਿੰਦਰ ਸਿੰਘ ਸੰਧੂ, ਸਰਵਣ ਸਿੰਘ ਟਿਵਾਣਾ, ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਜੈਦੇਵ ਸਿੰਘ ਭੱਠਲ, ਜੱਸੀ ਗਿੱਲ, ਦਰਸ਼ਨ ਸਿੰਘ ਗਰੇਵਾਲ, ਡਾ. ਹਰਗੁਰਮੁਖਪਾਲ ਸਿੰਘ



ਸਰਬਜੀਤ ਥਿਆੜਾ, ਯਾਦਵਿੰਦਰ ਸਿੰਘ ਖੱਟੜਾ, ਮਨਦੀਪ ਸਿੰਘ ਭੁਰਾ, ਜਗਦੀਸ਼ਰ ਸਿੰਘ ਕਲੇਰ, ਹੈਪੀ ਹੀਰ, ਗੁਰਿੰਦਰ ਸਿੰਘ ਗਿੱਲ, ਅਯੁਧਿਆ ਸਲਵਾਨ, ਡਾ. ਤੇਜਿੰਦਰ ਸਿੰਘ ਮੰਡੇਰ

## ਮੁੱਖ ਸਪਾਂਸਰ



ਗੁਰਮੇਲ ਸਿੰਘ ਕੰਗ, ਰਵਿੰਦਰ ਸਿੰਘ ਰਵੀ, ਮਨਜਿੰਦਰ ਸਿੰਘ ਭੰਬਰਾ, ਪਰਸ਼ਨ ਸਿੰਘ ਮਾਨ, ਜਗਮੀਤ ਸਿੰਘ (ਰੀਮੈਕਸ), ਮੱਖਣ ਸਿੰਘ ਬੈਂਸ, ਨਰਿੰਦਰ ਸਿੰਘ ਮੁੰਦਰ, ਹਰਪਾਲ ਸਿੰਘ ਟਾਂਡਾ



ਪਾਲ ਖਲੀਲ, ਕਿਰਨਜੀਤ ਸਿੰਘ ਬਾਵਾ, ਸਤਵੰਤ ਸਿੰਘ ਨਿੱਜਰ, ਸੰਦੀਪ ਸਿੰਘ ਲਾਡੀ, ਜਸਵੰਤ ਸਿੰਘ ਜੱਸਾ, ਬੇਅੰਤ ਸਿੰਘ ਬੋਪਾਰਾਏ, ਗੁਰਦੇਵ ਸਿੰਘ ਜੌੜਾ, ਅਮਰਜੀਤ ਸਿੰਘ ਸੰਧਰ



ਮੁਖਤਿਆਰ ਸੇਖੋਂ, ਅਵਤਾਰ ਸਿੰਘ ਸਪਰਿੰਗਫੀਲਡ, ਹਰਿੰਦਰ ਵਾਲੀਆ, ਸੁਰਜੀਤ ਸਿੰਘ ਮਾਵੀ, ਬਹਾਦੁਰ ਸਿੰਘ ਸੇਲਮ, ਰਘਬੀਰ ਸਿੰਘ ਘੁੰਨ, ਹੀਰਾਲਾਲ ਸਿੰਘ ਚਮਦਲ, ਦਲਬਾਰਾ ਮਾਂਗਟ



ਰਾਣਾ ਵਿਰਕ, ਸੁਰਿੰਦਰ ਸਿੰਘ ਗਰਚਾ, ਦਲਵੀਰ ਸਿੰਘ ਗਿੱਲ, ਬਲਜੀਤ ਸਿੱਧੂ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਗੁਰਨਾਮ ਸਿੰਘ ਸਿੱਧੂ, ਹਰਪ੍ਰੀਤ ਸਿੰਘ

ਕਲਾ ਪਰਿਕਰਮਾ

# ਹੱਥਾਂ ਉਤੇ ਰੰਗਾਂ ਦਾ ਮੇਲਾ

**ਬੰਦੇ ਦੇ ਹੱਥਾਂ ਉਤੇ ਰੰਗ ਸਜਾ ਕੇ ਇਨ੍ਹਾਂ ਨੂੰ ਜਿਉਂਦੇ-ਜਾਗਦੇ ਜਾਨਵਰਾਂ ਵਰਗਾ ਦਿਸਣ ਲਾਉਣ ਵਾਲਾ ਕਲਾਕਾਰ ਗੁਇਦੋ ਦੇਨੀਅਲ ਅੱਜਕੱਲ੍ਹ ਖੂਬ ਚਰਚਾ ਵਿਚ ਹੈ। ਉਸ ਦੀ ਕਲਾ ਤੇ ਕਲਾ ਪ੍ਰਤਿਭਾ ਦੰਗ ਕਰਨ ਵਾਲੀ ਹੈ। ਇਕ ਵਾਰ ਜਿਹੜਾ ਬੰਦਾ ਉਸ ਦੀ ਕੋਈ ਕਲਾਕ੍ਰਿਤੀ ਦੇਖ ਲੈਂਦਾ ਹੈ, ਫਿਰ ਉਸ ਦਾ ਹੀ ਹੋ ਕੇ ਰਹਿ ਜਾਂਦਾ ਹੈ। ਉਸ ਦੇ ਹੱਥਾਂ ਵਿਚ ਕੋਈ ਜਾਦੂ ਹੈ ਕਿ ਉਹ ਕੁਝ ਕੁ ਘੰਟਿਆਂ ਵਿਚ ਬੰਦੇ ਦੇ ਹੱਥ ਨੂੰ ਜਾਨਵਰ ਦਾ ਚਿਹਰਾ ਧਰਦਾ ਹੈ। ਉਸ ਦੀ ਇਹ ਕਲਾ ਕਿਸੇ ਅਸਚਰਜ ਤੋਂ ਤਰ੍ਹਾਂ ਘੱਟ ਨਹੀਂ। ਉਸ ਦੀ ਇਸ ਕਲਾ ਨੇ ਸੰਸਾਰ ਭਰ ਵਿਚ ਧੁੰਮਾਂ ਪਾ ਦਿੱਤੀਆਂ ਹਨ। -ਸੰਪਾਦਕ**



ਗੁਇਦੋ ਦੇਨੀਅਲ ਦਾ ਜਨਮ 1950 ਵਿਚ ਸੋਵਰਾਤੋ (ਕੈਲਾਬਰੀਆ, ਇਟਲੀ) ਵਿਚ ਹੋਇਆ। ਅੱਜਕੱਲ੍ਹ ਉਸ ਦੀ ਕਰਮ ਭੂਮੀ ਇਟਲੀ ਦਾ ਮਸ਼ਹੂਰ ਸ਼ਹਿਰ ਮਿਲਾਨ ਹੈ। ਦੇਨੀਅਲ ਨੇ 1972 ਵਿਚ 'ਬਰੇਰਾ ਸਕੂਲ ਆਫ਼ ਆਰਟ' ਤੋਂ ਗਰੈਜੂਏਸ਼ਨ ਕੀਤੀ ਸੀ। ਉਸ ਦਾ ਮੁੱਖ ਖੇਤਰ ਬੁੱਤਸਾਜ਼ੀ ਸੀ। ਦੇਨੀਅਲ ਦਾ ਭਾਰਤ ਨਾਲ ਵੀ ਗੂੜ੍ਹਾ ਸਬੰਧ ਰਿਹਾ ਹੈ। ਉਹ ਧਰਮਸ਼ਾਲਾ ਦੇ ਤਾਨਕਸ ਸਕੂਲ ਵਿਚ ਦੋ ਸਾਲ ਪੜ੍ਹਿਆ ਅਤੇ ਉਥੇ ਕਲਾ ਬਾਰੇ ਗੁਰ ਸਿੱਖੇ। ਤਾਨਕਸ ਸਕੂਲ ਵਿਚ ਤਿੱਬਤੀ ਕਲਾ ਵੀ ਸਿਖਾਈ ਜਾਂਦੀ ਹੈ। ਭਾਰਤ ਵਿਚ ਬਿਤਾਏ ਇਨ੍ਹਾਂ ਦੋ ਸਾਲਾਂ ਨੂੰ ਉਹ ਬਹੁਤ ਅਹਿਮੀਅਤ ਦਿੰਦਾ ਹੈ। ਉਸ



ਮੁਤਾਬਕ ਉਸ ਨੂੰ ਬੰਦੇ ਦੀ ਦੇਹ ਉਤੇ ਚਿੱਤਰ ਬਣਾਉਣ ਦਾ ਫੁਰਨਾ ਇਸ ਸਕੂਲ ਵਿਚ ਪੜ੍ਹਦਿਆਂ ਹੀ ਫੁਰਿਆ ਸੀ। ਤਿੱਬਤੀ ਕਲਾ ਦੀਆਂ ਬਾਰੀਕੀਆਂ ਬਾਅਦ ਵਿਚ ਉਸ ਨੇ ਆਪਣੀ ਵਿਲੱਖਣ ਸ਼ੈਲੀ ਵਿਚ ਵੀ ਸ਼ਾਮਲ ਕੀਤੀਆਂ। ਉਸ ਵੇਲੇ 22 ਵਰ੍ਹਿਆਂ ਦਾ ਨੌਜਵਾਨ ਦੇਨੀਅਲ ਇਸ ਕਲਾ ਨੂੰ ਸਮਝ ਕੇ ਆਪਣੇ ਜਿਸਮ-ਓ-ਜਾਨ ਵਿਚ ਰਚਾ ਰਿਹਾ ਸੀ। ਇਨ੍ਹਾਂ ਦੋ ਸਾਲਾਂ ਦੌਰਾਨ ਉਹ ਚਿੱਤਰਕਲਾ ਦੇ ਅਨੇਕਾਂ ਰੰਗਾਂ ਨਾਲ ਦੋ-ਚਾਰ ਹੋਇਆ ਅਤੇ ਫਿਰ ਜਦ ਉਸ ਨੇ ਬਤੌਰ ਕਲਾਕਾਰ ਖੁੱਲ੍ਹੇ ਆਕਾਸ਼ ਵਿਚ ਪਰਵਾਜ਼ ਭਰੀ ਤਾਂ ਇਨ੍ਹਾਂ ਦੋ ਸਾਲਾਂ ਦਾ ਤਜਰਬਾ ਉਸ ਦੇ ਨਾਲ-ਨਾਲ ਉਡ ਰਿਹਾ ਸੀ। ਇਨ੍ਹਾਂ ਸਾਲਾਂ ਬਾਰੇ ਚਰਚਾ ਉਹ ਬਹੁਤ ਭਾਵੁਕ ਹੋ ਕੇ ਕਰਦਾ ਹੈ। ਉਦੋਂ ਇਕ ਤਾਂ ਉਸ ਉਤੇ ਚਿੱਤਰਕਲਾ ਦਾ ਗੂੜ੍ਹਾ ਰੰਗ ਚੜ੍ਹ ਰਿਹਾ ਸੀ ਅਤੇ



ਦੂਜੇ ਭਾਰਤੀ ਪਰੰਪਰਾ ਨੂੰ ਉਹ ਬਹੁਤ ਨੇੜਿਓਂ ਦੇਖ ਰਿਹਾ ਸੀ। ਤੀਜੇ, ਤਿੱਬਤ ਦਾ ਰੰਗ ਉਸ ਦੇ ਮਨ ਅੰਦਰ ਡੂੰਘਾ ਰਮ-ਰਚ ਰਿਹਾ ਸੀ। ਕਲਾ ਅਤੇ ਜ਼ਿੰਦਗੀ ਦੇ ਰੰਗਾਂ ਵਿਚ ਘੁਲੀ ਉਸ ਦੀ ਇਸ ਪਰਵਾਜ਼ ਵਿਚ ਸਮੁੱਚੇ ਸੰਸਾਰ ਦੇ ਰੰਗ ਸਮੋਏ ਹੋਏ ਹਨ। ਦੇਨੀਅਲ ਵਾਰ-ਵਾਰ ਤਜਰਬਿਆਂ ਵਿਚੋਂ ਲੰਘਿਆ। ਉਹ ਅਸਲ ਵਿਚ ਤਜਰਬਿਆਂ ਨੂੰ ਕਲਾ ਦਾ ਅਹਿਮ ਅਤੇ ਜ਼ਰੂਰੀ ਹਿੱਸਾ ਮੰਨਦਾ ਹੈ। ਉਹਨੇ ਇਕ ਵਾਰ 400 ਵਰਗ ਮੀਟਰ ਕੱਪੜੇ ਉਤੇ ਚਿੱਤਰਕਾਰੀ ਕੀਤੀ। ਇਸ ਵਿਚ ਵੀ ਜ਼ਿੰਦਗੀ ਅਤੇ ਜੀਵਨ ਦਾ ਹੀ ਸੁਨੇਹਾ ਸੀ। ਇਹ ਸਭ ਉਸ ਦੀ



ਕਲਾ ਵਿਚ ਵੀ ਝਲਕਦਾ ਸੀ। ਮਨੁੱਖੀ ਦੇਹ (ਬੌਡੀ ਪੇਂਟਿੰਗ) ਵੱਲ ਵਧੇਰੇ ਧਿਆਨ ਉਸ ਨੇ 1990 ਵਿਚ ਦਿੱਤਾ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਫਿਰ ਤਾਂ ਉਹ ਇਸ ਖੇਤਰ ਦਾ ਮਾਹਿਰ ਹੋ ਨਿਬੜਿਆ। ਇਸੇ ਆਧਾਰ ਉਤੇ ਉਸ ਨੂੰ ਬਹੁਤ ਵੱਡੇ ਪੱਧਰ ਉਸ ਇਸ਼ਤਿਹਾਰਾਂ ਦਾ ਕੰਮ ਵੀ ਮਿਲਿਆ। ਜਾਨਵਰਾਂ ਦੇ ਚਿੱਤਰ ਬਣਾਉਣ ਕਰ ਕੇ ਟੈਲੀਵਿਜ਼ਨ ਨੈੱਟਵਰਕ 'ਐਨੀਮਲ ਪਲੈਨਿਟ' ਨੇ ਉਸ ਨੂੰ 2007 ਵਿਚ 'ਹੀਰੋ ਆਫ ਦ ਯੀਅਰ' ਖਿਤਾਬ ਨਾਲ ਨਿਵਾਜਿਆ। ਇਸ ਨੂੰ ਉਹ

ਆਪਣੀ ਖਾਸ ਪ੍ਰਾਪਤੀ ਗਿਣਦਾ ਹੈ। ਅਸਲ ਵਿਚ ਇਸ ਖਿਤਾਬ ਤੋਂ ਬਾਅਦ ਉਸ ਦਾ ਸੰਸਾਰ ਭਰ ਵਿਚ ਛਾ ਜਾਣ ਦਾ ਅਮਲ ਆਰੰਭ ਹੋਇਆ। ਇਸ ਦਿਨ ਨੂੰ ਉਹ ਬੜੇ ਚਾਅ ਨਾਲ ਯਾਦ ਕਰਦਾ ਹੈ।

ਦੇਨੀਅਲ ਨੇ ਮੁੱਖ ਤੌਰ ਉਤੇ ਹੱਥਾਂ ਉਤੇ ਪੇਂਟਿੰਗ ਕਰ ਕੇ ਵੱਖ-ਵੱਖ ਕਲਾ ਕ੍ਰਿਤੀਆਂ ਸਿਰਜੀਆਂ। ਉਹ ਦੱਸਦਾ ਹੈ ਕਿ ਇਹ 'ਹੱਥ ਚਿੱਤਰ' ਉਹ ਦੋ ਤੋਂ ਲੈ ਕੇ ਦਸ ਘੰਟੇ ਵਿਚ ਮੁਕੰਮਲ ਕਰ ਲੈਂਦਾ ਹੈ। ਉਹ ਆਪਣੇ ਪੁੱਤਰ ਮਾਈਕਲ ਜੇਮਸ (15) ਅਤੇ ਧੀ ਜੀਨੇਵਰਾ (22) ਦੇ ਹੱਥਾਂ ਉਤੇ ਹੀ ਆਪਣੀਆਂ ਵਧੇਰੇ ਕਲਾਕ੍ਰਿਤੀਆਂ ਸਿਰਜਦਾ ਹੈ। ਇਸ ਬਾਰੇ ਉਹ ਆਖਦਾ ਹੈ, "ਇਕ ਕਲਾਕ੍ਰਿਤੀ ਬਣਾਉਣ ਲਈ ਕਈ ਘੰਟੇ ਲੱਗ ਜਾਂਦੇ ਹਨ ਅਤੇ ਕਈ ਘੰਟੇ ਅਗਲੇ ਦਾ ਹੱਥ ਫੜ ਕੇ ਬੈਠਣਾ ਪੈਂਦਾ ਹੈ। ਇਨਾ ਸਮਾਂ ਮੈਂ ਉਸੇ ਦਾ ਹੱਥ ਫੜ ਸਕਦਾ ਹਾਂ ਜਿਸ ਨੂੰ ਅਤਿਅੰਤ ਪਿਆਰ ਕਰਦਾ ਹੋਵਾਂ। ਮੈਂ ਮਾਡਲਾਂ ਨਾਲ ਕੰਮ ਕਰ ਹੀ ਨਹੀਂ ਸਕਦਾ ਜਿਹੜੇ ਆਮ ਤੌਰ 'ਤੇ ਨਰਵਸ ਜਿਹੇ ਹੋਏ ਰਹਿੰਦੇ ਹਨ ਅਤੇ ਜਿਨ੍ਹਾਂ ਦੇ ਹੱਥ ਹਿਲਦੇ ਹੀ ਰਹਿੰਦੇ ਹਨ। ਅਜਿਹੇ ਮਾਡਲਾਂ ਨਾਲ ਕੰਮ ਕਿਵੇਂ ਹੋ ਸਕਦਾ ਹੈ?" ਉਹ ਦੱਸਦਾ ਹੈ ਕਿ ਉਸ ਨੇ ਉਡ ਰਹੇ ਬਾਜ਼ ਦੀ ਕਲਾਕ੍ਰਿਤੀ 10 ਘੰਟਿਆਂ 'ਚ ਪੂਰੀ ਕੀਤੀ ਸੀ। ਇਹ ਸਭ ਤੋਂ ਔਖੀ ਕਲਾਕ੍ਰਿਤੀ ਸੀ। ਦੇਨੀਅਲ ਦਾ ਕਹਿਣਾ ਹੈ ਕਿ ਅਜਿਹੀਆਂ ਕਲਾਕ੍ਰਿਤੀਆਂ ਬਣਾਉਣਾ ਹੁਣ ਉਸ ਲਈ ਕੋਈ ਵੱਡਾ ਕੰਮ



ਨਹੀਂ, ਪਰ ਜਦੋਂ ਉਹ ਹੱਥ ਉਤੇ ਸਜੀ ਆਪਣੀ ਕਲਾ ਕ੍ਰਿਤੀ ਨੂੰ ਧੋਂਦਾ ਹੈ ਤਾਂ ਉਸ ਨੂੰ ਬਹੁਤ ਦਰਦ ਮਹਿਸੂਸ ਹੁੰਦਾ ਹੈ। ਉਸ ਦੇ ਦਿਲ ਅੰਦਰ ਇਕ ਹੌਲ ਜਿਹਾ ਉਠਦਾ ਹੈ। ਉਂਜ ਹੁਣ ਤਾਂ ਉਹ ਸ਼ਾਇਦ ਅਜਿਹਾ ਕਰਨਾ ਵੀ ਗਿੱਝ ਗਿਆ ਹਾਂ। ਹੁਣ ਉਹ ਇੰਜ ਸੋਚਦਾ ਹਾਂ ਕਿ ਇਕ ਕਲਾਕ੍ਰਿਤੀ ਧੋ ਕੇ ਹੀ ਤਾਂ ਉਹ ਅਗਲੀ ਕਲਾਕ੍ਰਿਤੀ ਸ਼ੁਰੂ ਕਰ ਸਕੇਗਾ। ਪੈਸੇ-ਧੇਲੇ ਦੇ ਪੱਖ ਤੋਂ ਦੇਨੀਅਲ ਦਾ ਮੁੱਖ ਕਾਰਜ ਖੇਤਰ ਇਸ਼ਤਿਹਾਰੀ ਕੰਪਨੀਆਂ ਨਾਲ ਜੁੜਿਆ ਹੋਇਆ ਹੈ। 1986 ਵਿਚ ਉਸ ਨੇ ਮੈਗਜ਼ੀਨਾਂ ਦੇ ਕਵਰ, ਪ੍ਰਿੰਟ ਤੇ ਟੀ.ਵੀ. ਇਸ਼ਤਿਹਾਰ ਅਤੇ ਟੀ.ਵੀ. ਸ਼ੋਅਜ਼ ਵਿਚ ਵੀ ਹਿੱਸਾ ਲਿਆ। ਉਹ ਆਖਦਾ ਹੈ ਕਿ ਰੋਜ਼ੀ-ਰੋਟੀ ਦਾ ਮਸਲਾ ਸਦਾ ਹੀ ਕਲਾਕਾਰਾਂ ਦੇ ਸਾਹਮਣੇ ਰਿਹਾ ਹੈ। ਇਹ ਕਲਾਕਾਰ ਲਈ ਵੰਗਾਰ ਵੀ ਹੁੰਦੀ ਹੈ। ਇਸੇ ਨੁਕਤੇ ਨੂੰ ਆਧਾਰ ਬਣਾ ਕੇ ਉਹ ਹਰ ਇਸ਼ਤਿਹਾਰ ਸਾਈਨ ਕਰ ਲੈਂਦਾ ਹੈ ਅਤੇ ਇਸ ਤੋਂ ਕੀਤੀ ਕਮਾਈ ਆਪਣੀ ਕਲਾ ਅਤੇ ਆਪਣੇ ਪਿਆਰੇ ਪਰਿਵਾਰ ਉਤੇ ਲਾ ਦਿੰਦਾ ਹੈ। ਉਸ ਮੁਤਾਬਕ ਕਲਾ ਅਤੇ ਵਣਜ ਦੇ ਇਨ੍ਹਾਂ ਪੱਖਾਂ ਨੂੰ ਉਹ ਬਰਾਬਰ ਤੱਕੜੀ ਵਿਚ ਤੋਲਦਾ ਹੈ। ਉਹ ਆਖਦਾ ਹੈ ਕਿ ਕਲਾਕਾਰ ਵੀ ਇਸੇ ਦੁਨੀਆਂ ਦੇ ਬਾਸ਼ਿੰਦੇ ਹਨ; ਇਨ੍ਹਾਂ ਨੇ ਵੀ ਆਖਰਕਾਰ ਇਸੇ ਮੁਤਾਬਕ ਚੱਲਣਾ ਹੁੰਦਾ ਹੁੰਦਾ ਹੈ। ਹਾਂ, ਕਲਾਕਾਰ ਦਾ ਇਹ ਫਰਜ਼ ਜ਼ਰੂਰ ਹੁੰਦਾ ਹੈ ਕਿ ਉਹ ਆਪਣੀ ਕਲਾ ਨੂੰ ਪੈਸੇ ਅੱਗੇ ਹੀਣੀ ਨਾ ਬਣਾਵੇ। ਉਹ ਕਲਾ ਦੀ ਬੁਲੰਦੀ ਦੇ ਹੱਕ ਵਿਚ ਹੈ।

***-ਗੁਰਦੀਪ ਸਿੰਘ ਮਾਵੀ***
***ਫੋਨ 91-90411-63621***

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 6 ਅਪਰੈਲ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-58



ਤਸਵੀਰ: ਡਾ. ਦਲਬੀਰ ਪੰਨੂ

***ਸੱਪ ਜਿਹਾ ਜ਼ਹਿਰੀਲਾ ਜਾਨਵਰ ਬੀਨ ਵਜਦਿਆਂ ਨੱਚਦਾ ਏ।***
***ਗੀਤ ਗਾਉਂਦਿਆਂ ਸੁਣਦਿਆਂ ਬੰਦਾ ਸਾੜਾ ਕਰ ਕਰ ਮੱਚਦਾ ਏ!***

## ਕੈਪਸ਼ਨ ਮੁਕਾਬਲਾ-56



ਡੀ.ਐਮ.ਵੀ. ਦੀਆਂ ਗੱਲਾਂ ਛੱਡੋ,
ਕਰੀਏ ਗੱਲ ਪੰਜਾਬ ਦੀ।
ਜਿਥੇ ਗੱਡੀ ਚਲਾਉਣ ਤੋਂ ਪਹਿਲਾਂ,
ਬੋਤਲ ਪੀਣ ਸ਼ਰਾਬ ਦੀ।
ਤੂੜੀ ਦੀਆਂ ਪੰਡਾਂ ਦੇ ਪਰਬਤ,
ਟਰਾਲੀ ਉਤੇ ਧਰਦੇ।
ਸਾਰੀ ਸੜਕ 'ਤੇ ਰਾਜ ਇਨ੍ਹਾਂ ਦਾ,
ਨਹੀਂ ਕਿਸੇ ਤੋਂ ਡਰਦੇ।
ਕੀ ਸਰਕਾਰ ਤੇ ਕੀ ਏ ਜਨਤਾ,
ਸਭ ਅਕਲਾਂ ਤੋਂ ਖਾਲੀ।
ਇਹ 'ਸੁਰਜੀਤ' ਪੰਜਾਬ ਹੈ ਮੇਰਾ,
ਰੱਬ ਹੈ ਇਸ ਦਾ ਵਾਲੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

---

ਸੜਕਾਂ ਉਪਰ ਰਾਜ ਅਸਾਡਾ,
ਮਨ ਦੀ ਮਰਜੀ ਕਰਦੇ ਹਾਂ।
ਦੁੱਗਣਾਂ ਤਿੱਗਣਾਂ ਲੱਦ ਲੈਂਦੇ ਹਾਂ,
ਕਿਸੇ ਕੋਲੋਂ ਨਾ ਡਰਦੇ ਹਾਂ।
ਕੌਣ ਕਿਸੇ ਨੂੰ ਪੁੱਛਦੈ ਇੱਥੇ,
ਨਿਯਮਾਂ ਦਾ ਢਿੱਡ ਭਰਦੇ ਹਾਂ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

ਤੁੰਨ੍ਹ ਤੁੰਨ੍ਹ ਕੇ ਤੂੜੀ ਭਰ'ਤੀ,
ਸਾਹ ਵੀ ਮੁਸ਼ਕਿਲ ਆਵੇ।
ਜੀ.ਟੀ. ਰੋਡ 'ਤੇ ਜਾਂਦਾ ਹੋਇਆ,
ਕਿਵੇਂ 'ਦੁਹਾਈਆਂ' ਪਾਵੇ?

***-ਬਲਜੀਤ ਸਿੰਘ 'ਬੱਲੀ'***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਇਹ ਹੈ ਯਾਰਾਂ ਦਾ ਟਰੱਕ
ਉਤੇ ਲੱਦੀ ਹੋਈ ਐ ਫੱਕ।
ਆਇਆ ਜਿਹੜਾ ਕੋਈ ਨੇੜੇ
ਇਹਨੇ ਫੱਟੇ ਦੇਣੇ ਚੱਕ!

***-ਫ਼ਕੀਰ ਚੰਦ 'ਸੈਂਪਲਾ'***
***ਐਲ.ਏ., ਕੈਲੀਫੋਰਨੀਆ।***

---

ਲਾਲਚ ਵੱਸ ਢਿੱਡ ਭਰ ਲਿਆ ਕਿੱਦਾਂ
ਦੇ ਕੇ ਪੂਰੀ ਤੂਲ।
ਸੜਕ ਵਿਚਾਲੇ ਫੂਕ ਦਿਆਂਗੇ
ਸਾਰੇ ਅੜੇ ਅਸੂਲ।
ਟਰੈਕਟਰ ਉਤੇ ਬੈਠ ਸੁਣੀ ਚੱਲ
ਤੂੰ ਵੀ ਤੱਤੇ ਗਾਣੇ।
ਮਰੇ ਖਪੇ ਦੇ ਮੰਨ ਲੈਣਗੇ
ਆਪੇ ਲੋਕੀਂ ਭਾਣੇ।

***-ਮਨਵੀਰ ਸਿੰਘ***
***ਫਰੀਮਾਂਟ, ਕੈਲੀਫੋਰਨੀਆ।***

---

ਦੇਖੋ ਕਿਵੇਂ ਨਾਲ ਟਰੱਕ ਦੇ
ਹੋਈ ਪਈ ਕੁਪੱਤ।
ਅੰਨੀ-ਬੋਲਾ ਹੋ ਗਏ 'ਕੱਠੇ
ਕੌਣ ਦਊਗਾ ਮੱਤ।
ਦੂਜੇ ਪਾਸੇ ਵੱਜਦੇ ਗਾਣੇ
ਰਗੜ ਦਈਂ ਨਾ ਕੋਈ।
ਥੋੜੀਆਂ ਗਲਤੀਆਂ ਕਰਕੇ
ਖੌਰੇ ਦੁਨੀਆਂ ਕਿੰਨੀ ਮੋਈ।

***-ਜਗਤਾਰ ਸਿੰਘ***
***ਸਟਾਕਟਨ, ਕੈਲੀਫੋਰਨੀਆ।***

Since 1990

# PCS SACRAMENTO (USA)

Non Profit

Presents

24ਵਾਂ ਵਿਸਾਖੀ ਮੇਲਾ

# Visakhi Mela

Celebration On Saturday,

**20th APRIL 2013**

**At 4.00 P. M.**

AT

## S.E.S. Hall

10427 E. STOCKTON BLVD.
ELK GROVE, CA 95624



**Featuring : Songs, Gidha & Bhangra, Dances, Skits and Much More**

### SPONSORS

Indo American Desh Bhagat Foundation, Indus Valley American Chamber of Commerce, Punjab Arts & Culture Promotions, Indo American Cultural Organization, Harjit Singh (Mountain Mike's Pizza Elkgrove), Inderjit Singh (Mountain Mike's Pizza Elkgrove Florin), Bagga Palace, India House of Grocery, Desi Bazar, India spices& music in Elkgrove, Rajinder Singh, Gurnek Singh, Jaswinder Sandhu, Avtar Atwal, Charan Badwal, Baljinder Johal, Piara Singh Parhar, Malkit Boparai, Jassi (Power Mart), Aklesh Singh, A V Sweets, Sukhchain Singh, Joga Ghuman, Hardeep Singh, Manjeet Dhillon (Modesto), Raghvir Gill, S.P.Singh, Amarjit Singh, Manpreet Singh, Inderjit Singh, Parminderjit Singh, Jaswant Singh, Gurchetan Singh, Manjit Singh, Kulwinder Bobby, Varinder Sekhon & Manjit Singh (Punjab Insurance & Immigration Tax Service) & Paramjit Dhaliwal (Fresno), Bakhshish Gill, Amarjit Dulai, Gurmukh Gosal (Sheration) Wells Fargo Bank, Sky West Real Estate, Money Gram(Fast Trip Florin Rd) P. Mann Trucking, Manjit Singh, Nirmal Singh, Gurdeep Dhillon, Sukhchan Singh, Jaswinder Boparai, Jasvir Thandi (Century21 Real Estate) & Alex Singh (Quality Vending).

### ORGANIZING COMMITTEE

Rajinder Pal Singh, Amrik Singh, Harjinder Basra, Tirath Sahota, Paramjit Dhillon, Surinder Bindra, Ajaib Kahlon, Rashpal Pharwala, Jarnail Sarpanch, Debi Gill, Sukhraj Singh, Bhupinder Rehal, Jaswinder Pooni, Jaswant Shad, Arjinder Kukki, M.S.Chahal, Pavittar Nahal, Satwinder Rangi, Varinder Sanghera, Kamal Banga, Paminder Virk, Balbir Johal, Avtar Dodd, Harjinder Pandher, Satvinder Sarhadi, Pal Singh, Manhor Lal Ratti, Jarnail Mander & Jagjit Kandola

*Spcl. Appearance*

**Bhangra & Gidda**

ਕੈਲੇਫੋਰਨੀਆ ਦੇ ਉੱਘੇ ਕਲਾਕਾਰ ਇਸ ਵਿੱਚ ਭਾਗ ਲੈ ਰਹੇ ਹਨ । ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੁੰਮ ਹੁਮਾ ਕੇ ਪਹੁੰਚੋ ।

*For More Information Please Contact :*

Participation: Rashpal Pharwala (916) 880-0531
Tirath Sahota (916) 271-8382
Amrik Parhar (916) 502-0064
Host by: Jaswant S. Shad (209) 992-7185

**ADMISSION FREE**

Please No Alcohol, No Food or Drinks Inside the Hall. No Cameras Will Be Allowed Inside The Hall, Security Will Be Tightly Enforced

Website : www.punjabiculturalsocietysacramento.com

Printer : Barapind Printing Press (E-mail: barapindpress@gmail.com)

### ਸਾਕਾ ਨੀਲਾ ਤਾਰਾ ਦੇ ਹਰਜਾਨੇ ਦਾ ਮਾਮਲਾ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੜ ਮੁਕੱਦਮਾ ਲੜਨ ਦਾ ਐਲਾਨ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਸਮੇਂ ਹੋਏ ਨੁਕਸਾਨ ਦਾ ਹਰਜਾਨਾ ਵਸੂਲਣ ਲਈ ਕੇਂਦਰ ਸਰਕਾਰ ਖਿਲਾਫ ਕੀਤੇ ਕੇਸ ਨੂੰ ਸ਼੍ਰੋਮਣੀ ਕਮੇਟੀ ਨੇ ਮੁੜ ਲੜਨ ਦਾ ਇਰਾਦਾ ਕਰ ਲਿਆ ਹੈ ਤੇ ਇਸ ਮਾਮਲੇ ਵਿਚ 23 ਮਾਰਚ ਨੂੰ ਦਿੱਲੀ ਵਿਚ ਕਾਨੂੰਨੀ ਮਾਹਿਰਾਂ ਤੇ ਸਿੱਖ ਵਿਦਵਾਨਾਂ ਦੀ ਮੀਟਿੰਗ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਮੀਟਿੰਗ ਵਿਚ ਸਿੱਖ ਵਿਦਵਾਨ ਸ਼ਖਸੀਅਤਾਂ ਵਿਚ ਜਸਵੰਤ ਸਿੰਘ ਨੇਕੀ, ਸ੍ਰੀ ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ, ਉਪ ਕੁਲਪਤੀ ਡਾ. ਜਸਪਾਲ ਸਿੰਘ ਤੇ ਹੋਰ ਵਿਦਵਾਨ ਸ਼ਾਮਲ ਹੋਏ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਇਸ ਕੇਸ ਨੂੰ ਹਰ ਸੂਰਤ ਵਿਚ ਲੜਿਆ ਜਾਵੇ। ਸ਼੍ਰੋਮਣੀ ਕਮੇਟੀ ਕਾਨੂੰਨੀ ਮਾਹਰਾਂ ਦੀ ਮਦਦ ਨਾਲ ਇਸ ਕੇਸ ਦੀ ਤਾਰੀਖ ਵਿਚ ਵਾਧਾ ਕਰਵਾਏਗੀ ਤੇ ਅਗਲੀ ਚਾਰਾਜੋਈ ਸ਼ੁਰੂ ਕਰੇਗੀ।

ਇਥੇ ਦੱਸਣਯੋਗ ਹੈ ਕਿ 1985 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅੰਮ੍ਰਿਤਸਰ ਦੀ ਅਦਾਲਤ ਵਿਚ ਕੇਂਦਰ ਸਰਕਾਰ ਦੇ ਖਿਲਾਫ ਇਕ ਹਜ਼ਾਰ ਕਰੋੜ ਰੁਪਏ ਦੇ ਹਰਜਾਨੇ ਦਾ ਦਾਅਵਾ ਕੀਤਾ ਸੀ। ਇਸ ਦਾਅਵੇ ਰਾਹੀਂ ਸ਼੍ਰੋਮਣੀ ਕਮੇਟੀ ਨੇ ਦੋਸ਼ ਲਾਇਆ ਸੀ ਕਿ ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਵੱਡੇ ਪੱਧਰ 'ਤੇ ਜਾਨੀ ਮਾਲੀ ਨੁਕਸਾਨ ਹੋਇਆ ਹੈ ਤੇ ਇਸ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੈ। ਇਸ ਨੁਕਸਾਨ ਲਈ ਕੇਂਦਰ ਸਰਕਾਰ ਇਕ ਹਜ਼ਾਰ ਕਰੋੜ ਰੁਪਏ ਦਾ ਮੁਆਵਜ਼ਾ ਦੇਵੇ। ਇਹ ਕੇਸ ਉਸ ਵੇਲੇ ਮੁਫਲਿਸੀ ਦਾਅਵੇ ਵਜੋਂ ਕੀਤਾ ਗਿਆ ਸੀ ਜੋ ਬਾਅਦ ਵਿਚ ਦਿੱਲੀ ਹਾਈ ਕੋਰਟ ਵਿਖੇ ਤਬਦੀਲ ਹੋ ਗਿਆ।

ਲੰਮੇ ਸਮੇਂ ਬਾਅਦ ਅਦਾਲਤ ਨੇ ਇਸ ਵਰ੍ਹੇ ਜਨਵਰੀ ਮਹੀਨੇ ਵਿਚ ਸ਼੍ਰੋਮਣੀ ਕਮੇਟੀ ਨੂੰ ਅੱਠ ਹਫਤਿਆਂ ਦਾ ਸਮਾਂ ਦਿੰਦੇ ਹੋਏ ਹਰਜਾਨੇ ਬਾਰੇ ਕੇਸ ਲਈ ਲੋੜੀਂਦੀ 10 ਕਰੋੜ ਰੁਪਏ ਦੀ ਅਗਾਊਂ ਫੀਸ ਜਮ੍ਹਾਂ ਕਰਾਉਣ ਦੀ ਹਦਾਇਤ ਕੀਤੀ ਸੀ ਪਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਕੁਝ ਢਿੱਲ ਦਿਖਾਏ ਜਾਣ ਕਾਰਨ ਅਦਾਲਤ ਵਲੋਂ ਤੈਅ ਆਖਰੀ ਮਿਤੀ 15 ਮਾਰਚ ਲੰਘ ਗਈ ਹੈ। ਹੁਣ ਸ਼੍ਰੋਮਣੀ ਕਮੇਟੀ ਨੇ ਮੁੜ ਫੈਸਲਾ ਕੀਤਾ ਹੈ ਕਿ ਇਸ ਮਾਮਲੇ ਨੂੰ ਅਦਾਲਤ ਵਿਚ ਹਰ ਸੂਰਤ ਵਿਚ ਲੜੇਗੀ।

ਇਸੇ ਦੌਰਾਨ ਉਘੇ ਸਿੱਖ ਵਿਦਵਾਨ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਸਾਕਾ ਨੀਲਾ ਤਾਰਾ ਸਮੇਂ ਹੋਏ ਨੁਕਸਾਨ ਦੇ ਮੁਆਵਜ਼ੇ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਮੁਫਲਿਸੀ ਦਾਅਵੇ ਨੂੰ ਸੁਪਰੀਮ ਕੋਰਟ ਤੱਕ ਲਿਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਕੇਂਦਰ ਵਿਚ ਐਨ.ਡੀ.ਏ.ਦੀ ਸਰਕਾਰ ਸੀ ਤਾਂ ਉਸ ਵੇਲੇ ਜਥੇਦਾਰ ਟੌਹੜਾ ਨੇ ਭਾਜਪਾ ਆਗੂਆਂ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਵੀ ਇਸ ਕੇਸ ਬਾਰੇ ਜਾਣੂ ਕਰਵਾਇਆ ਸੀ।

ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦਿੱਤਾ ਕਿ ਜੇਕਰ ਦਿੱਲੀ ਹਾਈ ਕੋਰਟ ਵਿਚ ਇਹ ਮਾਮਲਾ ਨਹੀਂ ਨਿੱਬੜਦਾ ਤਾਂ ਇਸ ਨੂੰ ਸੁਪਰੀਮ ਕੋਰਟ ਤੱਕ ਲਿਜਾਇਆ ਜਾਵੇ। ਜੇਕਰ ਸੁਪਰੀਮ ਕੋਰਟ ਵਿਚ ਜਾ ਕੇ ਵੀ ਕੇਸ ਹੱਲ ਨਹੀਂ ਹੁੰਦਾ ਤਾਂ ਇਸ ਦਾ ਸਮੁੱਚਾ ਰਿਕਾਰਡ ਜ਼ਰੂਰ ਪ੍ਰਾਪਤ ਕਰਨਾ ਚਾਹੀਦਾ ਹੈ ਜੋ ਆਉਂਦੇ ਸਮੇਂ ਵਿਚ ਇਤਿਹਾਸਕ ਦਸਤਾਵੇਜ਼ ਸਾਬਤ ਹੋਵੇਗਾ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਬਲਦੇਵ ਸਿੰਘ ਸੀਬੀਆ ਜੋ ਖੁਦ ਵਕੀਲ ਹਨ, ਵੀ ਸੁਝਾਅ ਦੇ ਚੁੱਕੇ ਹਨ ਕਿ ਇਸ ਕੇਸ ਨੂੰ ਹਰ ਸੂਰਤ ਵਿਚ ਲੜਨਾ ਚਾਹੀਦਾ ਹੈ। ਇਸ ਕੇਸ ਰਾਹੀਂ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

## ਵਿਸਾਖੀ ਤੱਕ ਤਿਆਰ ਹੋ ਜਾਵੇਗੀ ਯਾਦਗਾਰ



**ਅੰਮ੍ਰਿਤਸਰ:** ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਨਜ਼ਦੀਕ ਬਣ ਰਹੀ ਸਾਕਾ ਨੀਲਾ ਤਾਰਾ 1984 ਦੇ ਸ਼ਹੀਦਾਂ ਦੀ ਯਾਦਗਾਰ ਇਸ ਸਾਲ 6 ਜੂਨ, 2013 ਤੋਂ ਪਹਿਲਾਂ ਹੀ ਤਿਆਰ ਹੋ ਜਾਵੇਗੀ। ਜਿਸ ਦੀ ਕਾਰ ਸੇਵਾ ਦਾ ਕੰਮ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੂੰ ਪਿਛਲੇ ਸਾਲ 2012 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸੌਂਪਿਆ ਗਿਆ ਸੀ। ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਦੱਸਿਆ ਕਿ ਪੱਥਰ ਦੀ ਰਗੜਾਈ ਤੇ ਕਢਾਈ ਦਾ ਕੰਮ 90 ਫੀਸਦੀ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਰਾਜਸਥਾਨ ਮਕਰਾਨੇ ਤੋਂ ਆਏ ਸੰਗਮਰਮਰ ਦੇ ਮਾਹਰ ਕਾਰੀਗਰਾਂ ਨੇ ਕਰੀਬ 100 ਕਾਰੀਗਰ ਲਿਆ ਕੇ ਰਾਤ ਦਿਨ ਕੰਮ ਕਰਕੇ ਸੱਤ ਮਹੀਨਿਆਂ ਵਿਚ ਨਿਕਾਸ਼ੀ ਦਾ ਕੰਮ ਮੁਕੰਮਲ ਕੀਤਾ। ਇਹ ਸਾਲ ਮੁਕੰਮਲ ਹੋ ਰਹੀ ਯਾਦਗਾਰੀ 'ਤੇ ਸਾਕਾ ਨੀਲਾ ਤਾਰਾ ਦਾ ਇਤਿਹਾਸ ਇਕ ਬੋਰਡ 'ਤੇ ਅੰਕਿਤ ਕੀਤਾ ਜਾਵੇਗਾ। ਇਸ ਯਾਦਗਾਰ 'ਤੇ ਅੱਠੇ ਪਹਿਰ ਗੁਰਬਾਣੀ ਦਾ ਪ੍ਰਵਾਹ ਚੱਲੇਗਾ। ਇਸ ਸ਼ਹੀਦੀ ਯਾਦਗਾਰ ਦੀ ਇਮਾਰਤ ਦੀਆਂ ਅੱਠ ਗੁੰਬਦੀਆਂ ਤੇ ਸੱਤ ਦਰਵਾਜੇ ਹਨ। ਸ਼ਾਨਦਾਰ ਮੀਨਾਕਾਰੀ ਸੰਗਮਰਮਰ 'ਤੇ ਕੀਤੀ ਗਈ ਹੈ। ਕਲਸ ਤੇ ਕਲਸੀਆਂ 'ਤੇ ਪੰਜ ਕਿਲੋ ਸੋਨਾ ਲਾਉਣ ਦਾ ਕਾਰਜ ਹੋਣਾ ਬਾਕੀ ਹੈ। ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਦੱਸਿਆ ਕਿ ਵਿਸਾਖੀ ਤੱਕ ਸ਼ਹੀਦੀ ਯਾਦਗਾਰ ਮੁਕੰਮਲ ਹੋ ਜਾਵੇਗੀ।

# ਵਿਆਹ ਲਈ ਮਾਰਿਸ਼ਸ ਬਣਿਆ ਭਾਰਤੀਆਂ ਦੀ ਪਹਿਲੀ ਪਸੰਦ

**ਚੰਡੀਗੜ੍ਹ:** ਭਾਰਤੀ ਅਮੀਰਾਂ ਲਈ ਮਾਰੀਸ਼ਸ਼ ਵਿਆਹ ਕਰਨ ਲਈ ਅਹਿਮ ਸਥਾਨ ਬਣਦਾ ਜਾ ਰਿਹਾ ਹੈ। ਇਹ ਚਾਰਟਰਡ ਜਹਾਜ਼ਾਂ ਵਿਚ ਆਪਣੇ ਪਰਿਵਾਰਾਂ ਮਿੱਤਰਾਂ ਤੇ ਇਥੋਂ ਤੱਕ ਕਿ ਬਾਲੀਵੁੱਡ ਸਟਾਰਾਂ ਨਾਲ ਆਉਂਦੇ ਹਨ ਤੇ ਕਈ-ਕਈ ਦਿਨਾਂ ਵਿਚ ਵਿਆਹ ਸਮਾਗਮ ਨੇਪਰੇ ਚਾੜ੍ਹ ਕੇ ਪਾਰਟੀਆਂ ਕਰਦੇ ਹਨ। ਭਾਰਤੀ ਕਰੋੜਪਤੀਆਂ ਲਈ ਸਮੁੰਦਰ ਕੰਢੇ ਬਣੇ ਓਬਰਾਏ ਮਾਰੀਸ਼ਸ਼ ਤੇ ਇੰਟਰ ਕਾਂਟੀਨੈਂਟਲ ਮਾਰੀਸ਼ਸ਼ (ਬਾਲਾ ਕਲਾਵਾ) ਅਜਿਹੇ ਪਸੰਦੀਦਾ ਟਿਕਾਣੇ ਹਨ ਜਿਥੇ ਉਹ ਵਿਆਹ ਸਮਾਗਮਾਂ ਦੇ ਜਸ਼ਨ ਮਨਾਉਂਦੇ ਹਨ ਤੇ ਬਾਲੀਵੁੱਡ ਸਟਾਰਾਂ ਦੇ ਪ੍ਰੋਗਰਾਮ ਕਰਾਉਂਦੇ ਹਨ।

ਮਾਰੀਸ਼ਸ਼ ਵਿਚ ਭਾਰਤੀ ਹਾਈ ਕਮਿਸ਼ਨਰ ਟੀ.ਪੀ ਸੀਤਾਰਾਮ ਮੁਤਾਬਕ ਇਸ ਵੇਲੇ ਮਾਰੀਸ਼ਸ਼ ਬਹੁਤੇ ਭਾਰਤੀਆਂ ਲਈ ਵਿਆਹਾਂ ਜਿਹੇ ਸਮਾਗਮ ਕਰਨ ਲਈ ਬੇਹੱਦ ਲੋਕਪ੍ਰਿਯ ਸਥਾਨ ਬਣ ਗਿਆ ਹੈ। ਮਾਰੀਸ਼ਸ਼ ਵਿਚ ਕਿਸੇ ਪੰਜ ਤਾਰਾ ਸਥਾਨ 'ਤੇ ਵਿਆਹ ਕਰਨਾ ਬਹੁਤ ਮਹਿੰਗਾ ਪੈਂਦਾ ਹੈ ਕਿਉਂਕਿ 400 ਲੋਕਾਂ ਲਈ ਖਾਣ-ਪੀਣ ਤੇ ਰਹਿਣ ਦੇ ਪ੍ਰਬੰਧਾਂ ਦਾ ਪ੍ਰਤੀ ਦਿਨ ਖਰਚਾ 300,000 ਡਾਲਰ (ਤਕਰੀਬਨ 1.6 ਕਰੋੜ ਰੁਪਏ) ਪੈ ਜਾਂਦਾ ਹੈ ਤੇ ਇਹ ਜਸ਼ਨ ਕਈ ਦਿਨ ਜਾਰੀ ਰਹਿੰਦੇ ਹਨ।

ਇਸ ਤੋਂ ਇਲਾਵਾ ਚਾਰਟਰਡ ਜਹਾਜ਼ ਕਿਰਾਏ 'ਤੇ ਲੈਣ ਬਾਲੀਵੁੱਡ ਦੇ ਕਲਾਕਾਰਾਂ ਦੇ ਗੀਤ-ਸੰਗੀਤ 'ਤੇ ਵੀ ਕਰੋੜਾਂ ਰੁਪਏ ਖਰਚ ਹੋ ਜਾਂਦੇ ਹਨ। ਇੰਟਰ ਕਾਂਟੀਨੈਂਟਲ ਮਾਰੀਸ਼ਸ਼ ਦੇ ਇਕ ਬੈਂਕੁਇਟ ਮੈਨੇਜਰ ਮੁਤਾਬਕ ਉਹ ਹਰ ਮਹੀਨੇ ਦੋ-ਤਿੰਨ ਭਾਰਤੀ ਵਿਆਹਾਂ ਦੀ ਮੇਜ਼ਬਾਨੀ ਕਰ ਰਹੇ ਹਨ। ਬਹੁਤ ਰਿਜ਼ੋਰਟਾਂ ਵਿਚ ਭਾਰਤੀ ਸ਼ੈਫ ਹਨ ਤੇ ਭਾਰਤੀ ਖਾਣਾ ਆਰਾਮ ਨਾਲ ਮਿਲ ਜਾਂਦਾ ਹੈ ਜਦਕਿ ਥਾਈ, ਚਾਈਨੀਜ਼ ਤੇ ਇਤਾਲਵੀ ਖਾਣੇ ਆਮ ਹਨ। ਮਾਰੀਸ਼ਸ਼ ਦੀ 68% ਆਬਾਦੀ, ਸਮੇਤ ਰਾਸ਼ਟਰਪਤੀ ਰਾਜਕੇਸ਼ਵਰ ਪਰਿਆਗ ਤੇ ਪ੍ਰਧਾਨ ਮੰਤਰੀ ਨਵੀਨ ਚੰਦਰ ਰਾਮ ਗੁਲਾਮ ਭਾਰਤੀ ਮੂਲ ਦੇ ਹਨ। ਹਨੀਮੂਨ 'ਤੇ ਜਾਣ ਲਈ ਵੀ ਬਹੁਤੇ ਭਾਰਤੀਆਂ ਦੀ ਪਸੰਦ ਇਹੋ ਟਾਪੂ ਦੇਸ਼ ਹੈ।

# ਭਾਰਤੀ ਸਿਆਸਤ 'ਚ ਔਰਤਾਂ ਦਾ ਬੋਲਬਾਲਾ

**ਚੰਡੀਗੜ੍ਹ:** ਭਾਰਤ ਦੀ ਸਿਆਸਤ 'ਤੇ ਔਰਤਾਂ ਦਾ ਪੂਰੀ ਤਰ੍ਹਾਂ ਬੋਲਬਾਲਾ ਹੈ ਤੇ ਉਹ ਰਾਜਸੀ ਸਰਗਰਮੀਆਂ ਵਿਚ ਵਧ-ਚੜ੍ਹ ਤੇ ਹਿੱਸਾ ਲੈ ਰਹੀਆਂ ਹਨ। ਉਹ ਆਪਣੀਆਂ ਪਾਰਟੀਆਂ ਦੀ ਅਗਵਾਈ ਕਰਨ ਵਿਚ ਵੀ ਪਿੱਛੇ ਨਹੀਂ ਹਨ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੋਨੀਆ ਗਾਂਧੀ ਕਾਂਗਰਸ ਦੀ ਅਗਵਾਈ ਕਰਨ ਦੇ ਪੰਦਰਾਂ ਸਾਲ ਪੂਰਾ ਕਰਕੇ ਨਵਾਂ ਰਿਕਾਰਡ ਬਣਾ ਰਹੀ ਹੈ। ਅਜਿਹਾ ਕਾਂਗਰਸ ਪਾਰਟੀ ਦੇ 127 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਵਾਰ ਵਾਪਰ ਰਿਹਾ ਹੈ।

ਜੈਲਲਿਤਾ ਪਹਿਲਾਂ ਹੀ ਅੰਨਾ ਡੀ.ਐਮ.ਕੇ ਦੀ ਪ੍ਰਧਾਨਗੀ ਸਾਂਭਣ ਦੀ ਸਿਲਵਰ ਜੁਬਲੀ ਮਨਾ ਚੁੱਕੀ ਹੈ। ਅਗਲੇ ਸਾਲ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਵੀ ਆਪਣੀ ਪ੍ਰਧਾਨਗੀ ਦੇ 25 ਸਾਲ ਪੂਰੇ ਕਰ ਰਹੀ ਹੈ। ਜਿਥੇ ਮਾਇਆਵਤੀ ਦਾ ਪਾਰਟੀ ਵਿਚ ਡੰਕਾ ਜ਼ੋਰਾਂ-ਸ਼ੋਰਾਂ 'ਤੇ ਚੱਲ ਰਿਹਾ ਹੈ, ਉਥੇ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਵੀ ਕਿਸੇ ਹੋਰ ਨੂੰ ਅੱਜ ਤਕ ਪਾਰਟੀ ਵਿਚ ਸਿਰ ਨਹੀਂ ਚੁੱਕਣ ਦਿੱਤਾ। ਉਹ ਵੀ ਆਪਣੀ ਪਾਰਟੀ 'ਚ ਪ੍ਰਧਾਨਗੀ ਦੇ ਪੰਦਰਾਂ ਸਾਲ ਪੂਰੇ ਕਰ ਚੁੱਕੀ ਹੈ।

ਬੈਨਰਜੀ ਨੇ ਇਕ ਜਨਵਰੀ 1998 ਨੂੰ ਆਲ ਇੰਡੀਆ ਤ੍ਰਿਣਮੂਲ ਕਾਂਗਰਸ ਦੀ ਸਥਾਪਨਾ ਕੀਤੀ ਸੀ। ਇਸ ਤੋਂ ਇਲਾਵਾ ਅਗਲੇ ਕੁਝ ਮਹੀਨਿਆਂ ਵਿਚ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਵੀ ਆਪਣੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੇ 15 ਸਾਲ ਪੂਰੇ ਕਰ ਰਹੀ ਹੈ। ਇਹ ਆਜ਼ਾਦ ਭਾਰਤ ਦੀ ਫਿਜ਼ਾ ਵਿਚ ਇਕ ਔਰਤ ਆਗੂ ਦੀ ਵਿਸ਼ੇਸ਼ ਪ੍ਰਾਪਤੀ ਵਜੋਂ ਜ਼ਿਕਰਯੋਗ ਪ੍ਰਾਪਤੀ ਮੰਨੀ ਜਾ ਰਹੀ ਹੈ।

66 ਸਾਲਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਇਟਲੀ ਮੂਲ ਦੀ ਜੰਮਪਲ ਹੋਣ ਦੇ ਬਾਵਜੂਦ ਦੇਸ਼ ਦੇ ਸਿਆਸੀ ਦ੍ਰਿਸ਼ 'ਤੇ ਸੱਤਾਧਾਰੀ ਗੱਠਜੋੜ ਵਿਚ ਸਭ ਤੋਂ ਭਰੋਸੇਯੋਗ ਆਗੂ ਹੋਣ ਵਜੋਂ ਮਾਨਤਾ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਭਾਰਤੀ ਵੋਟਰਾਂ ਦੇ ਲਈ ਉਹ ਕ੍ਰਿਸ਼ਮਈ ਹਸਤੀ ਬਣੀ ਹੋਈ ਹੈ। ਉਨ੍ਹਾਂ ਨੇ ਮਈ 2004 ਵਿਚ ਛੇ ਸਾਲ ਦੀ ਜੱਦੋ ਜਹਿਦ ਬਾਅਦ ਕਾਂਗਰਸ ਦੀ ਅਗਵਾਈ ਵਾਲੇ ਕੌਮੀ ਪ੍ਰਗਤੀਸ਼ੀਲ ਗੱਠਜੋੜ ਨੂੰ ਸੱਤਾ ਵਿਚ ਲਿਆਉਣ ਤੋਂ ਬਾਅਦ ਆਪ ਪ੍ਰਧਾਨ ਮੰਤਰੀ ਦਾ ਅਹੁਦਾ ਲੈਣ ਦੀ ਥਾਂ ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਯੋਗ ਸਮਝਿਆ। ਆਪਣੇ ਇਸ ਫੈਸਲੇ ਨਾਲ ਉਨ੍ਹਾਂ ਨੇ ਆਪਣੀ ਨਿੱਗਰ ਸਿਆਸੀ ਸੂਝ ਦਾ ਵੀ ਪ੍ਰਗਟਾਵਾ ਕੀਤਾ।

## ਚੰਡੀਗੜ੍ਹ ਦੀ ਮੁਟਿਆਰ ਬਣੀ 'ਫੈਮਿਨਾ ਮਿਸ ਇੰਡੀਆ'

**ਮੁੰਬਈ:** ਚੰਡੀਗੜ੍ਹ ਦੀ ਵਸਨੀਕ ਨਵਨੀਤ ਕੌਰ ਢਿੱਲੋਂ ਨੇ 'ਫੈਮਿਨਾ ਮਿਸ ਇੰਡੀਆ-2013' ਸੁੰਦਰਤਾ ਮੁਕਾਬਲਾ ਜਿੱਤ ਲਿਆ। ਸੋਭਿਤਾ ਧੂਲੀਪਾਲਾ ਪਹਿਲੀ ਰਨਰਅੱਪ ਰਹੀ ਜਦਕਿ ਜੋਯਾ ਅਫਰੋਜ਼ ਦੂਸਰੀ ਰਨਰਅੱਪ ਰਹੀ।

ਇਸ ਮੁਕਾਬਲੇ ਵਿਚ ਦੇਸ਼ ਦੀਆਂ 23 ਲੜਕੀਆਂ ਨੇ ਹਿੱਸਾ ਲਿਆ। ਕਰਨ ਜੌਹਰ, ਜੌਹਨ ਅਬਰਾਹਿਮ, ਆਸਿਨ, ਚਿਤਰਾਂਗਦਾ ਸਿੰਘ, ਸ਼ਿਆਮਕ ਡਾਬਰ, ਰਿਤੂ ਕੁਮਾਰ ਤੇ ਯੁਵਰਾਜ ਸਿੰਘ ਨੇ ਜੱਜਾਂ ਦੀ ਭੂਮਿਕਾ ਨਿਭਾਈ।

# ਪੰਜ-ਆਬ ਵਿਚ ਪਾਣੀ ਨੂੰ ਹੀ ਤਰਸ ਜਾਣਗੇ ਪੰਜਾਬੀ !

**ਚੰਡੀਗੜ੍ਹ:** ਕਦੇ ਪੰਜਾਂ ਦਰਿਆਵਾਂ ਦੀ ਧਰਤੀ ਅਖਵਾਉਂਦੇ ਪੰਜਾਬ ਲਈ ਪੀਣ ਵਾਲਾ ਪਾਣੀ ਇਕ ਵੱਡੀ ਚੁਣੌਤੀ ਬਣ ਸਕਦਾ ਹੈ। ਹਾਲ ਹੀ ਵਿਚ ਹੋਈਆਂ ਤਾਜ਼ਾ ਖੋਜਾਂ ਨੇ ਸਿੱਧ ਕੀਤਾ ਹੈ ਕਿ ਇਨਸਾਨ ਦੀਆਂ ਆਪਹੁਦਰੀਆਂ ਕਾਰਨ ਧਰਤੀ ਹੇਠਲੇ ਪਾਣੀ ਵਿਚ ਲਗਾਤਾਰ ਵਿਗਾੜ ਪੈ ਹੋ ਰਿਹਾ ਹੈ ਜੋ ਪੰਜਾਬ ਦੇ ਭਵਿੱਖ ਲਈ ਵੱਡੀ ਫਿਕਰਮੰਦੀ ਹੈ। ਜ਼ਹਿਰੀਲੇ ਪਦਾਰਥਾਂ ਦੀ ਬੇਤਹਾਸ਼ਾ ਵਰਤੋਂ ਕਾਰਨ ਧਰਤੀ ਹੇਠਲਾ ਪਾਣੀ ਪਲੀਤ ਹੋ ਰਿਹਾ ਹੈ ਤੇ ਸ਼ਹਿਰਾਂ ਤੇ ਸਨਅਤਾਂ ਦਾ ਜ਼ਹਿਰੀਲਾ ਤੇ ਦੂਸ਼ਿਤ ਪਾਣੀ ਪੈਣ ਕਾਰਨ ਨਦੀਆਂ, ਨਾਲੀਆਂ ਤੇ ਛੱਪੜਾਂ ਦਾ ਪਾਣੀ ਵੀ ਪ੍ਰਦੂਸ਼ਿਤ ਹੋ ਚੁੱਕਾ ਹੈ। ਇਸੇ ਦਾ ਨਤੀਜਾ ਹੈ ਕਿ ਕੈਂਸਰ ਵਰਗੀ ਭਿਆਨਕ ਬਿਮਾਰੀ ਪੰਜਾਬ ਦੇ ਮਾਲਵਾ ਖੇਤਰ ਵਿਚ ਪੈਰ ਪਸਾਰ ਗਈ ਹੈ। ਪੰਜਾਬ ਦੀ ਜਨਮ ਦਰ ਇਸੇ ਕਾਰਨ ਲਗਾਤਾਰ ਘੱਟ ਰਹੀ ਹੈ।



ਭਾਬਾ ਆਟੋਮਿਕ ਰਿਸਰਚ ਸੈਂਟਰ ਦੇ ਅਧਿਐਨ ਮੁਤਾਬਕ ਪੰਜਾਬ ਦੇ ਪਾਣੀ ਦੀ ਸਿਹਤ ਇਸ ਕਦਰ ਵਿਗੜ ਚੁੱਕੀ ਹੈ ਕਿ 1972 ਵਿਚ ਪਾਣੀ ਦੇ ਇਕ ਲਿਟਰ ਵਿਚ ਨਾਈਟਰੇਟ ਦੀ ਮਾਤਰਾ 0.5 ਮਿਲੀਗ੍ਰਾਮ ਸੀ। ਜਦਕਿ ਹੁਣ ਇਹ ਵਧ ਕੇ ਪ੍ਰਤੀ ਲੀਟਰ ਪੰਜ ਮਿਲੀਗ੍ਰਾਮ ਹੋ ਗਈ ਹੈ। ਇਸ ਦਾ ਕਾਰਨ ਕਿਸਾਨਾਂ ਵੱਲੋਂ ਕੀੜੇਮਾਰ ਦਵਾਈਆਂ ਤੇ ਰਸਾਇਣਕ ਖਾਦਾਂ ਦੀ ਬੇਤਹਾਸ਼ਾ ਵਰਤੋਂ ਦੱਸਿਆ ਜਾ ਰਿਹਾ ਹੈ। ਇਹ ਸੰਭਾਵਨਾ ਪ੍ਰਗਟ ਕੀਤੀ ਗਈ ਹੈ ਕਿ ਆਉਣ ਵਾਲੇ 20 ਸਾਲਾਂ ਵਿਚ ਨਾਈਟਰੇਟ ਦੀ ਪਾਣੀ ਵਿਚ ਮਾਤਰਾ 10 ਮਿਲੀਗ੍ਰਾਮ ਤੱਕ ਪਹੁੰਚ ਸਕਦੀ ਹੈ।

ਪੰਜਾਬ ਅੰਦਰ ਧਰਤੀ ਹੇਠਲੇ ਪਾਣੀ ਦਾ ਤਲ ਲਗਾਤਾਰ ਡੂੰਘੇ ਹੋਣ ਤੋਂ ਇਹ ਖਤਰਾ ਭਾਂਪਿਆ ਜਾ ਰਿਹਾ ਹੈ ਕਿ ਪੰਜਾਬ ਵੀ ਰੇਗਿਸਤਾਨ ਬਣ ਸਕਦਾ ਹੈ। ਕੇਂਦਰੀ ਪੰਜਾਬ ਇਸ ਸਮੇਂ ਇਸ ਖਤਰੇ ਦੀ ਸਭ ਤੋਂ ਵਧੇਰੇ ਮਾਰ ਹੇਠ ਹੈ। ਪੰਜਾਬ ਦੇ ਕੇਂਦਰੀ ਹਿੱਸੇ ਦੇ 9058 ਵਰਗ ਕਿਲੋਮੀਟਰ ਖੇਤਰ ਵਿਚ ਪਿਛਲੇ ਇਕ ਦਹਾਕੇ ਦੌਰਾਨ ਪਾਣੀ ਦਾ ਤਲ 20 ਮੀਟਰ ਹੇਠਾਂ ਚਲਿਆ ਗਿਆ ਹੈ। ਪਿਛਲੇ ਵਰ੍ਹੇ ਭਰਵੀਂ ਮੌਨਸੂਨ ਦੇ ਬਾਵਜੂਦ ਪਾਣੀ ਦਾ ਤਲ ਹੇਠਾਂ ਜਾਣ ਦਾ ਰੁਝਾਨ ਪਹਿਲਾਂ ਵਾਂਗ ਹੀ ਜਾਰੀ ਹੈ। ਕੇਂਦਰੀ ਪੰਜਾਬ ਅੰਦਰ ਸੰਗਰੂਰ, ਬਰਨਾਲਾ ਤੇ ਮੋਗਾ ਜ਼ਿਲ੍ਹੇ ਸਭ ਤੋਂ ਵਧੇਰੇ ਪ੍ਰਭਾਵਤ ਹਨ।

ਇਨ੍ਹਾਂ ਤਿੰਨਾਂ ਜ਼ਿਲ੍ਹਿਆਂ ਵਿਚ ਝੋਨਾ ਵਧੇਰੇ ਬੀਜਿਆ ਜਾਂਦਾ ਹੈ। ਖੇਤੀ ਵਿਭਾਗ ਵੱਲੋਂ ਮੌਨਸੂਨ ਤੋਂ ਪਹਿਲਾਂ ਤੇ ਬਾਅਦ ਦੇ ਸਮੇਂ ਦੇ ਪਾਣੀ ਦੇ ਤਲ ਬਾਰੇ ਇਕੱਠੇ ਕੀਤੇ ਤੱਥ ਬੇਹੱਦ ਮਾੜੀ ਤਸਵੀਰ ਪੇਸ਼ ਕਰਦੇ ਹਨ। 2009 ਤੇ 2010 ਦੇ ਸਾਲ 'ਚ ਪੂਰੇ ਪੰਜਾਬ ਅੰਦਰ ਹੀ ਪਾਣੀ ਡੂੰਘਾ ਹੋਇਆ ਹੈ। ਖੇਤੀ ਵਿਭਾਗ ਦੇ ਇਕ ਸਰਵੇਖਣ ਮੁਤਾਬਕ ਪੰਜਾਬ ਦੇ 145 ਬਲਾਕਾਂ ਵਿਚੋਂ 110 ਬਲਾਕ ਅਜਿਹੇ ਹਨ ਜਿਨ੍ਹਾਂ ਵਿਚੋਂ ਪਾਣੀ ਖਤਰਨਾਕ ਹੱਦ ਤੱਕ ਹੇਠਾਂ ਜਾ ਚੁੱਕਾ ਹੈ। ਤਿੰਨ ਬਲਾਕਾਂ ਦੀ ਹਾਲਤ ਨਾਜ਼ੁਕ ਮੰਨੀ ਗਈ ਹੈ।

ਦੋ ਬਲਾਕ ਨੇ ਜਿਥੋਂ ਪਾਣੀ ਅਜੇ ਘੱਟ ਨਿਕਲਿਆ ਹੈ। ਸਿਰਫ਼ 23 ਬਲਾਕ ਹੀ ਸੁਰੱਖਿਅਤ ਹਨ। ਇਹ 23 ਬਲਾਕ ਬਹੁਤਾ ਕਰਕੇ ਅਰਧ ਪਹਾੜੀ ਕੰਢੀ ਖੇਤਰ ਵਿਚ ਪੈਣ ਵਾਲੇ ਹਨ। ਕੇਂਦਰੀ ਪੰਜਾਬ ਤੇ ਹਰਿਆਣਾ, ਰਾਜਸਥਾਨ ਨਾਲ ਲਗਦੇ ਸਾਰੇ ਬਲਾਕ ਤਾਂ ਖ਼ਤਰੇ ਦੀ ਘੰਟੀ ਪਾਰ ਕਰਨ ਵਾਲੀ ਹਾਲਤ ਵਿਚ ਹਨ। ਖੇਤੀ ਵਿਭਾਗ ਦੇ ਤਾਜ਼ਾ ਅੰਕੜਿਆਂ ਮੁਤਾਬਕ ਹਰ ਸਾਲ 40 ਤੋਂ 90 ਸੈਂਟੀਮੀਟਰ ਤੱਕ ਪਾਣੀ ਹੇਠ ਚੱਲਿਆ ਜਾਂਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਨੂੰ ਖੇਤੀ ਲਈ 52 ਮਿਲੀਅਨ ਏਕੜ ਫੁੱਟ ਪਾਣੀ ਦੀ ਜ਼ਰੂਰਤ ਹੈ ਪਰ ਪੰਜਾਬ ਕੋਲ ਇਸ ਸਮੇਂ ਨਹਿਰੀ ਪਾਣੀ ਸਿਰਫ਼ 14.54 ਮਿਲੀਅਨ ਏਕੜ ਫੁੱਟ ਹੈ ਜਿਸ ਕਰਕੇ ਧਰਤੀ ਹੇਠਲੇ ਪਾਣੀ ਉਪਰ ਡਾਕਾ ਵੱਜ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕਿਸਾਨ ਝੋਨੇ ਦੀ ਖੇਤੀ ਵੱਲੋਂ ਮੂੰਹ ਨਹੀਂ ਮੋੜ ਰਹੇ ਜਿਸ ਕਾਰਨ ਵਾਧੂ ਪਾਣੀ ਵਰਤੇ ਜਾਣ ਦਾ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ।

ਖੇਤੀ ਦੇ ਨਾਲ ਸ਼ਹਿਰਾਂ-ਕਸਬਿਆਂ ਅੰਦਰ ਵੀ ਪਾਣੀ ਦੀ ਵਰਤੋਂ ਪ੍ਰਤੀ ਲਾਪ੍ਰਵਾਹੀ ਆਮ ਦੇਖੀ ਜਾਂਦੀ ਹੈ। ਸਰਕਾਰ, ਸਮਾਜ ਸੇਵੀ ਸੰਸਥਾਵਾਂ ਤੇ ਜਾਗਰੂਕ ਲੋਕਾਂ ਨੂੰ ਪਾਣੀ ਦੀ ਵਰਤੋਂ ਸੰਕੋਚ ਤੇ ਵਿਉਂਤ ਨਾਲ ਕਰਨ ਲਈ ਮੁਹਿੰਮ ਚਲਾਉਣੀ ਚਾਹੀਦੀ ਹੈ। ਲੋਕਾਂ ਨੂੰ ਇਹ ਦੱਸਣ ਦੀ ਜ਼ਰੂਰਤ ਹੈ ਧਰਤੀ ਉਪਰਲੇ ਪਾਣੀ ਦਾ ਸਿਰਫ਼ ਤਿੰਨ ਫੀਸਦੀ ਹਿੱਸਾ ਹੀ ਪੀਣ ਯੋਗ ਹੈ। ਜੇ ਇਸ ਦੀ ਲੋੜੋਂ ਵੱਧ ਵਰਤੋਂ ਜਾਰੀ ਰੱਖੀ ਤਾਂ ਇਸ ਕੁਦਰਤੀ ਖ਼ਜ਼ਾਨੇ ਤੋਂ ਹੱਥ ਧੋ ਬੈਠਾਂਗੇ।

# ਅਨੂ ਪਿਸ਼ਾਵਰੀਆ: ਖਿਡਾਰੀ ਤੋਂ ਵਕਾਲਤ ਤੱਕ ਦਾ ਸਫ਼ਰ

ਅਸੀਂ ਇਕੀਵੀਂ ਸਦੀ ਵਿਚੋਂ ਗੁਜ਼ਰ ਰਹੇ ਹਾਂ। ਅਜਿਹੀ ਕੋਈ ਗੱਲ ਨਹੀਂ ਰਹਿ ਗਈ ਜੋ ਮਰਦ ਕਰ ਸਕੇ ਪਰ ਔਰਤ ਨਹੀਂ। ਫਿਰ ਦੋਹਾਂ ਵਿਚਕਾਰ ਲੜਕੇ-ਲੜਕੀ ਵਾਲਾ ਫਰਕ ਕਿਉਂ? ਲੜਕੀਆਂ ਬਾਰੇ ਅਜੇ ਵੀ ਉਹੀ ਪੁਰਾਣੇ ਵਿਚਾਰ ਹਨ ਜੋ ਕਈ ਵਾਰ ਪ੍ਰਤਿਭਾ ਵਾਲੀਆਂ ਕੁੜੀਆਂ ਦੇ

**ਦਲਬਾਰਾ ਸਿੰਘ ਮਾਂਗਟ**
**ਫੋਨ:269-267-9621**

ਰਾਹ ਦਾ ਰੋੜਾ ਬਣ ਜਾਂਦੇ ਹਨ ਸਾਡੇ ਭਾਈਚਾਰੇ ਦਾ ਇਹ ਦੁਖਾਂਤ ਰਿਹਾ ਹੈ ਕਿ ਅਸੀਂ ਬੱਚਿਆਂ ਦੀ ਦਿਲਚਸਪੀ ਦੇਖਣ-ਘੋਖਣ ਦੀ ਥਾਂ ਉਨ੍ਹਾਂ ਨੂੰ ਆਪਣੀ ਮਰਜ਼ੀ ਮੁਤਾਬਕ ਢਾਲਣ ਦੀ ਕੋਸ਼ਿਸ਼ ਕਰਦੇ ਹਾਂ। ਸਾਨੂੰ ਇਸ ਰੁਝਾਨ ਨੂੰ ਗਹਿਰ-ਗੰਭੀਰ ਹੋ ਕੇ ਵਿਚਾਰਨ ਦੀ ਲੋੜ ਹੈ ਕਿਉਂਕਿ ਜੋ ਸੰਤੁਸ਼ਟੀ ਆਪਣੇ ਦਿਲਚਸਪੀ ਵਾਲੇ ਵਿਸ਼ੇ ਵਿਚ ਹੋ ਸਕਦੀ ਹੈ, ਉਹ ਮੱਲੋ-ਜ਼ੋਰੀ ਦੇ ਵਿਸ਼ਿਆਂ ਵਿਚ ਨਹੀਂ। ਅੱਜ ਹਰ ਖੇਤਰ ਵਿਚ ਲੜਕੀਆਂ ਵਧ-ਚੜ੍ਹ ਕੇ ਭੂਮਿਕਾ ਨਿਭਾ ਰਹੀਆਂ ਹਨ। ਇਸ ਮਾਮਲੇ ਵਿਚ ਅਟਾਰਨੀ ਅਨੂ ਪਿਸ਼ਾਵਰੀਆ ਦੀ ਮਿਸਾਲ ਦਿੱਤੀ ਜਾ ਸਕਦੀ ਹੈ ਜਿਸ ਨਾਲ ਕੁਝ ਦਿਨ ਪਹਿਲਾਂ ਹੋਈ ਗੱਲਬਾਤ ਦੇ ਮੁੱਖ ਅੰਸ਼ ਹਾਜ਼ਰ ਹਨ:

**ਅਨੂ ਜੀ, ਆਪਣੇ ਪਿਛੋਕੜ ਅਤੇ ਤਾਲੀਮ ਬਾਰੇ ਦੱਸੋ?**

-ਮੈਂ ਅੰਮ੍ਰਿਤਸਰ ਦੀ ਜੰਮਪਲ ਹਾਂ ਅਤੇ ਉਥੋਂ ਹੀ ਸੇਕਰਡ ਹਾਰਟ ਸਕੂਲ ਤੋਂ ਮੁੱਢਲੀ ਵਿਦਿਆ ਹਾਸਲ ਕਰਨ ਪਿਛੋਂ ਦਿੱਲੀ ਦੇ ਸੇਂਟ ਸਟੀਫਨ ਕਾਲਜ ਤੋਂ ਲਾਅ ਦੀ ਡਿਗਰੀ ਲਈ।

**ਤੁਸੀਂ ਪੜ੍ਹਾਈ ਕਰਦਿਆਂ ਖੇਡਾਂ ਵਿਚ ਵੀ ਹਿੱਸਾ ਲੈਂਦੇ ਰਹੇ ਹੋ। ਕੁਝ ਦੱਸੋ?**

-ਮੈਂ ਆਪਣੀ ਵੱਡੀ ਭੈਣ ਕਿਰਨ ਬੇਦੀ, ਜੋ ਕੌਮਾਂਤਰੀ ਪੱਧਰ ਦੀ ਟੈਨਿਸ ਖਿਡਾਰੀ ਰਹੀ ਹੈ, ਤੋਂ ਪ੍ਰਭਾਵਿਤ ਹੋ ਕੇ ਟੈਨਿਸ ਖੇਡਣ ਲੱਗੀ ਅਤੇ 1978 ਤੋਂ 1981 ਤੱਕ ਨੈਸ਼ਨਲ ਖਿਤਾਬ ਜਿੱਤ ਕੇ ਦੇਸ਼ ਦੀ ਅੱਵਲ ਖਿਡਾਰਨ ਬਣੀ। ਸੰਨ 1979 ਵਿਚ ਵਿਬੰਲਡਨ ਗਰੈਂਡ ਸਲੈਮ 'ਚ ਪਹਿਲੀ ਭਾਰਤੀ ਟੈਨਿਸ ਖਿਡਾਰਨ ਦੇ ਤੌਰ 'ਤੇ ਹਿੱਸਾ ਲਿਆ। 1981 'ਚ ਕੈਨੇਡੀਅਨ ਚੈਂਪੀਅਨਸ਼ਿਪ ਜਿੱਤੀ। ਇਸ ਤੋਂ ਬਿਨਾ ਦਿੱਲੀ ਦੀਆਂ ਨੌਵੀਆਂ ਏਸ਼ੀਆਈ ਖੇਡਾਂ ਤੇ ਵਿਸ਼ਵ ਯੂਨੀਵਰਸਿਆਡ, ਮੈਕਸੀਕੋ ਵਿਚ ਮੈਡਲ ਹਾਸਲ ਕੀਤਾ।

**ਖੇਡਾਂ ਤੋਂ ਵਕਾਲਤ ਵੱਲ ਕਿਵੇਂ ਆਏ?**

-ਮੇਰਾ ਨਿਸ਼ਾਨਾ ਹਮੇਸ਼ਾ ਫੈਮਿਲੀ ਲਾਅ ਪ੍ਰੈਕਟਿਸ ਕਰਨਾ ਸੀ ਤਾਂ ਕਿ ਮੈਂ ਭਾਰਤੀ ਨਾਰੀ ਨੂੰ ਉਸ ਦੇ ਢੁੱਕਵੇਂ ਹੱਕ ਦਿਵਾ ਸਕਾਂ। ਇਸੇ ਕਰ ਕੇ ਵਕਾਲਤ ਵੱਲ ਝੁਕਾਅ ਬਣਿਆ।

**ਇਸ ਖੇਤਰ 'ਚ ਕੋਈ ਵੱਡੀ ਸਫ਼ਲਤਾ?**

-ਸੰਨ 1984 ਤੋਂ 1999 ਤੱਕ ਦਿੱਲੀ ਵਿਚ ਵਕਾਲਤ ਕੀਤੀ ਅਤੇ ਸੁਪਰੀਮ ਕੋਰਟ ਵਿਚ



*ਅਨੂ ਪਿਸ਼ਾਵਰੀਆ*

ਲੀਗਲ ਸਲਾਹਕਾਰ ਦੀ ਸੇਵਾ ਤਹਿਤ 'ਵਾਵਾ' (ਵਾਇਲੈਂਸ ਅਗੇਂਸਟ ਵਿਮੈਨ ਐਕਟ) ਨੂੰ ਮੁੱਖ ਰੱਖਦਿਆਂ ਉਤਰਾ ਖੰਡ ਅਤੇ ਰਾਜੀਵ ਗੌਸ ਮੁੱਦੇ ਮੇਰੀਆਂ ਵੱਡੀਆਂ ਪ੍ਰਾਪਤੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਮੈਂ ਆਪਣੇ ਕੇਸ ਨੂੰ ਮੰਜ਼ਿਲ ਹਾਸਲ ਕਰਨ ਵਾਂਗ ਹੀ ਲੈਂਦੀ ਹਾਂ।

**ਅਮਰੀਕਾ ਵਿਚ ਮਾਈਗਰੇਟ ਕਰਨ ਦਾ ਇਰਾਦਾ ਕਦੋਂ ਬਣਿਆ?**

-ਮੈਂ ਸੈਂਟਾ ਕਲਾਰਾ ਯੂਨੀਵਰਸਿਟੀ ਅਤੇ ਸਟੈਨਫੋਰਡ ਯੂਨੀਵਰਸਿਟੀ, ਕੈਲੀਫੋਰਨੀਆ ਤੋਂ ਲਾਅ ਦੀ ਪੜ੍ਹਾਈ ਕਰਨ ਪਿਛੋਂ ਇਥੋਂ ਦੀ ਬਾਰ ਐਸੋਸੀਏਸ਼ਨ ਦਾ ਲਾਇਸੈਂਸ ਹਾਸਲ ਕੀਤਾ। ਇਸ ਮਗਰੋਂ ਹੀ ਅਮਰੀਕਾ ਰਹਿਣ ਦਾ ਇਰਾਦਾ ਬਣਾਇਆ ਅਤੇ 1999 ਵਿਚ ਸੈਨ ਫਰਾਂਸਿਸਕੋ ਵਿਚ ਆਫਿਸ ਖੋਲ੍ਹਿਆ। ਮੈਂ ਇਥੇ ਵੀ ਵਕਾਲਤ ਵਿਚ ਰੁਝੀ ਰਹੀ ਹਾਂ ਅਤੇ ਹਰ ਸਾਲ ਨਵੇਂ ਕੇਸਾਂ ਦੇ ਪੂਰ ਲੰਘਾ ਕੇ ਮਨ ਨੂੰ ਤਸੱਲੀ ਹੁੰਦੀ ਰਹੀ ਹੈ ਕਿ ਸਮਾਜ ਲਈ ਕੁਝ ਕਰ ਰਹੀ ਹਾਂ।

**ਇਸ ਸਫਰ 'ਚ ਸਫਲਤਾ ਦੀ ਕੋਈ ਮਿਸਾਲ?**

-ਮਿਹਨਤ ਤੋਂ ਬਿਨਾ ਕੁਝ ਹਾਸਲ ਨਹੀਂ ਹੋ ਸਕਦਾ। ਹਾਂ, ਮੇਰੀ ਸਫ਼ਲਤਾ ਵਿਚ ਮੇਰੀ ਭੈਣ ਕਿਰਨ ਬੇਦੀ ਦਾ ਬਹੁਤ ਯੋਗਦਾਨ ਹੈ ਜਿਸ ਨੇ ਮੈਨੂੰ ਪਾਲਿਆ-ਪੋਸਿਆ ਅਤੇ ਤਾਲੀਮ ਹਾਸਲ ਕਰਵਾ ਕੇ ਇਸ ਯੋਗ ਬਣਾਇਆ। ਉਹ ਮੇਰੇ ਲਈ ਵੱਡੀ ਭੈਣ ਹੀ ਨਹੀਂ, ਬਲਕਿ ਟੀਚਰ ਅਤੇ ਮਾਂ ਦੇ ਸਮਾਨ ਹੈ। ਅੱਜ ਜਿਸ ਮੁਕਾਮ 'ਤੇ ਮੈਂ ਪਹੁੰਚੀ ਹਾਂ, ਇਹ ਸਭ ਉਸ ਦੀ ਦੇਣ ਹੈ। ਮੈਂ ਸਮਝਦੀ ਹਾਂ ਕਿ ਇਹ ਸਭ ਹਰ ਲੜਕੀ ਹਾਸਲ ਕਰ ਸਕਦੀ ਹੈ, ਜੇ ਸਮੇਂ ਸਿਰ ਉਸ ਦੀ ਕੋਈ ਉਂਗਲੀ ਫੜ ਲਵੇ।

**ਪਰਵਾਸੀਆਂ ਨੂੰ ਇਮੀਗਰੇਸ਼ਨ ਸਬੰਧੀ ਕੀ ਸੁਨੇਹਾ ਦੇਣਾ ਚਾਹੋਗੇ?**

-ਮੇਰਾ ਹਮੇਸ਼ਾ ਇਹੋ ਕਹਿਣਾ ਰਿਹਾ ਹੈ ਕਿ ਇਮੀਗਰੇਸ਼ਨ ਸਬੰਧੀ ਠੀਕ ਅਤੇ ਲੀਗਲ ਰਸਤਾ ਅਪਨਾਓ। ਮੈਂ ਹਰ ਪਰਵਾਸੀ ਦਾ ਦਿਲੋਂ ਆਦਰ ਕਰਦੀ ਹਾਂ ਅਤੇ ਉਨ੍ਹਾਂ ਦੀ ਹਰ ਪੱਖੋਂ ਇਕ ਨੈਵੀਗੇਟਰ ਦੇ ਤੌਰ 'ਤੇ ਮਦਦ ਕਰਦੀ ਰਹਾਂਗੀ। ਇਸੇ ਕਰ ਕੇ ਮੈਂ ਸਿਆਟਲ ਵਿਚ 29 ਮਾਰਚ ਨੂੰ ਆਫਿਸ ਖੋਲ੍ਹ ਰਹੀ ਹਾਂ ਜਿਸ ਦਾ ਉਦਘਾਟਨ ਮੇਰੀ ਭੈਣ ਕਿਰਨ ਬੇਦੀ ਹੀ ਕਰੇਗੀ। ਕਿਸੇ ਨੂੰ ਵੀ ਲੋੜ ਪਵੇ, ਮੇਰੇ ਨਾਲ ਫੋਨ (ਸੈਨ ਫਰਾਂਸਿਸਕੋ) 510-353-0102 ਜਾਂ (ਸਿਆਟਲ) 206-774-0907 ਰਾਹੀਂ ਸੰਪਰਕ ਕਰ ਸਕਦਾ ਹੈ। ਇਸ ਤੋਂ ਬਿਨਾ ਵੈਬਸਾਈਟ www.anuattorney.com ਰਾਹੀਂ ਵੀ ਜਾਣਕਾਰੀ ਮਿਲ ਸਕਦੀ ਹੈ।

**ਤੁਸੀਂ ਕਰ ਦਿਖਾਇਆ ਹੈ ਕਿ ਕੁੜੀਆਂ ਕਮਜ਼ੋਰ ਨਹੀਂ ਹਨ। ਸਵੈਵਿਸ਼ਵਾਸ ਇਨ੍ਹਾਂ ਲਈ ਬੇਅੰਤ ਰਾਹ ਖੋਲ੍ਹਦਾ ਹੈ।**

-ਬਿਲਕੁਲ! ਲੜਕੀਆਂ ਨੂੰ ਆਤਮ-ਨਿਰਭਰ ਹੋਣ ਦੀ ਪ੍ਰੇਰਨਾ ਦੇਣ ਅਤੇ ਆਤਮ-ਨਿਰਭਰ ਬਣਾਉਣ ਵਿਚ ਕੋਈ ਢਿੱਲ ਨਹੀਂ ਰੱਖਣੀ ਚਾਹੀਦੀ। ਇਹ ਸਾਡਾ ਸਭ ਦਾ ਫਰਜ਼ ਹੈ।

# ਪਰਵਾਸੀ ਭਾਰਤੀ ਦੇ ਘਰੋਂ ਅਸਲਾ ਬਰਾਮਦ, ਮਾਂ ਤੇ ਭੈਣ ਗ੍ਰਿਫ਼ਤਾਰ

**ਹੁਸ਼ਿਆਰਪੁਰ:** ਹੁਸ਼ਿਆਰਪੁਰ ਪੁਲਿਸ ਨੇ ਜਲੰਧਰ ਦਿਹਾਤੀ ਪੁਲਿਸ ਦੀ ਸਹਾਇਤਾ ਨਾਲ ਪਰਵਾਸੀ ਭਾਰਤੀ ਬਲਵਿੰਦਰ ਸਿੰਘ ਪੋਸੀ ਦੇ ਜੱਦੀ ਘਰ 'ਤੇ ਛਾਪਾ ਮਾਰ ਕੇ ਭਾਰੀ ਮਾਤਰਾ ਵਿਚ ਅਸਲਾ ਤੇ ਗੋਲੀ ਸਿੱਕਾ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਪੋਸੀ ਦੀ ਬਜ਼ੁਰਗ ਮਾਂ ਤੇ ਭੈਣ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ।

ਜਲੰਧਰ ਜ਼ੋਨ ਦੇ ਇੰਸਪੈਕਟਰ ਜਨਰਲ ਪੁਲਿਸ ਗੁਰਪ੍ਰੀਤ ਦਿਓ ਨੇ ਦੱਸਿਆ ਕਿ ਪੁਲਿਸ ਨੂੰ ਖੁਫ਼ੀਆ ਇਤਲਾਹ ਮਿਲੀ ਸੀ ਕਿ ਬਲਵਿੰਦਰ ਸਿੰਘ ਦੇ ਜੱਦੀ ਪਿੰਡ ਭਾਰੀ ਮਾਤਰਾ ਵਿਚ ਅਸਲਾ ਪਿਆ ਹੈ ਜੋ ਵਾਰਦਾਤਾਂ ਵਿਚ ਵਰਤਿਆ ਜਾਣਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਪੁਲਿਸ ਨੇ ਉਸ ਦੇ ਘਰ ਪਿੰਡ ਪੋਸੀ, ਥਾਣਾ ਮਾਹਿਲਪੁਰ ਵਿਚ ਛਾਪਾ ਮਾਰਿਆ ਤਾਂ ਉਥੋਂ ਇਕ 7.65 ਐਮ.ਐਮ ਦੀ ਪਿਸਤੌਲ, ਇਕ .9 ਐਮ.ਐਮ ਦੀ ਅਮਰੀਕਾ ਦੀ ਬਣੀ ਪਿਸਤੌਲ, ਇਕ 32 ਬੋਰ ਦਾ ਰਿਵਾਲਵਰ, ਇਕ 30 ਬੋਰ ਦਾ ਮਾਊਜ਼ਰ, ਤਿੰਨ ਮੈਗਜ਼ੀਨ, ਇਕ 32 ਬੋਰ ਦਾ ਦੇਸੀ ਰਿਵਾਲਵਰ, ਇਕ 315 ਬੋਰ ਦਾ ਦੇਸੀ ਪਿਸਤੌਲ ਤੇ 89 ਜ਼ਿੰਦਾ ਕਾਰਤੂਸ ਬਰਾਮਦ ਹੋਏ ਜੋ ਤੂੜੀ ਵਿਚ ਛੁਪਾਏ ਹੋਏ ਸਨ।

ਉਨ੍ਹਾਂ ਦੱਸਿਆ ਕਿ ਬਲਵਿੰਦਰ ਸਿੰਘ ਪੋਸੀ ਦੀ ਮਾਤਾ ਸਲਿੰਦਰ ਕੌਰ, ਭੈਣ ਕੁਲਵਿੰਦਰ ਕੌਰ ਤੇ ਇਕ ਹੋਰ ਵਿਅਕਤੀ ਰਣਜੀਤ ਸਿੰਘ ਉਰਫ਼ ਰਾਣਾ ਵਾਸੀ ਨੂਰਪੁਰ ਜੱਟਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਰਾਣਾ ਨੇ ਹੀ ਪੋਸੀ ਦੀ ਮਾਂ ਤੇ ਭੈਣ ਨੂੰ ਇਹ ਹਥਿਆਰ ਸਪਲਾਈ ਕੀਤੇ ਸਨ। ਆਈ. ਜੀ ਨੇ ਦੱਸਿਆ ਕਿ ਖਾਲਿਸਤਾਨ ਜਿੰਦਾਬਾਦ ਫ਼ੋਰਸ ਦਾ ਮੁਖੀ ਰਣਜੀਤ ਸਿੰਘ ਉਰਫ਼ ਨੀਟਾ ਪਾਕਿਸਤਾਨ ਵਿਚ ਹੈ ਜਦੋਂਕਿ ਬਲਵਿੰਦਰ ਸਿੰਘ ਪੋਸੀ ਅਮਰੀਕਾ ਵਿਚ ਤੇ ਉਸ ਦਾ ਪੁੱਤਰ ਦਲਜੀਤ ਸਿੰਘ ਉਰਫ਼ ਜੀਤੂ ਮਲੇਸ਼ੀਆ ਵਿਚ ਹੈ ਜਿਸ ਨੂੰ ਖਾੜਕੂ ਕਾਰਵਾਈਆਂ ਲਈ ਭਾਰਤ ਭੇਜਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੋਸੀ ਸਾਲ 2006 ਵਿਚ ਜਲੰਧਰ ਵਿਚ ਹੋਏ ਬੱਸ ਸਟੈਂਡ ਬੰਬ ਧਮਾਕੇ ਵਿਚ ਲੋੜੀਂਦਾ ਹੈ ਇਸ ਨੂੰ ਅਮਰੀਕਾ ਤੋਂ ਭਾਰਤ ਲਿਆਉਣ ਲਈ ਸਰਕਾਰੀ ਪੱਧਰ 'ਤੇ ਕਾਰਵਾਈ ਚੱਲ ਰਹੀ



**Global Multi Services**

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ**

**ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ**

**ਇਸ ਮਹੀਨੇ ਸਪੈਸ਼ਲ ਆਫਰ**

**8 Drive Tire for $2300+Tax**

**80,000 Miles Warranty**



***Repair Shop***

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

**ਫੋਨ: 209-547-9210**
**ਫੈਕਸ: 209-547-9211**

**Dispatch**

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।

**ਫੋਨ: 209-547-9210**
**ਫੈਕਸ: 209-547-9211**

***Registration Services***

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

**ਫੋਨ: 209-982-9996**
**ਫੈਕਸ: 209-982-9997**

**Allignment, Axle, Speceial Offer $179**
*(Exp: March 31, 2013)*

**ਅਸੀਂ ਹੁਣ ਟਰੱਕ ਤੇ ਟਰੇਲਰ ਦੀ ਅਲਾਈਨਮੈਂਟ ਵੀ ਕਰਦੇ ਹਾਂ**

**ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop**



*Rajinder Singh*

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ**
**Stockton ਵਿਚ Highway 4 ਦੇ ਬਿਲਕੁਲ ਨਜ਼ਦੀਕ**
**1950 E. Miner Ave., Stockton, CA 95205**

**ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ**

**ਫੋਨ: 209-982-9996 ਫੈਕਸ: 209-982-9997**

**e-mail: globalmultiservices123@yahoo.com**



*Manitpal Singh*

# ਧੋਬੀ ਪਹਿਲਵਾਨ-ਰਾਮਾ ਖੇਲਾ ਵਾਲਾ ਸਰਬਣ



## ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

ਰਾਮਾ ਖੇਲਾ ਦਾ ਜ਼ਿਕਰ ਆਉਂਦਿਆਂ ਹੀ ਸਰਬਣ ਪਹਿਲਵਾਨ ਚੇਤੇ ਆ ਜਾਂਦਾ ਹੈ। ਇਸ ਪਿੰਡ ਨੂੰ ਬਹੁਤਾ ਸਰਬਣ ਕਰਕੇ ਜਾਣਿਆ ਜਾਂਦਾ ਹੈ। ਉਹ ਸਰਬਣ ਜਿਸ ਨੇ ਬੜੇ-ਬੜੇ ਪਹਿਲਵਾਨਾਂ ਨੂੰ ਮਿੰਟਾਂ-ਸਕਿੰਟਾਂ ਵਿਚ ਚਿਤ ਕੀਤਾ, ਉਨ੍ਹਾਂ ਦੀਆਂ ਗੋਡਣੀਆਂ ਲੁਆਈਆਂ। ਅਲੀ-ਅਲੀ ਕਰਦੇ ਨੇ ਜਾਣਾ ਤੇ ਧੋਬੀ ਮਾਰ ਅਲੀ-ਅਲੀ ਕਰਦੇ ਨੇ ਵਾਪਸ ਆ ਜਾਣਾ। ਰੂਪੋਵਾਲ, ਗੜ੍ਹੀ ਅਜੀਤ ਸਿੰਘ (ਬਲੌਣੀ) ਦੀ ਛਿੰਝ, ਸ਼ੰਕਰ, ਝਿੰਗੜਾਂ, ਸੁਜੋਂ-ਸੁਰਾਪੁਰ, ਗੈਲ-ਮਜ਼ਾਰੀ ਅਤੇ ਹੋਰ ਪਿੰਡਾਂ ਦੀਆਂ ਛਿੰਝਾਂ ਵਿਚ ਸਰਬਣ ਦੀ ਹਮੇਸ਼ਾ ਝੰਡੀ ਰਹੀ। ਸ਼ਿੰਦਾ ਪੱਟੀ ਵਾਲਾ ਅਤੇ ਸੁਰਜੀਤ ਲੱਲੀਆਂ ਵਰਗੇ ਮੱਲ ਸਰਬਣ ਦੀ ਪਹਿਲਵਾਨੀ ਦੀ ਦੀਵਾਨੇ ਸਨ।

ਚੜ੍ਹਾਈ ਦੇ ਦਿਨਾਂ 'ਚ ਕਿਸੇ ਭਈਏ ਭਲਵਾਨ ਨਾਲ ਕਲਕੱਤੇ ਕੁਸ਼ਤੀ ਹੋਈ। ਭਈਆ ਖਾ-ਖਾ ਖੁਰਾਕਾਂ ਪਲਿਆ ਪਿਆ ਸੀ। ਸਰਬਣ ਤੋਂ ਕਿਤੇ ਤਕੜਾ ਸੀ। ਕੁਸ਼ਤੀ ਚੱਲੀ ਨੂੰ ਹਾਲੇ 15 ਮਿੰਟ ਹੀ ਹੋਏ ਤਾਂ ਸਰਬਣ ਨੇ ਧੋਬੀ ਮਾਰੀ ਤੇ ਭਈਆ ਅਹੁ ਚੌਫ਼ਾਲ ਮਾਰਿਆ। ਭਈਆ ਆਲਾ ਦੁਆਲਾ ਦੇਖੇ। ਧੋਬੀ ਮਾਰ ਕੇ ਸਰਬਣ ਹਰਨ ਹੋ ਗਿਆ। ਲੋਕਾਂ ਨੇ ਉਸ 'ਤੇ ਪੈਸਿਆਂ ਦਾ ਮੀਂਹ ਵਰ੍ਹਾਇਆ। ਰੂਪੋਵਾਲ ਦੇ ਸ਼ਿਕਾਗੋ ਰਹਿੰਦੇ ਬਾਬਾ ਸੰਤੋਖ ਸਿੰਘ ਨੇ 1956 ਵਿਚ ਅੱਖੀਂ ਵੇਖਿਆ ਇਹ ਵਾਕਿਆ ਦੱਸਦਿਆਂ ਕਿਹਾ ਕਿ ਜਦੋਂ ਪੰਜਾਬ ਦੇ ਲੋਕਾਂ ਨੂੰ ਪੰਜਾਬ ਵਿਚ ਕੰਮ ਮਿਲਣਾ ਘੱਟ ਜਾਂਦਾ ਸੀ ਤਾਂ ਉਹ ਕਲਕੱਤੇ ਚਲੇ ਜਾਂਦੇ ਸਨ। ਉਹ ਵੀ ਕੰਮ ਕਰਨ ਕਲਕੱਤੇ ਚਲਿਆ ਜਾਂਦਾ ਤੇ ਸਰਬਣ ਦੀਆਂ ਕੁਸ਼ਤੀਆਂ ਜਰੂਰ ਵੇਖਦਾ। ਉਸ ਦਾ ਕਹਿਣਾ ਹੈ ਕਿ ਸਰਬਣ ਪੂਰਾ ਤੂਫ਼ਾਨ ਸੀ ਤੂਫ਼ਾਨ, ਪੈਰਾਂ ਨਾਲ ਪੁੱਟ-ਪੁੱਟ ਮਿੱਟੀ ਪਰ੍ਹਾਂ ਸੁਟਦਾ। ਉਹਨੇ ਸ਼ੰਕਰ ਤੇ ਰੂਪੋਵਾਲ ਵੀ ਸਰਬਣ ਦੀ ਕੁਸ਼ਤੀ ਵੇਖੀ। ਉਨ੍ਹਾਂ ਦੱਸਿਆ ਕਿ ਪੰਜਾਬ ਦੀਆਂ ਛਿੰਝਾਂ ਵਿਚ ਦੋ ਪਾੜੇ ਹੁੰਦੇ ਸਨ-ਇਕ ਅੰਮ੍ਰਿਤਸਰੀਆਂ ਦਾ ਤੇ ਦੂਜਾ ਦੋਆਬੀਆਂ ਦਾ। ਸਰਬਣ ਤੇ ਮੇਹਰਦੀਨ ਹੁਣੀਂ ਦੋਆਬੀਆਂ ਵਲੋਂ ਘੁਲਦੇ ਹੁੰਦੇ ਸਨ।

ਕਲਕੱਤੇ 'ਕਲਕੱਤਾ ਕਮੇਟੀ' ਵਲੋਂ ਹਰ ਸਾਲ ਕੁਸ਼ਤੀਆਂ ਕਰਾਈਆਂ ਜਾਂਦੀਆਂ ਸਨ। ਜਦੋਂ ਵੀ ਸਰਬਣ ਉਥੇ ਘੁਲਦਾ ਤਾਂ ਪੰਜਾਬ ਦੇ ਚੰਗੇ ਚੰਗੇ ਬਿਜਨਸਮੈਨ ਤੇ ਚੰਗੀਆਂ ਨੌਕਰੀਆਂ ਕਰਦੇ ਲੋਕ ਉਸ ਨੂੰ ਬੜਾ ਪਿਆਰ ਦਿੰਦੇ ਤੇ ਮਦਦ ਕਰਦੇ। ਉਹ ਠਹਿਰਦਾ ਵੀ ਉਨ੍ਹਾਂ ਦੇ ਘਰੀਂ। ਇਕ ਵਾਰ ਕਲਕੱਤੇ ਉਹਨੇ 3 ਭਲਵਾਨ ਢਾਹੇ। ਸੰਸਥਾ ਵਲੋਂ ਸਰਬਣ ਦੀਆਂ ਗੁਰਜ਼ ਵਾਲੀਆਂ ਫ਼ੋਟੋਆਂ ਲਾਈਆਂ ਹੋਈਆਂ ਸਨ। ਅਫ਼ਸੋਸ, ਨਵੀਂ ਸੰਸਥਾ ਨੇ ਪੁਰਾਣੇ ਭਲਵਾਨਾਂ ਦੀਆਂ ਫ਼ੋਟੋਆਂ ਲਾਹ ਕੇ ਸੁੱਟ ਦਿਤੀਆਂ।

ਤਕੜਾ ਮੱਲ ਹੋਣ ਕਰਕੇ ਸਰਬਣ ਨੂੰ ਪੰਜਾਬ ਸਰਕਾਰ ਨੇ ਜ਼ਮੀਨ ਦੇਣ ਦਾ ਵਾਇਦਾ ਕੀਤਾ ਤਾਂ ਜੋ ਬੁਢਾਪਾ ਚੰਗੀ ਤਰ੍ਹਾਂ ਕੱਟਿਆ ਜਾਵੇ। ਪਹਾੜਾਂ 'ਚ ਜ਼ਮੀਨ ਦੇਣ ਦਾ ਲਾਰਾ ਲਾਇਆ। ਜਾ ਕੇ ਵੇਖੀ ਤਾਂ ਉਹ ਜ਼ਮੀਨ ਵਾਹੀਯੋਗ ਨਹੀਂ ਸੀ, ਪਥਰੀਲੀ ਸੀ। ਪੰਜਾਬ 'ਚ ਜ਼ਮੀਨ ਦੇਣਾ ਮੰਨ ਕੇ, ਮੁੱਕਰ ਗਏ। ਮੇਹਰਦੀਨ ਨੂੰ ਤਾਂ ਸ਼ਾਹਕੋਟ ਮਿਲ ਗਈ ਪਰ ਸਰਬਣ ਹੱਥ ਮੱਲਦਾ ਰਹਿ ਗਿਆ।

ਪਹਿਲਿਆਂ 'ਚ ਸਰਬਣ ਨੇ ਗੇਜੇ, ਨਿੰਮੇ, ਭੱਜੀ ਅਤੇ ਮੇਹਰਦੀਨ ਵਰਗੇ ਪਹਿਲਵਾਨਾਂ ਨੂੰ ਢਾਹਿਆ। ਗੇਜੇ ਨੂੰ ਬਲੌਣੀ, ਨਿੰਮੇ ਨੂੰ ਸਮਰਾਵੀਂ, ਭੱਜੀ ਨੂੰ ਭਾਰ ਸਿੰਘਪੁਰੇ ਅਤੇ ਮੇਹਰਦੀਨ ਨੂੰ ਮਹਿਦਪੁਰ ਸੰਗਰਾਂਦ ਛਿੰਝ 'ਤੇ। ਬਾਅਦ 'ਚ ਮੇਹਰਦੀਨ ਕਾਫ਼ੀ ਤਕੜਾ ਹੋ ਗਿਆ। ਇਕ ਵਾਰ ਬਲੌਣੀ ਛਿੰਜ 'ਚ ਮੇਹਰਦੀਨ ਨਾਲ ਕੋਈ ਘੁਲਿਆ ਨਾ। ਪ੍ਰਬੰਧਕ ਕਹਿਣ ਲੱਗੇ, ਚਲੋ ਮੇਹਰਦੀਨ ਨੂੰ ਪਟਕਾ ਦੇ ਦਿਓ। ਕੋਲ ਖੜਾ ਸਰਬਣ ਬੋਲਿਆ, "ਨਹੀਂ, ਪਟਕਾ ਇਸ ਤਰ੍ਹਾਂ ਨਹੀਂ ਲਿਜਾ ਸਕਦਾ, ਘੁਲ ਕੇ ਜਿਹੜਾ ਮਰਜ਼ੀ ਲੈ ਜਾਵੇ।" ਇਨੇ ਦਮ ਦਾ ਮਾਲਕ ਸੀ ਸਰਬਣ। ਮੇਹਰਦੀਨ ਵਾਂਗ ਸਰਬਣ ਨੇ ਵੀ ਬੜਾ ਪੈਸਾ ਕਮਾਇਆ। ਬਚਾਇਆ ਕੁਝ ਨਹੀਂ। ਅਜੋਕੇ ਪਹਿਲਵਾਨਾਂ ਵਾਂਗ ਜ਼ਮੀਨ-ਜਾਇਦਾਦ ਬਣਾਉਣ ਬਾਰੇ ਕਦੇ ਨਾ ਸੋਚਿਆ। ਜੋ ਬਣਨਾ ਖਾ-ਪੀ ਛੱਡਣਾ। ਉਸ ਨੇ ਸਾਰੀ ਉਮਰ ਕੱਚੇ ਕੋਠਿਆਂ 'ਚ ਰਹਿ ਕੇ ਭਲਵਾਨੀ ਕੀਤੀ। ਪਿਤਾ ਦੀ ਮੌਤ ਬਾਅਦ ਪੁੱਤ ਸ਼ਿੰਦੇ ਨੇ ਮਿਹਨਤ-ਮਜ਼ਦੂਰੀ ਕਰਕੇ ਕੱਚਿਆਂ ਤੋਂ ਪੱਕੇ ਬਣਾਏ।

ਫਿਲੌਰ ਅਖਾੜੇ ਵਾਲੇ ਚੈਂਚਲ ਸਿੰਘ ਪਹਿਲਵਾਨ ਨਾਲ ਸਰਬਣ ਦਾ ਡਾਢਾ ਪਿਆਰ ਸੀ। ਚੈਂਚਲ ਪਹਿਲਵਾਨ ਦਾ ਨਿਊ ਯਾਰਕ ਰਹਿੰਦਾ ਭਲਵਾਨ ਬੇਟਾ ਕੇਵਲ ਵੀ ਸਰਬਣ ਦੀ ਫ਼ੁਰਤੀ ਤੇ ਧੋਬੀ ਦਾਅ ਦੀ ਅੱਜ ਵੀ ਸਿਫ਼ਤ ਕਰਦਾ ਹੈ। ਸੰਘਵਾਲ ਵਾਲੇ ਜਗੀਰੀ ਕੋਚ ਦਾ ਕੈਲੀਫ਼ੋਰਨੀਆ ਰਹਿੰਦਾ ਭਤੀਜਾ ਸੁਖਵੀਰ ਭਲਵਾਨ ਵੀ ਸਰਬਣ ਨੂੰ ਵਧੀਆ ਭਲਵਾਨ ਮੰਨਦਾ ਹੈ। ਮਕਸੂਦਪੁਰ ਵਾਲੇ ਬਿੱਲੂ ਭਲਵਾਨ ਨੂੰ ਸਰਬਣ ਨੇ ਕਹਿਣਾ ਕਿ ਉਹ ਉਹਨੂੰ ਐਸਾ ਧੋਬੀ-ਦਾਅ ਸਿਖਾਵੇਗਾ ਕਿ ਦੁਨੀਆਂ ਵੇਖਦੀ ਰਹਿ ਜਾਵੇਗੀ। ਰਾਮਾ ਖੇਲਾ ਦੇ ਹੀ ਸਕੇ ਭਰਾ ਗਿੰਦੋ ਅਤੇ ਬਲਜੀਤ ਵੀ ਸਰਬਣ ਨੂੰ ਹਮੇਸ਼ਾ ਪਿੰਡ ਦਾ ਮਾਣ ਸਮਝਦੇ।

ਇਕ ਵਾਰ ਕੋਈ ਭਲਵਾਨ ਸਰਬਣ ਨੂੰ ਟਿੱਚਰਾਂ ਕਰੀ ਜਾਵੇ। ਜਦੋਂ ਨਾ ਹੀ ਹਟਿਆ ਤਾਂ ਸਰਬਣ ਨੇ ਉਹਨੂੰ ਤਕੜਾ ਹੋਣ ਲਈ ਕਿਹਾ ਤੇ ਮਹੀਨੇ ਕੁ ਪਿਛੋਂ ਕੁਸ਼ਤੀ ਬੰਨ੍ਹ ਦਿਤੀ। ਉਹ ਭਲਵਾਨ ਘਰੋਂ ਸਰਦਾ-ਪੁਜਦਾ ਸੀ ਅਤੇ ਉਹਦੇ ਦੂਜੇ ਭਰਾ ਬਾਹਰ ਕਿਸੇ ਮੁਲਕ ਰਹਿੰਦੇ ਸਨ। ਉਹ ਵੀ ਆ ਗਏ। ਮਿਥੇ ਦਿਨ ਸਰਬਣ ਵੀ ਪੂਰੀ ਤਿਆਰੀ ਵਿਚ ਸੀ ਤੇ ਅਖਾੜੇ ਵਿਚ ਜਾਂਦੇ ਹੀ ਕਿਹਾ, ਭਲਵਾਨਾਂ ਕੈਮ ਆ, ਸਾਗ 'ਚ ਘਿਓ ਪਾ ਕੇ ਖਾਧਾ ਚੰਗੀ ਤਰ੍ਹਾਂ? ਤੇ ਹੱਥ ਮਿਲਾਉਂਦਿਆਂ ਹੀ ਧੋਬੀ ਮਾਰ ਦਿਤੀ। ਫਿਰ ਦੂਜੀ ਧੋਬੀ ਮਾਰ ਦਿਤੀ। 'ਕੱਠੀਆਂ ਦੋ ਧੋਬੀਆਂ ਮਾਰ ਅਲੀ-ਅਲੀ ਕਰਦਾ ਸਰਬਣ ਅਹੁ ਗਿਆ, ਅਹੁ ਗਿਆ। ਅੱਖੀਂ ਵੇਖੀ ਇਸ ਕੁਸ਼ਤੀ ਦਾ ਹਾਲ ਮਾਲੋਮਜਾਰੇ ਵਾਲੇ ਕਸ਼ਮੀਰ ਮੀਤੂ ਦੇ ਵੱਡੇ ਭਾਈ ਗੁਰਨਾਮ ਨੇ ਦੱਸਿਆ।



*ਪਹਿਲਵਾਨ ਸਰਬਣ*

ਭਾਰਤੀ ਕੁਸ਼ਤੀ ਦੇ ਮਹਾਂਰਥੀ ਕੋਚ ਸੋਧੀ ਦੇ ਛੋਟੇ ਭਾਈ ਜਰਨੈਲ ਅਨੁਸਾਰ ਇਕ ਵਾਰ ਕਿਤੇ ਸਰਬਣ ਦੀ ਕਿਸੇ ਤਕੜੇ ਭਲਵਾਨ ਨਾਲ ਕੁਸ਼ਤੀ ਸੀ। 15-20 ਮਿੰਟ ਸਰਬਣ ਉਸ ਕੋਲੋਂ ਕੁਟ ਖਾਂਦਾ ਰਿਹਾ। ਫੇਰ ਉਦੋਂ ਪਤਾ ਲੱਗਾ ਜਦੋਂ ਉਹ ਹੇਠੋਂ ਨਿਕਲ ਕੇ ਧੋਬੀ ਮਾਰ ਅਹੁ ਗਿਆ। ਬੰਗੀ ਗੁਲਾਮੀ ਸ਼ਾਹ ਦੀ ਜਗ੍ਹਾ 'ਤੇ ਹੁੰਦੀਆਂ ਕੁਸ਼ਤੀਆਂ ਵਿਚ ਇਕ ਦਿਨ ਵਿਚ ਤਿੰਨਾਂ ਭਲਵਾਨਾਂ ਨੂੰ ਢਾਹੁੰਦਾ ਮੰਗੂਵਾਲੀਏ ਦੇਸ ਰਾਜ ਨੇ ਅੱਖੀਂ ਵੇਖਿਆ।

ਛੋਟੇ ਹੁੰਦੇ ਨੇ ਮੈਂ ਵੀ ਸਰਬਣ ਦੇ ਦਰਸ਼ਨ ਕੀਤੇ। ਮੇਰੇ ਪਿਤਾ ਜੀ ਨੂੰ ਭਲਵਾਨੀ ਦਾ ਸ਼ੌਕ ਹੋਣ ਕਰਕੇ ਉਹ ਸਾਡੇ ਘਰ ਜੱਬੋਵਾਲ ਵੀ ਆਉਂਦਾ ਰਿਹੈ। ਰੱਜੋਵਾਲੀਆ ਮੀਤ ਭਲਵਾਨ ਵੀ ਉਹਦੇ ਨਾਲ ਹੁੰਦਾ ਸੀ। ਅੱਧੀ-ਅੱਧੀ ਬਾਲਟੀ ਦੁੱਧ ਦੀ ਅਤੇ ਗਲਾਸਾਂ 'ਚ ਘਿਓ ਪਾ ਕੇ ਪੀਂਦੇ ਵੇਖੇ। ਪਿਤਾ ਦੇ ਪੱਟਾਂ 'ਤੇ ਮੋਰਨੀਆਂ ਵੇਖ ਇਕ ਵਾਰ ਸਰਬਣ ਕਹਿੰਦਾ, 'ਮੋਰਨੀਆਂ ਵੀ ਜੁਆਨੀ 'ਚ ਹੀ ਚੰਗੀਆਂ ਲੱਗਦੀਆਂ, ਉਮਰ ਨਾਲ ਮੋਰਨੀਆਂ ਵੀ ਢਿੱਲੀਆਂ ਪੈ ਜਾਂਦੀਆਂ।' ਮੇਰੇ ਪਿੰਡ ਦਾ ਇਸ ਵੇਲੇ ਕੈਨੇਡਾ ਰਹਿੰਦਾ ਪਹਿਲਵਾਨ ਬਲਵੀਰ ਸਿੰਘ ਫ਼ੌਜੀ ਜਦੋਂ ਸਰਬਣ ਨੂੰ ਉਸਤਾਦ ਧਾਰਨ ਗਿਆ ਤਾਂ ਮੇਰੇ ਪਿਤਾ ਜੀ ਰਾਮਾ ਖੇਲਾ ਉਹਦੇ ਨਾਲ ਗਏ। ਉਹ ਚਾਹੁੰਦੇ ਸਨ ਕਿ ਵੱਡਾ ਵੀਰ ਵੀ ਭਲਵਾਨ ਬਣੇ, ਉਹ ਭਲਵਾਨ ਤਾਂ ਨਾ ਬਣਿਆ ਪਰ ਆਰੀਆ ਕਾਲਜ ਨਵਾਂਸ਼ਹਿਰ ਦਾ ਅਥਲੀਟ, ਫ਼ੁਟਬਾਲ ਖਿਡਾਰੀ ਤੇ ਯੂਨੀਵਰਸਿਟੀ ਦਾ ਤਕੜਾ ਫ਼ੁਟਬਾਲ ਖਿਡਾਰੀ ਬਣਿਆ। ਅਸੀਂ ਦੋਵਾਂ ਭਰਾਵਾਂ ਨੇ ਰੋਜ਼-ਸਵੇਰੇ ਮਾਲਸ਼ ਕਰਨ ਲੱਗਿਆਂ, ਘੁੱਲਣ ਲੱਗ ਪੈਣਾ ਤੇ ਧੋਬੀ-ਦਾਅ ਦੀਆਂ ਗੱਲਾਂ ਕਰਦੇ ਵੱਡੇ ਭਾਈ ਨੇ ਸਰਬਣ ਵਾਂਗ ਧੋਬੀ ਮਾਰਨੇ।

1929 ਵਿਚ ਜਨਮੇ ਸਰਬਣ ਨੂੰ ਪਹਿਲਵਾਨੀ ਵਿਰਸੇ ਵਿਚ ਮਿਲੀ। ਪੜਦਾਦਾ ਫ਼ੱਤੂ ਵੀ ਭਲਵਾਨ ਸੀ। ਬਾਬੇ ਹੁਣੀਂ ਤਿੰਨ ਭਰਾ-ਬੰਤਾ, ਕਰਤਾਰਾ ਅਤੇ ਗੁਰਦਿਤਾ ਸਨ। ਬਾਬੇ ਗੁਰਦਿਤੇ ਦਾ 'ਕੱਲਾ ਪੁੱਤ ਸਰਬਣ। ਛੋਟੀ ਉਮਰੇ ਉਸ ਦਾ ਸਰੀਰ ਤਾਂ ਇਕਹਿਰਾ ਸੀ ਪਰ ਸੀ ਚੁਸਤ। ਪਿੰਡ ਦੇ ਹੀ ਅਮਰੂ ਮੱਲ ਨੂੰ ਉਸਤਾਦ ਧਾਰਿਆ। ਰੌਲਿਆਂ ਪਿਛੋਂ 18 ਸਾਲ ਦੀ ਉਮਰੇ ਮਰਾਸੀ ਭਲਵਾਨ ਬੋਦੀ ਨਾਲ ਮਹਿਦਪੁਰ ਕੁਸ਼ਤੀ ਹੋਈ। ਬੋਦੀ ਦਾ ਪਿੰਡ ਤਾਂ ਮਹਿਦਪੁਰ ਸੀ ਪਰ ਰਹਿੰਦਾ ਨਕੋਦਰ ਸੀ। ਸਰਬਣ ਮਹਿਦਪੁਰ ਮੰਗਿਆ ਸੀ ਪਰ ਵਿਆਹ ਨਹੀਂ ਸੀ ਹੋਇਆ। ਬੋਦੀ ਅਖਾੜਿਆਂ 'ਚ ਲਲਕਾਰੇ ਮਾਰਦਾ, ਜਿਹੜਾ ਮਰਜ਼ੀ ਲੈ ਆਓ! ਕੇਹਰੂ ਤੇ ਕਰਮੇ ਵਰਗੇ ਤਕੜੇ ਪਹਿਲਵਾਨ ਬੋਦੀ ਨੇ ਹਰਾਏ ਹੋਏ ਸਨ।

ਕਰਮਾ ਤੇ ਕੇਹਰੂ ਤਾਂਗੇ 'ਚ ਸਰਬਣ ਨੂੰ ਲੈਣ ਰਾਮਾ ਖੇਲਾ ਨੂੰ ਚੱਲ ਪਏ। ਪਿੰਡ ਪਹੁੰਚੇ ਤਾਂ ਬਾਬੇ ਨੇ ਜਵਾਬ ਦੇ ਦਿਤਾ ਕਿ ਸਰਬਣ 'ਕੱਲਾ ਕਹਿਰਾ ਪੁੱਤ, ਐਵੇਂ ਸੱਟ-ਫੇਟ ਲੱਗ ਜਾਊ। ਮਹਿਦਪੁਰ ਮੰਗਿਆ ਹੋਣ ਕਰਕੇ ਸਰਬਣ ਵੀ ਉਥੇ ਹਾਲੇ ਜਾਣਾ ਨਹੀਂ ਸੀ ਚਾਹੁੰਦਾ। ਉਨ੍ਹਾਂ ਇੱਜ਼ਤ ਦਾ ਵਾਸਤਾ ਪਾ ਉਸ ਨੂੰ ਮਨਾ ਲਿਆ। ਸਰਬਣ ਨੇ ਉਥੇ ਜਾਣ ਦਾ ਬਹਾਨਾ ਦੱਸਿਆ ਕਿ ਉਨ੍ਹਾਂ ਦੇ ਘਰ ਰੱਖਿਆ ਸ਼ਿਕਾਰੀ ਕੁੱਤਾ ਲੈ ਜਾਣ ਤੇ ਉਹ ਕੁੱਤਾ ਲਿਆਉਣ ਦੇ ਬਹਾਨੇ ਮਹਿਦਪੁਰ ਛਿੰਝ 'ਤੇ ਪਹੁੰਚ ਜਾਵੇਗਾ। ਇਸੇ ਤਰ੍ਹਾਂ ਹੀ ਹੋਇਆ। ਕੁੱਤਾ ਲਿਆਉਣ ਦੇ ਬਹਾਨੇ ਸਰਬਣ ਕੁਸ਼ਤੀ ਵਾਲੇ ਦਿਨ ਨਕੋਦਰ ਪਹੁੰਚ ਗਿਆ ਜਿਥੇ ਅੱਡੇ 'ਚ ਅਮਰੂ ਤੇ ਕੇਹਰੂ ਪਹਿਲੋਂ ਹੀ ਉਡੀਕਦੇ ਸਨ। ਅੱਡੇ 'ਚ ਕਰਮੇ ਦੀ ਜੁੱਤੀਆਂ ਦੀ ਦੁਕਾਨ ਸੀ। ਫਿਰ ਛਿੰਝ ਜਾ ਪਹੁੰਚੇ। ਹੱਟਾ-ਕੱਟਾ, ਚੰਗੇ ਕੱਦ-ਕਾਠ ਦਾ ਬੋਦੀ ਅਖਾੜੇ 'ਚ ਲਲਕਾਰੇ ਮਾਰ ਰਿਹਾ ਸੀ।

"ਤੇਰੇ ਵਾਸਤੇ ਸਰਬਣ ਕਸਤੂਰੀ ਲੈ ਆਂਦੀ ਹੈ," ਕਰਮੇ ਤੇ ਕੇਹਰੂ ਨੇ ਜਾ ਕੇ ਬੋਦੀ ਨੂੰ ਕਿਹਾ।

"ਆਹ ਛੋਟੂ ਜਿਹਾ, ਏਹ ਮੇਰੇ ਨਾਲ ਕੀ ਘੁਲੇਗਾ," ਸਰਬਣ ਦਾ ਮੱਧਰਾ ਕੱਦ ਵੇਖ ਕੇ ਬੋਦੀ ਨੇ ਟਿੱਚਰ ਕੀਤੀ।

ਸ਼ਾਮ ਨੂੰ ਪਟਕੇ ਦੀ ਕੁਸ਼ਤੀ ਵੇਲੇ ਸਰਬਣ ਨੇ ਪਟਕੇ ਨੂੰ ਹੱਥ ਲਾ ਦਿਤਾ। ਫਿਰ ਬੋਦੀ ਨੇ ਵੀ ਪਟਕੇ ਨੂੰ ਹੱਥ ਲਾਇਆ। ਕੁਸ਼ਤੀ ਸ਼ੁਰੂ ਹੋਈ ਤਾਂ ਬੋਦੀ ਪਹਿਲਵਾਨ ਬਹੁਤ ਰੰਗ ਬਣਾ ਰਿਹਾ ਸੀ। ਅੰਦਰੋਂ-ਬਾਹਰੋਂ ਲੱਤ ਪਾ ਕੇ ਕਲਾ-ਜੰਗ ਦਾਅ ਦਾ ਮਾਹਰ। ਵੱਡੇ ਵੱਡੇ ਭਲਵਾਨ ਧੋਬੀ-ਦਾਅ ਨਾਲ ਰੋਲ ਦਿਤੇ ਸਨ। ਸਰਬਣ ਉਹਦੇ ਦਾਅ ਨੂੰ ਰੋਕੀ ਜਾ ਰਿਹਾ ਸੀ। ਇਕ ਦਮ ਸਰਬਣ ਫੁਰਤੀ ਨਾਲ ਪੱਟਾਂ ਨੂੰ ਖਿਚ ਕੇ ਉਤੇ ਬਹਿ ਗਿਆ। ਲੋਕਾਂ ਨੇ ਤਾੜੀਆਂ ਮਾਰ ਦਿਤੀਆਂ। ਕੇਹਰੂ ਭਲਵਾਨ ਨੇ ਆ ਕੇ ਸਰਬਣ ਦੇ ਸਿਰ 'ਤੇ ਪਟਕਾ ਬੰਨ੍ਹ ਦਿਤਾ। ਮਹਿਦਪੁਰ ਦੀ ਪੰਚਾਇਤ ਨੇ ਸਨਮਾਨ ਕੀਤਾ। ਉਸ ਪਿਛੋਂ ਮਹਿਦਪੁਰ ਉਸ ਦਾ ਰਿਸ਼ਤਾ ਪੱਕਾ ਹੋ ਗਿਆ।

ਨਿਊਜ਼ੀਲੈਂਡ ਰਹਿੰਦੇ ਜੱਬੋਵਾਲੀਏ ਦਰਸ਼ਨ ਭਲਵਾਨ ਨਾਲ ਵੀ ਸਰਬਣ ਦੀਆਂ ਕੁਸ਼ਤੀਆਂ ਹੋਈਆਂ। ਕਦੇ ਰੂਪੋਵਾਲ, ਕਦੇ ਲੁਧਿਆਣੇ, ਕਦੇ ਸ਼ੰਕਰ ਅਤੇ ਕਦੇ ਸੁਜੋਂ-ਸੁਰਾਪੁਰ। ਦਰਸ਼ਨ ਦਾ ਕੱਦ-ਕਾਠ ਵੇਖ ਕੇ ਸਰਬਣ ਕਹਿਣ ਲੱਗਾ, 'ਜੇ ਕਿਤੇ ਇਹ ਮੇਰੇ ਕੋਲ ਹੁੰਦਾ ਤਾਂ ਏਹਨੂੰ ਤਕੜਾ ਮੱਲ ਬਣਾਉਂਦਾ।'

ਅੰਮ੍ਰਿਤਸਰ ਦੇ ਭਲਵਾਨ ਨੰਜੂ ਭੈਲ ਨਾਲ ਬਿਲਗੇ ਕੁਸ਼ਤੀ ਹੋਈ। ਗੇਜਾ, ਭੱਜੀ ਅਤੇ ਨਿੰਮਾ-ਤਿੰਨੇ ਨੰਜੂ ਭੈਲ ਨਾਲ ਕੁਸ਼ਤੀ ਕਰਨ ਤੋਂ ਨਾਂਹ ਕਰ ਗਏ। ਨੰਜੂ ਰੇੜ੍ਹ-ਹਵਾਈ ਦਾਅ ਮਾਰ ਕੇ ਵਿਰੋਧੀ ਭਲਵਾਨ ਦੀ ਧੌਣ ਦੇ ਮਣਕੇ ਹਿਲਾ ਦਿੰਦਾ ਸੀ। ਦੋਆਬੇ ਦੇ ਭਲਵਾਨ ਡਰਦੇ ਉਹਦੇ ਨਾਲ ਘੁਲਦੇ ਨਹੀਂ ਸਨ। ਬਿਲਗੇ ਝੰਡੀ ਦੀ ਕੁਸ਼ਤੀ 'ਤੇ ਨੰਜੂ ਨਾਲ ਘੁਲਣ ਲਈ ਸਰਬਣ ਨੇ ਝੰਡੀ ਫੜ ਲਈ। ਕੁਸ਼ਤੀ ਸ਼ੁਰੂ ਹੋਈ। ਕੱਦ ਦਾ ਲੰਬਾ ਹੋਣ ਕਰਕੇ ਨੰਜੂ ਸਰਬਣ ਨੂੰ ਥਕਾ ਦਿੰਦਾ ਸੀ। ਨੰਜੂ ਨੇ ਬੁਸ ਮਾਰ ਮਾਰ 10-12 ਮਿੰਟ ਥੱਲੇ ਫੜ ਕੇ ਚੰਗਾ ਕੁੱਟਿਆ। ਫੁਰਤੀ ਨਾਲ ਸਰਬਣ ਹੇਠੋਂ ਨਿਕਲਿਆ ਤੇ ਨੰਜੂ ਦੇ ਬਰਾਬਰ ਖੜਾ ਹੋ ਗਿਆ। ਘੰਟਾ ਪੌਣਾ-ਘੰਟਾ ਚੱਲੀ ਫਸਵੀਂ ਕੁਸ਼ਤੀ ਨੂੰ ਪੰਚਾਇਤ ਨੇ ਬਰਾਬਰ ਛੁਡਾ ਦਿਤਾ।

ਕੁਸ਼ਤੀ ਤੋਂ ਬਾਅਦ ਖੂਹ 'ਤੇ ਨਹਾਉਣ ਗਏ ਨੰਜੂ ਨੇ ਅਮਰੂ ਪਹਿਲਵਾਨ ਨੂੰ ਕਿਹਾ, "ਸਰਬਣ ਅੱਜ ਬਚਦਾ ਨਹੀਂ, ਐਨੀ ਮਾਰ ਪਈ ਉਹਦੇ!"

"ਕੋਈ ਨਾ, ਫਿਕਰ ਨਾ ਕਰ, ਤੂੰ ਰੂਪੋਵਾਲ ਛਿੰਜ 'ਤੇ ਆਈਂ, ਉਥੇ ਤੇਰੇ ਨਾਲ ਫਿਰ ਸਰਬਣ ਘੁਲੇਗਾ।" ਅਮਰੂ ਨੇ ਨੰਜੂ ਨੂੰ ਕਿਹਾ। ਨੰਜੂ ਭੈਲ ਡਰਦਾ ਰੂਪੋਵਾਲ ਕੁਸ਼ਤੀ ਕਰਨ ਨਾ ਆਇਆ।

ਸਰਬਣ ਦੀ ਖੁਰਾਕ ਤਕੜੀ ਸੀ। ਸਵੇਰੇ ਦਹੀਂ-ਲੱਸੀ, ਦਿਨ 'ਚ ਦੋ ਵਾਰ ਰੋਟੀ, ਰਾਤ ਨੂੰ ਦੁੱਧ ਅਤੇ ਇਕ ਦਿਨ ਛੱਡ ਕੇ ਮੀਟ ਖਾਣਾ। ਸਰਦੀਆਂ ਨੂੰ ਦੇਸੀ ਘਿਉ ਅਤੇ ਗਰਮੀਆਂ ਨੂੰ ਬਦਾਮਾਂ ਦੀ ਸ਼ਰਦਾਈ ਤੇ ਔਲੇ ਦਾ ਮੁਰੱਬਾ। 7-8 ਸੌ ਡੰਡ ਅਤੇ 1500 ਤੋਂ 2000 ਤੱਕ ਬੈਠਕਾਂ ਮਾਰਨੀਆਂ। ਦਿਨ 'ਚ ਇਕ ਵਾਰ ਜ਼ੋਰ ਕਰਨਾ ਅਤੇ ਕਈ ਕਈ ਪਹਿਲਵਾਨਾਂ ਦਾ ਜ਼ੋਰ ਕਰਾਉਣਾ।

ਆਪਣੇ ਸਮੇਂ ਦੇ ਨਾਮੀ ਪਹਿਲਵਾਨ ਭੱਜੀ ਨਾਲ ਗੜ੍ਹੀ ਅਜੀਤ ਸਿੰਘ (ਬਲੌਣੀ ਦੀ ਛਿੰਜ) ਕੁਸ਼ਤੀ ਹੋਈ ਤਾਂ ਉਹ ਰੌਲਾ ਪਾ ਕੇ ਬਹਿ ਗਿਆ। ਭੱਜੀ ਨਾਲ ਹੀ ਦੁਬਾਰਾ ਭਾਰ ਸਿੰਘਪੁਰੇ ਪਟਕੇ ਦੀ ਕੁਸ਼ਤੀ ਹੋਈ। ਸਰਬਣ ਨੇ ਉਥੇ ਤਿੰਨਾਂ ਮਿੰਟਾਂ 'ਚ ਧੋਬੀ ਮਾਰ ਕੇ ਭੱਜੀ ਨੂੰ ਢਾਹਿਆ। ਸਰਬਣ ਦਾ ਇਕਲੌਤਾ ਬੇਟਾ ਸ਼ਿੰਦਾ ਬਾਰਾਂ ਸਾਲ ਆਪਣੇ ਪਿਤਾ ਨਾਲ ਕੁਸ਼ਤੀਆਂ ਵੇਖਣ ਜਾਂਦਾ ਰਿਹਾ। ਸ਼ਿੰਦਾ ਵੀ ਘੁਲਣ ਲੱਗਾ ਪਰ ਐਕਸੀਡੈਂਟ ਹੋਣ ਕਰਕੇ ਉਹ ਘੁਲਣ ਦੇ ਯੋਗ ਨਾ ਰਿਹਾ। ਹੁਣ ਉਹ ਲੋਕਾਂ ਦੀਆਂ ਲੱਤਾਂ-ਬਾਹਾਂ ਚੜ੍ਹਾ ਕੇ, ਮਾਲਸ਼ਾਂ ਕਰਕੇ ਗੁਜ਼ਾਰਾ ਚਲਾ ਰਿਹੈ। ਸ਼ਿੰਦੇ ਦਾ ਬੇਟਾ ਜਗਦੀਸ਼ ਪਾਲ ਆਪਣੇ ਬਾਬੇ ਦੇ ਰਾਹਾਂ 'ਤੇ ਚਲਦਾ ਸਰਕਾਰੀ ਸਕੂਲਾਂ ਦੀਆਂ ਕੁਸ਼ਤੀਆਂ 'ਚੋਂ ਪਹਿਲੇ ਨੰਬਰ 'ਤੇ ਆਇਆ। ਸ਼ਿੰਦੇ ਦਾ ਕਹਿਣਾ ਹੈ ਕਿ ਗਰੀਬੀ ਵਿਚ ਪਹਿਲਵਾਨ ਬਣਨਾ ਬਹੁਤ ਔਖਾ ਹੈ।

ਪਿਤਾ ਦੀ ਮੌਤ ਪਿਛੋਂ ਸ਼ਿੰਦੇ ਨੇ ਰਾਮਾ ਖੇਲਾ ਉਸ ਦੀ ਯਾਦ ਵਿਚ 'ਸਰਬਣ ਦਾ ਅਖਾੜਾ' ਚਾਲੂ ਕਰ ਦਿਤਾ ਹੈ। ਸ਼ਾਗਿਰਦ ਭਲਵਾਨਾਂ, ਖੇਡ-ਸ਼ੌਕੀਨਾਂ ਤੇ ਪਰਵਾਸੀਆਂ ਦੀ ਮਦਦ ਨਾਲ ਸ਼ਿੰਦਾ ਹਰ ਸਾਲ ਕੁਸ਼ਤੀਆਂ ਕਰਾਉਣ ਦਾ ਇਛੁਕ ਹੈ। ਸ਼ਿੰਦੇ ਦਾ ਫੋਨ ਨੰਬਰ 91-98762-52589 ਹੈ। ਮੈਨੂੰ ਰਾਮਾ ਖੇਲਾ ਜਾਣ ਦਾ ਮੌਕਾ ਮਿਲਿਆ। ਢਾਈ ਕੁ ਮਰਲੇ ਦਾ ਮਕਾਨ ਹੀ ਸ਼ਿੰਦੇ ਦੀ ਦੁਨੀਆਂ ਹੈ।

ਸਰਬਣ ਦਾ ਜਿਗਰੀ-ਯਾਰ ਜਗੀਰੀ ਜਿਹਨੂੰ ਝੰਡੀਆਂ ਵਾਲੀ ਕਾਰ 'ਚ ਉਹ ਕਦੇ ਵਿਆਹ ਕੇ ਲਿਆਇਆ ਸੀ, ਨੂੰ ਮਿਲਣ ਦੀ ਖਾਹਿਸ਼ ਜਾਗੀ ਤਾਂ ਸ਼ਿੰਦੇ ਨੂੰ ਨਾਲ ਲੈ ਖੂਹ 'ਤੇ ਪਹੁੰਚੇ। "ਚਾਚਾ ਜੀ ਦੇਖੋ, ਤੁਹਾਨੂੰ ਮਿਲਣ ਆਏ ਨੇ।" ਸ਼ਿੰਦੇ ਦੀ ਅਵਾਜ਼ ਸੁਣ ਕੇ ਸਿਆਣੀ ਉਮਰ ਦਾ ਜਗੀਰੀ ਬੜੇ ਨਿੱਘ ਨਾਲ ਮਿਲਿਆ। ਸਰਬਣ ਦੀਆਂ ਗੱਲਾਂ ਸ਼ੁਰੂ ਕਰ ਲਈਆਂ। ਕਹਿੰਦਾ, "ਇਕ ਵਾਰ ਉਨ੍ਹਾਂ ਦੇ ਖੂਹ 'ਤੇ ਉਨ੍ਹਾਂ ਵਾਲੇ ਬੜੇ ਬੜੇ ਜੁਆਨ ਆ ਗਏ। ਸਰਬਣ ਵੀ ਉਥੇ ਸੀ। ਨਹਾਉਣ ਲੱਗੇ ਤਾਂ ਮੋਟੇ-ਮੋਟੇ ਪੱਟ ਵੇਖ ਕੇ ਉਹ ਕਹਿਣ ਲੱਗੇ, ਤੁਸੀਂ ਭਲਵਾਨ ਹੋ? ਜਗੀਰੀ ਨੇ ਸਰਬਣ ਵਲ ਨੂੰ ਇਸ਼ਾਰਾ ਕਰਦਿਆਂ ਕਿਹਾ, ਜਿਹੜਾ ਤੁਹਾਡੇ 'ਚੋਂ ਤਕੜਾ ਹੈ, ਉਹਦੇ ਨਾਲ ਘੁਲ ਲਓ। ਸਰਬਣ ਘੁੱਲਣ ਲਈ ਤਿਆਰ ਹੋ ਗਿਆ। ਉਨ੍ਹਾਂ 'ਚੋਂ ਸਭ ਨਾਲੋਂ ਤਕੜਾ ਘੁਲਣ ਲੱਗਾ ਤਾਂ ਸਰਬਣ ਨੇ ਫੜੀ ਬਾਂਹ, ਤੈਹਤ ਦਾ ਤੈਹਤ ਉਪਰੋਂ ਦੀ ਮਾਰਿਆ ਘੁਮਾ ਕੇ। ਮਰ ਗਿਆ ਕਹਿ ਕੇ ਉਹ ਉਥੇ ਬਹਿ ਗਿਆ। ਦੂਜੇ ਭਲਵਾਨ ਡਰਦੇ ਲਾਗੇ ਨਾ ਆਏ।" ਇਹ ਵੀ ਦੱਸਿਆ ਕਿ ਪਹਿਲਿਆਂ 'ਚ ਸਰਬਣ ਨੂੰ ਉਹਨੇ ਮਹਿਦਪੁਰ ਮੇਹਰਦੀਨ ਨੂੰ ਢਾਹੁੰਦਾ ਅੱਖੀਂ ਵੇਖਿਆ। ਇਲਾਕੇ ਦੀਆਂ ਛਿੰਝਾਂ ਵਿਚ ਉਹ ਆਮ ਕਰਕੇ ਸਰਬਣ ਦੇ ਨਾਲ ਜਾਂਦਾ ਰਿਹੈ। ਜਗੀਰੀ ਦਾ ਪਿਤਾ ਸਰਬਣ ਦੀ ਭਲਵਾਨੀ ਬਹੁਤ ਪਸੰਦ ਕਰਦਾ ਸੀ।



*ਸਰਬਣ ਦਾ ਪੁੱਤਰ ਛਿੰਦਾ, ਜਗੀਰੀ ਅਤੇ ਲੇਖਕ ਇਕਬਾਲ*

ਸਰਬਣ ਆਪਣੇ ਪੱਗ ਵੱਟ ਭਰਾ ਜੁਆਲੇ ਪਹਿਲਵਾਨ ਕੋਲ ਬਖ਼ਲੌਰ ਖੂਹ 'ਤੇ ਕਿਤੇ-ਕਿਤੇ ਚਲੇ ਜਾਂਦਾ ਸੀ। ਜੁਆਲਾ ਤਾਂ ਧਰਮ ਪਾਲਦਾ ਰਿਹਾ ਪਰ ਮੁੰਡਿਆਂ ਨੇ ਸਰਬਣ ਦੀ ਪਹਿਲਵਾਨੀ ਖਰਾਬ ਕਰਨ ਲਈ ਸ਼ਰਾਬ ਪੀਣ ਲਾ ਦਿਤਾ ਤੇ ਸਰਬਣ ਦੀ ਪਹਿਲਵਾਨੀ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ।

ਸਰਬਣ ਆਪਣੇ ਰਿਸ਼ਤੇਦਾਰਾਂ ਭਾਗ ਰਾਮ ਹੁਰਾਂ ਕੋਲ ਕੋਈ 50 ਸਾਲ ਮਹਿਦਪੁਰ ਸਹੁਰੀਂ ਰਿਹਾ। ਕੇਹਰੂ ਪਹਿਲਵਾਨ ਸਰਬਣ ਦੇ ਸਹੁਰਿਆਂ ਦਾ ਹੋਣ ਕਰਕੇ ਉਸ ਦੀ ਪਹਿਲਵਾਨੀ ਦਾ ਕਾਇਲ ਸੀ। ਸੰਗਰਾਂਦ ਛਿੰਝ 'ਤੇ ਮਹਿਦਪੁਰ ਕੁਸ਼ਤੀਆਂ ਵਿਚ ਸਰਬਣ ਘੁਲਣ ਲੱਗਾ ਤਾਂ ਮੇਹਰਦੀਨ ਨੇ ਕਿਹਾ, "ਉਹਦੇ ਨਾਲ ਘੁੱਲਣ ਲਈ, ਕੋਈ ਬਰਾਬਰ ਦਾ ਤਕੜਾ ਜਿਹਾ ਜੁਆਨ ਲਿਆਓ।" ਸ਼ਾਮ ਨੂੰ ਜਦੋਂ ਪਟਕੇ ਦੀ ਕੁਸ਼ਤੀ ਸ਼ੁਰੂ ਹੋਈ ਤਾਂ ਪੰਜਾਂ ਮਿੰਟਾਂ 'ਚ ਧੋਬੀ ਮਾਰ ਕੇ ਸਰਬਣ ਅਹੁ ਗਿਆ, ਅਹੁ ਗਿਆ। ਮੇਹਰਦੀਨ ਹੱਕਾ-ਬੱਕਾ ਰਹਿ ਗਿਆ। ਸ਼ੰਕਰ ਛਿੰਝ 'ਚ ਸਰਬਣ ਮੇਹਰਦੀਨ ਨਾਲ ਬਰਾਬਰ ਰਿਹਾ ਸੀ। ਸਰਬਣ ਦੀ ਮੌਤ ਤੋਂ ਬਾਅਦ ਮੇਹਰਦੀਨ ਨੇ ਮਹਿਦਪੁਰ ਕੁਸ਼ਤੀਆਂ ਵਿਚ ਸਰਬਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਬਣ ਵਰਗਾ ਕੋਈ ਆਮ ਪਹਿਲਵਾਨ ਨਹੀਂ ਹੋਣਾ।

ਜ਼ਿੰਦਗੀ ਦੇ ਆਖਰੀ ਦਿਨੀਂ ਸਰਬਣ ਆਪਣੇ ਜੱਦੀ ਪਿੰਡ ਰਾਮਾ ਖੇਲਾ ਆ ਗਿਆ। ਘਰਵਾਲੀ ਅਮਰ ਕੌਰ ਅਤੇ ਬੱਚਿਆਂ ਨਾਲ ਖੁਸ਼ ਰਹਿੰਦਾ। ਲੰਬੜਾਂ ਦੇ ਖੂਹ 'ਤੇ ਅਖਾੜਾ ਬਣਾ ਕੇ ਬੱਚਿਆਂ ਨੂੰ ਕੁਸ਼ਤੀਆਂ ਨਾਲ ਜੋੜਨ ਲੱਗਾ। ਸ਼ਾਗਿਰਦਾਂ 'ਚੋਂ ਹਿਊਸਟਨ, ਟੈਕਸਸ ਰਹਿੰਦਾ ਰਾਮਾ ਖੇਲਾ ਦਾ ਹੀ ਧਿਆਨ ਸਿੰਘ (ਰਾਮਾ ਪਹਿਲਵਾਨ) ਆਪਣੇ ਉਸਤਾਦ ਨੂੰ ਯਾਦ ਕਰਕੇ ਅੱਜ ਵੀ ਮਾਣ ਮਹਿਸੂਸ ਕਰਦਾ ਹੈ। ਸਰਬਣ ਦੀ ਸ਼ਾਗਿਰਦੀ 'ਚ 4 ਸਾਲ ਉਸ ਨੇ ਪਾਸਲੇ ਦੇ ਬਿੱਟੂ, ਬਿਲਗੇ ਵਾਲੇ ਮਾਹਣੇ, ਫ਼ਰਵਾਲੇ ਦੇ ਕਿੰਦੇ, ਲੁਧਿਆਣੇ ਦੇ ਪਵਨ ਅਤੇ ਰਾਮਗੜ੍ਹੀਆ ਵਾਲੇ ਕੋਚ ਦਿਲਬਾਗ ਸਿੰਘ ਬਾਗ਼ੀ ਭਲਵਾਨਾਂ ਨੂੰ ਹਰਾਇਆ। ਉਹ ਆਪਣੇ 17 ਸਾਲਾ ਬੇਟੇ ਨਵਜਿੰਦਰ ਸਿੰਘ ਨੂੰ ਕੁਸ਼ਤੀਆਂ ਵੱਲ ਲਾਉਣਾ ਚਾਹੁੰਦਾ ਸੀ ਪਰ ਉਹ ਏਧਰ ਤਾਂ ਨਾ ਲੱਗਾ, ਗੋਲਾ ਸੁੱਟਣ ਦਾ ਮਾਹਰ ਬਣ ਗਿਆ।

ਸਵਾਸ ਛੱਡਣ ਤੋਂ ਦੋ ਮਹੀਨੇ ਪਹਿਲਾਂ ਸਰਬਣ ਨੇ ਜ਼ਿੰਦਗੀ ਦੀ ਆਖਰੀ ਕੁਸ਼ਤੀ ਬਿਲਗੇ ਲੜੀ। 57 ਸਾਲ ਦੀ ਉਮਰੇ ਉਹਨੇ 21 ਸਾਲਾ ਉਠਦੇ ਤਕੜੇ ਪਹਿਲਵਾਨ ਨੂੰ ਢਾਹਿਆ। ਸਰਬਣ ਅਕਸਰ ਕਿਹਾ ਕਰਦਾ ਸੀ ਕਿ ਚੋਟੀ ਦੇ ਮੱਲਾਂ ਨੂੰ ਅਗਨ-ਭੇਟ ਨਹੀਂ ਕੀਤਾ ਜਾਂਦਾ, ਦਫ਼ਨਾਇਆ ਜਾਂਦਾ ਹੈ। ਜ਼ਿੰਦਗੀ ਦੀ ਉਹ ਆਖਰੀ ਘੜੀ ਵੀ ਆ ਗਈ। 1992 ਦੇ ਦਸਵੇਂ ਮਹੀਨੇ ਦੁਸਹਿਰੇ ਤੋਂ ਦੋ ਦਿਨ ਪਹਿਲਾਂ ਪੰਜਾਬ ਦੇ ਅਖਾੜਿਆਂ ਦੀ ਸ਼ਾਨ ਸਰਬਣ ਸਦਾ ਲਈ ਤੁਰ ਗਿਆ।

ਅਲੀ ਅਲੀ ਕਰਦਾ ਜਦੋਂ
ਜਾਂਦਾ ਸੀ ਵਿਚ ਮੈਦਾਨ ਮੀਆਂ।
ਧੋਬੀ ਮਾਰ ਝੱਟ ਸੁੱਟ ਲੈਂਦਾ,
ਜਦੋਂ ਲਗਦਾ ਸੀ ਹੱਥ ਮਿਲਾਣ ਮੀਆਂ।
ਧੋਬੀ-ਦਾਅ ਤੋਂ ਬਚ ਸਕੇ ਨਾ,
ਬੜੇ ਬੜੇ ਭਲਵਾਨ ਮੀਆਂ।
ਸਰਬਣ ਰਾਮਾ ਖੇਲਾ ਦਾ,
ਕਦੇ ਹੁੰਦਾ ਸੀ ਛਿੰਝਾਂ ਦੀ ਸ਼ਾਨ ਮੀਆਂ।
'ਜੱਬੋਵਾਲੀਆ' ਕਲਮ ਹੰਝੂ ਕੇਰਦੀ,
ਤੁਰ ਗਿਆ ਸਰਬਣ ਮੱਲ ਮਹਾਨ ਮੀਆਂ।

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਭਲਾ ! ਹੁਣ ਭਲੇ ਦਾ ਜਮਾਨਾ ਨਹੀਂ ਰਿਹਾ?

*ਜਿਨ੍ਹਾਂ ਘਰਾਂ ਵਿਚ ਮਾਂ-ਬਾਪ ਇਕ ਬੱਚੇ ਨਾਲ ਖ਼ੁਸ਼ਹਾਲ ਤੇ ਖ਼ੁਸ਼ ਰਹਿਣ ਲੱਗੇ ਹਨ, ਉਨ੍ਹਾਂ ਘਰਾਂ ਵਿਚ ਕੀਮਤੀ ਪਰ ਵੱਡੀ ਗਿਣਤੀ ਵਿਚ ਆਏ ਖਿਡੌਣੇ ਜਦੋਂ ਦੋ ਕੁ ਸਾਲਾਂ ਪਿੱਛੋਂ ਬੱਚਾ ਚੁੱਪ ਹੋ ਜਾਂਦਾ ਹੈ, ਉਹ ਇਕ-ਦੂਜੇ ਦੇ ਗਲ ਲੱਗ ਕੇ ਵੱਧ ਰੋਂਦੇ ਹਨ। ਕਈ ਘਰਾਂ ਵਿਚ ਲੋਕ ਸੌਂਦੇ ਤਾਂ ਪੈਸੇ ਦਾ ਹਿਸਾਬ-ਕਿਤਾਬ ਕਰਕੇ ਹਨ ਪਰ ਜਦੋਂ ਜਾਗ ਖੁੱਲ੍ਹਦੀ ਹੈ, ਟੱਬਰ ਔਲਾਦ ਦੇ ਉਜਾੜਿਆਂ ਦਾ ਛਾਹ-ਵੇਲਾ ਕਰ ਰਿਹਾ ਹੁੰਦਾ ਹੈ। ਕਈ ਔਰਤਾਂ ਸੁਨੱਖੀਆਂ ਵੀ ਸਨ, ਖ਼ੂਬਸੂਰਤ ਵੀ ਵਾਹਵਾ ਸਨ, ਪੜ੍ਹੀਆਂ-ਲਿਖੀਆਂ ਵੀ ਸਨ ਪਰ ਵਿਸ਼ਵਾਸਯੋਗ ਨਾ ਹੋਣ ਕਰਕੇ ਹੁਸਨ ਦੀ ਹੱਟੀ ਤੇ ਇਸ਼ਕ ਦਾ ਬਾਰੂਦ ਵੇਚਦੀਆਂ ਕਤਲਾਂ ਦੇ ਇਲਜ਼ਾਮ ਲੁਆ ਬੈਠੀਆਂ। ਅਸਲ ਵਿਚ ਚਰਖਾ ਭਾਵੇਂ ਚੰਦਨ ਦਾ ਹੋਵੇ, ਟਾਹਲੀ ਦਾ ਹੋਵੇ-ਇਹ ਅਮੀਰੀ ਤੇ ਗਰੀਬੀ ਵਿਚਲਾ ਪਾੜਾ ਹੀ ਹੈ। ਉਂਜ ਚਰਖੇ ਨੇ ਪੂਣੀਆਂ ਹੀ ਕੱਤਣੀਆਂ ਹੁੰਦੀਆਂ ਹਨ। ਜਿਨ੍ਹਾਂ ਲੋਕਾਂ ਨੇ ਪ੍ਰਸੰਨਤਾ ਵੇਚ ਕੇ ਮਾਇਆ ਹੀ 'ਕੱਠੀ ਕੀਤੀ ਹੈ, ਉਹ ਨੋਟ ਗਿਣਨ ਵੇਲੇ ਮੁਸਕਰਾਉਂਦੇ ਨਹੀਂ, ਰੋਂਦੇ ਵੇਖੇ ਹਨ। ਜਿਨ੍ਹਾਂ ਘਰਾਂ ਨੂੰ ਚਲਾਉਣ ਤੇ ਪਰਿਵਾਰ ਪਾਲਣ ਵਿਚ ਮਰਦ ਜ਼ਿੰਮੇਵਾਰ ਨਹੀਂ ਬਣ ਸਕੇ, ਉਥੇ ਪਤਨੀਆਂ ਨੇ ਇਹ ਰੋਲ ਤਾਂ ਨਿਭਾ ਲਏ ਪਰ ਇਹ ਸੰਤਾਪ ਜ਼ਰੂਰ ਭੋਗਣਾ ਪਿਆ ਕਿ ਇੱਜ਼ਤਾਂ ਪੈਸੇ ਤੋਂ ਵੱਡੀਆਂ ਨਹੀਂ ਹੁੰਦੀਆਂ। ਸਿਆਣਿਆਂ ਦੇ ਉਹ ਤੱਥ ਗਵਾਹ ਨੇ ਕਿ ਜਿਹੜੀਆਂ ਔਰਤਾਂ ਚਰਿੱਤਰ ਤੇ ਇਖਲਾਕ ਕਾਇਮ ਨਹੀਂ ਰੱਖ ਸਕਦੀਆਂ, ਉਨ੍ਹਾਂ ਦੀਆਂ ਅਗਲੀਆਂ ਤਿੰਨ ਪੀੜ੍ਹੀਆਂ ਨੂੰ ਹਰਜਾਨਾ ਵਿਆਜ ਸਣੇ ਅਦਾ ਕਰਨਾ ਪਿਆ ਹੈ। ਕਈਆਂ ਨੇ ਖ਼ੂਨਦਾਨ ਤਾਂ ਭਲੇ ਲਈ ਕੀਤਾ ਸੀ ਪਰ ਇਹ ਰੋਗੀ ਹੋਣ ਕਰਕੇ ਚੁੱਪ-ਚੁਪੀਤੇ ਬਰਬਾਦ ਕਰ ਗਿਆ। ਜਿਨ੍ਹਾਂ ਦੀ ਚਲੋ ਆਮਦਨ ਵੀ ਘੱਟ ਸੀ, ਖਰਚੇ ਵੀ ਘੱਟ ਸਨ, ਸ਼ੌਕ ਏਨੇ ਅਵੱਲੇ ਹੋਏ ਕਿ ਪਤਨੀ ਤੇ ਧੀ ਨੂੰ ਪੁੱਛਣ ਦਾ ਹੌਸਲਾ ਹੀ ਨਹੀਂ ਪਿਆ ਕਿ ਉਹ ਕੀ 'ਕਾਰੋਬਾਰ' ਕਰ ਰਹੀਆਂ ਹਨ। ਬਹੁਤੇ ਪੈਸੇ ਵਾਲੇ ਨੇਕ ਵੀ ਹੋਣ ਏਦਾਂ ਬਹੁਤ ਘੱਟ ਹੀ ਹੁੰਦਾ ਆਇਆ ਹੈ। ਸਿਆਣੇ ਬੰਦਿਆਂ ਨੇ ਭਾਰ ਸਿਰ 'ਤੇ ਚੁੱਕਣ ਨਾਲੋਂ ਮੋਢੇ 'ਤੇ ਚੁੱਕਣ ਦੀ ਇਸ ਕਰਕੇ ਕੋਸ਼ਿਸ਼ ਕੀਤੀ ਸੀ ਕਿ ਦਿਮਾਗ 'ਤੇ ਭਾਰ ਨਾ ਪਵੇ ਪਰ ਕਈਆਂ ਨੇ ਭਾਰ ਤਾਂ ਸੇਰ੍ਹ ਨੀ ਚੁੱਕਿਆ ਬੋਝ ਏਨਾ ਢੋਇਆ ਕਿ ਸਰੀਰ ਤੇ ਦਿਮਾਗ ਦੋਵੇਂ ਹਫ਼ ਗਏ। ਹਰ ਯੁੱਗ ਵਿਚ ਭਲੇਮਾਣਸਾਂ ਨਾਲ ਕੁਪੱਤ ਵੀ ਹੋਈ ਹੈ, ਧੱਕੇਸ਼ਾਹੀਆਂ ਵੀ ਹੋਈਆਂ ਨੇ ਪਰ ਕਈ ਸੁੱਕ ਕੇ ਤਾਂ ਤਬੀਤ ਹੋ ਗਏ ਪਰ ਖ਼ੂਨਦਾਨ ਕਰਨੋਂ ਫੇਰ ਵੀ ਨਹੀਂ ਹਟੇ। ਖ਼ੈਰ ! ਜਦੋਂ ਤੋਂ ਭਾਰ ਤੋਲਣ ਦਾ ਕੰਮ ਤੱਕੜੀ ਦੀ ਥਾਂ ਮਸ਼ੀਨਾਂ ਨਾਲ ਲੱਗ ਪਈਆਂ, ਘੱਟ ਤੁਲਣ ਦੀ ਸੰਭਾਵਨਾ ਤਾਂ ਨਹੀਂ। ਖਾਹ-ਮਖਾਹ ਭਲਾ ਕਰਨ ਵੇਲੇ ਸੌ ਵਾਰ ਨਹੀਂ, ਹਜ਼ਾਰ ਵਾਰ ਸੋਚ ਲਿਓ ਕਿਉਂਕਿ ਸਤਿਯੁਗ ਦੇ ਪਰਤਣ ਦੀ ਉਮੀਦ ਨਹੀਂ ਬਚੀ। ਫੇਰ ਵੀ ਭਲੇ ਲੋਕ ਸੋਚਦੇ ਨੇ...*

ਮਹਿੰਗੇ ਕੱਪੜੇ ਪਾ ਕੇ ਤੁਹਾਡੀ ਟੌਹਰ ਤਾਂ ਬਣ ਸਕਦੀ ਹੈ ਪਰ ਇਹ ਜ਼ਰੂਰੀ ਨਹੀਂ ਤੁਹਾਡਾ ਚਾਲ-ਚੱਲਣ ਵੀ ਚੰਗਾ ਹੋਵੇ। ਜੇ ਹੁਣ ਬਾਂਦਰ ਮਦਾਰੀ ਦੇ ਇਸ਼ਾਰਿਆਂ 'ਤੇ ਨੱਚਣ ਤੋਂ ਮਨ੍ਹਾਂ ਕਰ ਰਿਹਾ ਹੈ ਤਾਂ ਲਗਦਾ ਨਹੀਂ ਜੰਗਲ 'ਚ ਵੀ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲੱਗਣ ਲੱਗ ਪੈਣਗੇ। ਆਪਣੇ ਮੁਲਕ ਵਿਚ ਜੇ ਕਦੀ ਕਾਨੂੰਨ ਜਾਤ-ਪਾਤ ਨੂੰ ਮੁੱਖ ਰੱਖ ਕੇ ਨਾ ਬਣਾਏ ਗਏ ਹੁੰਦੇ ਤਾਂ ਬ੍ਰਾਹਮਣ ਦੇ ਪੁੱਤ ਨੂੰ ਬ੍ਰਾਹਮਣ ਹੋਣ 'ਤੇ ਮਾਣ ਨਹੀਂ ਹੋਣਾ ਸੀ ਤੇ ਨਾ ਹੀ ਸ਼ੂਦਰ ਦੇ ਘਰ ਜਨਮੇ ਪੁੱਤਰ ਨੂੰ ਸ਼ੂਦਰ ਹੋਣ 'ਤੇ ਝੋਰਾ ਹੋਣਾ ਸੀ। ਜ਼ਿਮੀਂਦਾਰ ਤੇ ਕੰਮੀ ਇਸ ਗੱਲ 'ਤੇ ਇਕਸੁਰ ਨਹੀਂ ਹੋ ਸਕੇ ਕਿ ਦੋਹਾਂ ਦਾ ਕੰਮ ਇੱਕੋ ਹੈ ਬਲਕਿ ਕਿਸਾਨ 'ਜੱਟਪੁਣੇ' ਦੀ ਫੋਕੀ ਹਉਮੈ ਵਿਚ ਫਾਹੇ ਲੈਣ ਵੱਲ ਤੁਰ ਪਿਆ ਹੈ। ਇਸ ਗੱਲ ਦੇ ਕੀ ਅਰਥ ਕੱਢੋਗੇ ਕਿ ਉਚੀਆਂ ਜਾਤਾਂ 'ਚੋਂ ਹੁਣ ਜ਼ਿਮੀਂਦਾਰ ਤੇ ਜੱਟ ਨੀਵੇਂ ਬਣ ਕੇ ਰਾਖਵੇਂਕਰਨ ਲਈ ਸੰਘਰਸ਼ ਕਰਨ ਲੱਗੇ ਹਨ ਤੇ ਨੀਵੀਆਂ ਤੇ ਪਛੜੀਆਂ ਜਾਤੀਆਂ ਛੱਤੀਂ ਹੱਥ ਪਾਉਣ ਲਈ ਪਿਛਲੇ ਪੰਜ ਸੌ ਸਾਲਾਂ ਤੋਂ ਅੰਦੋਲਨ ਕਰਨ ਲੱਗੀਆਂ ਹੋਈਆਂ ਹਨ। ਚਪੜਾਸੀ ਤੇ ਅਫ਼ਸਰ ਵੀ ਇਕ ਤਰ੍ਹਾਂ ਨਾਲ ਜਾਤ-ਪਾਤ ਹੀ ਹੈ ਤੇ ਦੋਹਾਂ 'ਚ ਰਿਸ਼ਤਾ ਸਮਾਜ ਤੇ ਮੁਲਕ ਨੂੰ ਚਲਾਉਣ ਵਾਲਾ ਹੈ ਪਰ ਜਾਤੀ ਅਭਿਮਾਨ ਨੇ ਨੁਕਸਾਨ ਬਹੁਤ ਕੀਤਾ ਹੈ ਤੇ ਜਦੋਂ ਦਾ ਜਾਤ-ਪਾਤ ਅੰਦਰ ਧਰਮ ਦਾ ਘੜਮੱਸ ਪਿਆ ਹੈ, ਅਧਿਕਾਰਾਂ 'ਤੇ ਵਧੇਰੇ ਕਬਜਾ ਹੋਣ ਕਾਰਨ ਬ੍ਰਾਹਮਣ ਨੇ ਵਿਦਰੋਹ ਪੈਦਾ ਹੀ ਨਹੀਂ ਹੋਣ ਦਿੱਤਾ। ਸਾਰੇ ਥਾਂਵਾਂ 'ਤੇ ਨੱਚਣ ਦੇ ਸ਼ਗਨਾਂ ਦਾ ਅਰਥ ਵਿਆਹ ਨਹੀਂ ਹੁੰਦਾ, ਇਸ ਲਈ ਗਰੀਬ ਤੇ ਨੀਵੇਂ ਲੋਕ ਜੇ ਲੋੜ ਤੋਂ ਵੱਧ ਤੀਂਗੜ ਰਹੇ ਹਨ ਤਾਂ ਬਿਨਾਂ ਘੜਿਆਲ ਤੋਂ ਵੱਜਦੀ ਘੰਟੀ ਦਾ ਅਰਥ ਸਮਾਜ ਪ੍ਰਬੰਧ ਵਿਚ ਹਾਲੇ ਤੀਕਰ ਵੀ ਬਰਾਬਰੀ ਲੈਣ ਦਾ ਇਕ ਤਰ੍ਹਾਂ ਨਾਲ ਸ਼ਾਂਤਮਈ ਅੰਦੋਲਨ ਹੀ ਹੈ। 'ਕਰ ਭਲਾ ਹੋ ਭਲਾ' ਦੇ ਅਰਥ ਬਹੁਤਾ ਕਰਕੇ ਗਰੀਬ ਤੇ ਨੀਵੇਂ ਲੋਕਾਂ ਲਈ ਹੀ ਪੂਜਾ ਪਾਠ ਹੈ, ਉਚਿਆਂ ਨੇ ਤਾਂ ਇਸ 'ਤੇ ਸਿਰਫ਼ ਮੋਹਰ ਹੀ ਲਾਉਣੀ ਹੁੰਦੀ ਹੈ। ਇਹ ਜ਼ਰੂਰੀ ਨਹੀਂ ਕਿ ਝੁਕ ਕੇ ਸਿਰੋਪਾ ਪੁਆਉਣ ਜਾਂ ਸਨਮਾਨ ਲੈਣ ਨਾਲ ਅੰਦਰਲੀ ਨਿਮਰਤਾ ਜਾਗ ਪਈ ਹੋਵੇ। ਪਤੀ-ਪਤਨੀ ਦੇ ਇਕ ਨੰਬਰ ਦੀਆਂ ਐਨਕਾਂ ਦਾ ਅਰਥ ਇਹ ਨਹੀਂ ਲੈਣਾ ਚਾਹੀਦਾ ਕਿ ਦੋਵੇਂ 'ਕੱਠੇ ਬੁੱਢੇ ਹੋ ਰਹੇ ਹਨ। ਸਾਰੇ ਧਰਮ ਇਹੋ ਕਹਿੰਦੇ ਹਨ ਕਿ ਪਰਉਪਕਾਰ ਜਾਂ ਭਲਾ ਕਰਨ ਦੀ ਪ੍ਰਵਿਰਤੀ ਮਨੁੱਖਤਾ ਦੀ ਉੱਤਮ ਪਰਿਭਾਸ਼ਾ ਹੈ। ਭਾਈ ਕਨਈਆਂ ਜੀ ਨੂੰ ਨਹੀਂ ਪਤਾ ਸੀ ਕਿ ਜੰਗ 'ਚ ਜਖਮੀਆਂ ਨੂੰ ਜਲ-ਛਕਾਉਣ ਦੀ ਉਨ੍ਹਾਂ ਦੀ ਨਿਰਪੱਖ ਸੋਚ ਦੁਨੀਆਂ ਨੂੰ 'ਰੈਡ-ਕਰਾਸ' ਵਰਗੀ ਕਲਿਆਣਕਾਰੀ ਸੰਸਥਾ ਦੇਵੇਗੀ। ਪਰ ਜਮਾਨੇ ਤੇ ਸਮੇਂ ਦੇ ਬਦਲਣ ਨਾਲ ਤੁਹਾਨੂੰ ਵੀ ਲਗਦਾ ਨਹੀਂ 'ਭਲੇ' ਤੇ 'ਭਲਾਈ' ਦੇ ਅਰਥ ਬਦਲ ਗਏ ਹਨ। ਨਿੱਕੇ ਹੁੰਦਿਆਂ ਛੋਟੇ ਸਕੂਲਾਂ 'ਚ ਪੜ੍ਹਦਿਆਂ ਭਲੇ ਬਾਰੇ ਬਹੁਤ ਸਿੱਖਿਆਦਾਇਕ ਕਹਾਣੀਆਂ ਪੜ੍ਹਿਆ ਕਰਦੇ ਸਾਂ ਪਰ ਇਹ ਗੱਲਾਂ ਵਿਚਾਰ ਕੇ ਵੇਖਿਓ, ਜਿਨ੍ਹਾਂ ਦਾ ਮੈਂ ਹੇਠਾਂ ਜ਼ਿਕਰ ਕਰਨ ਲੱਗਾ ਹਾਂ ਕਿ ਭਲੇਮਾਣਸ ਪੁੰਨ ਦੀ ਗਠੜੀ ਚੁੱਕ ਕੇ ਤੁਰੇ ਤਾਂ ਲਾਹੌਰ ਨੂੰ ਸਨ ਪਰ ਕੋਹਾਂ ਮੀਲ ਜਦੋਂ ਪੈਂਡਾ ਤੈਅ ਕਰਕੇ ਪੁੱਜੇ ਦਾ ਅੱਗੇ ਲਿਖਿਆ ਆ ਗਿਆ ਪਿਸ਼ੌਰ ਤੁਹਾਨੂੰ ਜੀ ਆਇਆ ਨੂੰ ਆਖਦਾ ਹੈ ਤੇ ਭਲਾਮਾਣਸ ਤੇ ਭਲਮਾਣਸੀ ਦੋਵੇਂ ਇਕ-ਦੂਜੇ ਨਾਲ ਗੁੱਤੋ-ਗੁੱਤੀ ਹੋਣ ਲੱਗ ਪਏ।

ਇਕ ਸਾਦ-ਮੁਰਾਦਾ ਮਹਾਂਪੁਰਸ਼ਾਂ ਵਰਗਾ ਇਨਸਾਨ ਇਕ ਧਾਰਮਿਕ ਅਸਥਾਨ ਤੋਂ ਰੱਬ-ਰੱਬ ਕਰਕੇ, ਲੰਗਰ ਛਕ ਕੇ ਆਪਣੀ ਹੀ ਮੌਜ-ਮਸਤੀ ਵਿਚ ਉਪਰ ਵਾਲੇ ਦੀ ਮਹਿਮਾ ਗਾਉਂਦਾ ਜਾ ਰਿਹਾ ਸੀ ਕਿ ਉਹ ਇਕਦਮ ਤ੍ਰਬਕ ਗਿਆ ਜਿਵੇਂ ਉਹਦਾ ਸਤਿਸੰਗ ਭੰਗ ਹੋ ਗਿਆ ਹੋਵੇ। ਇਕ ਵੱਡੇ ਸਾਰੇ ਕਾਨ੍ਹਿਆਂ ਦੇ ਬੂਝੇ ਨੂੰ ਅੱਗ ਲੱਗੀ ਹੋਈ ਸੀ, ਉਤੋਂ ਹਾੜ ਮਹੀਨੇ ਸੂਰਜ ਦੇਵਤਾ ਵੀ ਅੱਗ ਦੇ ਗੋਲੇ ਦਾਗਣ ਲੱਗਾ ਹੋਇਆ ਸੀ। ਮਹਾਂਪੁਰਸ਼ ਨੂੰ ਬੂਝੇ ਨੂੰ ਅੱਗ ਲੱਗਣ ਦਾ ਨਹੀਂ, ਇਹ ਦੁੱਖ ਝੰਜੋੜ ਗਿਆ ਕਿ ਵਿਚਾਲੇ ਇਕ ਨਾਗ ਫਸਿਆ ਹੋਇਐ ਤੇ ਅੱਗ ਤੋਂ ਬਾਹਰ ਨਿਕਲਣ ਲਈ ਵਿਲਕ ਰਿਹੈ। ਉਹਨੇ ਸੋਚਿਆ, ਰੱਬ ਦੇ ਘਰੋਂ ਢਿੱਡ ਭਰਕੇ ਨਿਕਲਿਆ ਹਾਂ ਕਿਉਂ ਨਾ ਇਸ ਨਾਗ ਦੇਵਤੇ ਨੂੰ ਬਚਾਇਆ ਜਾਵੇ। ਇਸ ਤੋਂ ਵੱਡਾ ਲੰਗਰ ਦਾ ਮੁੱਲ ਤਾਰਨਾ ਕੀ ਹੋ ਸਕਦੈ। ਜੇ ਮੈਂ ਇਹਨੂੰ ਬਚਾ ਲਿਆ ਤਾਂ ਚਾਰ ਦਿਨ ਮੰਦਰ-ਮਸਜਿਦ ਨਾ ਵੀ ਜਾਵਾਂ ਤਾਂ ਕੋਈ ਝੋਰਾ ਨਹੀਂ ਹੋਵੇਗਾ। ਮਹਾਂਪੁਰਸ਼ ਏਧਰ-ਉਧਰ ਭੱਜਿਆ ਤੇ ਉਹ ਤੂਤ ਤੋਂ ਇਕ ਲੰਮੀ ਸਾਰੀ ਛਿਟੀ ਤੋੜ ਲਿਆਇਆ। ਸਪਰਿੰਗ ਵਾਂਗ ਲੂਹ ਹੋਣ ਤੋਂ ਡਰਦੇ ਨਾਗ ਨੂੰ ਜਦੋਂ ਉਹਨੇ ਉਸ ਛਿਟੀ ਨਾਲ ਛਾਲ ਲੁਆਈ ਤਾਂ ਨਾਗ ਦੇਵਤਾ ਜੀ ਅਤਿ ਪ੍ਰਸੰਨ ਹੋ ਕੇ ਉਹਦੇ ਹੀ ਗਲੇ 'ਚ ਆਣ ਲਟਕੇ। ਸ਼ਰੀਫ਼ ਦੀਆਂ ਦਹਿਲ ਨਾਲ ਲੱਤਾਂ ਕੰਬਣ ਲੱਗ ਪਈਆਂ। ਉਹ ਦੋਵੇਂ ਹੱਥ ਜੋੜ ਕੇ ਕਹਿਣ ਲੱਗਾ, "ਨਾਗ ਦੇਵਤਾ ਜੀ ਮੈਂ ਤੁਹਾਡੀ ਜਾਨ ਬਚਾ ਦਿੱਤੀ ਹੈ, ਤੁਸੀਂ ਹੁਣ ਜਾਓ ਤੇ ਛਪਨ ਹੋ ਜਾਓ। ਮੇਰੇ ਮਨ ਨੂੰ ਸਕੂਨ ਹੈ ਕਿ ਮੈਂ ਅੱਜ ਬਹੁਤ ਭਲੇ ਦਾ ਕੰਮ ਕੀਤਾ ਹੈ।"

ਮਹਾਂਪੁਰਸ਼ ਦੇ ਗਲੇ ਵਿਚ ਨਾਗਵਲ ਪਾ ਕੇ ਰਾਣੀਹਾਰ ਵਾਂਗ ਸਜਿਆ ਨਾਗ ਦੇਵਤਾ ਫਨ ਫੈਲਾ ਕੇ ਹੱਸਦਿਆਂ ਬੋਲਿਆ, "ਕਿਹੜੇ ਭਲੇ ਦੀ ਗੱਲ ਕਰਦੈਂ, ਸਾਰੀ ਉਮਰ ਮੇਰੇ ਪਿੱਛੇ ਡਾਂਗ ਚੁੱਕੀ ਫਿਰਦਾ ਰਿਹੈਂ, ਡੰਗ ਮਾਰ ਕੇ ਥਾਂਏਂ ਸੁਆਹ ਕਰ ਦਊਂ ਹੁਣੇ।"

ਮਾਰੇ ਵਿਚਾਰਾ ਮੱਥੇ 'ਤੇ ਹੱਥ ਤੇ ਦੇਵੇ ਢਿੱਡ 'ਚ ਮੁੱਕੀਆਂ, ਪਈ ਚੰਗਾ ਭਲਾ ਤੁਰਿਆ ਜਾਂਦਾ ਸੀ, ਐਵੇਂ ਪੰਗਾ ਲੈ ਲਿਐ। ਨਾਲੇ ਇਹ ਤਾਂ ਸਿਆਣਿਆਂ ਦੇ ਕਹਿਣ ਵਾਂਗੂੰ ਮਿੱਤ ਹੀ ਨਹੀਂ ਹੁੰਦੇ ਕਿਸੇ ਦੇ। ਉਹਨੇ ਫੇਰ ਹਾੜ੍ਹਾ ਕੱਢਿਆ, "ਨਾਗ ਦੇਵਤਾ ਜੀ ਕੱਲ ਸ਼ਿਵਰਾਤਰੀ ਸੀ ਥੋੜ੍ਹਾ ਭਗਵਾਨ ਸ਼ਿਵ ਦਾ ਖੌਫ਼ ਖਾਓ। ਮੈਂ ਤੈਨੂੰ ਅੱਗ 'ਚੋਂ ਬਾਹਰ ਕੱਢ ਕੇ ਮਾੜਾ ਕੀ ਕੀਤੈ?"

ਨਾਗ ਮਾਰੇ ਫੁੰਕਾਰੇ। ਆਂਹਦਾ, "ਸੁਣ ਉਹ ਵੱਡਿਆ ਫਕੀਰਾ, ਸ਼ਿਵਰਾਤਰੀ ਸੀ ਕੱਲ, ਅੱਜ ਨ੍ਹੀਂ। ਭਗਵਾਨ ਸ਼ਿਵ ਨੂੰ ਨ੍ਹੀਂ ਪਤਾ ਪਈ ਇਹ ਬੰਦੇ ਜਿਥੇ ਸਾਨੂੰ ਦੇਖਦੇ ਐ ਪੈਰ ਨ੍ਹੀਂ ਪੁੱਟਣ ਦਿੰਦੇ, ਥਾਂਏਂ ਮਾਰ ਦਿੰਦੇ ਆ। ਨਾਲੇ ਮੈਂ ਤੇਰੇ ਕਦੋਂ ਤਰਲੇ ਕੀਤੇ ਸੀ ਕਿ ਬਾਹਰ ਕੱਢ? ਤੈਨੂੰ ਬਚਣ ਦਾ ਇਕ ਮੌਕਾ ਦੇ ਸਕਦਾਂ।"

ਵਿਚਾਰੇ ਦੇ ਪੈ ਗਈ ਜਾਨ 'ਚ ਜਾਨ। ਲੱਗਾ ਫਿਰ ਅਰਜੋਈ ਕਰਨ, "ਨਾਗ ਮਹਾਰਾਜ ਦੱਸੋ ਮੌਕਾ ਕਿਹੜਾ?"

"ਤੂੰ ਐਂ ਕਰ, ਹੋਰ ਦੋ ਚਾਰ ਲੋਕਾਂ ਦੀ ਸਲਾਹ ਲੈ ਲੈ। ਪਈ ਮੈਂ ਮੰਨਦਾਂ ਤੂੰ ਭਲਾ ਕੀਤੈ ਪਰ ਆਪਣੀ ਦੁਸ਼ਮਣੀ ਤਾਂ ਯੁੱਗਾਂ ਪੁਰਾਣੀ ਆ। ਤੈਨੂੰ ਡੰਗ ਮਾਰਨਾ ਚਾਹੀਦਾ ਹੈ ਜਾਂ ਨਹੀਂ?"

ਤੇ ਮੁਸੀਬਤ 'ਚ ਘਿਰਿਆ ਮਹਾਂਪੁਰਸ਼ ਉਵੇਂ ਗਲ 'ਚ ਨਾਗ ਲਟਕਦਾ ਲੈ ਕੇ ਤੁਰ ਪਿਆ ਸਿੱਧੇ ਰਾਹਾਂ 'ਤੇ ਉਖੜੇ ਪੈਰਾਂ ਨਾਲ। ਚਾਰ ਕੁ ਕੋਹ ਗਏ ਹੋਣਗੇ ਕਿ ਇਕ ਬੁੱਢਾ ਬਲਦ ਤੁਰਿਆ ਆਵੇ। ਹਫ਼ਿਆ ਹੋਇਆ, ਮੂੰਹ 'ਚੋਂ ਝੱਗ ਜਾਵੇ।

"ਨਾਗ ਦੇਵਤਾ ਬਲਦ ਨੂੰ ਪੁੱਛਾਂ?"

## 'ਨੋਕ-ਝੋਕ' ਅਤੇ 'ਪੰਜਾਬੀ ਗਾਇਕੀ ਦੇ ਅੰਦਰ-ਬਾਹਰ'

**ਸ਼ਬਦਾਂ ਦਾ ਜਾਦੂਗਰ ਐਸ ਅਸ਼ੋਕ ਭੌਰਾ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਗਾਇਕੀ ਅਤੇ ਸਭਿਆਚਾਰ ਦੇ ਖੇਤਰ ਨਾਲ ਬਹੁਤ ਕਰੀਬ ਤੋਂ ਜੁੜਿਆ ਹੋਇਆ ਹੈ। 1980ਵਿਆਂ ਤੋਂ ਲੈ ਕੇ ਅਜ ਦੇ ਦੌਰ ਤਕ ਸ਼ਾਇਦ ਹੀ ਕੋਈ ਪੰਜਾਬੀ ਗਾਇਕ, ਢਾਡੀ, ਕਵੀਸ਼ਰ, ਗੀਤਕਾਰ, ਸੰਗੀਤਕਾਰ, ਸਾਜੀ ਜਾਂ ਮੇਲਾ ਪ੍ਰਬੰਧਕ ਹੋਵੇ ਜੋ ਇਹ ਕਹਿ ਸਕਦਾ ਹੋਵੇ ਕਿ ਮੈਂ ਐਸ ਅਸ਼ੋਕ ਭੌਰਾ ਨੂੰ ਨਹੀਂ ਜਾਣਦਾ। ਕੋਈ ਬੰਦਾ ਹਲ ਵਾਹ ਕੇ ਆਉਂਦਾ ਹੀ ਟਾਈ ਲਾ ਕੇ ਬੈਠ ਜਾਵੇ, ਲਗਦਾ ਤਾਂ ਇਹ ਅਜ਼ੀਬ ਹੀ ਹੈ, ਪਰ ਇਕ ਹਫਤੇ ਜ਼ਿੰਦਗੀ ਦੀ ਜੁਗਨੀ 'ਨੋਕ-ਝੋਕ' ਰਾਹੀਂ ਗਾਉਂਦਿਆਂ ਉਹ ਦੂਜੇ ਹਫਤੇ 'ਪੰਜਾਬੀ ਗਾਇਕੀ ਦੇ ਅੰਦਰ-ਬਾਹਰ' ਸਵੈਜੀਵਨੀ ਵਰਗੀ ਗਾਥਾ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸੁਣਾਏਗਾ। ਆਸ ਹੈ ਪਾਠਕ ਪਹਿਲਾਂ ਵਾਂਗ ਹੀ ਉਹਦੀ ਦੋਹਾਂ ਪਾਤਰਾਂ ਦੇ ਰੂਪ ਵਿਚ ਜੈ ਮਾਲਾ ਗਲ ਪਵਾ ਹੀ ਲੈਣਗੇ। -ਸੰਪਾਦਕ**

"ਖੋਲ੍ਹ ਲੈ ਕਹਾਣੀ। ਜੇ ਬਚਾ ਸਕਦੈਂ ਬਲਦ!"

ਤੇ ਮਹਾਂਪੁਰਸ਼ ਨੇ ਦੋਵੇਂ ਹੱਥ ਝੁਕ ਕੇ ਬਲਦ ਅੱਗੇ ਜੋੜ ਲਏ। ਮੌਤ ਦਾ ਡਰ ਹੰਝੂਆਂ ਦੇ ਤਰਲਿਆਂ 'ਚ ਬਦਲ ਗਿਆ। ਆਖਣ ਲੱਗਾ, "ਬਲਦ ਜੀ ਮਹਾਰਾਜ?"

ਬਲਦ ਹੱਕਾ-ਬੱਕਾ ਰਹਿ ਗਿਆ ਕਿ ਸਾਰੀ ਉਮਰ ਮੇਰੀ ਪਿੱਠ ਸੋਟਿਆਂ ਨਾਲ ਭੰਨਣ ਵਾਲਾ ਮਨੁੱਖ, ਭੁੱਖੇ-ਤ੍ਰਿਹਾਏ ਤੋਂ ਹਲ ਵਹਾਉਣ ਵਾਲਾ ਸ਼ੈਤਾਨ ਅੱਜ ਕਿਹੜੀ ਲੰਕਾ ਤੋਂ ਡਿੱਗ ਪਿਐ? ਰੁੱਖੇਪਣ 'ਚ ਬੋਲਿਆ, "ਹਾਂ ਦੱਸ ਅੱਜ ਅਧਰਕ ਨੂੰ ਮਿਸ਼ਰੀ ਕਿਵੇਂ ਕਹਿਣ ਲੱਗ ਪਿਐਂ?"

"ਬਲਦ ਸਾਹਿਬ, ਆਹ ਨਾਗ ਦੇਵਤਾ ਮੇਰੇ ਗਲ 'ਚ ਦੀਹਦਾ?"

"ਹੋਰ ਮੈਂ ਅੰਨ੍ਹਾ? ਹੁਣ ਤੱਕ ਇਹ ਕਰਦਾ ਕੀ ਹੈ? ਮਾਰ ਕੇ ਡੰਗ ਕਦੋਂ ਦਾ ਢੇਰੀ ਕਰ ਦਿੰਦਾ।"

ਭਲੇਮਾਣਸ ਦਾ ਰੰਗ ਹੋਰ ਪੀਲਾ ਪੈ ਗਿਆ। ਬੋਲਿਆ, "ਮਹਾਰਾਜ ਬੂਝੇ ਨੂੰ ਅੱਗ ਲੱਗੀ ਹੋਈ ਸੀ, ਇਹਨੂੰ ਮੈਂ ਅੱਗ 'ਚੋਂ ਨ੍ਹੀਂ ਕੱਢਿਆ, ਮੌਤ ਦੇ ਮੂੰਹ 'ਚੋਂ ਕੱਢਿਆ। ਇਹ ਨਾਗ ਦੇਵਤਾ ਮੈਨੂੰ ਆਂਹਦਾ ਮੈਂ ਤੈਨੂੰ ਮਾਰਨੈ। ਭਲਾ ਮੇਰਾ ਕਸੂਰ ਕੀ ਐ, ਮੈਂ ਕਿੱਡਾ ਭਲੇ ਦਾ ਕੰਮ ਕੀਤਾ ਤੇ ਇਹ ਕੀ ਕਰ ਰਿਹੈ?"

ਬੁੱਢਾ ਬਲਦ ਹੱਸ ਹੱਸ ਦੂਹਰਾ ਹੋਵੇ, "ਚੱਕਿਆ ਭਲੇ ਦਾ। ਇਹ ਬੰਦੇ-ਬੂੰਦੇ ਕੋਈ ਭਲਾ ਨ੍ਹੀਂ ਕਰਦੇ। ਇਹ ਭਲੇ ਦਾ ਮਜਾਕ ਉਡਾਉਂਦੇ ਨੇ।"

ਨਾਗ ਆਂਹਦਾ, "ਸੁਣ! ਵੱਡਾ ਉਪਦੇਸ਼ ਦੇਣ ਵਾਲਾ ਮੈਥੋਂ ਮੂੰਹ ਚੋਪੜੀਆਂ ਕਰਕੇ ਬਚਣਾ ਚਾਹੁੰਦੈ।"

ਬਲਦ ਬੋਲਿਆ, "ਜ਼ਿਮੀਂਦਾਰ ਨੇ ਪਹਿਲਾਂ ਮੇਰੇ ਹੱਕਾਂ 'ਤੇ ਡਾਕਾ ਮਾਰਿਆ। ਦੁੱਧ ਚੁੰਘਦੇ ਨੂੰ ਮਾਂ ਤੋਂ ਖੋਹ ਲਿਆ, ਜੁਆਨ ਹੋਇਆ ਤਾਂ ਮੈਨੂੰ ਨਿਪੁੰਸਕ ਬਣਾ ਕੇ ਜਵਾਨੀ ਖੋਹ ਲਈ, ਮੈਂ ਸਾਰੀ ਰਾਤ ਹਲਟ ਗੇੜਿਆ, ਦਿਨੇ ਖੇਤਾਂ 'ਚ ਹਲ ਵਾਹੁੰਦਾ ਰਿਹਾ। ਵੀਹ ਸਾਲ ਤੋਂ ਭਲਾ ਕਰਦਾ ਰਿਹਾ ਤੇ ਇਹ ਰੱਬ ਦਾ ਬੰਦਾ ਮੇਰਾ ਦਿਨ-ਰਾਤ ਲਹੂ ਪੀਂਦਾ ਰਿਹਾ। ਹੁਣ ਬੁੱਢਾ ਹੋਇਆਂ, ਕੰਮ ਨ੍ਹੀਂ ਹੁੰਦਾ ਤਾਂ ਦੋ ਦਿਨ ਵੀ ਪੱਠੇ ਨਾ ਪਾਏ। ਵਿਹਲੇ ਨੂੰ ਡਾਂਗਾਂ ਮਾਰ ਕੇ ਘਰੋਂ ਕੱਢ'ਤਾ। ਭਲਿਆਮਾਣਸਾ ਭਲੇ ਦਾ ਨ੍ਹੀਂ ਹੁਣ ਜ਼ਮਾਨਾ, ਸ਼ੁਕਰ ਕਰ ਨਾਗ ਦੇਵਤਾ ਹਾਲੇ ਤੱਕ ਤੈਨੂੰ ਕੁਝ ਨ੍ਹੀਂ ਕਹਿ ਰਿਹਾ?"

ਤੇ ਭਲੇਮਾਣਸ ਨੂੰ ਮੁਫ਼ਤ ਦੀ ਗਲ 'ਚ ਪਾਈ ਬਲਾ ਮੌਤ ਦੇ ਹੋਰ ਨੇੜੇ ਕਰਨ ਲੱਗੀ।

ਨਾਗ ਕਹਿੰਦਾ, "ਹੋਰ ਮੌਕਾ ਲੈਣਾ?"

ਦੋਵੇਂ ਜਣੇ ਫਿਰ ਅੱਗੇ ਤੁਰ ਪਏ। ਅੱਗੇ ਇਕ ਨਗਰੀ ਵਿਚ ਗਏ ਤਾਂ ਇਕ ਬਜ਼ੁਰਗ ਟੁੱਟੇ ਮੰਜੇ 'ਤੇ ਦਰਖ਼ਤ ਹੇਠ ਪਿਆ ਸੀ। ਮਹਾਂਪੁਰਸ਼ ਨੇ ਸੋਚਿਆ, ਚਲੋ ਇਸ ਸਿਆਣੇ ਬੰਦੇ ਤੋਂ ਸਲਾਹ ਲੈਂਦੇ ਆਂ। ਬਜ਼ੁਰਗ ਨੂੰ ਫਤਿਹ ਬੁਲਾ ਕੇ ਪੁੱਛਣ ਲੱਗਾ, "ਭਾਈਆ ਸਿਹਤ ਰਾਜੀ-ਬਾਜੀ ਆ?"

ਬਜ਼ੁਰਗ ਨੇ ਮੂੰਹ ਚੱਕ ਕੇ ਵੇਖਿਆ ਕਿ ਨਾਗ ਜਿਹੜਾ ਗਲੇ 'ਚ ਪਿਆ ਹੋਇਐ, ਕੋਈ ਭਾਰੀ ਮੁਸੀਬਤ ਲਗਦੀ ਐ। ਪੁੱਛਣ ਲੱਗਾ, "ਸੁੱਖ ਸਾਂਦ ਹੈ?"

"ਬਜੁਰਗੋ, ਤੁਸੀਂ ਹੀ ਮੱਤਾਂ ਦਿੰਦੇ ਹੋ, ਭਲਾ ਕਰਨਾ ਚਾਹੀਦੈ। ਆਹ ਦੇਖੋ, ਭਲਾ ਕਰਨ ਬਦਲੇ ਮੈਨੂੰ ਕੀ ਮਿਲਿਆ?"

ਬਜ਼ੁਰਗ ਵੀ ਹੱਸ ਪਿਆ, ਕਹਿਣ ਲੱਗਾ, "ਉਹ ਜਮਾਨੇ ਹੋਰ ਹੁੰਦੇ ਸੀ। ਹੁਣ ਨ੍ਹੀਂ ਭਲੇ ਦਾ ਜਮਾਨਾ। ਤੂੰ ਗੱਲ ਦੱਸ ਕੀ ਐ?"

"ਆਹ ਨਾਗ ਦੇਵਤਾ ਅੱਗ 'ਚ ਫਸਿਆ ਹੋਇਆ ਸੀ। ਇਹਨੂੰ ਬਚਾਉਣ ਲਈ ਮੈਂ ਇਹਨੂੰ ਬਾਹਰ ਕੱਢਿਆ ਤੇ ਇਹ ਛਾਲ ਮਾਰ ਕੇ ਮੇਰੇ ਗਲ 'ਚ ਚੌੜਾ ਹੋ ਕੇ ਫਨ ਫੈਲਾਈ ਬੈਠੈ, ਪਈ ਤੈਨੂੰ ਮਾਰਨੈਂ। ਸਾਡਾ ਕੋਈ ਇਨਸਾਫ਼ ਤਾਂ ਕਰੋ।"

ਬਜ਼ੁਰਗ ਨੇ ਮਾਰਿਆ ਮੱਥੇ 'ਤੇ ਹੱਥ। ਇਨਸਾਫ ਲਈ ਤਾਂ ਮੈਂ ਰਾਹ 'ਚ ਮੰਜੀ ਡਾਹ ਕੇ ਬੈਠਾਂ। ਜੁਆਨਾ ਸੁਣ, ਮੈਂ ਬਹੁਤ ਮਿਹਨਤ ਕੀਤੀ। ਚਾਰ ਮੇਰੇ ਪੁੱਤਰ ਸਨ। ਚਹੁੰਆਂ ਨੂੰ ਪੜ੍ਹਾਇਆ-ਲਿਖਾਇਆ, ਅਫ਼ਸਰ ਲੱਗ ਗਏ। ਫਿਰ ਗੱਜ-ਵੱਜ ਕੇ ਵਿਆਹੇ। ਨੂੰਹਾਂ ਨੇ, ਪੋਤੇ-ਪੋਤੀਆਂ ਨੇ, ਚੰਗੇ ਘਰ ਨੇ। ਹੁਣ ਜਦੋਂ ਬੁੱਢਾ ਹੋ ਗਿਆਂ ਤਾਂ ਆਂਹਦੇ ਆ ਘਰ ਦੀ ਟੌਹਰ ਨ੍ਹੀਂ ਰਹਿੰਦੀ, ਸਾਰਾ ਦਿਨ 'ਖਊਂ ਖਊਂ' ਖੰਘਦਾ ਰਹਿੰਦੈ, ਸਾਡੇ ਘਰ ਵੱਡੇ ਵੱਡੇ ਲੋਕ ਆਉਂਦੇ ਨੇ, ਇਹ ਬੁੜ੍ਹਾ ਸਾਡੀ ਬੇਇਜਤੀ ਕਰਾਉਂਦੈ। ਨਾ ਖਾਣਾ ਆਉਂਦੈ, ਨਾ ਪਹਿਨਣਾ, ਕੱਢ'ਤਾ ਘਰੋਂ ਆਹ ਟੁੱਟੇ ਮੰਜੇ ਦੀ ਦੌਣ 'ਚ ਲੱਤਾਂ ਫਸਾਈ ਝੂਰਦਾਂ, ਕਰ ਹੋਰ ਭਲਾ?"

" ...ਤੇ ਹੁਣ ਮੇਰਾ ਕੀ ਬਣੂੰ?" ਭਲਾਮਾਣਸ ਵਿਚੋਂ ਬੋਲਿਆ।

"ਜੁਆਨਾ, ਜਮਾਨਾ ਭਲੇ ਦਾ ਨ੍ਹੀਂ? ਗੁੱਸਾ ਨਾ ਕਰ, ਨਿਰਾਸ਼ ਨਾ ਹੋ। ਜੇ ਨਾਗ ਤੇਰੇ ਡੰਗ ਮਾਰਦੈ ਤਾਂ ਕੋਈ ਗੱਲ ਨ੍ਹੀਂ, ਅੱਜ ਕੱਲ ਏਦਾਂ ਹੀ ਹੁੰਦੈ।"

ਨਾਗ ਫਿਰ ਹਿੜ ਹਿੜ ਕਰਕੇ ਹੱਸ ਪਿਆ, "ਦੇਖ ਲਾ, ਤੈਂ ਮੇਰੀ ਗੱਲ ਦਾ ਅਸਰ ਨ੍ਹੀਂ ਕੀਤਾ। ਮਾਰਾਂ ਡੰਗ, ਕਰ ਦਿਆਂ ਬਿਸਤਰਾ ਗੋਲ ਕਿ ਹਾਲੇ ਕਿਸੇ ਹੋਰ ਦੀ ਸਲਾਹ ਲੈਣੀ ਆ?"

"ਬੱਸ ਜਨਾਬ! ਇਕ ਆਖ਼ਰੀ ਮੌਕਾ ਹੋਰ।" ਮਹਾਂਪੁਰਸ਼ ਜਿਵੇਂ ਜੰਗ ਦੇ ਮੈਦਾਨ 'ਚ ਬਿਨਾਂ ਹਥਿਆਰ ਤੋਂ ਲੜ ਰਿਹਾ ਹੋਵੇ।

ਦੋਵੇਂ ਫਿਰ ਅਗਾਂਹ ਤੁਰ ਪਏ। ਬੜਾ ਲੰਬਾ ਸਫ਼ਰ ਤੈਅ ਕੀਤਾ ਦੋਹਾਂ ਨੇ। ਗਰਮੀ 'ਚ ਨਿਕਲੇ ਦੋਹਾਂ ਦਾ ਸਾਹ। ਮਹਾਂਪੁਰਸ਼ ਨੇ ਮਨ ਬਣਾ ਲਿਆ ਕਿ ਨਾਗ ਨੂੰ ਆਖਾਂ ਮਰ ਮਰ ਕੇ ਜਿਉਣ ਨਾਲੋਂ ਕਰ ਦੇ ਕੰਮ। ਅੱਗੇ ਬਾਂਦਰ ਆਉਂਦਾ ਦਿਸ ਪਿਆ। ਕਹਿਣ ਲੱਗਾ, "ਰੱਬ ਦਿਆ ਬੰਦਿਆ ਨਾ ਪਾਣੀ 'ਚ ਲੱਸੀ ਪਾ। ਮੰਨ ਲੈ ਮੇਰਾ ਕਹਿਣਾ।"

"ਬੱਸ ਇਹ ਆਖਰੀ ਕੋਸ਼ਿਸ਼ ਐ। ਬਾਂਦਰ ਦੀ ਰਾਏ ਲੈ ਲੈਂਦੇ ਆਂ।"

ਨਾਗ ਹੱਸ ਪਿਆ, "ਬਾਂਦਰ ਨੂੰ ਤਾਂ ਸਾਲੇ ਨੂੰ ਊਂ ਈ ਅਕਲ ਨ੍ਹੀਂ ਹੁੰਦੀ। ਇਹ ਤਾਂ ਲਾਲਚੀ ਜਾਨਵਰ ਆਪ ਐ। ਇਹ ਫੜ੍ਹਿਆ ਤਾਂ ਜਾਂਦੈ ਪਰ ਗਿਰੀਆਂ ਆਲੇ ਤੰਗ ਭਾਂਡੇ 'ਚੋਂ ਮੁੱਠ ਨ੍ਹੀਂ ਕੱਢਦਾ। ਮਾਰ ਟਰਾਈ...।"

ਤਾਂ ਮਹਾਂਪੁਰਸ਼ ਦੀ ਅਰਜੋਈ ਅਰਦਾਸ ਵਾਂਗ ਲੰਮੀ ਪੈ ਗਈ। ਹਾੜ੍ਹੇ ਦੀ ਸਿਖਰ ਦੇਖੋ, "ਚਾਚਾ ਕੀ ਹਾਲ ਐ?"

ਬਾਂਦਰ ਹੋਰ ਖਿਲਰ ਗਿਆ ਕਿ ਬੰਦਾ ਈ ਮੈਨੂੰ ਚਾਚਾ ਕਹਿਣ ਲੱਗ ਪਿਆ, ਜਮਾ ਪੰਜੇ ਘਿਓ 'ਚ ਆ।

"ਸੁਣਿਆ ਅੱਜ ਕੱਲ ਲੰਬੜਦਾਰੀ ਵੀ ਕਰਦੈਂ?"

ਫੋਕੀ ਵਡਿਆਈ ਸੁਣ ਕੇ ਬਾਂਦਰ, ਬਾਂਦਰ ਈ ਸੀ, ਪਾਟ ਗਿਆ ਸਾਰਾ। ਗਲ 'ਚ ਨਾਗ ਲਟਕਦਾ ਦੇਖ ਕੇ ਪੁੱਛਣ ਲੱਗਾ, "ਭਤੀਜ ਕਿਸੇ ਮੁਸੀਬਤ 'ਚ ਲਗਦੈਂ?"

"ਦੁੱਖ ਥੋੜਾ ਹੋਵੇ ਤਾਂ ਦੱਸਾਂ?"

"ਚਾਚੇ ਨੂੰ ਲੰਬੜਦਾਰੀ ਦਿੱਤੀ ਐ। ਖੋਲ੍ਹ ਕੇ ਤੇ ਖੁੱਲ੍ਹ ਕੇ ਦੱਸ ਰੋਗ ਤੇ ਮਰਜ ਕੀ ਐ?"

"ਚਾਚਾ ਕਾਨ੍ਹਿਆਂ ਦੇ ਬੂਝੇ ਨੂੰ ਅੱਗ ਲੱਗੀ ਹੋਈ ਸੀ, ਵਿਚ ਆਹ ਜਿਹੜਾ ਮੇਰੇ ਗਲੇ 'ਚ ਆ, ਨਾਗ ਫਸਿਆ ਹੋਇਆ ਸੀ, ਮੈਨੂੰ ਇਹਦੇ 'ਤੇ ਤਰਸ ਆ ਗਿਆ। ਮੈਂ ਇਹ ਬਚਾ ਲਿਆ, ਬਾਹਰ ਕੱਢਿਆ ਤਾਂ ਛਾਲ ਮਾਰ ਕੇ ਮੇਰੇ ਈ ਗਲੇ 'ਚ ਆਕੜਿਆ ਬੈਠਾ ਹੈ, ਆਂਹਦਾ ਤੇਰੇ ਡੰਗ ਮਾਰਨਾ। ਮੈਂ ਫੁੱਲ ਮਾਰਿਆ, ਇਹ ਪੱਥਰ ਚੱਕੀ ਫਿਰਦੈ। ਚਾਚਾ ਇਨਸਾਫ਼ ਕਰ ਦੇ। ਭਲਾ ਕਰਨ ਦੀ ਆਹ ਸਜ਼ਾ?"

ਬਾਂਦਰ ਆ ਗਿਆ ਜੱਜ ਆਲੇ ਰੂਪ 'ਚ, "ਬੱਸ ਐਸੇ ਗੱਲ ਤੋਂ ਘਾਬਰਿਆ ਪਿਐਂ। ਊਂ ਇਹ ਸਾਲੇ ਸੱਪਾਂ ਦੇ ਪੁੱਤ ਮਿੱਤ ਨ੍ਹੀਂ ਹੁੰਦੇ। ਖ਼ੈਰ! ਇਨਸਾਫ਼ ਤੇਰਾ ਮੈਂ ਕਰ ਦੂੰ ਪਰ ਮੌਕਾ ਏ ਵਾਰਦਾਤ ਦਿਖਾਓ ਪਹਿਲਾਂ।"

ਨਾਗ ਵੀ ਹੋ ਗਿਆ ਰਜਾਮੰਦ। ਬਾਂਦਰ ਵੀ ਪੂਰੀ ਆਕੜ ਨਾਲ ਤੁਰਿਆ ਆਵੇ ਨਾਲ ਨਾਲ।

ਪਹੁੰਚ ਗਏ ਘਟਨਾ ਵਾਲੀ ਥਾਂ 'ਤੇ।

"ਚਾਚਾ ਬੂਝਾ ਤਾਂ ਜਲ ਗਿਆ ਸਾਰਾ। ਅੱਗ ਵੀ ਬੁਝ ਗਈ। ਮਾੜੀ ਮੋਟੀ ਸੁਲਘਦੀ ਐ।"

"ਆਹ ਨਾਲ ਦੇ ਬੂਝੇ 'ਚ ਬਿਠਾ ਸੱਪ ਨੂੰ।"

ਨਾਗ ਵੀ ਬਹਿ ਗਿਆ ਆਸਣ ਲਾ ਕੇ।

ਬਾਂਦਰ ਗੁੱਸੇ 'ਚ ਬੋਲਿਆ, "ਝੁੱਡੂਆ ਲਾ ਦੇ ਹੁਣ ਅੱਗ ਦੇਖਦਾ ਕੀ ਐਂ।"

ਤੇ ਜਦੋਂ ਪਿਆ ਸਾਲੇ ਦੇ ਸੇਕ ਪੈ ਗਈ ਪੁੱਠੀ।

ਨਾਗ ਵੀ ਕਹਿਣ ਲੱਗ ਪਿਆ ਬਾਂਦਰ ਨੂੰ, "ਚਾਚਾ ਕਢਾ ਦੇ ਹੁਣ ਬਾਹਰ। ਜਲ ਚੱਲਿਆਂ।"

ਬਾਂਦਰ ਨੇ ਵੀ ਖ਼ੁਸ਼ੀ 'ਚ ਮਾਰਿਆ ਮਹਾਂਪੁਰਸ਼ ਦੇ ਹੱਥ 'ਤੇ ਹੱਥ, "ਆ ਚਲੀਏ ਮਰਨ ਦੇ ਸਾਲੇ ਨੂੰ ਵਿਚੇ। ਹੁਣ ਭਲਾ ਦਾ ਕੋਈ ਜਮਾਨੈ।"

ਤੇ ਕਈ ਲੋਕਾਂ ਨੇ ਕਾਰ ਤਾਂ ਮਹਿੰਗੀ ਖਰੀਦੀ ਲਈ ਹੁੰਦੀ ਐ ਪਰ ਘਰ ਤੰਗ ਹੋਣ ਕਰਕੇ ਖੜ੍ਹੀ ਗਲੀ 'ਚ ਹੀ ਕਰਨੀ ਪੈਂਦੀ ਐ। ਨਾਲ ਸਾਰੇ ਬਾਂਦਰ, ਬਾਂਦਰ ਵੀ ਨਹੀਂ ਹੁੰਦੇ।

# ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ



ਡਾ. ਗੁਰਨਾਮ ਕੌਰ, ਕੈਨੇਡਾ

ਟੋਰਾਂਟੋ ਤੋਂ ਨਿਕਲਦੀ ਇਕ ਪੰਜਾਬੀ ਅਖ਼ਬਾਰ ਮੇਰੇ ਸਾਹਮਣੇ ਪਈ ਹੈ। ਇਸ ਦੇ ਮੁੱਖ ਪੰਨੇ 'ਤੇ ਖ਼ਬਰ ਲੱਗੀ ਹੈ, "ਬਰਤਾਨੀਆਂ 'ਚ ਦਲਿਤਾਂ ਨੂੰ ਹੁਣ ਵੀ ਸਵਰਨ ਜਾਤੀਆਂ ਦੀ ਨਫ਼ਰਤ ਦਾ ਹੋਣਾ ਪੈਂਦਾ ਹੈ ਸ਼ਿਕਾਰ; ਸਕੂਲ 'ਚ ਬੱਚਿਆਂ ਨੂੰ ਸੁਣਨੇ ਪੈਂਦੇ ਨੇ ਅਪਸ਼ਬਦ, ਸਰਕਾਰੀ ਦਫ਼ਤਰਾਂ 'ਚ ਦਲਿਤ ਮੁਲਾਜ਼ਮਾਂ ਨਾਲ ਹੁੰਦੈ ਵਿਤਕਰਾ" ਅੱਗੇ ਹਵਾਲੇ ਦੇ ਕੇ ਦੱਸਿਆ ਹੈ ਕਿ ਸਕੂਲ ਵਿਚ ਕਥਿੱਤ ਛੋਟੀਆਂ ਜਾਤਾਂ ਦੇ ਬੱਚਿਆਂ ਨੂੰ ਕਥਿੱਤ ਉਚੀਆਂ ਜਾਤਾਂ ਦੇ ਬੱਚਿਆਂ ਵੱਲੋਂ ਉਨ੍ਹਾਂ ਦੀ ਜਾਤ ਦੇ ਨਾਂ ਨਾਲ ਬੁਲਾਇਆ ਜਾਂਦਾ ਹੈ ਅਤੇ ਕੰਮ ਦੀਆਂ ਥਾਂਵਾਂ 'ਤੇ ਵੀ ਅਜਿਹੇ ਹੀ ਵਿਤਕਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੇਂਦਰੀ ਇੰਗਲੈਂਡ ਦੇ ਕੁਵੈਂਟਰੀ ਸ਼ਹਿਰ ਦਾ ਹਵਾਲਾ ਦਿੱਤਾ ਗਿਆ ਹੈ ਕਿ ਇੱਕ ਦਲਿਤ ਔਰਤ ਨੂੰ ਸਿਟੀ ਕੌਂਸਲ ਦੁਆਰਾ ਹੋਮਕੇਅਰ ਦੀ ਸੇਵਾ ਮੁਹੱਈਆ ਕਰਵਾਈ ਗਈ ਸੀ ਅਤੇ ਨਹਾਉਣ ਲਈ ਇੱਕ ਵਰਕਰ ਨੂੰ ਭੇਜਿਆ ਗਿਆ। ਉਹ ਵਰਕਰ ਭਾਰਤੀ ਮੂਲ ਦੀ ਸੀ ਅਤੇ ਕਥਿੱਤ ਉਚ ਜਾਤ ਦੀ ਸੀ। ਜਦੋਂ ਉਸ ਨੂੰ ਪਤਾ ਲੱਗਿਆ ਕਿ ਜਿਸ ਨੂੰ ਨਹਾਉਣਾ ਹੈ ਉਹ ਦਲਿਤ ਜਾਤੀ ਨਾਲ ਸਬੰਧਤ ਹੈ ਤਾਂ ਉਸ ਨੇ ਉਸ ਨੂੰ ਨਹਾਉਣ ਤੋਂ ਇਨਕਾਰ ਕਰ ਦਿੱਤਾ।

ਇਸ ਤੋਂ ਪਤਾ ਲੱਗਦਾ ਹੈ ਕਿ ਇੱਕੀਵੀਂ ਸਦੀ ਦਾ ਦੂਜਾ ਦਹਾਕਾ ਸ਼ੁਰੂ ਹੋ ਜਾਣ 'ਤੇ ਵੀ ਹਿੰਦੁਸਤਾਨੀ ਸਮਾਜਕ ਸੋਚ ਕਿੱਥੇ ਖੜ੍ਹੀ ਹੈ। ਇੱਕ ਪਾਸੇ ਹਰਿਆਣਾ ਵਰਗੇ ਪ੍ਰਾਂਤਾਂ ਵਿਚ ਖ਼ਾਪ ਪੰਚਾਇਤਾਂ ਹਨ, ਜਿਨ੍ਹਾਂ ਨੇ ਭਾਰਤੀ ਸੰਵਿਧਾਨ ਨੂੰ ਵੀ ਛਿੱਕੇ ਟੰਗ ਕੇ ਆਮ ਲੋਕਾਂ ਦੀ ਨਿਜੀ ਜ਼ਿੰਦਗੀ ਵਿਚ ਹੱਦੋਂ ਵੱਧ ਦਖ਼ਲ ਦੇ ਕੇ ਲੋਕਾਂ ਦਾ ਸਾਹ ਲੈਣਾ ਵੀ ਮੁਹਾਲ ਕੀਤਾ ਹੋਇਆ ਹੈ। ਦੂਸਰੇ ਪਾਸੇ ਇੰਗਲੈਂਡ ਵਰਗੇ ਅਗਾਂਹ-ਵਧੂ ਮੁਲਕ ਵਿਚ ਰਹਿ ਕੇ ਵੀ ਜਾਤੀਵਾਦ ਵਰਗੇ ਗਲ ਸੜ ਚੁੱਕੇ ਪ੍ਰਬੰਧ ਨੂੰ ਲੋਕ ਤਿਆਗ ਨਹੀਂ ਰਹੇ। ਇੰਗਲੈਂਡ ਵਿਚ ਜੰਮੇ ਪਲੇ ਭਾਰਤੀ ਮੂਲ ਦੇ ਬੱਚੇ ਵੀ ਅਜਿਹੀ ਘਟੀਆ ਸੋਚ ਨੂੰ ਪਰਨਾਏ ਹੋਏ ਹਨ। ਇਸ ਘਟੀਆ ਸੋਚ ਵਿਚ ਸਿਰਫ ਹਿੰਦੂ ਭਾਈਚਾਰਾ ਹੀ ਸ਼ਾਮਲ ਨਹੀਂ ਹੋਵੇਗਾ, ਲਾਜ਼ਮੀ ਤੌਰ 'ਤੇ ਸਿੱਖ ਭਾਈਚਾਰੇ ਦਾ ਵੀ ਇਹੋ ਹਾਲ ਹੋਵੇਗਾ ਕਿਉਂਕਿ ਅੱਜ ਦਾ ਸਿੱਖ ਵੀ ਬਾਣੀ ਨਾਲੋਂ ਟੁੱਟ ਚੁੱਕਾ ਹੈ। ਸਿੱਖ ਨੂੰ ਵੀ ਅੱਜ ਗੁਰੂ ਸਾਹਿਬਾਨ ਦੀ ਸਿੱਖਿਆ ਨਾਲੋਂ ਰਾਜਨੀਤਕ ਸ਼ਕਤੀ ਨੂੰ ਹਥਿਆਉਣ ਦੀ ਵੱਧ ਪਰਵਾਹ ਹੈ। ਸਿੱਖ ਵੀ ਅੱਜ ਗੁਰੂ ਦੇ ਦੱਸੇ ਰਸਤੇ ਤੇ ਚੱਲਣ ਨਾਲੋਂ ਗੁਰੂ ਵਾਲਾ ਹੋਣ ਦਾ ਦਿਖਾਵਾ ਕਰਕੇ ਜ਼ਿਆਦਾ ਖੁਸ਼ ਹੁੰਦਾ ਹੈ। ਇਹੀ ਕਾਰਨ ਹੈ ਕਿ ਗੁਰੂਆਂ ਦੀ ਵਰੋਸਾਈ ਧਰਤੀ ਤੇ ਅੱਜ ਗੁਰੂ ਘਰ ਵੀ ਵੱਖ ਵੱਖ ਜਾਤਾਂ ਦੇ ਨਾਂ 'ਤੇ ਉਸਰੇ ਹੋਏ ਹਨ ਅਤੇ ਜਿਹੜੇ ਗੁਰੂ ਘਰ ਉਸਰੇ ਹੀ ਗੁਰੂ ਦੀ ਸਿੱਖਿਆ ਤੋਂ ਉਲਟ ਹਨ, ਉਹ ਸੰਗਤ ਨੂੰ ਗੁਰੂ ਦੇ ਲੜ ਕਿਵੇਂ ਲਾਉਣਗੇ?

ਮਸਲਾ ਗੁਰੂ ਦੇ ਦਰਸਾਏ ਰਾਹ 'ਤੇ ਚੱਲਣ ਦਾ ਨਾ ਹੋ ਕੇ ਚੌਧਰ ਅਤੇ ਰਾਜਨੀਤਕ ਸ਼ਕਤੀ ਹਥਿਆਉਣ ਦਾ ਬਣ ਗਿਆ ਹੈ। ਇਹ ਵਰਤਾਰਾ ਹਰ ਥਾਂ, ਹਰ ਸੰਸਥਾ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ ਅਤੇ ਆਪਣੇ ਔਗੁਣਾਂ ਨੂੰ ਢਕਣ ਲਈ ਰਾਗ 'ਬ੍ਰਹਮਣਵਾਦੀ ਕੇਂਦਰੀ ਸਰਕਾਰ' ਦਾ ਅਲਾਪ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਦੋਸ਼ੀ ਗਰਦਾਨ ਦਿੱਤਾ ਜਾਂਦਾ ਹੈ। ਪੰਜਾਬ ਵਿਚ ਪੰਥਕ ਸਰਕਾਰ ਹੋਣ 'ਤੇ ਵੀ ਲੋਕਾਂ ਨਾਲ ਹਰ ਤਰ੍ਹਾਂ ਦਾ ਧੱਕਾ ਹੋ ਰਿਹਾ ਹੈ। ਨੌਜੁਆਨ ਪੀੜ੍ਹੀ ਦਿਨ-ਬਦਿਨ ਨਸ਼ਿਆਂ ਵਿਚ ਗ਼ਰਕ ਰਹੀ ਹੈ, ਲੜਕੀਆਂ ਦੀ ਇੱਜ਼ਤ ਮਹਿਫ਼ੂਜ਼ ਨਹੀਂ ਹੈ, ਬੇਰੁਜ਼ਗਾਰੀ ਨੇ ਜੁਆਨੀ ਦੇ ਸੁਪਨੇ ਖੋਹ ਲਏ ਹਨ। ਅੱਜ ਜਿਹੋ-ਜਿਹੇ ਹਾਲਾਤ ਵਿਚੋਂ ਲੋਕ ਗੁਜ਼ਰ ਰਹੇ ਹਨ ਸ਼ਾਇਦ ਹੀ ਕਿਸੇ ਕਾਂਗਰਸੀ ਸਰਕਾਰ ਵੇਲੇ ਗੁਜ਼ਰੇ ਹੋਣਗੇ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸੰਸਾਰ ਦੀ ਉਤਪਤੀ ਦਾ ਮੂਲ ਅਕਾਲ ਪੁਰਖ ਨੂੰ ਮੰਨਿਆ ਗਿਆ ਹੈ। ਸਭ ਦੀ ਉਤਪਤੀ ਦਾ ਮੂਲ ਸ੍ਰੋਤ ਪਰਮਾਤਮਾ ਹੋਣ ਕਰਕੇ ਕੋਈ ਵੀ ਮਨੁੱਖ ਜਨਮ ਜਾਂ ਜਾਤ ਕਰਕੇ ਛੋਟਾ ਜਾਂ ਵੱਡਾ, ਉਚਾ ਜਾਂ ਨੀਵਾਂ ਨਹੀਂ ਹੈ। ਹਰ ਇੱਕ ਵਿਚ ਉਸ ਇੱਕ ਪਰਮਾਤਮਾ ਦੀ ਜੋਤਿ ਵਿਆਪਕ ਹੈ। ਇਸ ਲਈ ਸਾਰੇ ਮਨੁੱਖ ਜਨਮ ਕਰਕੇ ਬਰਾਬਰ ਹਨ। ਮਨੁੱਖ ਛੋਟਾ ਜਾਂ ਵੱਡਾ ਆਪਣੀਆਂ ਬਿਰਤੀਆਂ ਅਨੁਸਾਰ ਕੀਤੇ ਕਰਮਾਂ ਕਰਕੇ ਹੁੰਦਾ ਹੈ, ਕਿਸੇ ਖਾਸ ਭਾਈਚਾਰੇ, ਕੁਲ ਜਾਂ ਜਾਤ ਵਿਚ ਜਨਮ ਲੈਣ ਕਰਕੇ ਨਹੀਂ। ਬਾਣੀ ਵਿਚ ਮਨੁੱਖ ਦੇ ਜੋਤਿ-ਸਰੂਪ ਹੋਣ ਕਰਕੇ ਸਾਰੇ ਮਨੁੱਖਾਂ ਦੇ ਬਰਾਬਰ ਹੋਣ ਦੇ ਸਿਧਾਂਤ ਦਾ ਤਰਕ ਸਿਰਜਿਆ ਗਿਆ ਹੈ ਕਿ ਇੱਕੋ ਸਿਰਜਕ ਪਿਤਾ ਅਕਾਲ ਪੁਰਖ ਤੋਂ ਪੈਦਾ ਹੋਣ ਕਰਕੇ ਵੱਖਰੇ ਵੱਖਰੇ ਹੋ ਕੇ ਵੀ ਸਾਰੇ ਮਨੁੱਖ ਬਰਾਬਰ ਹਨ। ਬਾਬਾ ਨਾਨਕ ਰਾਗ ਪ੍ਰਭਾਤੀ ਵਿਚ ਸਪੱਸ਼ਟ ਦੱਸਦੇ ਹਨ ਕਿ ਹਰ ਇੱਕ ਜੀਵ ਦੇ ਅੰਦਰ ਉਹ ਪਰਮਾਤਮਾ ਵੱਸ ਰਿਹਾ ਹੈ, ਪਰਮਾਤਮਾ ਹਰ ਇੱਕ ਦੀ ਜਾਤ ਅਤੇ ਪਤਿ ਅਰਥਾਤ ਇੱਜ਼ਤ ਹੈ। ਇਸ ਲਈ ਇਹ ਪੁੱਛਣਾ ਕਿ ਕਿਸੇ ਦੀ ਜਾਤ ਜਾਂ ਕੁਲ ਕਿਹੜੀ ਹੈ, ਉਸ ਦਾ ਜਨਮ ਕਿਸ ਜਾਤ ਜਾਂ ਕੁਲ ਵਿਚ ਹੋਇਆ ਹੈ? ਠੀਕ ਨਹੀਂ ਹੈ। ਪੁੱਛਣਾ ਤਾਂ ਇਹ ਬਣਦਾ ਹੈ ਕਿ ਕਿਸ ਹਿਰਦੇ ਰੂਪੀ ਘਰ ਵਿਚ ਪਰਮਾਤਮਾ ਪ੍ਰਗਟ ਹੋਇਆ ਹੈ? ਭਾਵ ਕਿਸ ਮਨੁੱਖ ਨੇ ਆਪਣੇ ਅੰਦਰ ਪਰਮਾਤਮ-ਜੋਤਿ ਨੂੰ ਅਨੁਭਵ ਕਰ ਲਿਆ ਹੈ। ਜਾਤ ਜਾਂ ਕੁਲ ਤਾਂ ਜੀਵ ਦੀ ਉਹੀ ਹੈ ਜਿਸ ਕਿਸਮ ਦੇ ਉਹ ਕਰਮ ਕਮਾਉਂਦਾ ਹੈ, ਭਾਵ ਮਨੁੱਖ ਦਾ ਚੰਗਾ ਜਾਂ ਬੁਰਾ ਹੋਣਾ, ਉਚਾ ਜਾਂ ਨੀਵਾਂ ਹੋਣਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਚੰਗੇ ਕਰਮ ਕਰਦਾ ਹੈ ਜਾਂ ਮਾੜੇ। ਜਨਮ-ਮਰਨ ਦੇ ਚੱਕਰ ਵਿਚੋਂ ਮਨੁੱਖ ਉਦੋਂ ਨਿਕਲਦਾ ਹੈ ਜਦੋਂ ਉਹ ਅਕਾਲ ਪੁਰਖ ਦੇ ਨਾਮ ਨਾਲ ਜੁੜਦਾ ਹੈ। ਨਾਮ ਨਾਲ ਜੁੜਨ ਨਾਲ ਹੀ ਮਨੁੱਖ ਪੰਜ ਵਿਕਾਰਾਂ ਤੋਂ ਛੁਟਕਾਰਾ ਪਾਉਂਦਾ ਹੈ ਜੋ ਬੁਰੇ ਕਰਮਾਂ ਦਾ ਕਾਰਨ ਬਣਦੇ ਹਨ,

ਜਾਤਿ ਜਨਮੁ ਨਹ ਪੂਛੀਐ  
ਸਚ ਘਰੁ ਲੇਹੁ ਬਤਾਇ॥  
ਸਾ ਜਾਤਿ ਸਾ ਪਤਿ ਹੈ  
ਜੇਹੇ ਕਰਮ ਕਮਾਇ॥  
ਜਨਮ ਮਰਨ ਦੁਖੁ ਕਾਟੀਐ  
ਨਾਨਕ ਛੂਟਸਿ ਨਾਇ॥ (ਪੰਨਾ 1330)

ਭਗਤ ਕਬੀਰ ਫਰਮਾਉਂਦੇ ਹਨ ਕਿ ਸੰਸਾਰ ਦੇ ਸਾਰੇ ਜੀਵ ਪਰਮਾਤਮ-ਅੰਸ਼ ਤੋਂ ਪੈਦਾ ਹੁੰਦੇ ਹਨ ਅਰਥਾਤ ਸਾਰੇ ਜੀਵਾਂ ਦਾ ਮੂਲ ਸ੍ਰੋਤ ਅਤੇ ਕਾਰਨ ਪਰਮਾਤਮਾ ਆਪ ਹੈ। ਮਾਂ ਦੇ ਪੇਟ ਵਿਚ ਜਦੋਂ ਇਨਸਾਨ ਹੁੰਦਾ ਹੈ ਤਾਂ ਉਸ ਨੂੰ ਕੋਈ ਸੋਝੀ ਨਹੀਂ ਹੁੰਦੀ ਕਿ ਉਸ ਦੀ ਜਾਤ ਜਾਂ ਕੁਲ ਕੀ ਹੈ ਅਰਥਾਤ ਮਾਂ ਦੇ ਪੇਟ ਵਿਚ ਬੱਚੇ ਦੀ ਕੋਈ ਜਾਤ ਜਾਂ ਕੁਲ ਨਹੀਂ ਹੁੰਦੀ। ਜਾਤ ਜਾਂ ਕੁਲ ਮਨੁੱਖ ਦੀ ਆਪ ਘੜੀ ਹੋਈ ਹੈ। ਇਸ ਨੂੰ ਕੋਈ ਰੱਬੀ ਮਨਜ਼ੂਰੀ ਪ੍ਰਾਪਤ ਨਹੀਂ ਹੈ। ਉਹ ਪੰਡਿਤ ਨੂੰ ਪੁੱਛਦੇ ਹਨ ਕਿ ਤੁਸੀਂ ਕਦੋਂ ਦੇ ਬ੍ਰਾਹਮਣ ਹੋ ਗਏ? ਇਹ ਆਖ ਆਖ ਕੇ ਕਿ ਤੁਸੀਂ ਬ੍ਰਾਹਮਣ ਹੋ ਕੁਲ ਅਤੇ ਜਾਤ ਦੇ ਅਹੰਕਾਰ ਵਿਚ ਆਪਣਾ ਮਨੁੱਖਾ ਜਨਮ ਅਜਾਈਂ ਨਾ ਗਵਾਉ। ਭਗਤ ਕਬੀਰ ਅੱਗੇ ਪ੍ਰਸ਼ਨ ਕਰਦੇ ਹਨ ਕਿ ਜੇ ਤੂੰ ਸੱਚੀਂ ਹੀ ਬ੍ਰਾਹਮਣ ਹੈਂ (ਅਰਥਾਤ ਤੇਰੀ ਜਾਤ ਖਾਸ ਕਿਸਮ ਦੀ ਉਤਮ ਹੈ) ਅਤੇ ਤੂੰ ਬ੍ਰਾਹਮਣੀ ਦੇ ਪੇਟ ਤੋਂ ਹੀ ਪੈਦਾ ਹੋਇਆ ਹੈਂ ਤਾਂ ਤੂੰ ਕਿਸੇ ਹੋਰ ਢੰਗ ਨਾਲ ਪੈਦਾ ਕਿਉਂ ਨਹੀਂ ਹੋਇਆ, ਆਮ ਮਨੁੱਖਾਂ ਦੀ ਤਰ੍ਹਾਂ ਹੀ ਕਿਉਂ ਪੈਦਾ ਹੋਇਆ ਹੈਂ? ਕਹਿਣ ਦਾ ਭਾਵ ਹੈ ਕਿ ਜਿਸ ਤਰ੍ਹਾਂ ਬਾਕੀ ਮਨੁੱਖ ਪੈਦਾ ਹੁੰਦੇ ਹਨ, ਬ੍ਰਾਹਮਣ ਵੀ ਉਸੇ ਤਰ੍ਹਾਂ ਜਨਮ ਲੈਂਦਾ ਹੈ। ਜੇ ਉਹ ਆਮ ਨੀਵੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਤੋਂ ਵੱਖਰਾ ਹੈ, ਫਿਰ ਕਿਸੇ ਹੋਰ ਢੰਗ ਨਾਲ ਸੰਸਾਰ 'ਤੇ ਜਨਮ ਕਿਉਂ ਨਹੀਂ ਲੈਂਦਾ? ਆਮ ਮਨੁੱਖਾਂ ਦੀ ਤਰ੍ਹਾਂ ਹੀ ਕਿਉਂ ਪੈਦਾ ਹੁੰਦਾ ਹੈ? ਜਾਤ-ਪਾਤ ਦੇ ਵਖਰੇਵੇਂ ਦੀ ਨਿਰਾਰਥਕਤਾ ਦਾ ਤਰਕ ਸਿਰਜਦੇ ਹੋਏ ਭਗਤ ਕਬੀਰ ਅੱਗੇ ਪ੍ਰਸ਼ਨ ਕਰਦੇ ਹਨ ਕਿ ਤੁਸੀਂ ਕਿਵੇਂ ਬ੍ਰਾਹਮਣ ਹੋ ਗਏ ਅਤੇ ਅਸੀਂ ਕਿਵੇਂ ਸ਼ੂਦਰ ਹੋ ਗਏ, ਕੀ ਤੁਹਾਡੀਆਂ ਨਸਾਂ ਵਿਚ ਦੁੱਧ ਵਹਿ ਰਿਹਾ ਹੈ ਅਤੇ ਸਾਡੀਆਂ ਨਾੜਾਂ ਵਿਚ ਖ਼ੂਨ ਵਹਿ ਰਿਹਾ ਹੈ? ਉਨ੍ਹਾਂ ਦੇ ਕਹਿਣ ਦਾ ਭਾਵ ਹੈ ਕਿ ਸੰਸਾਰ 'ਤੇ ਆਉਣ ਦਾ ਢੰਗ ਤਰੀਕਾ ਵੀ ਇੱਕ ਹੈ, ਨਸਾਂ ਵਿਚ ਵਹਿ ਰਹੇ ਖ਼ੂਨ ਦਾ ਰੰਗ ਵੀ ਇੱਕ ਹੈ, ਫਿਰ ਜਾਤ-ਪਾਤ ਦਾ ਵਖਰੇਵਾਂ ਕਿਉਂ? ਜੇ ਇਹ ਵਖਰੇਵਾਂ ਸਿਰਜਣਹਾਰ ਵੱਲੋਂ ਪਾਇਆ ਹੁੰਦਾ ਤਾਂ ਸੰਸਾਰ ਤੇ ਪੈਦਾ ਹੋਣ ਦਾ ਤਰੀਕਾ ਵੀ ਅਲੱਗ ਅਲੱਗ ਹੋਣਾ ਸੀ ਅਤੇ ਨਾੜਾਂ ਵਿਚ ਵਹਿ ਰਹੇ ਖ਼ੂਨ ਦਾ ਰੰਗ ਵੀ ਵੱਖਰਾ ਵੱਖਰਾ ਹੋਣਾ ਸੀ। ਕਬੀਰ ਜੀ ਨਤੀਜਾ ਇਹ ਕੱਢਦੇ ਹਨ ਕਿ ਅਸਲ ਵਿਚ ਉਹੀ ਬ੍ਰਾਹਮਣ ਹੈ ਜੋ ਬ੍ਰਹਮ ਅਰਥਾਤ ਪਰਮਾਤਮਾ ਦਾ ਸਿਮਰਨ ਕਰਦਾ ਹੈ ਅਤੇ ਉਸ ਨੂੰ ਯਾਦ ਰੱਖਦਾ ਹੈ,

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥  
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥1॥  
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥  
ਬਾਮਨ ਕਹਿ ਕਹਿ  
ਜਨਮੁ ਮਤ ਖੋਏ॥1॥ਰਹਾਉ॥  
(ਪੰਨਾ 324)

ਗੁਰੂ ਅਮਰਦਾਸ ਜਾਤ ਦਾ ਮਾਣ ਕਰਨ ਵਾਲੇ ਮਨੁੱਖ ਨੂੰ ਮੂਰਖ ਗਰਦਾਨਦੇ ਹੋਏ ਪ੍ਰਾਣੀ-ਮਾਤਰ ਨੂੰ ਜਾਤ-ਪਾਤ ਦਾ ਝੂਠਾ ਅਹੰਕਾਰ ਕਰਨ ਤੋਂ ਮਨ੍ਹਾਂ ਕਰਦੇ ਹੋਏ ਅਜਿਹੀ ਝੂਠੀ ਹਉਮੈ ਤੋਂ ਸੁਚੇਤ ਕਰਦੇ ਹਨ ਕਿਉਂਕਿ ਜਾਤ ਦੇ ਅਹੰਕਾਰ ਤੋਂ ਕਈ ਕਿਸਮ ਦੇ (ਸਮਾਜਕ ਅਤੇ ਭਾਈਚਾਰਕ) ਵਿਗਾੜ ਪੈਦਾ ਹੁੰਦੇ ਹਨ। ਜਾਤ-ਪਾਤ ਦਾ ਮਾਣ ਅਤੇ ਵਖਰੇਵਾਂ ਬਹੁਤ ਸਾਰੀਆਂ ਸਮਾਜਕ ਬੁਰਾਈਆਂ ਨੂੰ ਜਨਮ ਦਿੰਦਾ ਹੈ। ਗੁਰੂ ਸਾਹਿਬ ਅਨੁਸਾਰ ਕੋਈ ਮਨੁੱਖ ਆਪਣੇ ਜਨਮ ਜਾਂ ਜਾਤ ਕਰਕੇ ਉਚੀ ਕੁਲ ਦਾ ਨਹੀਂ ਬਣ ਜਾਂਦਾ। ਬ੍ਰਾਹਮਣ ਉਹ ਨਹੀਂ ਜੋ ਉੱਚੀ ਕਹੀ ਜਾਣ ਵਾਲੀ ਬ੍ਰਾਹਮਣ ਜਾਤ ਵਿਚ ਪੈਦਾ ਹੋਇਆ ਹੈ। ਬ੍ਰਾਹਮਣ ਉਹ ਹੈ ਜਿਸ ਨੇ ਆਪਣੇ ਅੰਦਰ ਵੱਸ ਰਹੀ ਪਰਮਾਤਮ-ਜੋਤਿ ਦਾ ਅਨੁਭਵ ਕਰ ਲਿਆ ਹੈ, ਉਸ ਨੂੰ ਜਗਾ ਲਿਆ ਹੈ, ਪਰਮਾਤਮ-ਗੁਣਾਂ ਨਾਲ ਸਾਂਝ ਪਾ ਲਈ ਹੈ ਅਤੇ ਉਸ ਦਾ ਅਨੁਸਾਰੀ ਹੋ ਕੇ ਚੰਗੇ ਕਰਮ ਕਰ ਰਿਹਾ ਹੈ। ਅੱਗੇ ਦੱਸਿਆ ਹੈ ਕਿ ਹਰ ਮਨੁੱਖ ਇਹ ਸਮਝਦਾ ਹੈ ਕਿ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਚਾਰ ਵੱਖ ਵੱਖ ਵਰਣ ਹਨ, ਪਰ ਉਹ ਇਹ ਤੱਥ ਨਹੀਂ ਸਮਝਦੇ ਕਿ ਉਸ ਪਰਮਾਤਮ-ਜੋਤਿ ਤੋਂ ਹੀ ਇਸ ਸਾਰੇ ਬ੍ਰਹਿਮੰਡ ਦੀ ਰਚਨਾ ਹੁੰਦੀ ਹੈ, ਉਹੀ ਸਾਰੀ ਸ੍ਰਿਸ਼ਟੀ ਦਾ ਸੋਮਾ ਹੈ।

ਗੁਰੂ ਸਾਹਿਬ ਪਰਮਾਤਮ-ਜੋਤਿ ਰੂਪੀ ਸੋਮੇ ਦੀ ਸਾਂਝ ਨੂੰ ਸਮਝਾਉਂਦੇ ਹੋਏ ਦੱਸਦੇ ਹਨ ਕਿ ਜਿਸ ਤਰ੍ਹਾਂ ਮਿੱਟੀ ਇੱਕੋ ਹੀ ਹੁੰਦੀ ਹੈ ਪਰ ਘੁਮਿਆਰ ਉਸ ਤੋਂ ਵੱਖਰੀ ਵੱਖਰੀ ਕਿਸਮ ਦੇ ਭਾਂਡੇ ਘੜ ਲੈਂਦਾ ਹੈ। ਇਸੇ ਤਰਾਂ ਪਰਮਾਤਮਾ ਨੇ ਆਪਣੀ ਜੋਤਿ ਤੋਂ ਹੀ ਇਸ ਵੰਨ-ਸਵੰਨੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਹਰ ਇੱਕ ਸਰੀਰ ਦੀ ਰਚਨਾ ਉਨ੍ਹਾਂ ਹੀ ਪੰਜ ਤੱਤਾਂ ਤੋਂ ਹੁੰਦੀ ਹੈ ਪਰ ਕੋਈ ਵੀ ਇਹ ਨਹੀਂ ਦੱਸ ਸਕਦਾ ਕਿ ਕਿਸ ਸਰੀਰ ਵਿਚ ਕਿਹੜਾ ਤੱਤ ਘੱਟ ਜਾਂ ਵੱਧ ਹੈ। ਹਰ ਮਨੁੱਖ ਆਪਣੇ ਕੀਤੇ ਕਰਮਾਂ ਕਰਕੇ ਇਸ ਸੰਸਾਰ ਦੇ ਸੰਸਕਾਰਾਂ ਦੇ ਬੰਧਨਾਂ ਵਿਚ ਪੈਂਦਾ ਹੈ ਅਤੇ ਇਨ੍ਹਾਂ ਬੰਧਨਾਂ ਤੋਂ ਖ਼ਲਾਸੀ ਗੁਰੂ ਨੂੰ ਮਿਲਣ ਤੋਂ ਬਿਨਾ ਨਹੀਂ ਹੁੰਦੀ,

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥  
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥1॥  
ਜਾਤਿ ਕਾ ਗਰੁਬ ਨ ਕਰਿ ਮੂਰਖ ਗਵਾਰਾ॥  
ਇਸੁ ਗਰਬ ਤੇ  
ਚਲਹਿ ਬਹੁਤੁ ਵਿਕਾਰਾ॥1॥ਰਹਾਉ॥

ਭਗਤ ਕਬੀਰ ਇਸੇ ਸਿਧਾਂਤ ਨੂੰ ਦ੍ਰਿੜ ਕਰਵਾਉਂਦਿਆ ਊਚ-ਨੀਚ ਦੀ ਗ੍ਰਿਫਤ ਵਿਚ ਜਕੜੇ ਹੋਏ ਸਮਾਜ ਨੂੰ ਕਿਸੇ ਭਰਮ-ਭੁਲੇਖੇ ਵਿਚ ਪੈ ਕੇ ਖ਼ੁਆਰ ਹੋਣ ਤੋਂ ਆਗਾਹ ਕਰਦੇ ਹਨ। ਇਸ ਸਾਰੀ ਖ਼ਲਕਤ ਨੂੰ ਪੈਦਾ ਕਰਨ ਵਾਲਾ ਉਹੀ ਇੱਕੋ ਖ਼ਾਲਕ ਹੈ ਜੋ ਸਾਰੀ ਖ਼ਲਕਤ ਵਿਚ ਵੱਸ ਰਿਹਾ ਹੈ, ਉਹ ਹਰ ਥਾਂ ਮੌਜੂਦ ਅਤੇ ਭਰਪੂਰ ਹੈ। ਸਭ ਤੋਂ ਪਹਿਲਾਂ ਖ਼ੁਦਾ ਦਾ ਨੂਰ ਹੀ ਹੈ ਜਿਸ ਤੋਂ ਉਸ ਨੇ ਇਸ ਸੰਸਾਰ ਨੂੰ ਪੈਦਾ ਕੀਤਾ ਹੈ। ਇਸ ਦੁਨੀਆਂ ਦੇ ਸਾਰੇ ਜੀਅ-ਜੰਤ ਉਸ ਰੱਬ ਨੇ ਆਪਣੀ ਕੁਦਰਤ ਰਾਹੀਂ ਬਣਾਏ ਹੋਏ ਹਨ। ਉਸ ਇੱਕ ਅਕਾਲ ਪੁਰਖ਼ ਦੀ ਜੋਤ ਤੋਂ ਹੀ ਇਹ ਸਾਰਾ ਸੰਸਾਰ ਪੈਦਾ ਹੋਇਆ ਹੈ। ਇਸ ਲਈ ਕਿਸੇ ਜਾਤ-ਪਾਤ ਜਾਂ ਮਜ਼ਹਬ ਦੇ ਭੁਲੇਖੇ ਵਿਚ ਪੈ ਕੇ ਕਿਸੇ ਨੂੰ ਵੀ ਉੱਚਾ ਜਾਂ ਨੀਵਾਂ, ਚੰਗਾ ਜਾਂ ਮਾੜਾ ਨਹੀਂ ਸਮਝਣਾ ਚਾਹੀਦਾ। ਸਿਰਜਣਹਾਰ ਨੇ ਇੱਕੋ ਹੀ ਮਿੱਟੀ ਤੋਂ, ਇੱਕੋ ਜਿਹੇ ਤੱਤਾਂ ਤੋਂ ਅਨੇਕਾਂ ਕਿਸਮਾਂ ਦੇ ਜੀਵ-ਜੰਤੂ ਪੈਦਾ ਕਰ ਦਿੱਤੇ ਹਨ। ਇੱਕੋ ਸੋਮਾ ਹੋਣ ਕਰਕੇ ਹੀ ਨਾ ਇਨ੍ਹਾਂ ਮਿੱਟੀ ਦੇ ਭਾਂਡਿਆਂ ਵਿਚ ਕੋਈ ਦੋਸ਼ ਜਾਂ ਊਣਤਾਈ ਹੈ ਅਤੇ ਨਾ ਹੀ ਇਨ੍ਹਾਂ ਨੂੰ ਘੜਨ ਵਾਲੇ ਘੁਮਿਆਰ ਵਿਚ। ਉਹ ਸਦਾ ਕਾਇਮ ਰਹਿਣ ਵਾਲਾ ਇੱਕ ਅਕਾਲ ਪੁਰਖ ਸਾਰਿਆਂ ਵਿਚ ਵੱਸ ਰਿਹਾ ਹੈ ਜਿਸ ਦੇ ਹੁਕਮ ਵਿਚ ਇਸ ਸੰਸਾਰ ਦਾ ਚਲਨ ਵਾਪਰ ਰਿਹਾ ਹੈ। ਉਸੇ ਮਨੁੱਖ ਨੂੰ ਰੱਬ ਦਾ ਪਿਆਰਾ ਬੰਦਾ ਕਿਹਾ ਜਾ ਸਕਦਾ ਹੈ ਜੋ ਉਸ ਦੇ ਹੁਕਮ ਨੂੰ ਪਛਾਣਦਾ ਹੈ ਅਤੇ ਉਸ ਨਾਲ ਸਾਂਝ ਪੈਦਾ ਕਰਦਾ ਹੈ। ਉਹ ਰੱਬੀ ਹਸਤੀ ਐਸੀ ਹੈ ਜਿਸ ਦਾ ਮੁਕੰਮਲ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਉਸ ਦੇ ਪੂਰੇ ਗੁਣ ਦੱਸੇ ਜਾ ਸਕਦੇ ਹਨ।

ਭਗਤ ਕਬੀਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਗੁਰੂ ਨੇ ਪਰਮਾਤਮਾ ਦੇ ਗੁਣਾਂ ਦੀ ਸੂਝ ਦੇ ਰੂਪ ਵਿਚ ਮਿੱਠਾ ਗੁੜ ਦਿੱਤਾ ਹੈ ਜਿਸ ਕਰਕੇ ਉਨ੍ਹਾਂ ਨੇ ਉਸ ਅਕਾਲ ਪੁਰਖ ਦੀ ਵਿਆਪਕਤਾ ਨੂੰ ਹਰ ਥਾਂ ਅਨੁਭਵ ਕਰ ਲਿਆ ਹੈ। ਹੁਣ ਉਨ੍ਹਾਂ ਦੇ ਮਨ ਵਿਚ ਕਿਸੇ ਕਿਸਮ ਦਾ ਭਰਮ ਅਤੇ ਭੁਲੇਖਾ ਨਹੀਂ ਰਿਹਾ,

ਅਵਲਿ ਅਲਹ ਨੂਰੁ ਉਪਾਇਆ  
ਕੁਦਰਤਿ ਕੇ ਸਭ ਬੰਦੇ॥  
ਏਕ ਨੂਰ ਤੇ ਸਭੁ ਜਗੁ ਉਪਜਿਆ  
ਕਉਨ ਭਲੇ ਕੋ ਮੰਦੇ॥  
ਲੋਗਾ ਭਰਮਿ ਨ ਭੂਲਹੁ ਭਾਈ॥  
ਖਾਲਿਕੁ ਖਲਕ ਖਲਕ ਮਹਿ ਖਾਲਿਕੁ  
ਪੂਰਿ ਰਹਿਓ ਸ੍ਰਬ ਠਾਂਈ॥1॥ਰਹਾਉ॥  
ਮਾਟੀ ਏਕ ਅਨੇਕ ਭਾਂਤਿ ਕਰਿ  
ਸਾਜੀ ਸਾਜਨਹਾਰੈ॥  
ਨਾ ਕਛੁ ਪੋਚ ਮਾਟੀ ਕੇ ਭਾਂਡੇ  
ਨਾ ਕਛੁ ਪੋਚ ਕੁੰਭਾਰੈ॥2॥ (ਪੰਨਾ 1349)

ਗੁਰੂ ਨਾਨਕ ਸਾਹਿਬ ਇਸ ਦਾ ਨਿਸ਼ਕਰਸ਼ ਕੱਢਦੇ ਹਨ ਕਿ ਜਦੋਂ ਤੋਂ ਗੁਰੂ ਦੇ ਬਚਨ ਵਿਚ ਯਕੀਨ ਲੈ ਆਂਦਾ ਹੈ ਕਿ ਉਹ ਪਰਮਾਤਮਾ ਮੇਰੇ ਤੋਂ ਦੂਰ ਨਹੀਂ, ਮੇਰੇ ਨੇੜੇ ਵੱਸ ਰਿਹਾ ਹੈ, ਉਸ ਸਮੇਂ ਤੋਂ ਹੀ ਮੈਂ ਆਪਣੀ ਜਿੰਦ-ਜਾਨ ਦਾ ਆਸਰਾ ਅਕਾਲ ਪੁਰਖ ਲੱਭ ਲਿਆ ਹੈ। ਇਹੀ ਇੱਕ ਤਰੀਕਾ ਹੈ ਅਰਥਾਤ ਗੁਰੂ ਦੇ ਸ਼ਬਦ 'ਤੇ ਯਕੀਨ ਕੀਤਿਆਂ ਪਰਮਾਤਮਾ ਮਿਲਦਾ ਹੈ ਅਤੇ ਉਸ ਜੀਵ ਦੇ ਭਾਗ ਜਾਗ ਪੈਂਦੇ ਹਨ ਜੋ ਪਰਮਾਤਮਾ ਦਾ ਪਿਆਰ ਪਾ ਲੈਂਦਾ ਹੈ। ਗੁਰੂ ਦੀ ਮਤਿ ਲੈ ਕੇ ਗੁਰੂ ਦੇ ਸ਼ਬਦ ਰਾਹੀਂ ਅਜਿਹਾ ਮਨੁੱਖ ਵਿਚਾਰਵਾਨ ਹੋ ਜਾਂਦਾ ਹੈ ਅਤੇ ਜਾਤ-ਵਰਣ ਆਦਿ ਦੇ ਉਸ ਦੇ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ,

ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ॥  
ਸਤਿਗੁਰ ਬਚਨਿ ਮੇਰੋ ਮਨੁ ਮਾਨਿਆ  
ਹਰਿ ਪਾਏ ਪ੍ਰਾਨ ਅਧਾਰਾ॥1॥ਰਹਾਉ॥  
ਇਨ ਬਿਧਿ ਹਰਿ ਮਿਲੀਐ ਵਰ ਕਾਮਨਿ  
ਧਨ ਸੋਹਾਗੁ ਪਿਆਰੀ॥  
ਜਾਤਿ ਬਰਨ ਕੁਲ ਸਹਸਾ ਚੂਕਾ  
ਗੁਰਮਤਿ ਸਬਦਿ ਬੀਚਾਰੀ॥1॥

ਛੋਟਾ-ਵੱਡਾ, ਊਚ-ਨੀਚ ਇਨ੍ਹਾਂ ਸਾਰੇ ਵਖਰੇਵਿਆਂ ਨੂੰ ਅਮਲੀ ਰੂਪ ਵਿਚ ਸਮਾਜ ਵਿਚੋਂ ਦੂਰ ਕਰਨ ਲਈ ਗੁਰੂ ਸਾਹਿਬਾਨ ਨੇ ਸੰਗਤ ਅਤੇ ਪੰਗਤ ਦੀ ਸੰਸਥਾ ਕਾਇਮ ਕੀਤੀ ਤਾਂ ਕਿ ਗੁਰੂ ਘਰ ਵਿਚ ਸੰਗਤ ਵਿਚ ਬੈਠ ਕੇ ਬਾਣੀ ਸਰਵਣ ਕਰਕੇ ਮਨੁੱਖ ਆਪਣੇ ਮਨ ਵਿਚੋਂ ਇਸ ਕਿਸਮ ਦੇ ਭੁਲੇਖਿਆਂ ਨੂੰ ਦੂਰ ਕਰ ਸਕੇ, ਲੰਗਰ ਵਿਚ ਇਕੱਠਿਆਂ ਸੇਵਾ ਕਰਕੇ ਅਤੇ ਪੰਗਤ ਵਿਚ ਇੱਕ ਥਾਂ ਇਕੱਠਿਆਂ ਬੈਠ ਕੇ ਪਰਸ਼ਾਦਾ ਛਕ ਕੇ ਇਸ ਬਰਾਬਰੀ ਨੂੰ ਅਮਲੀ ਰੂਪ 'ਚ ਅਨੁਭਵ ਕਰ ਸਕੇ।

## ਸਭ ਤੋਂ ਸ਼ਕਤੀਸ਼ਾਲੀ ਕੌਣ?

ਮਹਾਤਮਾ ਬੁੱਧ ਆਪਣੇ ਸ਼ਰਧਾਲੂਆਂ ਨਾਲ ਵਿਚਾਰ ਕਰ ਰਹੇ ਸਨ। ਉਨ੍ਹਾਂ ਨੇ ਇੱਕ ਪ੍ਰਸ਼ਨ ਰੱਖਿਆ, "ਪਹਾੜ ਤੋਂ ਤਾਕਤਵਰ ਕੀ ਹੈ?"

ਪ੍ਰਸ਼ਨ ਸੁਣ ਕੇ ਇੱਕ ਚੇਲਾ ਬੋਲਿਆ, "ਮਹਾਤਮਾ ਜੀ! ਲੋਹਾ ਪਹਾੜ ਨਾਲੋਂ ਵੱਧ ਤਾਕਤਵਰ ਹੈ ਕਿਉਂਕਿ ਇਸ ਦੇ ਬਣੇ ਸੰਦਾਂ ਨਾਲ ਅਸੀਂ ਪਹਾੜ ਦੇ ਟੁਕੜੇ ਕਰ ਸਕਦੇ ਹਾਂ।"

ਉਤਰ ਸੁਣ ਕੇ ਮਹਾਤਮਾ ਬੁੱਧ ਨੇ ਫੇਰ ਪ੍ਰਸ਼ਨ ਕੀਤਾ, "ਜੇ ਲੋਹਾ ਪਹਾੜ ਨਾਲੋਂ ਵੱਧ ਤਾਕਤਵਰ ਹੈ ਤਾਂ ਲੋਹੇ ਤੋਂ ਵੱਧ ਤਾਕਤਵਰ ਕੀ ਹੈ?" ਪਹਿਲਾਂ ਵਾਂਗ ਹੀ ਇੱਕ ਚੇਲੇ ਨੇ ਇਕਦਮ ਜਵਾਬ ਦਿੱਤਾ, "ਲੋਹੇ ਨਾਲੋਂ ਵੱਧ ਸ਼ਕਤੀਸ਼ਾਲੀ ਤਾਂ ਅੱਗ ਹੈ ਜੋ ਆਪਣੇ ਸੇਕ ਨਾਲ ਲੋਹੇ ਨੂੰ ਮਿੰਟਾਂ ਵਿਚ ਹੀ ਗਲਾ ਦਿੰਦੀ ਹੈ।"

ਮਹਾਤਮਾ ਬੁੱਧ ਨੇ ਫੇਰ ਪ੍ਰਸ਼ਨ ਕੀਤਾ, "ਅੱਗ ਤੋਂ ਸ਼ਕਤੀਸ਼ਾਲੀ ਕਿਹੜੀ ਚੀਜ਼ ਹੈ?" ਇੱਕ ਸ਼ਰਧਾਲੂ ਦਾ ਉਤਰ ਸੀ, "ਅੱਗ ਤੋਂ ਵੀ ਵੱਧ ਸ਼ਕਤੀਸ਼ਾਲੀ ਪਾਣੀ ਹੈ ਜੋ ਆਪਣੀ ਸ਼ਕਤੀ ਨਾਲ ਅੱਗ ਨੂੰ ਬੁਝਾ ਸਕਦਾ ਹੈ।"

ਜਵਾਬ ਸੁਣ ਕੇ ਮਹਾਤਮਾ ਬੁੱਧ ਨੇ ਫੇਰ ਸਵਾਲ ਕੀਤਾ, "ਜੇ ਪਾਣੀ ਅੱਗ ਨਾਲੋਂ ਜ਼ਿਆਦਾ ਸ਼ਕਤੀ ਰੱਖਦਾ ਹੈ ਤਾਂ ਪਾਣੀ ਤੋਂ ਵੱਧ ਸ਼ਕਤੀਸ਼ਾਲੀ ਕੌਣ ਹੈ?" ਇਸ ਦੇ ਜਵਾਬ 'ਚ ਇੱਕ ਸ਼ਰਧਾਲੂ ਨੇ ਕਿਹਾ, "ਪਾਣੀ ਤੋਂ ਵੀ ਵੱਧ ਤਾਕਤਵਰ ਹੈ ਹਵਾ ਜੋ ਜਿਵੇਂ ਚਾਹੇ ਪਾਣੀ ਨੂੰ ਨਚਾ ਸਕਦੀ ਹੈ।"

ਬੁੱਧ ਨੇ ਫੇਰ ਪ੍ਰਸ਼ਨ ਕੀਤਾ, "ਜੇ ਹਵਾ ਪਾਣੀ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੈ, ਤਾਂ ਦੱਸੋ ਹਵਾ ਤੋਂ ਸ਼ਕਤੀਸ਼ਾਲੀ ਕੌਣ ਹੋ ਸਕਦਾ ਹੈ?"

ਇਹ ਪ੍ਰਸ਼ਨ ਸੁਣਦਿਆਂ ਹੀ ਸਾਰੇ ਸ਼ਰਧਾਲੂ ਇੱਕ-ਦੂਜੇ ਵੱਲ ਵੇਖਣ ਲੱਗੇ। ਹੁਣ ਬੁੱਧ ਜੀ ਬੋਲੇ, "ਹਵਾ ਤੇ ਇਸ ਤੋਂ ਪਹਿਲਾਂ ਜਿੰਨੀਆਂ ਵੀ ਤਾਕਤਵਰ ਚੀਜ਼ਾਂ ਬਾਬਤ ਆਪਾਂ ਗੱਲ ਕੀਤੀ, ਉਨ੍ਹਾਂ ਸਭ ਤੋਂ ਵੀ ਸ਼ਕਤੀਸ਼ਾਲੀ ਹੈ ਮਨੁੱਖ ਦੇ ਦ੍ਰਿੜ ਇਰਾਦੇ ਅਤੇ ਸਵੈ-ਵਿਸ਼ਵਾਸ ਦੀ ਸ਼ਕਤੀ, ਜੋ ਆਪਣੀ ਸਮਰੱਥਾ ਤੇ ਕਾਬਲੀਅਤ ਨਾਲ ਬਾਕੀ ਸਭ ਸ਼ਕਤੀਆਂ ਨੂੰ ਕਾਬੂ ਕਰ ਸਕਦੀ ਹੈ। ਇਸ ਲਈ ਕਿਸੇ ਵੀ ਦੇਸ਼, ਕੌਮ ਅਤੇ ਸਮਾਜ ਦੀ ਤਰੱਕੀ ਲਈ ਦ੍ਰਿੜ੍ਹ ਵਿਸ਼ਵਾਸ ਦੀ ਸ਼ਕਤੀ ਬਹੁਤ ਅਹਿਮ ਰੋਲ ਅਦਾ ਕਰਦੀ ਹੈ।"

*-ਹਰਗੁਣਪ੍ਰੀਤ ਸਿੰਘ*

## ਗਾਇਓ ਰੀ ਮੈ ਗੁਣਨਿਧ ਮੰਗਲ ਗਾਇਓ

ੴ ਸਤਿਗੁਰ ਪ੍ਰਸਾਦਿ ਸਾਰਗ ਮਹਲਾ 5  
ਗਾਇਓ ਰੀ ਮੈ ਗੁਣਨਿਧ ਮੰਗਲ ਗਾਇਓ॥  
ਭਲੇ ਸੰਜੋਗ ਭਲੇ ਦਿਨ ਅਉਸਰ  
ਜਉ ਗੋਪਾਲੁ ਰੀਝਾਇਓ॥ ਰਹਾਓ॥  
ਸੰਤਹ ਚਰਨ ਮੋਰਲੋ ਮਾਥਾ  
ਹਮਰੇ ਮਸਤਿਕ ਸੰਤ ਧਰੇ ਹਾਥਾ॥  
ਸਾਧਹ ਮੰਤ੍ਰ ਮੋਹਲੋ ਮਨੂਆ  
ਤਾ ਤੇ ਗਤੁ ਹੋਏ ਤ੍ਰੈ ਗੁਨੀਆ॥  
ਭਗਤਹ ਦਰਸੁ ਦੇਖਿ ਨੈਨ  
ਰੰਗਾ ਲੋਭ ਮੋਹ ਤੂਟੇ ਭ੍ਰਮ ਸੰਗਾ॥  
ਕਹੁ ਨਾਨਕ ਸੁਖ ਸਹਜ ਅਨੰਦਾ  
ਖੋਲਿ ਭੀਤਿ ਮਿਲੇ ਪਰਮਾਨੰਦਾ॥

ਇਸ ਸ਼ਬਦ ਵਿਚ ਗੁਰੂ ਅਰਜਨ ਦੇਵ ਕਿਸੇ ਅਗੰਮੀ ਉਮਾਹ 'ਚ ਭਰੇ ਹੋਏ ਪ੍ਰਭੂ ਨਾਲ ਮਿਲਾਪ ਦੀ ਅਵਸਥਾ ਨੂੰ ਦਰਸਾ ਰਹੇ ਹਨ:

ਗਾਇਓ ਰੀ ਮੈ ਗੁਣਨਿਧ ਮੰਗਲ ਗਾਇਓ॥  
ਭਲੇ ਸੰਜੋਗ ਭਲੇ ਦਿਨ ਅਉਸਰ  
ਜਉ ਗੋਪਾਲੁ ਰੀਝਾਇਓ॥ ਰਹਾਓ॥

ਹੇ ਮੇਰੀ ਸਖੀਏ! ਉਹ ਸਮਾਂ ਅਤੇ ਉਹ ਦਿਨ ਕਿੰਨੇ ਭਾਗਾਂ ਵਾਲੇ ਅਤੇ ਸੁਹਾਵਣੇ ਹੁੰਦੇ ਹਨ ਜਦੋਂ ਉਹ ਇਸ ਸ੍ਰਿਸ਼ਟੀ ਦਾ ਪਾਲਣਹਾਰਾ ਕਰਤਾ ਪੁਰਖ ਪ੍ਰਭੂ ਕਿਸੇ ਜੀਵ 'ਤੇ ਰੀਝਦਾ ਹੈ ਅਤੇ ਕੋਈ ਵੱਡ ਭਾਗੀ ਜੀਵ ਆਤਮਾ ਉਸ ਪ੍ਰਭੂ ਦਾ ਸਿਮਰਨ ਕਰ ਕੇ ਉਸ ਦੇ ਮਿਲਾਪ ਨੂੰ ਪ੍ਰਾਪਤ ਕਰ ਲੈਂਦੀ ਹੈ। ਹੇ ਸਖੀ! ਮੈਂ ਭੀ ਗੁਣਾਂ ਦੇ ਉਸ ਖ਼ਜ਼ਾਨੇ ਪ੍ਰਭੂ ਦੀਆਂ ਸਿਫ਼ਤਾਂ ਦੇ ਗੀਤ ਗਾ ਰਹੀ ਹਾਂ ਜੋ ਸਭ ਦਾ ਮਾਲਿਕ ਹੈ:

ਸੰਤਹ ਚਰਨ ਮੋਰਲੋ ਮਾਥਾ  
ਹਮਰੇ ਮਸਤਿਕ ਸੰਤ ਧਰੇ ਹਾਥਾ॥  
ਸਾਧਹ ਮੰਤ੍ਰ ਮੋਹਲੋ ਮਨੂਆ  
ਤਾ ਤੇ ਗਤੁ ਹੋਏ ਤ੍ਰੈ ਗੁਨੀਆ॥

ਹੇ ਸਖੀ! ਮੇਰਾ ਮੱਥਾ ਸੰਤਾਂ ਦੇ ਭਾਵ ਪੂਰੇ ਗੁਰੂ ਦੇ ਚਰਨਾਂ 'ਤੇ ਹੈ ਅਤੇ ਉਸ ਗੁਰੂ ਨੇ ਆਪਣੇ ਹੱਥ ਮੇਰੇ ਮਸਤਕ, ਮੱਥੇ 'ਤੇ ਰੱਖ ਦਿੱਤੇ ਹਨ ਅਤੇ ਇਹ ਸਮਾਂ ਮੇਰੇ ਲਈ ਬਹੁਤ ਸੁਖਦਾਈ

### ਗੁਰਬਾਣੀ ਗਿਆਨ

ਅਤੇ ਆਨੰਦ ਭਰਪੂਰ ਹੈ। ਇਸ ਗੁਰੂ ਦੀ ਕ੍ਰਿਪਾ ਸਦਕਾ ਹੁਣ ਗੁਰ ਉਪਦੇਸ਼ ਭੀ ਮੇਰੇ ਅੰਦਰ ਵੱਸ ਗਿਆ ਹੈ ਅਤੇ ਇਸ ਉਪਦੇਸ਼ ਸਦਕਾ ਹੀ ਇਸ ਮੋਹਣੀ ਮਾਇਆ ਦੇ ਤਿੰਨ ਗੁਣਾਂ ਦਾ ਜੋ ਪ੍ਰਭਾਵ ਸੀ, ਉਹ ਭੀ ਮੁੱਕ ਗਿਆ ਹੈ।

ਭਗਤਹ ਦਰਸੁ ਦੇਖਿ ਨੈਨ  
ਰੰਗਾ ਲੋਭ ਮੋਹ ਤੂਟੇ ਭ੍ਰਮ ਸੰਗਾ॥  
ਕਹੁ ਨਾਨਕ ਸੁਖ ਸਹਜ ਅਨੰਦਾ  
ਖੋਲਿ ਭੀਤਿ ਮਿਲੇ ਪਰਮਾਨੰਦਾ॥

ਹੇ ਸਖੀ! ਪ੍ਰਭੂ ਦੇ ਪਿਆਰਿਆਂ ਦੇ ਦਰਸ਼ਨ ਕਰਕੇ ਮੇਰੀਆਂ ਅੱਖਾਂ ਨੂੰ ਪ੍ਰੇਮ ਦਾ ਐਸਾ ਰੰਗ ਚੜ੍ਹਿਆ ਹੈ ਕਿ ਲੋਭ ਮੋਹ ਅਤੇ ਸਾਰੇ ਭ੍ਰਮ ਭੁਲੇਖੇ ਦੂਰ ਹੋ ਗਏ ਹਨ ਅਤੇ ਇਹ ਨਾਨਕ ਆਖਦਾ ਹੈ ਹੇ ਸਖੀ ਮੇਰੇ ਅੰਦਰ ਜੋ ਹਉਮੈ ਦੀ ਦੀਵਾਰ ਸੀ, ਉਹ ਭੀ ਪ੍ਰਭੂ ਕ੍ਰਿਪਾ ਸਦਕਾ ਟੁਟ ਗਈ ਹੈ ਅਤੇ ਪੂਰਨ ਪਾਰਬ੍ਰਹਮ ਪ੍ਰਮੇਸ਼ਵਰ ਜੀ ਦਾ ਮਿਲਾਪ ਹੋ ਗਿਆ ਹੈ ਅਤੇ ਹੁਣ ਸੁਖਦਾਈ ਸਹਿਜ ਅਨੰਦਮਈ ਅਵਸਥਾ ਬਣ ਗਈ ਹੈ।

ਆਓ ਸ਼ਬਦ ਗੁਰੂ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਫਿਕਰ ਦਾ ਸ਼ਾਇਰ ਜਗਤਾਰ

ਰਵਿੰਦਰ ਸਹਿਰਾਅ
ਫੋਨ: 717-575-7529

## ਬਰਸੀ 'ਤੇ ਵਿਸ਼ੇਸ਼

ਜ਼ਿਲ੍ਹਾ ਜਲੰਧਰ ਵਿਚ ਰੁੜਕਾ ਕਲਾਂ ਨੇੜੇ ਨਿੱਕਾ ਜਿਹਾ ਪਿੰਡ ਹੈ ਰਾਜਗੋਮਾਲ। ਇਸੇ ਪਿੰਡ ਵਿਚ 23 ਮਾਰਚ 1935 ਨੂੰ ਜਗਤਾਰ ਦਾ ਜਨਮ ਹੋਇਆ। ਜ਼ਿੰਦਗੀ 'ਚ ਉਤਰਾਵਾਂ-ਚੜ੍ਹਾਵਾਂ ਨਾਲ ਦੋ-ਚਾਰ ਹੁੰਦਿਆਂ ਉਨ੍ਹਾਂ ਸਕੂਲ ਅਧਿਆਪਕ ਤੋਂ ਆਪਣਾ ਸਫ਼ਰ ਸ਼ੁਰੂ ਕੀਤਾ, ਫਿਰ ਪ੍ਰਾਈਵੇਟ ਤੌਰ 'ਤੇ ਪੰਜਾਬੀ, ਉਰਦੂ ਤੇ ਫਾਰਸੀ ਦੀ ਐਮ.ਏ. ਕੀਤੀ। ਵੱਖ-ਵੱਖ ਸਰਕਾਰੀ ਕਾਲਜਾਂ ਵਿਚ ਪੜ੍ਹਾਇਆ। ਪੰਜਾਬੀ ਸ਼ਾਇਰੀ ਵਿਚ ਉਨ੍ਹਾਂ ਦਾ ਬੜਾ ਉਚਾ ਤੇ ਨਿਵੇਕਲਾ ਮੁਕਾਮ ਹੈ। ਸ਼ਾਇਰੀ ਤੋਂ ਇਲਾਵਾ ਉਨ੍ਹਾਂ ਨੂੰ ਸਿੱਕੇ ਇਕੱਠੇ ਕਰਨ, ਫੋਟੋਗਰਾਫੀ, ਕਿੱਸਿਆਂ ਬਾਰੇ ਲਿਖਣ ਅਤੇ ਸੈਰ-ਸਪਾਟੇ ਦਾ ਜਨੂੰਨ ਦੀ ਹੱਦ ਤੱਕ ਸ਼ੌਕ ਸੀ। ਉਹ ਸ਼ਿਕਾਰ ਵੀ ਖੇਡਦੇ ਰਹੇ। ਪਹਿਲਾਂ-ਪਹਿਲਾਂ ਉਨ੍ਹਾਂ ਦੇ ਡਰਾਇੰਗ ਰੂਮ ਵਿਚ ਸ਼ੇਰ ਦੀ ਖੱਲ ਟੰਗੀ ਹੋਈ ਹੁੰਦੀ ਸੀ ਜੋ ਬਾਅਦ ਵਿਚ ਉਨ੍ਹਾਂ ਕਿਸੇ ਕਾਰਨ ਉਤਾਰ ਲਈ। ਉਹ ਦੱਸਦੇ ਹੁੰਦੇ ਸਨ ਕਿ ਇਸ ਦਾ ਸ਼ਿਕਾਰ ਉਨ੍ਹਾਂ ਖੁਦ ਨੈਨੀਤਾਲ ਲਾਗੇ ਕੀਤਾ ਸੀ। ਉਨ੍ਹਾਂ ਦੇ ਚਾਹੁਣ ਵਾਲਿਆਂ ਦੀ ਵੱਡੀ ਗਿਣਤੀ ਦੁਨੀਆਂ ਦੇ ਹਰ ਕੋਨੇ, ਖਾਸ ਕਰ ਕੇ ਲਹਿੰਦੇ ਪੰਜਾਬ (ਪਾਕਿਸਤਾਨ) ਵਿਚ ਮੌਜੂਦ ਹੈ। ਆਪਣੇ ਅੜਬ ਸੁਭਾਅ ਅਤੇ ਖ਼ਰੀਆਂ-ਖ਼ਰੀਆਂ ਕਹਿਣ ਕਾਰਨ ਉਨ੍ਹਾਂ ਕਈਆਂ ਨੂੰ ਆਪਣੇ ਵਿਰੋਧੀ ਵੀ ਬਣਾਇਆ। ਆਪਣੇ ਅੰਤਲੇ ਦਿਨ 30 ਮਾਰਚ 2010 ਤੱਕ ਉਹ ਲਿਖਣ-ਪੜ੍ਹਨ ਵਿਚ ਰੁੱਝੇ ਰਹੇ। ਉਨ੍ਹਾਂ ਦੇ ਸੁਭਾਅ ਅਤੇ ਸ਼ਾਇਰੀ ਵਿਚ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਸਨ ਜਿਸ ਕਰ ਕੇ ਅੱਜ ਵੀ ਲੋਕ ਉਨ੍ਹਾਂ ਉਤੇ ਬੜਾ ਮਾਣ ਕਰਦੇ ਹਨ।

ਡਾ. ਜਗਤਾਰ ਹਮੇਸ਼ਾ ਕਿਹਾ ਕਰਦੇ ਸਨ ਕਿ ਸ਼ਾਇਰੀ ਜ਼ਿਕਰ ਦੀ ਨਹੀਂ, ਫਿਕਰ ਦੀ ਹੋਣੀ ਚਾਹੀਦੀ ਹੈ; ਭਾਵ ਸ਼ਾਇਰ ਨੂੰ ਆਪਣੀ ਪ੍ਰਸਿੱਧੀ ਜਾਂ ਜ਼ਿਕਰ ਜਾਂ ਮਹਿਜ਼ ਚਰਚਾ ਵਿਚ ਰਹਿਣ ਖਾਤਰ ਹੀ ਨਹੀਂ ਲਿਖਣਾ ਚਾਹੀਦਾ ਸਗੋਂ ਮਾਨਵਤਾ ਦੇ ਦੁੱਖ-ਦਰਦ ਲਿਖਣਾ ਤੇ ਸਥਾਪਤੀ ਦਾ ਛੜਯੰਤਰ ਨੰਗਾ ਕਰਨਾ ਚਾਹੀਦਾ ਹੈ। ਇਸ ਉਪਰ ਉਨ੍ਹਾਂ ਆਖਰੀ ਦਮ ਤੱਕ ਪਹਿਰਾ ਦਿੱਤਾ। ਉਹ ਸਥਾਪਤੀ ਦੇ ਸਿਰ ਵਿਚ ਹਥੌੜੇ ਵਾਂਗ ਵਾਰ ਕਰਦੇ ਸਨ ਪਰ ਆਪਣੀ ਕਲਮ ਨਾਲ ਉਨ੍ਹਾਂ ਸਥਾਪਤੀ ਦੇ ਭਾਈਵਾਲ ਲੇਖਕਾਂ ਨਾਲ ਹਮੇਸ਼ਾ ਆਢਾ ਲਈ ਰੱਖਿਆ ਜਿਸ ਦਾ ਉਨ੍ਹਾਂ ਨੂੰ ਨੁਕਸਾਨ ਵੀ ਹੋਇਆ। ਸਾਹਿਤ ਆਕਾਦਮੀ ਦਾ ਇਨਾਮ ਉਨ੍ਹਾਂ ਨੂੰ ਇਸ ਕਰ ਕੇ ਹੀ ਇੰਨਾ ਪਛੜ ਕੇ ਮਿਲਿਆ। ਭਾਵੇਂ ਸੋਹਣ ਸਿੰਘ ਮੀਸ਼ਾ ਸੀ, ਸੁਤਿੰਦਰ ਸਿੰਘ ਨੂਰ ਜਾਂ ਡਾ. ਹਰਿਭਜਨ ਸਿੰਘ ਸੀ, ਉਨ੍ਹਾਂ ਨੂੰ ਵਧੀਆ ਸ਼ਾਇਰ ਮੰਨਦਿਆਂ ਵੀ ਉਨ੍ਹਾਂ ਦੀਆਂ ਸਰਕਾਰੇ-ਦਰਬਾਰੇ ਜੁਗਾੜਬੰਦੀਆਂ ਦਾ ਡਾ. ਜਗਤਾਰ ਨੇ ਹਮੇਸ਼ਾ ਵਿਰੋਧ ਕੀਤਾ। ਇਹ ਉਨ੍ਹਾਂ ਦੀ ਖੁਦਦਾਰੀ ਹੀ ਸੀ ਕਿ ਜਦੋਂ ਉਨ੍ਹਾਂ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਤਾਂ ਡਾ. ਹਰਿਭਜਨ ਸਿੰਘ ਨੇ ਕਿਸੇ ਨੂੰ ਕਿਹਾ ਕਿ ਜੇ ਉਨ੍ਹਾਂ ਦੀ ਕੋਈ ਕਿਤਾਬ ਵੀ ਇਨਾਮ ਲਈ ਨਾ ਹੁੰਦੀ, ਤਾਂ ਉਨ੍ਹਾਂ ਦੇ ਇਕ ਸ਼ੇਅਰ 'ਤੇ ਹੀ ਉਹ ਇਸ ਦੇ ਹੱਕਦਾਰ ਸਨ। ਉਹ ਸ਼ੇਅਰ ਸੀ,

ਕਮਦਿਲਾਂ ਨੂੰ ਦਿਲ,
ਨ-ਪਰਿਆਂ ਨੂੰ ਪਰ ਦਈਂ।
ਯਾ ਖੁਦਾ ਸਭ ਬੇਘਰਾਂ ਨੂੰ ਘਰ ਦਈਂ।

ਡਾ. ਜਗਤਾਰ ਨੇ ਸ਼ੁਰੂ ਵਿਚ ਨੰਦ ਲਾਲ ਨੂਰਪੁਰੀ ਤੇ ਹਜ਼ਾਰਾ ਸਿੰਘ ਗੁਰਦਾਸਪੁਰੀ ਦੇ ਪ੍ਰਭਾਵ ਹੇਠ ਗੀਤ ਵੀ ਲਿਖੇ। ਇਨ੍ਹਾਂ ਦੋਹਾਂ ਨੂੰ ਉਹ ਪੰਜਾਬੀ ਦੇ ਲਾਜਵਾਬ ਗੀਤਕਾਰ ਮੰਨਦੇ ਸਨ। ਉਨ੍ਹਾਂ ਦੇ ਗੀਤ ਗਾਏ ਵੀ ਗਏ, ਪਰ ਦੱਸਦੇ ਹੁੰਦੇ ਸਨ ਕਿ ਇਸ ਗੱਲ ਦਾ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਉਹ ਵਧੀਆ ਗੀਤਕਾਰ ਨਹੀਂ ਬਣ ਸਕਦੇ। ਇਸੇ ਕਰ ਕੇ ਹੀ ਉਨ੍ਹਾਂ ਆਪਣਾ ਨਾਂ ਜਗਤਾਰ ਪਪੀਹਾ ਤੋਂ ਜਗਤਾਰ ਤੇ ਬਾਅਦ ਵਿਚ ਪੀ ਐਚ ਡੀ ਕਰਨ ਉਪਰੰਤ ਡਾ. ਜਗਤਾਰ ਹੀ ਲਿਖਿਆ।

ਉਨ੍ਹਾਂ ਪੰਜਾਬੀ ਸਾਹਿਤ, ਖਾਸ ਕਰ ਕੇ ਕਵਿਤਾ ਵਿਚ ਆਏ ਸਾਰੇ ਰੁਝਾਨ ਦੇਖੇ, ਪਰ ਆਪਣੇ ਸਮਕਾਲੀਆਂ ਨਾਲੋਂ ਹਮੇਸ਼ਾ ਵਿੱਥ ਬਣਾ ਕੇ ਉਤਮ ਕਿਸਮ ਦੀ ਸ਼ਾਇਰੀ ਕੀਤੀ। ਉਹ ਭਾਵੇਂ ਪ੍ਰਗੀਤਕ ਦੌਰ ਸੀ, ਪ੍ਰਯੋਗਵਾਦੀ ਦੌਰ ਸੀ, ਰੁਮਾਂਟਿਕ ਪ੍ਰਗਤੀਵਾਦ ਸੀ ਜਾਂ ਜੁਝਾਰ ਦੌਰ ਸੀ; ਉਨ੍ਹਾਂ ਮਾਨਵਤਾ ਦੀ ਗੱਲ ਤਾਂ ਕੀਤੀ ਪਰ ਸ਼ਾਇਰੀ ਵਿਚ ਕੱਚਾਪਣ ਨਹੀਂ ਆਉਣ ਦਿੱਤਾ। ਪੰਜਾਬੀ ਗਜ਼ਲ, ਜਿਸ ਨੂੰ ਦਰਬਾਰੀ ਸ਼ਾਇਰੀ ਕਹਿ ਕੇ ਨਿੰਦਿਆ ਜਾਂਦਾ ਸੀ, ਨੂੰ ਉਨ੍ਹਾਂ ਮਾਣਮੱਤੀ ਬਣਾਇਆ। ਉਨ੍ਹਾਂ ਕਰ ਕੇ ਹੀ ਅੱਜ ਕਿੰਨੇ ਨੌਜਵਾਨ ਗਜ਼ਲਗੋ ਕਮਾਲ ਦੀਆਂ ਗਜ਼ਲਾਂ ਲਿਖ ਰਹੇ ਹਨ। ਜਗਤਾਰ ਦੀਆਂ ਗਜ਼ਲਾਂ ਵਿਚ ਇਨਕਲਾਬੀ ਰੰਗ ਬਹੁਤ ਡੂੰਘਾ ਹੈ। ਮੈਨੂੰ ਯਾਦ ਹੈ, ਮੋਗਾ ਘੋਲ ਤੋਂ ਬਾਅਦ ਅਸੀਂ ਉਨ੍ਹਾਂ ਦੀਆਂ ਗਜ਼ਲਾਂ ਦੇ ਸ਼ੇਅਰ ਕਾਲਜਾਂ ਸਕੂਲਾਂ ਦੀਆਂ ਕੰਧਾਂ ਉਪਰ ਵਾਰ-ਵਾਰ ਲਿਖਿਆ ਕਰਦੇ ਸੀ; ਮਸਲਨ:

ਖੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ।
ਏਸ ਦੀ ਸੁਰਖ਼ੀ ਕਦੇ ਜਾਣੀ ਨਹੀਂ।

ਜਲੰਧਰ ਜੇਲ੍ਹ ਵਿਚ ਬੰਦ ਨਕਸਲੀ ਕਵੀ ਦਰਸ਼ਨ ਖਟਕੜ ਨੂੰ ਪੋਸਟ ਕਾਰਡ 'ਤੇ ਲਿਖ ਕੇ ਭੇਜੀ ਗਜ਼ਲ ਸੀ,

ਹਰ ਮੋੜ 'ਤੇ ਸਲੀਬਾਂ
ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ
ਸਾਡਾ ਵੀ ਦੇਖ ਜੇਰਾ।
ਪੱਥਰ 'ਤੇ ਨਕਸ਼ ਹਾਂ ਮੈਂ
ਰੇਤ 'ਤੇ ਨਹੀਂ ਹਾਂ,
ਚਿਹਰੇ ਦਾ ਰੰਗ ਤੇਰਾ।
ਮੇਰੇ ਵੀ ਪੈਰ ਚੁੰਮ ਕੇ
ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਆ,
ਮਹਿਬੂਬ ਅੰਤ ਮੇਰਾ।
ਜਾਂ
ਨੇਰ੍ਹੇ ਦਾ ਕੰਮ ਰੋਕਣਾ ਚਾਨਣਾ ਕਾਫ਼ਲਾ।
ਜਿਉਂ ਜਿਉਂ ਕਿਸੇ ਮਿਟਾਇਆ
ਹੁੰਦਾ ਗਿਆ ਡੂੰਘੇਰਾ।
ਪੈਰਾਂ 'ਚ ਬੇੜੀਆਂ ਨੇ,
ਨੱਚਦੇ ਨੇ ਲੋਕ ਫਿਰ ਵੀ,
ਕਿਉਂ ਉਡ ਰਿਹਾ ਏ ਤੱਕ ਤੱਕ
ਦੇਖਾਂਗੇ ਕੌਣ ਜਿੱਤਦਾ ਤੇ ਕੌਣ ਹਾਰਦਾ।
ਜਾਂ
ਸਮਾਂ ਪਾ ਕੇ ਜੋ ਮਰ ਜਾਏਗੀ
ਉਸ ਸ਼ਾਇਰੀ ਦਾ ਕੀ ਫਾਇਦਾ,
ਜੋ ਸਦੀਆਂ ਤੱਕ ਰਹੇ ਜ਼ਿੰਦਾ
ਕੋਈ ਐਸੀ ਕਿਤਾਬ ਲਿਖ।

ਜੁਝਾਰੂ ਦੌਰ ਵੇਲੇ ਲਿਖੀ ਉਨ੍ਹਾਂ ਦੀ ਕਵਿਤਾ 'ਨਿਆਂਸ਼ਾਲਾ ਵਿਚ ਲਿਆਂਦਾ ਦੋਸ਼ੀ' ਬੜੀ ਚਰਚਿਤ ਰਹੀ। ਉਹ ਭਾਵੇਂ ਕਿਸੇ ਵੀ ਪਾਰਟੀ ਦੇ ਮੈਂਬਰ ਨਹੀਂ ਸਨ, ਪਰ ਮਾਰਕਸੀ ਫਲਸਫੇ ਵਿਚ ਉਨ੍ਹਾਂ ਦਾ ਅਟੱਲ ਵਿਸ਼ਵਾਸ ਸੀ। ਇਸੇ ਕਰ ਕੇ ਹੀ ਉਨ੍ਹਾਂ ਦੀਆਂ ਨਜ਼ਮਾਂ ਕਹਿੰਦੇ ਕਹਾਉਂਦੇ ਇਨਕਲਾਬੀ ਕਵੀਆਂ ਤੋਂ ਕਿਤੇ ਵਧੀਆ ਹਨ,

ਜੀ ਮੇਰੇ ਕੋਲੋਂ ਬਦਬੂ
ਹਾਲੇ ਵੀ ਆਉਂਦੀ ਹੋਵੇਗੀ।
ਮੈਂ ਮੰਨਦਾ ਹਾਂ।
ਪਰ ਏਥੇ ਲਿਆਵਣ ਤੋਂ ਪਹਿਲਾਂ
ਮੇਰਾ ਹਰ ਉਹ ਕੱਪੜਾ
ਸਾੜ ਸੁੱਟਿਆ ਸੀ
ਜਿਸ ਵਿਚੋਂ
ਮੇਰੇ ਅੰਦਰ ਪਲੇ ਹੋਏ
ਵਿਦਰੋਹ ਦੀ ਬੂ ਆਉਂਦੀ ਸੀ।
ਮੇਰੀਆਂ ਅੱਖਾਂ
ਕੰਨ ਤੇ ਜ਼ਿਹਨ ਤਲਾਸ਼ੀ ਵੇਲੇ
ਬਖਸ਼ੀਖਾਨੇ ਅੰਦਰ
ਜਮ੍ਹਾਂ ਕਰ ਦਿੱਤੇ ਸਨ।
ਇਹ ਕੰਨ ਜ਼ਿਹਨ ਤੇ ਅੱਖਾਂ?
ਜੀ ਇਹ ਤਾਂ ਨਵੀਆਂ ਉਗੀਆਂ ਨੇ।
ਜੀ ਮੇਰੇ ਕੋਲੋਂ ਹਾਲੇ ਵੀ
ਬਦਬੂ ਆਉਂਦੀ ਹੋਵੇਗੀ,
ਮੈਂ ਮੰਨਦਾ ਹਾਂ।

***

...ਮੈਨੂੰ ਛੇਤੀ
ਨਿਆਂਸ਼ਾਲਾ 'ਚੋਂ
ਮਕਤਲ ਵਿਚ ਲੈ ਚੱਲੋ
ਤਾਂ ਕਿ ਮੇਰਾ ਲਹੂ
ਆਪਣੇ ਗਰਭ 'ਚ ਲੈ ਕੇ
ਮਿੱਟੀ ਗਰਭਵਤੀ ਹੋ ਜਾਏ।

(ਬਾਕੀ ਸਫਾ 28 'ਤੇ)



ਡਾ. ਜਗਤਾਰ ਆਪਣੀ ਪਿਛਲੀ ਉਮਰੇ, ਉਨ੍ਹਾਂ ਦੇ ਪਿਛੇ ਜਵਾਨੀ ਵੇਲੇ ਦੀ ਤਸਵੀਰ



ਡਾ. ਜਗਤਾਰ ਦੇ ਘਰ (ਖੱਬਿਓਂ) ਉਨ੍ਹਾਂ ਦੀ ਪਤਨੀ ਗੁਰਬਚਨ, ਰਵਿੰਦਰ ਸਹਿਰਾਅ, ਡਾ. ਜਗਤਾਰ ਅਤੇ ਨੀਰੂ ਸਹਿਰਾਅ। ਫੋਟੋ: ਪ੍ਰੋ. ਸੁਰਜੀਤ ਜੱਜ



ਸਤੰਬਰ 2002: ਜਗਜੀਤ ਸਿੰਘ ਅਨੰਦ, ਡਾ. ਜਗਤਾਰ ਅਤੇ ਅਨੂਪ ਵਿਰਕ

## ਡਾ. ਜਗਤਾਰ ਦੀਆਂ ਕੁਝ ਨਜ਼ਮਾਂ ਅਤੇ ਗਜ਼ਲਾਂ

**1.**

ਕੀ ਉੱਤਰ ਦਿਆਂ ਸਾਡੇ ਖੇਤ ਨਹੀਂ ਹੁੰਦੇ
ਸਾਡੇ ਘਰਾਂ ਵਿਚ ਕਣਕ ਵੀ ਨਹੀਂ ਆਉਂਦੀ
ਪਰ ਜਦੋਂ ਅਸੀਂ ਮਿੱਟੀ ਵਿਚ ਪੱਲੜ ਰਲਾ ਕੇ
ਕੰਧਾਂ ਕੋਠਿਆਂ ਨੂੰ ਲਿੱਪਦੇ ਹਾਂ
ਤਾਂ ਕਣਕ ਸਾਡੇ ਬਨੇਰਿਆਂ 'ਤੇ ਉੱਗਦੀ ਹੈ।

ਅਸੀਂ ਕਣਕ ਬੀਜਦੇ ਹਾਂ
ਪਾਲਦੇ ਹਾਂ/ਵੱਢਦੇ ਹਾਂ/ਮੰਡੀ ਲੈ ਕੇ ਜਾਂਦੇ ਹਾਂ
ਪਰ ਕਣਕ ਨੂੰ ਸਾਡੇ ਘਰਾਂ ਦਾ
ਰਾਹ ਨਹੀਂ ਆਉਂਦਾ।

ਸਾਡੇ ਘਰਾਂ ਵਿਚ ਸਿਲ੍ਹੇ ਦੇ ਦਾਣੇ ਆਉਂਦੇ ਹਨ
ਪਿੜਾਂ ਦੀ ਹੂੰਝ ਆਉਂਦੀ ਹੈ
ਛਟਕਣ ਆਉਂਦਾ ਹੈ/ਪਰ ਕਣਕ ਨਹੀਂ ਆਉਂਦੀ।

ਬੱਚੇ ਪੁੱਛਦੇ ਹਨ
ਅਸੀਂ ਕਣਕ ਦੇ ਆਗਮਨ ਲਈ
ਬਨੇਰੇ ਲਿੱਪਦੇ ਹਾਂ
ਕੰਧਾਂ 'ਤੇ ਗਾਚਣੀ ਨਾਲ/ਵੇਲ ਬੂਟੇ ਪਾਉਂਦੇ ਹਾਂ
ਪਰ ਕਣਕ ਸਾਡੇ ਘਰੀਂ ਕਿਉਂ ਨਹੀਂ ਆਉਂਦੀ?
ਉੱਤਰ ਦੇਣ ਦੀ ਥਾਂ/ਮੇਰੀਆਂ ਅੱਖਾਂ ਵਿਚੋਂ
ਹੰਝੂ ਡਿੱਗ ਕੇ
ਦਾੜ੍ਹੀ ਵਿਚ ਲੋਪ ਹੋ ਜਾਂਦੇ ਨੇ
ਜਿਵੇਂ ਮੰਡੀਆਂ ਵਿਚ/ਕਣਕ ਲੋਪ ਹੋ ਜਾਂਦੀ ਹੈ।

**2.**

ਪੰਜਾਬ ਦੇ ਪਿੰਡ ਦੀ ਸ਼ਾਮ
ਸ਼ਾਮ ਹੁਣ ਪੰਜਾਬ ਦੇ ਪਿੰਡਾਂ 'ਚ ਵੀ
ਅਲਸੀ ਦੇ ਫੁੱਲ ਵਰਗੀ ਨਹੀਂ ਹੁੰਦੀ
ਨਾ ਅਮਲਤਾਸ ਵਰਗੀ।
ਸ਼ਾਮ ਨਾ ਮਹਿੰਦੀ ਜਿਹੀ, ਕੇਸੂ ਜਿਹੀ ਹੁੰਦੀ
ਨਾ ਘੁੱਗੀ ਰੰਗ ਦੀ।
ਸ਼ਾਮ ਹੁਣ ਪੰਜਾਬ ਦੇ ਪਿੰਡਾਂ 'ਚ ਵੀ
ਸੁੱਕੇ ਤਲਾਅ ਵਰਗੀ
ਜਾਂ ਕਾਮੇ ਦੇ ਜਟੂਰੇ ਖੁਸ਼ਕ ਵਾਲਾਂ ਵਾਂਗ ਹੁੰਦੀ।

ਸ਼ਾਮ ਨਾ ਖੇਸੀ ਦੀ ਬੁੱਕਲ ਵਾਂਗ ਹੁਣ
ਹੁੰਦੀ ਹੈ ਨਿੱਘੀ।
ਸ਼ਾਮ ਨਾ ਹੁੰਦੀ ਹੈ ਹੁਣ
ਯਾਰਾਂ ਦੇ ਮੱਥੇ 'ਤੇ ਖੁਦੇ ਹੋਏ ਚੰਦ ਵਰਗੀ
ਸ਼ਾਮ ਨਾ ਬੱਚੇ ਦੇ ਚੁੰਮਣ ਵਾਂਗ ਹੁਣ
ਹੁੰਦੀ ਹੈ ਮਿੱਠੀ।
ਨਾ ਗਰਾਂ ਅੰਦਰ ਕਿਤੇ ਵੀ ਸ਼ਾਮ ਨੂੰ
ਬੋਹੜਾਂ ਦੇ ਹੇਠਾਂ
ਨਾਥ ਆ ਧੂੰਆਂ ਤਪਾਵਣ
ਨਾ ਕਿਤੇ ਚੁੱਭਿਆਂ ਦੇ ਧੂੰਏਂ
ਲਾਲਮਾਂ ਵਿਚ ਲੀਕ ਪਾਵਣ।
ਨਾ ਕਿਤੇ ਗੁੜ ਦੀ ਹੈ ਬਾਸ
ਨਾ ਕਿਤੇ ਨਕਲਾਂ ਨਾ ਰਾਸ।
ਨਾ ਕਿਤੇ ਗਲੀਆਂ ਉਹ ਮਾਵਾਂ ਵਰਗੀਆਂ
ਨਾ ਕਿਤੇ ਭੈਣਾਂ ਉਹ ਛਾਵਾਂ ਵਰਗੀਆਂ
ਨਾ ਕਿਤੇ ਸੂਰਜ ਜਿਹੇ ਨਿੱਘੇ ਭਰਾ
ਨਾ ਮਤਾਬੀ ਵਰਗੀਆਂ ਉਹ ਭਾਬੀਆਂ।
ਨਾ ਕਿਤੇ ਮਹਿਕੇ ਹੋਏ
ਜਿਸਮਾਂ ਦੀ 'ਵਾ ਵਿਚ ਬਾਸ ਹੈ
ਨਾ ਕਿਤੇ ਰੱਬ ਵਰਗਿਆਂ
ਯਾਰਾਂ ਦਾ ਹੁਣ ਵਿਸ਼ਵਾਸ ਹੈ
ਨਾ ਕਿਤੇ ਪਿੱਪਲਾਂ ਜਿਹੇ ਲੋਕਾਂ ਦਾ
ਹੁਣ ਧਰਵਾਸ ਹੈ।
ਨਾ ਕਿਤੇ ਪਾਣੀ ਨੂੰ ਅੱਗਾਂ
ਲਾਉਂਦੀਆਂ ਨੇ ਮਹਿੰਦੀਆਂ
ਨਾ ਕਿਤੇ ਗਿੱਧੇ ਨਾ ਟੱਪੇ
ਹੁਣ ਸੁਨੇਹੇ ਅੱਖੀਆਂ
ਨਾ ਦੇਂਦੀਆਂ ਨਾ ਲੈਂਦੀਆਂ
ਨਾ ਕਿਤੇ ਗੋ-ਧੂਲੀਆਂ ਉਡਣ
ਨਾ ਛਨਕਣ ਝਾਂਜਰਾਂ
ਕਿਸ ਤਰ੍ਹਾਂ ਦੇ ਹੋ ਗਏ/ਸ਼ਹਿਰ ਤਰ੍ਹਾਂ
ਖੁਸ਼ਕ ਤੇ ਰੁੱਖੇ ਜਿਹੇ/ਰੰਗਲੇ ਗਰਾਂ।

**3.**

ਮੇਰਿਆਂ ਪੈਰਾਂ ਨੂੰ ਫੜ ਕੇ ਬਹਿ ਗਈ ਹੈ ਚਾਨਣੀ।
ਯਾਰ ਮੇਰੇ ਸਮਝਦੇ, ਮੈਂ ਡਰ ਗਿਆਂ ਤੁਰਨੋਂ ਖਣੀ।
ਨਾ ਮਿਰੀ ਆਵਾਜ਼ ਪਰਤੇ, ਨਾ ਕੋਈ ਉੱਤਰ ਮਿਲੇ,
ਰਾਤ ਦੇ ਜੰਗਲ 'ਚ ਯਾਰਾਂ ਨਾਲ ਖਬਰੇ ਕੀ ਬਣੀ?
ਲੱਖ ਕੋਈ ਜ਼ਹਿਰਾਂ ਪਿਆਵੇ, ਹੋਣ ਨਾ ਦੇਂਦੀ ਅਸਰ,
ਤੇਰੇ ਸੂਹੇ ਰੇਸ਼ਮੀ ਹੋਠਾਂ ਦੀ ਮਿੱਠੀ ਚਾਸ਼ਣੀ।

ਚੀਰ ਜਾਵਾਂਗਾ ਨੁਕੀਲੇ ਪੱਥਰਾਂ ਨੂੰ ਜਲ ਤਰ੍ਹਾਂ,
ਰੇਤ ਹੋ ਜਾਵਾਂਗਾ ਪਰ ਮੈਂ, ਤੂੰ ਜਦੋਂ ਪੱਥਰ ਬਣੀ।
ਵੇਖ ਕੇ ਉਡਦੇ ਟਟਹਿਣੇ ਦੀਪ ਮੰਜ਼ਲ ਦੇ ਨਾ ਜਾਣ,
ਠੀਕ ਹੀ ਸੋਨਾ ਨਹੀਂ ਹੁੰਦੀ ਹੈ ਹਰ ਸ਼ੈ ਲਿਸ਼ਕਣੀ।
ਮੇਰਿਆਂ ਸ਼ਬਦਾਂ ਦਿਆਂ ਤੀਰਾਂ ਦਾ ਵੇਖੋ ਚਮਤਕਾਰ,
ਰਾਤ ਦਾ ਸਾਰਾ ਬਦਨ ਹੋਇਆ ਪਿਆ ਹੈ ਛਾਨਣੀ।

**4.**

ਹਰਿਕ ਵਿਹੜੇ 'ਚ ਲੋਅ ਲੱਗੇ,
ਹਰਿਕ ਆਂਙਣ 'ਚ ਰੰਗ ਉੱਗੇ।
ਦੁਆ ਕੀ ਹੋਰ ਕਰਨੀ ਹੈ,
ਮੇਰੀ ਇਕੋ ਦੁਆ ਲੱਗੇ।
ਸ਼ੁਭਾ ਟੁੱਟੇ, ਭਰਮ ਫੁੱਟੇ,
ਇਹ ਕਿਸ ਨੇ ਆਲ੍ਹਣੇ ਲੁੱਟੇ,
ਕਰਮ ਤੇਰੇ ਗੁਨਾਹ ਮੇਰੇ,
ਹੋ ਜਾਵਣ ਇਸ ਵਰ੍ਹੇ ਉਘੇ।
ਜਿਨ੍ਹਾਂ ਮੱਥਿਆਂ 'ਤੇ ਕਾਲੇ ਲੇਖ
ਖੰਜਰ ਨੇ ਲਿਖੇ ਜ਼ੋਰੀਂ,
ਬਦਲ ਜਾਵਣ ਮੁਕੱਦਰ
ਕਾਤਿਲਾਂ ਦੀ ਆਸ ਨਾ ਪੁੱਗੇ।
ਜਿਨ੍ਹਾਂ ਖੇਤਾਂ 'ਚ ਖਾਕੀ ਸੂਰ
ਪਾ ਕੇ ਬਹਿ ਗਏ ਘੁਰਨੇ,
ਉਨ੍ਹਾਂ ਵਿਚ ਫੇਰ ਰੰਗ ਉਡਣ,
ਉਨ੍ਹਾਂ ਵਿਚ ਫਿਰ ਮਹਿਕ ਉਗੇ।
ਕਿਤੇ ਲੋਰੀ, ਕਿਤੇ ਘੋੜੀ,
ਕਿਤੇ ਮਿਰਜ਼ੇ ਦੀ ਸਦ ਉਭਰੇ,
ਗਰਾਂ ਜੋ ਹੋ ਗਏ ਖੋਲੇ,
ਜੋ ਆਂਙਣ ਹੋ ਗਏ ਲੁੱਗੇ।
ਚਿੜੀ ਚੂਕੇ, ਸੁਣੇ ਮੋਰਾਂ ਦੀ ਰੁਣਝੁਣ
ਜਦ ਸੁਬ੍ਹਾ ਜਾਗੇ,
ਨਾ ਥੋਹਰਾਂ ਬੀਜ ਕੇ ਬਾਗੀਂ,
ਗੁਲਾਬਾਂ ਨੂੰ ਕੋਈ ਖੁੱਗੇ।

**5.**

ਨਾ ਮੇਰੇ ਪਾਸ ਸ਼ੀਸ਼ਾ ਸੀ,
ਨਾ ਉਸ ਦੇ ਪਾਸ ਚਿਹਰਾ ਸੀ,
ਸੀ ਸਾਡੇ ਦਰਮਿਆਨ ਇਕ ਫ਼ਾਸਲਾ,
ਪਰ ਫਿਰ ਵੀ ਰਿਸ਼ਤਾ ਸੀ।
ਅਗਨ ਸ਼ਸਤਰ ਵੀ ਮੇਰੇ ਕੋਲ ਸੀ
ਦੁਸ਼ਮਣ ਵੀ ਸੀ ਸਾਹਵੇਂ,
ਮਗਰ ਮੈਂ ਡਰ ਗਿਆ,
ਉਹ ਸਿਰ ਤੋਂ ਪੈਰਾਂ ਤੀਕ ਨੰਗਾ ਸੀ।
ਸਫ਼ਰ 'ਤੇ ਜਾ ਰਿਹਾ ਲਗਦਾ ਸੀ
ਉਹ ਇਕ ਕਾਫ਼ਲਾ ਅਕਸਰ,
ਮਗਰ ਸੌ ਕਮਰਿਆਂ ਵਾਲੇ
ਮਕਾਨ ਅੰਦਰ ਵੀ ਤਨਹਾ ਸੀ।
ਹਵਾ ਇਕ ਦਮ ਰੁਕੀ ਤੇ ਡਰ ਗਈ
ਇਹ ਵੇਖ ਕੇ ਕੌਤਕ,
ਘਣੀ ਪਤਝੜ 'ਚ ਵੀ
ਪੱਥਰ ਦੀ ਅੱਖ ਵਿਚ ਸਬਜ਼ ਪੱਤਾ ਸੀ।
ਡੁਬੋ ਕੇ ਮੈਨੂੰ ਲਹਿਰਾਇਆ,
ਉਛਲਿਆ, ਗਰਜਿਆ, ਹੱਸਿਆ,
ਸਮੁੰਦਰ ਦਿਲ ਦਾ ਕਮਜ਼ੋਰਾ ਸੀ
ਪਰ ਸਾਜਿਸ਼ 'ਚ ਗਹਿਰਾ ਸੀ।

# ਬੱਬਰ ਅਕਾਲੀ ਲਹਿਰ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ

## ਪ੍ਰਤੀਕਰਮ

'ਪੰਜਾਬ ਟਾਈਮਜ਼' ਦੇ 9 ਮਾਰਚ 2013 ਵਾਲੇ ਅੰਕ ਵਿਚ ਸ. ਵਾਸਦੇਵ ਸਿੰਘ ਪਰਹਾਰ ਦਾ ਲਿਖਿਆ ਲੇਖ 'ਬੱਬਰ ਅਕਾਲੀ ਲਹਿਰ ਦੇ ਵਰਕੇ ਫਰੋਲਦਿਆਂ' ਪੜ੍ਹਨ ਨੂੰ ਮਿਲਿਆ। ਕੁੱਜੇ 'ਚ ਸਮੁੰਦਰ ਬੰਦ ਕਰਨ ਵਾਲੀ ਸ. ਪਰਹਾਰ ਦੀ ਕਲਾ ਤੋਂ ਮੈਂ ਬੇਹਦ ਪ੍ਰਭਾਵਿਤ ਹੋਇਆ ਹਾਂ। ਅਦਾਰੇ ਅਤੇ ਲੇਖਕ ਦੀ ਇਸ ਗੱਲੋਂ ਪ੍ਰਸ਼ੰਸਾ ਕਰਨੀ ਬਣਦੀ ਹੈ। ਮੈਨੂੰ ਵੀ ਹੁਣੇ ਹੁਣੇ ਬੱਬਰ ਅਕਾਲੀ ਲਹਿਰ ਬਾਰੇ ਕੁਝ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ ਹੈ। ਇਨ੍ਹਾਂ ਕਿਤਾਬਾਂ 'ਚੋਂ ਬੱਬਰ ਅਕਾਲੀ ਲਹਿਰ ਬਾਰੇ ਕੁਝ ਤੱਥ ਮੈਂ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ,

ਬੱਬਰ ਅਕਾਲੀਆਂ ਨੂੰ ਫਾਂਸੀ ਬਾਰੇ ਪ੍ਰਤੀਕ੍ਰਮ ਵਜੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ ਲਿਖਿਆ ਲੇਖ ਪੜ੍ਹਿਆ। ਭਗਤ ਸਿੰਘ ਆਪਣਾ ਵਿਆਹ ਟਾਲਣ ਲਈ 1924 ਦੇ ਸ਼ੁਰੂ ਵਿਚ ਲਾਹੌਰ ਛੱਡ ਕੇ ਕਾਨਪੁਰ (ਯੂ.ਪੀ.) ਪੁੱਜ ਗਏ ਸਨ। ਉਥੇ ਉਨ੍ਹਾਂ ਨੇ ਦੇਸ਼ ਭਗਤ ਗਣੇਸ਼ ਸ਼ੰਕਰ ਵਿਦਿਆਰਥੀ ਦੀ ਨਿਗਰਾਨੀ ਹੇਠ ਸਪਤਾਹਿਕ 'ਪ੍ਰਤਾਪ' ਦੇ ਸੰਪਾਦਕੀ ਗਰੁਪ 'ਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਅਖਬਾਰ ਲਈ ਕੰਮ ਕਰਨ ਕਰ ਕੇ ਉਨ੍ਹਾਂ ਦੇ ਸਬੰਧ ਪ੍ਰਤਾਪ ਅਦਾਰੇ ਨਾਲ ਬਣ ਗਏ। ਜਦੋਂ 6 ਬੱਬਰਾਂ ਨੂੰ 27 ਫਰਵਰੀ 1926 ਨੂੰ ਸੈਂਟਰਲ ਲਾਹੌਰ ਜੇਲ੍ਹ ਅੰਦਰ ਫਾਂਸੀ ਹੋਈ ਤਾਂ ਉਸ ਦਿਨ ਹੋਲੀ ਦਾ ਤਿਉਹਾਰ ਸੀ। ਇਸ ਘਟਨਾ ਬਾਰੇ ਸ਼ਹੀਦ ਭਗਤ ਸਿੰਘ ਨੇ ਇਕ ਪੰਜਾਬੀ ਯੁਵਕ ਦੇ ਨਾਂ ਹੇਠ 15 ਮਾਰਚ 1926 ਦੇ ਪ੍ਰਤਾਪ ਵਿਚ ਹਿੰਦੀ ਭਾਸ਼ਾ 'ਚ ਲੇਖ ਲਿਖ ਕੇ ਛਪਵਾਇਆ ਸੀ। ਉਸ ਲੇਖ ਦਾ ਨਾਂ 'ਹੋਲੀ ਦੇ ਦਿਨ ਖੂਨ ਦੇ ਛਿੱਟੇ' ਸੀ। ਇਹ ਲੇਖ ਤੋਂ ਜਾਹਰ ਹੁੰਦਾ ਹੈ ਕਿ ਭਗਤ ਸਿੰਘ ਨੂੰ ਯੁਵਾ ਅਵਸਥਾ 'ਚ ਹੀ ਬੱਬਰ ਅਕਾਲੀ ਲਹਿਰ ਦਾ ਸਹੀ ਅਤੇ ਵਿਸਥਾਰਪੂਰਨ ਗਿਆਨ ਸੀ। ਇਹ ਲੇਖ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਚਰੰਜੀ ਲਾਲ ਕੰਗਣੀਵਾਲਾ ਦੀ ਲਿਖੀ ਕਿਤਾਬ 'ਬੱਬਰ ਅਕਾਲੀ ਲਹਿਰ ਸਮਕਾਲੀ ਦਸਤਾਵੇਜ਼' ਦੇ ਪਹਿਲੇ ਅਧਿਆਏ 'ਚ ਦਰਜ ਹੈ। ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਇਸ ਲੇਖ ਦੇ ਪਹਿਲੇ ਤਿੰਨ ਪੈਰੇ ਹਾਜ਼ਰ ਹਨ,

"ਹੋਲੀ ਵਾਲੇ ਦਿਨ 27 ਫਰਵਰੀ 1926 ਦੇ ਦਿਨ ਜਦ ਅਸੀਂ ਖੇਡਣ ਮੱਲ੍ਹਣ ਵਿਚ ਰੁੱਝੇ ਹੋਏ ਸਾਂ, ਉਸ ਵੇਲੇ ਇਸ ਵਿਸ਼ਾਲ ਸੂਬੇ ਦੇ ਇਕ ਕੋਨੇ ਵਿਚ ਇਹ ਜ਼ਬਰਦਸਤ ਕਾਂਡ ਕੀਤਾ ਜਾ ਰਿਹਾ ਸੀ। ਸੁਣੋਗੇ ਤਾਂ ਡਰ ਜਾਉਗੇ। ਕੰਬ ਉਠੋਗੇ। ਲਾਹੌਰ ਸੈਂਟਰਲ ਜੇਲ੍ਹ ਵਿਚ ਠੀਕ ਉਸ ਦਿਨ 6 ਬੱਬਰ ਅਕਾਲੀ ਫਾਂਸੀ ਉਤੇ ਲਟਕਾ ਦਿੱਤੇ ਗਏ। ਕਿਸ਼ਨ ਸਿੰਘ ਗੜਗੱਜ ਜੀ, ਸੰਤਾ ਸਿੰਘ ਜੀ, ਦਲੀਪ ਸਿੰਘ ਜੀ, ਨੰਦ ਸਿੰਘ ਜੀ, ਕਰਮ ਸਿੰਘ ਜੀ ਤੇ ਧਰਮ ਸਿੰਘ ਜੀ ਲਗਭਗ ਦੋ ਵਰ੍ਹਿਆਂ ਤੋਂ ਆਪਣੇ ਇਸ ਜੁਰਮ ਹੇਠ ਚਲ ਰਹੇ ਮੁਕੱਦਮੇ ਪ੍ਰਤੀ ਜੋ ਲਾਪ੍ਰਵਾਹੀ ਦਿਖਾ ਰਹੇ ਸਨ, ਉਸ ਤੋਂ ਇਹ ਜਾਣਿਆ ਜਾ ਸਕਦਾ ਸੀ ਕਿ ਉਹ ਉਸ ਦਿਨ ਦੀ ਉਡੀਕ ਕਿੰਨੇ ਚਾਅ ਨਾਲ ਕਰਦੇ ਸਨ। ਮਹੀਨਿਆਂ ਬਾਅਦ ਜੱਜ ਨੇ ਫੈਸਲਾ ਸੁਣਾਇਆ। ਪੰਜਾਂ ਨੂੰ ਫਾਂਸੀ, ਬਹੁਤਿਆਂ ਨੂੰ ਕਾਲੇਪਾਣੀ, ਦੇਸ਼ ਨਿਕਾਲਾ ਅਤੇ ਲੰਬੀਆਂ ਕੈਦਾਂ, ਸਾਰੇ ਗਰਜ ਉਠੇ। ਉਨ੍ਹਾਂ ਅਕਾਸ਼ ਨੂੰ ਆਪਣੇ ਨਾਹਰਿਆਂ ਨਾਲ ਗੁੰਜਾ ਦਿੱਤਾ। ਅਪੀਲ ਹੋਈ, ਪੰਜ ਦੀ ਥਾਂ ਛੇ ਮੌਤ ਦੀ ਸਜਾ ਦੇ ਭਾਗੀ ਬਣੇ। ਉਸ ਦਿਨ ਖਬਰ ਪੜ੍ਹੀ ਕਿ ਰਹਿਮ ਲਈ ਅਪੀਲ ਕੀਤੀ ਗਈ ਹੈ। ਪੰਜਾਬ ਗਵਰਨਰ ਨੇ ਐਲਾਨ ਕੀਤਾ ਕਿ ਅਜੇ ਫਾਂਸੀ ਨਹੀਂ ਦਿੱਤੀ ਜਾਵੇਗੀ।

ਅਜੇ ਉਡੀਕ ਹੀ ਸੀ ਪਰ ਚਾਣਚੱਕ ਕੀ ਵੇਖਦੇ ਹਾਂ ਕਿ ਹੋਲੀ ਵਾਲੇ ਦਿਨ ਗਮ ਵਿਚ ਡੁੱਬੇ ਲੋਕਾਂ ਦਾ ਇੱਕ ਇਕੱਠ ਉਨ੍ਹਾਂ ਬਹਾਦਰਾਂ ਦੇ ਮ੍ਰਿਤਕ ਸਰੀਰਾਂ ਨੂੰ ਸ਼ਮਸ਼ਾਨ ਵੱਲ ਨੂੰ ਲਈ ਜਾ ਰਿਹਾ ਹੈ ਚੁਪਚਾਪ ਉਨ੍ਹਾਂ ਦੀ ਅੰਤਮ ਕ੍ਰਿਆ ਹੋ ਗਈ।

ਸ਼ਹਿਰ ਵਿਚ ਉਹੀ ਚਹਿਲ ਪਹਿਲ ਸੀ। ਆਉਣ ਜਾਣ ਵਾਲਿਆਂ ਤੇ ਉਵੇਂ ਹੀ ਰੰਗ ਸੁੱਟਿਆ ਜਾ ਰਿਹਾ ਸੀ। ਕੇਡੀ ਵੱਡੀ ਲਾਪਰਵਾਹੀ ਸੀ। ਜੇ ਉਹ ਰਾਹੋਂ ਥਿੜਕੇ ਹੋਏ ਵੀ ਸਨ ਤਾਂ ਹੋਣ ਦਿਉ, ਜੇ ਪਾਗਲ ਸਨ ਤਾਂ ਹੋਣ ਦਿਉ, ਉਹ ਨਿੱਡਰ ਦੇਸ਼ ਭਗਤ ਤਾਂ ਸਨ, ਉਨ੍ਹਾਂ ਨੇ ਜੋ ਕੁਝ ਵੀ ਕੀਤਾ ਸੀ ਕਿਉਂਕਿ ਉਹ ਅਨ੍ਹਿਆਂ ਨਾ ਸਹਾਰ ਸਕੇ, ਦੇਸ਼ ਦੀ ਵਿਗੜਦੀ ਹਾਲਤ ਨਾ ਵੇਖ ਸਕੇ, ਨਿਰਬਲਾਂ ਉਤੇ ਕੀਤੇ ਜਾਣ ਵਾਲੇ ਜ਼ੁਲਮ ਉਨ੍ਹਾਂ ਲਈ ਅਸਹਿ ਹੋ ਗਏ, ਆਮ ਜਨਤਾ ਦੀ ਲੁੱਟ ਖਸੁੱਟ ਉਨ੍ਹਾਂ ਕੋਲੋਂ ਸਹਾਰੀ ਨਾ ਗਈ। ਉਨ੍ਹਾਂ ਨੇ ਲਲਕਾਰਿਆ ਅਤੇ ਉਹ ਕੁੱਦ ਪਏ ਕਰਮ ਖੇਤਰ ਵਿਚ। ਉਹ ਸਜੀਵ ਸਨ, ਉਹ ਸੁਹਿਰਦ ਸਨ। ਕਰਮ ਖੇਤਰ ਵਿਚ ਜੂਝਣ ਵਾਲੇ ਧੰਨ ਹੋ ਤੁਸੀਂ। ਮੌਤ ਦੇ ਬਾਅਦ ਦੋਸਤ ਦੁਸ਼ਮਣ ਸਭ ਬਰਾਬਰ ਹੋ ਜਾਂਦੇ ਹਨ। ਇਹ ਆਦਰਸ਼ ਹੈ ਬਹਾਦਰ ਬੰਦਿਆਂ ਦਾ। ਜੇ ਉਨ੍ਹਾਂ ਕੋਈ ਘ੍ਰਿਣਤ ਕੰਮ ਕੀਤਾ ਹੋਵੇ ਤਾਂ ਵੀ ਆਪਣੇ ਦੇਸ਼ ਦੇ ਚਰਨਾਂ ਵਿਚ ਜਿਸ ਦਲੇਰੀ ਅਤੇ ਤੱਤਪਰਤਾ ਨਾਲ ਉਨ੍ਹਾਂ ਆਪਣੇ ਪ੍ਰਾਣ ਚੜ੍ਹਾ ਦਿੱਤੇ, ਉਸ ਨੂੰ ਵੇਖਦਿਆਂ ਹੋਇਆਂ ਤਾਂ ਉਨ੍ਹਾਂ ਦੀ ਪੂਜਾ ਹੋਣੀ ਚਾਹੀਦੀ ਸੀ। ਟੈਗਰਟ ਵਿਰੋਧੀ ਦਲ ਦੇ ਹੁੰਦਿਆਂ ਹੋਇਆਂ ਵੀ ਯਤਿੰਦਰ ਮੁਕਰਜੀ, ਬੰਗਾਲ ਦੇ ਵੀਰ ਇਨਕਲਾਬੀ ਦੀ ਮੌਤ ਉਤੇ ਅਫ਼ਸੋਸ ਜ਼ਾਹਰ ਕਰਦੇ ਹੋਏ, ਉਨ੍ਹਾਂ ਦੀ ਬੀਰਤਾ, ਦੇਸ਼ ਪ੍ਰੇਮ ਅਤੇ ਕਰਮਸ਼ੀਲਤਾ ਦੀ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕਰ ਸਕਦੇ ਹਨ, ਪਰ ਅਸੀਂ ਕਾਇਰ ਨਰ ਪਸ਼ੂ ਇਕ ਬਿੰਦ ਲਈ ਵੀ ਐਸ਼ ਆਰਾਮ ਛੱਡ ਕੇ ਬਹਾਦਰਾਂ ਦੀ ਮੌਤ ਉਤੇ ਆਹ ਭਰਨ ਦਾ ਹੌਂਸਲਾ ਨਹੀਂ ਕਰਦੇ। ਕਿੰਨੀ ਨਿਰਾਸ਼ਾਜਨਕ ਗੱਲ ਹੈ, ਉਨ੍ਹਾਂ ਗਰੀਬਾਂ ਦਾ ਅਪਰਾਧ ਜੋ ਨੌਕਰਸ਼ਾਹੀ ਦੀ ਨਜ਼ਰ ਵਿਚ ਸੀ, ਉਸ ਦੀ ਸਜ਼ਾ ਮਿਲ ਗਈ। ਇਸ ਭਿਆਨਕ ਦੁਖਾਂਤ ਨਾਟਕ ਦੀ ਇਕ ਹੋਰ ਝਾਕੀ ਖਤਮ ਹੋ ਗਈ। ਅਜੇ ਇਸ ਦਾ ਆਖਰੀ ਪਰਦਾ ਨਹੀਂ ਡਿੱਗਿਆ, ਨਾਟਕ ਅਜੇ ਕੁਝ ਦਿਨ ਹੋਰ ਭਿਆਨਕ ਦ੍ਰਿਸ਼ ਦਿਖਾਲੇਗਾ। ਕਹਾਣੀ ਲੰਬੀ ਹੈ, ਸੁਣਨ ਲਈ ਜ਼ਰਾ ਦੂਰ ਪਿੱਛੇ ਤੀਕ ਜਾਣਾ ਪਵੇਗਾ।"

(ਹਵਾਲਾ: ਬੱਬਰ ਅਕਾਲੀ ਲਹਿਰ: ਸਮਕਾਲੀ ਦਸਤਾਵੇਜ਼, ਸੰਪਾਦਕ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਚਰੰਜੀ ਲਾਲ ਕੰਗਣੀਵਾਲਾ, ਲੋਕ ਗੀਤ ਪ੍ਰਕਾਸ਼ਨ)

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਚਰੰਜੀ ਲਾਲ ਕੰਗਣੀਵਾਲਾ ਦੀ ਇਸੇ ਪੁਸਤਕ ਵਿਚ ਬੱਬਰ ਗੂੰਜ 'ਚ ਛਪੀ, ਅਕਾਲੀ ਬੱਬਰਾਂ ਦੇ ਫੈਸਲੇ ਦੀ ਖ਼ਬਰ ਦਾ ਹਵਾਲਾ ਹੈ। ਇਸ ਖਬਰ 'ਚ ਬੱਬਰ ਧਰਮ ਸਿੰਘ ਅਤੇ ਸ. ਦਲੀਪ ਸਿੰਘ ਦੇ (ਭੁਜੰਗੀ) ਦੇ ਨਾਮ 'ਕਾਲੇ ਪਾਣੀ' ਦੀ ਸਜ਼ਾ ਵਾਲਿਆਂ ਦੀ ਸੂਚੀ ਹੇਠ ਹਨ। ਬਾਅਦ ਵਿਚ ਹਾਈਕੋਰਟ ਨੇ ਦੋਹਾਂ ਸਿੰਘਾਂ ਦੀ ਉਮਰ ਕੈਦ ਨੂੰ ਫਾਂਸੀ ਦੀ ਸਜ਼ਾ 'ਚ ਤਬਦੀਲ ਕਰ ਦਿੱਤਾ ਸੀ। ਜੂਨ 1925 ਦੇ ਅਖਬਾਰ "ਬੱਬਰ ਗੂੰਜ" ਵਿਚ ਛਪੀ ਖਬਰ ਇਸ ਤਰ੍ਹਾਂ ਸੀ:

**ਬੱਬਰਾਂ ਦੇ ਮੁਕੱਦਮੇ ਦਾ ਫੈਸਲਾ**

***ਲਾਹੌਰ 28 ਫਰਵਰੀ***

**ਫਾਂਸੀ:** ਕਿਸ਼ਨ ਸਿੰਘ ਵੜਿੰਗ ਲੀਡਰ, ਕਰਮ ਸਿੰਘ, ਨੰਦ ਸਿੰਘ ਤੇ ਬਾਬੂ ਸੰਤਾ ਸਿੰਘ।

**ਕਾਲੇ ਪਾਣੀ:** ਦਲੀਪ ਸਿੰਘ ਗੋਸਲ, ਉਤਮ ਸਿੰਘ ਬੀਕਾ, ਕਰਮ ਸਿੰਘ ਝਿੰਗੜ, ਸੁੰਦਰ ਸਿੰਘ, ਰਤਨ ਸਿੰਘ, ਦਲੀਪ ਸਿੰਘ, ਪਿਆਰਾ ਸਿੰਘ, ਠਾਕਰ ਸਿੰਘ, ਸੁਰਜਣ ਸਿੰਘ, ਧਰਮ ਸਿੰਘ ਤੇ ਬੂਟਾ ਸਿੰਘ।

**ਕੈਦ ਸਖ਼ਤ (ਸਤ ਸਾਲ):** ਬੰਤਾ ਸਿੰਘ, ਉਜਾਗਰ ਸਿੰਘ, ਸ਼ਿਵ ਸਿੰਘ, ਬੰਤਾ ਸਿੰਘ, ਹਰੀ ਸਿੰਘ, ਵਰਿਆਮ ਸਿੰਘ, ਵਰਿਆਮ ਸਿੰਘ (ਭਗਵਾਣਾ), ਕਰਤਾਰ ਸਿੰਘ, ਰਾਮ ਸਿੰਘ, ਦਮਣ ਸਿੰਘ, ਗੁਰਬਚਨ ਸਿੰਘ, ਹਰਦਿੱਤ ਸਿੰਘ, ਹਰੀ ਸਿੰਘ (ਸਖਤ ਬੀਮਾਰ) ਠਾਕਰ ਸਿੰਘ ਤੇ ਕਰਤਾਰ ਸਿੰਘ।

**6 ਸਾਲ ਕੈਦ:** ਅਮਰ ਸਿੰਘ ਤੇ ਛੱਜਾ ਸਿੰਘ।

**5 ਸਾਲ ਕੈਦ ਸਖ਼ਤ:** ਪ੍ਰੇਮ ਸਿੰਘ, ਅਰਜਨ ਸਿੰਘ, ਊਧਮ ਸਿੰਘ, ਸਰਦੂਲ ਸਿੰਘ, ਮਨਸ਼ਾ ਸਿੰਘ, ਮਹਿੰਗਾ ਸਿੰਘ, ਸੁਰਜਨ ਸਿੰਘ, ਧਰਮ ਸਿੰਘ, ਚੈਂਚਲ ਸਿੰਘ, ਭਾਨ ਸਿੰਘ, ਦਲੀਪ ਸਿੰਘ, ਮੂਲਾ ਸਿੰਘ, ਬਖਸ਼ੀਸ਼ ਸਿੰਘ, ਛੱਜਾ ਸਿੰਘ, ਕਰਤਾਰ ਸਿੰਘ ਸਪੁੱਤਰ ਬੱਗਾ ਸਿੰਘ, ਕਰਤਾਰ ਸਿੰਘ ਸੁਪਤਰ ਸੰਸਾਰ ਸਿੰਘ, ਬਸੰਤ ਸਿੰਘ, ਦਲੀਪ ਸਿੰਘ, ਬੰਤਾ ਸਿੰਘ ਬੈਹਬਲਪੁਰ ਤੇ ਭਗਵਾਨ ਸਿੰਘ, ਬਾਕੀ ਦੇ ਸਾਰੇ ਬਰੀ।

ਜਿਨ੍ਹਾਂ ਨੂੰ ਸ਼ਖਤ ਕੈਦਾਂ ਹੋਈਆਂ ਉਨ੍ਹਾਂ ਨੂੰ ਤਿੰਨ ਮਹੀਨੇ ਕੈਦੇ ਤਨਹਾਈ ਅਤੇ 100 ਰੁਪਏ ਜੁਰਮਾਨਾ, ਜੁਰਮਾਨਾ ਨਾ ਦੇਣ ਪਰ 1 ਸਾਲ ਕੈਦ ਸਖ਼ਤ ਹੋਰ।

ਅਗਲੇਰੇ ਸਾਲ 28 ਫਰਵਰੀ 1927 ਨੂੰ ਪਹਿਲੇ ਛੇ ਬੱਬਰਾਂ ਦੀ ਫਾਂਸੀ ਤੋਂ ਪੂਰੇ ਇਕ ਸਾਲ ਇਕ ਦਿਨ ਪਿੱਛੋਂ, ਲਾਹੌਰ ਸੈਂਟਰਲ ਜੇਲ੍ਹ ਵਿਚ ਹੋਰ ਛੇ ਬੱਬਰਾਂ ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਸੀ। ਇਨ੍ਹਾਂ 'ਤੇ ਤੀਸਰਾ 'ਬੱਬਰ ਅਕਾਲੀ ਸਾਜ਼ਸ਼ ਕੇਸ' ਚਲਾਇਆ ਗਿਆ ਸੀ। ਦੂਜੀ ਵਾਰ 28 ਫਰਵਰੀ 1927 ਨੂੰ ਫਾਂਸੀ ਦਾ ਰੱਸਾ ਚੁੰਮਣ ਵਾਲੇ ਬੱਬਰਾਂ ਦਾ ਨਾਮ ਹੇਠ ਲਿਖੇ ਹਨ।

1. ਨਿੱਕਾ ਸਿੰਘ ਪੁੱਤਰ ਬੂਟਾ ਸਿੰਘ (ਆਲੋਵਾਲ, ਅੰਮ੍ਰਿਤਸਰ)
2. ਨਿੱਕਾ ਸਿੰਘ ਪੁੱਤਰ ਧੌਂਕਲ ਸਿੰਘ (ਗਿੱਲ, ਲਾਇਲਪੁਰ)
3. ਮੁਕੰਦ ਸਿੰਘ ਪੁੱਤਰ ਭਾਨ ਸਿੰਘ (ਜਵੱਦੀ-ਜਸੋਵਾਲ, ਲੁਧਿਆਣਾ)
4. ਗੁਜਰ ਸਿੰਘ ਪੁੱਤਰ ਕਰਮ ਸਿੰਘ (ਢੱਪਈ, ਲਾਇਲਪੁਰ)
5. ਬੰਤਾ ਸਿੰਘ ਪੁੱਤਰ ਸੀਹਾਂ ਸਿੰਘ (ਗੁਰੂਸਰ, ਲਾਇਲਪੁਰ)
6. ਸੁੰਦਰ ਸਿੰਘ ਪੁੱਤਰ ਲਾਭ ਸਿੰਘ (ਲਹੁਕੇ, ਲਾਇਲਪੁਰ)

ਪਹਿਲਾਂ ਉਪਰ ਵਾਲੇ ਨਾਂਵਾਂ ਵਿਚ ਸ. ਈਸ਼ਰ ਸਿੰਘ ਪੁੱਤਰ ਮੇਵਾ ਸਿੰਘ (ਮਾਣਕੋ, ਲਾਇਲਪੁਰ) ਦਾ ਨਾਮ ਵੀ ਸ਼ਾਮਲ ਸੀ। ਪਰ ਬਾਅਦ 'ਚ ਹਾਈਕੋਰਟ ਨੇ ਸ. ਈਸ਼ਰ ਸਿੰਘ ਦੀ ਫਾਂਸੀ ਦੀ ਸਜ਼ਾ ਬਦਲ ਕੇ ਉਮਰ ਕੈਦ ਕਰ ਦਿੱਤੀ ਸੀ।

27 ਫਰਵਰੀ 1926 ਨੂੰ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ ਛੇ ਬੱਬਰਾਂ ਦੇ ਅੰਤਮ ਦਰਸ਼ਨਾਂ ਦੀ ਫੋਟੋ ਵੀ ਇਸ ਪੁਸਤਕ ਵਿਚ ਛਾਪੀ ਗਈ ਹੈ।

ਪ੍ਰੋ. ਮਾਲੀ ਦੀ ਇਸੇ ਪੁਸਤਕ ਦੇ ਹਵਾਲੇ ਨਾਲ ਗਦਰੀ ਬਾਬਾ ਹਰਭਜਨ ਸਿੰਘ ਚਮਿੰਡਾ ਦੀਆਂ ਬੱਬਰਾਂ 'ਤੇ ਲਿਖੀਆਂ ਕਵਿਤਾਵਾਂ ਹਾਜ਼ਰ ਹਨ:

**ਕਿਸ਼ਨ ਸਿੰਘ ਗੜਗੱਜ ਬੱਬਰ ਅਕਾਲੀ**

ਬੱਬਰ ਅਕਾਲੀ ਲਹਿਰ ਦਾ ਕਿਸ਼ਨ ਸਿੰਘ ਸਰਦਾਰ,
ਗਦਰ ਲਹਿਰ ਦੀ ਏਸ ਨੂੰ ਪਾਣ ਚੜ੍ਹੀ ਸੀ ਯਾਰ।
ਰਾਵਲਪਿੰਡੀ ਵਿਚ ਏ ਉਦੋਂ ਵੀ ਸੀ ਤਿਆਰ
ਫੇਲ੍ਹ ਹੋ ਗਿਆ ਗਦਰ ਸੀ ਗਈ ਮੁਖਬਰੀ ਮਾਰ।
"ਬੀ.ਟੀ." ਦੀ ਅੱਤ ਵੇਖ ਕੇ ਗੁਰੂ ਬਾਗ ਵਿਚਕਾਰ,
ਸਹਿ ਨਾ ਸਕਿਆ ਸੂਰਮਾ ਇਹ ਭੈੜਾ ਕਿਰਦਾਰ।
ਬੱਬਰ ਅਕਾਲੀ ਲਹਿਰ ਦਾ ਆ ਬਣਿਆ ਜਥੇਦਾਰ,
ਸਿੱਖ ਧਰਮ ਦਾ ਜਾਣੂ ਸੀ ਇਹ ਚੰਗਾ ਲੈਕਚਰਾਰ।
ਥਾਂ ਥਾਂ ਲੈਕਚਰ ਕਰ ਕੇ ਇਸ ਨੇ ਧੂੰਆਂ ਧਾਰ,
ਭੰਡੀ ਕੀਤੀ ਰੱਜ ਕੇ ਅੰਗਰੇਜ਼ੀ ਸਰਕਾਰ।
ਸੋਧੇ ਹੱਥੀਂ ਆਪਣੇ ਕਈ ਗੱਦਾਰ,
ਫਾਂਸੀ ਚੜ੍ਹਿਆ ਸੂਰਮਾ ਕਰ ਪੂਰਾ ਕਿਰਦਾਰ।
ਫਾਂਸੀ ਘਰ ਦੇ ਕਰਤਿਆਂ ਨੇ ਵੀ ਕੇਰੇ ਹੰਝੂ ਚਾਰ।

---

**ਬੱਬਰ ਅਕਾਲੀ ਰਤਨ ਸਿੰਘ**

ਗੱਡੀ ਵਿਚੋਂ ਭੱਜ ਕੇ ਲੋਹ ਪੁਰਸ਼ ਹਲ ਵਾਹ।
ਸ਼ਸਤਰਧਾਰੀ ਸੂਰਮਾ ਪੈ ਗਿਆ ਲੰਮੇ ਰਾਹ।
ਪੁਲਿਸ ਚੋਕੰਨੀ ਹੋ ਗਈ ਫੋਲੇ ਅਕ ਪਲਾਹ।
ਪਹਿਰੇ ਲਾਏ ਪੁਲਾਂ ਤੇ ਰੋਕਾਂ ਲਏ ਸਭ ਰਾਹ।
ਚੱਪਾ ਚੱਪਾ ਦੇਸ਼ ਦਾ ਲਿਆ ਪੁਲਿਸ ਨੇ ਗਾਹ।
ਪਹਿਰੇ ਥਰ ਥਰ ਕੰਬਦੇ ਕਰਦੇ ਤ੍ਰਾਹ ਤ੍ਰਾਹ।
ਰਤਨ ਸਿੰਘ ਦੀ ਦਹਿਸਤੋਂ ਡਰਦੇ ਮਲ੍ਹਾ।
ਪਹਿਰੇਦਾਰ ਡਾਰਾਂ ਤਾਈਂ ਕਰ ਕੇ ਗੁਮਰਾਹ।
ਲੰਘ ਗਿਆ ਉਹ ਸੂਰਮਾ ਸਭ ਸਕੀਮਾਂ ਢਾਹ
ਠੁਠ ਚੁਮਾ ਕੇ ਪੁਲਿਸ ਨੂੰ ਲਿਆ ਰੱਕੜੀਂ ਸਾਹ।
ਮਾਨ ਦੁਆਬੇ ਦੇਸ਼ ਦੀ ਦਿੱਤੀ ਚੁਕ ਉਤਾਂਹ।

---

**ਦੋ ਸੱਕੇ ਭਰਾ ਤੇ ਉਹ ਵੀ ਗੱਦਾਰ**

ਜਵਾਲਾ ਸਿੰਘ ਅਤੇ ਬੇਲਾ ਸਿੰਘ (ਜਿਆਣ), ਹੁਸ਼ਿਆਰਪੁਰ, ਦੋਵੇਂ ਸੱਕੇ ਭਰਾ ਸਨ। ਬੇਲਾ ਸਿੰਘ ਨੇ ਵੈਨਕੂਵਰ ਗੁਰਦੁਆਰਾ ਸਾਹਿਬ 'ਚ 5 ਸਤੰਬਰ, 1914 ਨੂੰ ਗੋਲੀ ਚਲਾ ਕੇ ਭਾਈ ਬਦਨ ਸਿੰਘ ਅਤੇ ਭਾਈ ਭਾਗ ਸਿੰਘ ਨੂੰ ਸ਼ਹੀਦ ਕਰ ਦਿੱਤਾ ਸੀ। ਇਸ ਦੇ ਦੂਜੇ ਭਰਾ ਜਵਾਲਾ ਸਿੰਘ ਨੇ ਬੱਬਰ ਦਲੀਪਾ ਸਿੰਘ ਧਾਮੀਆਂ ਨੂੰ 12 ਅਕਤੂਬਰ, 1923 ਨੂੰ ਮੁਖਬਰੀ ਕਰ ਕੇ ਮੀਆ ਚੰਨੂ, ਜ਼ਿਲ੍ਹਾ ਪਾਨੇਵਾਲ (ਪਾਕਿਸਤਾਨ) ਵਿਖੇ ਗ੍ਰਿਫ਼ਤਾਰ ਕਰਵਾ ਦਿੱਤਾ ਸੀ। ਇਸ ਦੀ ਦੂਜੀ ਕਰਤੂਤ ਸ. ਵਾਸਦੇਵ ਸਿੰਘ ਪਰਹਾਰ ਨੇ ਦੱਸ ਹੀ ਦਿੱਤੀ ਹੈ ਕਿ ਬੱਬਰ ਧੰਨਾ ਸਿੰਘ (ਬਹਿਬਲਪੁਰ) ਨੂੰ ਵੀ ਇਸ ਨੇ ਮੁਖਬਰੀ ਕਰ ਕੇ ਪੁਲਿਸ ਕੋਲ ਫੜਵਾ ਦਿੱਤਾ ਸੀ। ਇਸ ਕਰ ਕੇ ਹੀ ਕਿਹਾ ਜਾਂਦਾ ਹੈ:

ਜੂਝਦੇ ਜੂਝਾਰ ਲੋਕ,
ਫਿਟੇ ਮੂੰਹ ਗੱਦਾਰ ਲੋਕ।

ਗਦਰੀ/ਬੱਬਰ ਕਰਮ ਸਿੰਘ ਦੌਲਤਪੁਰ (1880-1923) ਐਬਟਾਸਫੋਰਡ (ਕੈਨੇਡਾ) ਤੋਂ ਦੇਸ਼ ਆਜ਼ਾਦ ਕਰਾਉਣ ਲਈ 1914 'ਚ ਵਾਪਸ ਭਾਰਤ ਚਲੇ ਗਏ ਸਨ। 22 ਅਗਸਤ 1922 ਨੂੰ 'ਬੱਬਰ ਅਕਾਲੀ ਦੁਆਬਾ' ਨਾਂ ਦਾ ਪਰਚਾ ਕੱਢਿਆ ਸੀ। ਪਿੰਡ ਬਬੇਲੀ (ਕਪੂਰਥਲਾ) ਸਾਕਾ 'ਚ 1 ਸਤੰਬਰ, 1923 ਨੂੰ ਸ਼ਹੀਦ ਹੋ ਗਏ ਸਨ। ਇਨਕਲਾਬੀ ਕਵਿਤਾਵਾਂ ਵੀ ਲਿਖਦੇ ਸਨ। ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਕੁਝ ਵਨੰਗੀਆਂ,

ਕਰਮ ਸਿੰਘ ਹੁਣ ਬੱਬਰ ਦਾ ਰੂਪ ਧਾਰੇ,
ਵੇਲਾ ਆ ਗਿਆ ਧੂਮ ਧੁਮਾਵਣੇ ਦਾ।
ਜਾਂ ਹਿੰਮਤ ਧਾਰ ਹੁਣ ਜੰਗ ਕਰ ਸ਼ੁਰੂ ਯਾਰਾ,
ਲੜਨ ਮਰਨ ਤੋਂ ਤੂੰ ਸ਼ਰਮਾ ਨਾਹੀਂ।
ਕਰਮ ਸਿੰਘ ਵੰਗਾਰਦਾ ਬੱਬਰ ਤੈਨੂੰ
ਪੈਰ ਜੰਗ ਤੋਂ ਪਿਛਾਂ ਹਟਾ ਨਾਹੀਂ।
ਜਾਂ ਫੇਰ ਬੱਬਰ ਕੱਢ ਵਾਰੰਟ ਤੂੰ ਜ਼ਾਲਮਾਂ ਦੇ,
ਹੱਥੀਂ ਆਪਣੀ ਦਫਾ ਲਗਾ ਭਾਈ।
ਝੋਲੀ ਚੁੱਕਾਂ ਖੁਸ਼ਾਮਦੀ ਦੱਲਿਆਂ ਨੂੰ,
ਗ੍ਰਿਫ਼ਤਾਰ ਕਰ ਹੁਣ ਮੰਗਾ ਭਾਈ।
ਤੁਖਮ ਛੋੜ ਨਹੀਂ ਹੁਣ ਜ਼ਾਲਮਾਂ ਦਾ,
ਜਿਨ੍ਹਾਂ ਦਿੱਤੇ ਹੈਨ ਲੋਕ ਸਤਾ ਭਾਈ।
ਸ਼ਾਂਤਮਈ ਨੇ ਕੁਝ ਸਵਾਰਿਆ ਨਾ,
ਕੰਮ ਸ਼ੁਰੂ ਕਰ ਦੇ ਦੂਜੇ ਦਾ ਭਾਈ।
ਕਰਮ ਸਿੰਘ ਕਰਤਾਰ ਦੀ ਓਟ ਲੈ ਕੇ,
ਹੁਣ ਜਾਲਮਾਂ ਵੰਡੀਆਂ ਪਾ ਭਾਈ।

ਮੈਂ ਸਾਰੇ ਬੱਬਰ ਅਕਾਲੀ ਲਹਿਰ ਦੇ ਦੇਸ਼ ਭਗਤ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਇਨ੍ਹਾਂ ਪੰਗਤੀਆਂ ਨਾਲ ਸ਼ਰਧਾਂਜਲੀ ਅਰਪਣ ਕਰਦਾ ਹਾਂ:

ਸ਼ਹੀਦ ਆਪਣਾ ਲਹੂ
ਨਹੀਂ ਹੈ ਡੋਲ੍ਹਦਾ, ਬੀਜਦਾ ਹੈ,
ਜੋ ਸਮੇਂ ਸਿਰ ਮੌਲਦਾ
ਹੇਠਲਾ ਉਤੇ ਕੋਹ ਜਾਂ
ਇਸ ਨੂੰ ਜੁਗਗਰਦੀ ਕਹੋ
ਇਹ ਪਵਿੱਤਰ ਖੂਨ ਹੈ,
ਨਸਲਾਂ ਦੀ ਜੋ
ਰਗ ਰਗ ਦੇ ਵਿਚ
ਰਹਿੰਦਾ ਹਮੇਸਾ ਖੌਲਦਾ।
(ਗਿਆਨੀ ਗੁਰਮੁਖ ਸਿੰਘ ਮੁਸਾਫਰ ਦੀ ਕਵਿਤਾ ਸ਼ਹੀਦ 'ਚੋਂ)

***-ਪੰਜਾਬ ਟਾਈਮਜ਼ ਦਾ ਇਕ ਪਾਠਕ***
***ਕੁਲਦੀਪ ਸਿੰਘ ਪੀ.ਈ.***
***ਯੂਨੀਅਨ ਸਿਟੀ, ਕੈਲੀਫੋਰਨੀਆ।***



*27 ਫਰਵਰੀ 1926 ਨੂੰ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ ਛੇ ਬੱਬਰਾਂ ਦੇ ਅੰਤਮ ਦਰਸ਼ਨ*

---

# ਫਿਕਰ ਦਾ ਸ਼ਾਇਰ ਜਗਤਾਰ

***(ਸਫਾ 27 ਦੀ ਬਾਕੀ)***

ਇਕ ਦਹਾਕਾ ਪੰਜਾਬ ਦੀ ਧਰਤੀ 'ਤੇ ਹਨੇਰੀ ਛਾਈ ਰਹੀ। ਸਰਕਾਰੀ ਜਬਰ ਅਤੇ ਕੁਝ ਸਿਰਫਿਰੇ ਦਹਿਸ਼ਤਗਰਦਾਂ ਦੀ ਬੁਰਛਾਗਰਦੀ ਨਾਲ ਆਮ ਲੋਕਾਂ ਦਾ ਘਾਣ ਹੁੰਦਾ ਰਿਹਾ। ਲਲਚਾਏ ਪੁਲਸੀਏ ਇਸ ਦੀ ਆੜ 'ਚ ਬੇਕਸੂਰ ਨੌਜਵਾਨਾਂ ਨੂੰ ਘਰੋਂ ਚੁੱਕ ਕੇ ਮੁਕਾਬਲਿਆਂ ਵਿਚ ਮਾਰਨ ਲੱਗ ਪਏ। ਦੂਜਿਆਂ ਨੂੰ ਹਰ ਗੈਰ-ਸਿੱਖ ਧਰਮ ਵਿਰੋਧੀ ਲੱਗਣ ਲੱਗ ਪਿਆ ਅਤੇ ਬੱਸਾਂ-ਗੱਡੀਆਂ 'ਚੋਂ ਕੱਢ-ਕੱਢ ਕੇ ਭੁੰਨਿਆ ਜਾਣ ਲੱਗ ਪਿਆ। ਜਮਹੂਰੀਅਤ ਅਤੇ ਮਾਨਵਤਾ ਦੇ ਹੱਕ 'ਚ ਖੜ੍ਹਨ ਵਾਲੇ ਦਰਸ਼ਨ ਸਿੰਘ ਕੈਨੇਡੀਅਨ, ਸੁਮੀਤ, ਪਾਸ਼, ਜੈਮਲ ਪੱਡਾ ਜਿਹੇ ਅਣਗਿਣਤ ਲੋਕਾਂ ਨੂੰ ਵੀ ਨਾ ਬਖ਼ਸ਼ਿਆ ਗਿਆ। ਸਹਿਮ ਦੇ ਇਨ੍ਹਾਂ ਦਿਨਾਂ ਵਿਚ ਜਗਤਾਰ ਦੀ ਧੀਆਂ ਬਾਰੇ ਲਿਖੀ ਨਜ਼ਮ ਕਲਾਸਿਕ ਰਚਨਾ ਹੈ,

ਧੀਆਂ ਪਿੰਡ ਚੱਲੀਆਂ
ਵਾਰ-ਵਾਰ ਮੈਨੂੰ ਉਹ
ਤਕੀਦ ਕਰ ਰਹੀਆਂ ਨੇ
ਵਿਚੋ ਵਿਚ ਜਿਵੇਂ ਡਰ ਰਹੀਆਂ ਨੇ
"ਪਾਪਾ, ਗੈਸ ਯਾਦ ਨਾਲ ਔਫ ਕਰ ਛੱਡਣੀ
ਦੁੱਧ ਨੂੰ ਫੇਰ ਤੁਸੀਂ ਫਰਿਜ਼ ਵਿਚ ਧਰਨਾ
ਪਹਿਲੋਂ ਠੰਢਾ ਕਰਨਾ
ਰਾਤੀਂ ਸੌਣ ਵੇਲੇ
ਬੱਤੀ ਵਿਹੜੇ ਦੀ ਬੁਝਾ ਦੇਣਾ
ਪਰ ਕੌਰੀਡੋਰ ਦੀ ਜਗਾ ਦੇਣਾ।
ਬੱਦਲਾਂ ਦੀ ਰੁੱਤ ਏ
ਟੀ.ਵੀ. ਦੀ ਤਾਰ ਪਿੱਛੋਂ ਕੱਢ ਦੇਣਾ।
ਕੱਪੜਾ ਨਾ ਬਾਹਰ ਕੋਈ
ਕਿੱਲੀ ਉਤੇ ਰਹਿਣ ਦੇਣਾ
ਦੁੱਧ ਵਾਲਾ, ਡਾਕੀਆ ਜਾਂ
ਹੋਰ ਕੋਈ ਆਵੇ ਪਿੱਛੋਂ
ਪਹਿਲਾਂ ਕੰਧ ਉਪਰੋਂ ਦੀ ਦੇਖਣਾ
ਅਣਸੂਹੇ ਬੰਦੇ ਨੂੰ ਟਟੋਲਣਾ
ਫੇਰ ਬੂਹਾ ਖੋਲ੍ਹਣਾ।

***

ਮੈਂ ਕਹਿਣਾ ਚਾਹੁੰਦਾ ਹਾਂ
ਸੰਭਲ ਕੇ ਬੱਸ ਵਿਚ ਚੜ੍ਹਨਾ
ਜਿਥੇ ਕਿਤੇ ਭੀੜ ਹੋਵੇ
ਉਥੇ ਨਹੀਉਂ ਖੜ੍ਹਨਾ।
ਨਿੰਮ ਵਾਲੀ ਦਾਦੀ ਦੇ
ਤੇ ਮੰਦਰ ਜ਼ਰੂਰ ਜਾਣਾ
ਪਿੰਡ ਵਿਚ ਸਭ ਨੂੰ ਆਦਾਬ ਕਹਿਣਾ
ਐਵੇਂ ਨਾ ਅਭਿੱਜ ਰਹਿਣਾ
ਪਰ ਮੈਨੂੰ ਬੋਲਣ ਦਾ ਮੌਕਾ ਨਹੀਉਂ ਦਿੰਦੀਆਂ
ਧੀਆਂ ਪਿੰਡ ਚੱਲੀਆਂ।

ਦਿੱਲੀ ਤੇ ਗੁਜਰਾਤ ਵਿਚ ਮਜ਼ੁਬ ਦੀ ਆੜ ਹੇਠਾਂ ਹੋਇਆ ਮਨੁੱਖੀ ਘਾਣ ਸ਼ਬਦਾਂ ਵਿਚ ਲਿਖਿਆ ਨਹੀਂ ਜਾ ਸਕਦਾ। ਹਰ ਮਾਨਵਵਾਦੀ ਮਨੁੱਖ ਦੀ ਅੱਖ ਉਦੋਂ ਰੋਈ ਸੀ। ਚੇਤਿਆਂ ਵਿਚੋਂ ਨਾ ਭੁੱਲਣ ਵਾਲੀਆਂ ਕੁਲਹਿਣੀਆਂ ਘਟਨਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਜਗਤਾਰ ਹੋਰਾਂ ਦੀ ਉਸ ਸਬੰਧੀ ਲਿਖੀ ਨਜ਼ਮ ਦੇਖੋ,

ਤੁਸੀਂ ਦਿੱਲੀ 'ਚ ਤਾਂ ਪੁੱਛਿਆ ਨਹੀਂ ਸੀ,
ਕਿ ਤੇਰਾ ਨਾਮ ਕੀ ਹੈ?
ਮਿਰੀ ਪਹਿਚਾਣ
ਕਿਉਂਕਿ ਨਾਲ ਸੀ ਮੇਰੇ
ਤੁਸੀਂ ਬੱਸ ਆਉਂਦਿਆਂ ਹੀ
ਮੀਰ ਮੰਨੂੰ ਦੀ ਤਰ੍ਹਾਂ
ਮੇਰੇ ਬੱਚੇ ਜਿਬਾਹ ਕਰ ਕੇ
ਮੇਰੀ ਪਤਨੀ ਦੇ ਗਲ ਵਿਚ
ਆਂਦਰਾਂ ਪਾਈਆਂ
ਤੇ ਮੇਰੇ ਗਲ ਵਿਚ
ਅੱਗ ਦਾ ਹਾਰ ਪਾਇਆ
ਜਾਂ ਮੇਰੇ ਗਲ ਵਿਚ ਅੱਗ ਨੱਚੀ
ਤੁਸੀਂ ਮੇਰੇ ਦੁਆਲੇ ਭੁੱਖਿਆਂ ਬਾਘਾਂ ਤਰ੍ਹਾਂ
ਤ੍ਰਿਸ਼ੂਲ ਫੜ ਕੇ ਨਾਚ ਨੱਚੇ
ਤੁਸੀਂ ਗੁਜਰਾਤ ਵਿਚ
ਕਿਉਂ ਨਾਮ ਮੇਰਾ ਪੁੱਛ ਰਹੇ ਹੋ
ਜੇ ਮੈਂ ਆਖਾਂ ਕਿ ਨਾਂ ਹੈ 'ਰਾਮ' ਮੇਰਾ
ਤੁਸੀਂ ਹਥਿਆਰ ਮੇਰੇ ਹੱਥ ਫੜਾ ਕੇ ਆਖਣਾ
ਕਿ ਨਾਲ ਚੱਲ ਸਾਡੇ,
ਤੇ ਕਤਲਾਮ 'ਚ ਸ਼ਾਮਲ ਹੋ
ਤੁਹਾਡੇ ਨਾਲ ਪਰ ਮੈਂ ਚੱਲ ਨਹੀਂ ਸਕਦਾ
ਕਦੇ ਮੈਂ ਆਖਿਆ ਸੀ
ਕਿ ਮੇਰਾ ਨਾਂ 'ਰਾਮ ਮਹੁੰਮਦ ਸਿੰਘ' ਹੈ
ਤੁਸੀਂ ਉਸ ਨਾਂ ਦੇ ਵੀ ਟੁਕੜੇ ਸੀ ਕਰ ਦਿੱਤੇ
ਮੈਂ ਉਨ੍ਹਾਂ 'ਚੋਂ ਹੀ ਇਕ ਟੁਕੜਾ
ਅਜੇ ਵੀ 'ਮੁਹੰਮਦ ਰਾਮ ਸਿੰਘ' ਹਾਂ।

30 ਮਾਰਚ ਨੂੰ ਡਾ. ਜਗਤਾਰ ਦੀ ਤੀਜੀ ਬਰਸੀ ਹੈ। ਉਨ੍ਹਾਂ ਦੀ ਸ਼ਾਇਰੀ ਨੂੰ ਲੱਖ ਲੱਖ ਪ੍ਰਣਾਮ।

ਦੁਖਦੀ ਰਗ

# ਸਾਡੇ ਪਿੰਡਾਂ ਵਿਚ ਹੁਣ ਰੱਬ ਨਹੀਂ ਵੱਸਦਾ

ਇਹ ਗੱਲ ਕੋਈ ਬਹੁਤੀ ਪੁਰਾਣੀ ਨਹੀਂ ਜਦੋਂ ਲੋਕੀਂ ਆਖਦੇ ਸਨ, ਪੰਜਾਬ ਦੇ ਪਿੰਡਾਂ ਵਿਚ ਰੱਬ ਵੱਸਦਾ ਹੈ ਪਰ ਹੁਣ ਇਵੇਂ ਲੱਗਣ ਲੱਗ ਪਿਆ ਹੈ ਜਿਵੇਂ ਇਹ ਗੱਲ ਸਦੀਆਂ ਪੁਰਾਣੀ ਹੋਵੇ ਅਤੇ ਜਦੋਂ ਸਾਡੇ ਪਿੰਡਾਂ ਵਿਚ ਰੱਬ ਵਸਦਾ ਸੀ, ਉਹ ਵੇਲੇ ਤਾਂ ਕਦੋਂ ਦੇ ਕਿਤੇ ਗੁੰਮ ਹੋ ਚੁਕੇ ਹਨ। ਪਿੰਡਾਂ ਦਾ ਹਰ ਘਰ-ਪਰਿਵਾਰ ਹੀ ਇਕ ਦੂਜੇ ਨਾਲ ਇੰਜ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਜੁੜਿਆ ਹੁੰਦਾ ਸੀ ਜਿਵੇਂ ਤਾਣਾ-ਪੇਟਾ। ਪੈਦਲ ਸਫ਼ਰ ਕਰਦਿਆਂ ਜਿਹੜੇ ਪਿੰਡ ਕੋਲੋਂ ਲੰਘਦਿਆਂ ਹਨੇਰਾ ਪੈ ਜਾਣਾ ਰਾਹੀ-ਮੁਸਾਫਿਰ ਨੇ ਕਿਸੇ ਵੀ ਘਰ ਚਲੇ ਜਾਣਾ ਤੇ ਰਾਤ ਕੱਟਣ ਲਈ ਆਖਣਾ। ਘਰ ਵਾਲਿਆਂ ਨੇ ਵੀ ਜੀ ਆਇਆਂ ਆਖ ਕੇ ਰੋਟੀ-ਪਾਣੀ ਵੀ ਖੁਆਉਣਾ ਅਤੇ ਸੌਣ ਲਈ ਮੰਜਾ-ਬਿਸਤਰਾ ਦੇਣਾ। ਇਕ ਪਿੰਡ ਵਿਚ ਇਕ ਹੀ ਗੁਰੂ ਘਰ ਹੋਣਾ ਅਤੇ ਸਾਰੇ ਪਿੰਡ ਦੇ ਲੋਕਾਂ ਨੇ ਸਾਰੇ ਦਿਨ-ਦਿਹਾਰ ਇਕੱਠਿਆਂ ਮਨਾਉਣੇ। ਪਿੰਡ ਵਿਚ ਕਿਸੇ ਦੀ ਧੀ ਦਾ ਵਿਆਹ ਹੋਣਾ ਤਾਂ ਸਾਰੇ ਪਿੰਡ ਨੇ ਮਿਲ ਕੇ ਉਸ ਧੀ-ਧਿਆਣੀ ਨੂੰ ਵਿਦਾ ਕਰਨਾ। ਕੀ ਗਰੀਬ, ਕੀ ਅਮੀਰ ਸਾਰੇ ਹੀ ਇਕ ਦੂਜੇ ਦੀ ਇੱਜ਼ਤ ਦੇ ਭਾਈਵਾਲ ਹੁੰਦੇ ਸਨ। ਜਿਸ ਪਰਿਵਾਰ ਦੇ ਚਾਰ ਮੁੰਡੇ ਜਵਾਨ ਹੋਣੇ ਉਸ ਦੀ ਆਪਣੀ ਹੀ ਪੈਠ ਹੋਣੀ। ਭਰਾ ਭਰਾਵਾਂ ਦੀਆਂ ਬਾਹਾਂ ਸਨ। ਭਰਾਵਾਂ ਦੇ ਅੱਗੋਂ ਬੱਚੇ ਵਿਆਹੇ ਵਰ੍ਹੇ ਜਾਣੇ ਤਾਂ ਵੀ ਸਾਰੇ ਪਰਿਵਾਰ ਨੇ ਇੱਕੋ ਵਿਹੜੇ ਵਿਚ ਗੁਜ਼ਾਰਾ ਕਰੀ ਜਾਣਾ। ਧੀ ਦੀ ਇੱਜ਼ਤ ਸਾਰੇ ਪਿੰਡ ਦੀ ਇੱਜ਼ਤ ਹੁੰਦੀ ਸੀ। ਪਤਾ ਨਹੀਂ ਕਿਵੇਂ ਹਨੇਰੀ ਆਈ ਅਤੇ ਸਮੇਂ ਨੇ ਇੰਨੀ ਤੇਜ਼ੀ ਨਾਲ ਪਰਿਵਾਰਕ ਰਿਸ਼ਤਿਆਂ ਵਿਚ ਤਰੇੜਾਂ ਆ ਪਾਈਆਂ ਕਿ ਵੇਖਦੇ ਵੇਖਦੇ ਹੀ ਸਭ ਰਿਸ਼ਤੇ-ਨਾਤੇ ਟੁੱਟ ਗਏ। ਦੂਜੇ ਪਾਸੇ ਮਹਿੰਗਾਈ ਅਸਮਾਨ ਨੂੰ ਜਾ ਲੱਗੀ। ਬੰਜਰ ਤੇ ਕਲਰੀਆਂ ਜ਼ਮੀਨਾਂ ਵੀ ਹੀਰੇ-ਮੋਤੀਆਂ ਦੇ ਭਾਅ ਵਿਕਣ ਲੱਗੀਆਂ। ਇਸ ਸਮੇਂ ਦੇ ਬਦਲਾਅ ਨੇ ਐਸੀ ਮਾਰ ਮਾਰੀ ਕਿ ਭਰਾ-ਭਰਾਵਾਂ ਦੇ ਜਾਨੀ ਦੁਸ਼ਮਣ ਬਣ ਬੈਠੇ ਤੇ ਸਕੇ ਭਰਾ ਹੀ ਆਪਣੇ ਮਾਂ-ਪਿਉ ਜਾਇਆਂ ਨੂੰ ਮਾਰਨ ਅਤੇ ਮਰਵਾਉਣ ਲੱਗ ਪਏ। ਬਾਹਰੋਂ ਗਿਆ ਪੈਸਾ ਖਰਚ ਕੇ ਉਥੇ ਰਹਿੰਦਿਆਂ ਨੇ ਕੋਠਿਆਂ ਤੋਂ ਕੋਠੀਆਂ ਪਾ ਲਈਆਂ ਅਤੇ ਬੂਹਿਆਂ ਅੱਗੇ ਕਾਰਾਂ ਵੀ ਖੜ੍ਹੀਆਂ ਕਰ ਲਈਆਂ ਪਰ ਉਹ ਪਰਿਵਾਰਕ ਸਾਂਝਾਂ ਅਤੇ ਆਪਣਾਪਨ ਖੰਭ ਲਾ ਕੇ ਕਿਤੇ ਦੂਰ-ਦੁਰਾਡੇ ਚਲੇ ਗਏ, ਜਦੋਂ ਸਭ ਕੁਝ ਹੀ ਆਪਣਾ ਹੁੰਦਾ ਸੀ।

ਦਾਣਾ-ਪਾਣੀ ਸਾਨੂੰ ਵੀ ਰੱਬੀ ਬਹਾਨੇ ਵਤਨੋਂ ਬਾਹਰ ਚੁਕ ਲਿਆਇਆ। ਦੋ ਮਹੀਨੇ ਦਾ ਵੀਜ਼ਾ ਲਿਆ ਕਿ ਦੋ ਮਹੀਨੇ ਬਹੁਤ ਹਨ, ਕੁਝ ਗੁਰੂ ਘਰਾਂ ਵਿਚ ਕੀਰਤਨ ਦੀ ਹਾਜ਼ਰੀ ਲਵਾ ਕੇ ਵਾਪਸ ਚਲੇ ਜਾਵਾਂਗੇ ਪਰ ਕੁਦਰਤ ਦੇ ਰੰਗ ਕਿ ਸੰਗਤਾਂ ਅਤੇ ਕੁਝ ਮੋਹਤਬਰ ਸੱਜਣਾਂ ਨੇ ਸਾਨੂੰ ਗੁਰੂ ਘਰ ਦੀ ਸੇਵਾ ਲਈ ਬੰਨ੍ਹ ਲਿਆ ਕਿ ਤੁਹਾਡੇ ਵਰਗੇ ਪ੍ਰਚਾਰਕਾਂ ਦੀ ਸਾਨੂੰ ਇਥੇ ਬਹੁਤ ਲੋੜ ਹੈ। ਗੁਰੂ ਘਰ ਦੇ ਗ੍ਰੰਥੀ ਦੀ ਸੇਵਾ ਦਾ ਭਾਰ ਮੇਰੇ ਸਿਰ 'ਤੇ ਰੱਖ ਕੇ ਸੰਗਤਾਂ ਵਿਚ ਜੈਕਾਰੇ ਲਾਏ ਗਏ ਪਰ ਜਿਨ੍ਹਾਂ ਲੋਕਾਂ ਨੇ ਸਾਨੂੰ ਸਿਰ 'ਤੇ ਚੁਕ ਕੇ ਗੁਰੂ ਘਰ ਦੀ ਸੇਵਾ ਲਈ ਬਿਠਾਇਆ ਸੀ, ਪਿੱਛੋਂ ਉਨ੍ਹਾਂ ਨੇ ਹੀ ਸਾਡੀਆਂ ਉਹ ਰੜਕਾਂ ਕੱਢੀਆਂ ਤੇ ਮਾਨਸਿਕ ਤਸੀਹੇ ਦਿੱਤੇ ਕਿ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਮੇਰਾ ਕਸੂਰ ਸਿਰਫ ਇਹ ਸੀ ਕਿ ਮੈਂ ਔਰਤ ਹੋ ਕੇ ਗੁਰੂ ਘਰ ਦੇ ਗ੍ਰੰਥੀ ਅਤੇ ਕੀਰਤਨ ਦੀ ਸੇਵਾ ਨਿਭਾ ਰਹੀ ਸਾਂ। ਇਹ ਸੇਵਾ ਨਿਭਾਉਣ ਦੇ ਇਵਜ ਵਿਚ ਮੈਨੂੰ ਮੇਰੀ ਆਪਣੀ ਕੌਮ ਦੇ ਚੌਧਰੀਆਂ ਨੇ ਉਹ ਸਜ਼ਾਵਾਂ ਦਿੱਤੀਆਂ, ਜੋ ਅਸੀਂ ਪਤੀ-ਪਤਨੀ ਨੇ ਪੂਰੇ 24 ਸਾਲ ਗੁਰੂ ਦਾ ਸ਼ੁਕਰ ਕਰਕੇ ਕੱਟੀਆਂ। ਗੁਰੂ ਨੇ ਮਿਹਰ ਕੀਤੀ ਤੇ ਅਸੀਂ ਵਤਨ ਜਾਣ ਜੋਗੇ ਹੋਏ।

ਬੜੇ ਚਾਅ ਸਨ ਕਿ ਇੰਨੇ ਲੰਮੇ ਸਮੇਂ ਬਾਅਦ ਆਪਣੇ ਘਰ ਪਰਿਵਾਰ ਵਾਲਿਆਂ ਨੂੰ ਜਾ ਕੇ ਮਿਲਾਂਗੇ, ਦੁਖ-ਸੁਖ ਸੁਣਾਵਾਂਗੇ ਤੇ ਉਹ ਸਾਨੂੰ ਗਲ ਨਾਲ ਲਾ ਲੈਣਗੇ। ਬੜੇ ਅਰਮਾਨਾਂ ਨਾਲ ਅਸੀਂ ਪਿੰਡ ਪਹੁੰਚੇ ਪਰ ਉਥੇ ਤਾਂ ਸਭ ਕੁਝ ਹੀ ਬਦਲ ਚੁਕਾ ਸੀ। ਸਾਨੂੰ ਸਾਡੇ ਆਪਣੇ ਇਵੇਂ ਵੇਖ ਰਹੇ ਸਨ ਜਿਵੇਂ ਅਸੀਂ ਭੂਤ ਹੋਈਏ। ਅਸੀਂ ਦੌੜ ਦੌੜ ਕੇ ਸਾਰਿਆਂ ਨੂੰ ਗਲ ਲਗ ਕੇ ਮਿਲ ਰਹੇ ਸਾਂ ਪਰ ਉਨ੍ਹਾਂ ਦੀਆਂ ਬਾਹਾਂ ਗਲ ਲੱਗਣ ਦੀ ਬਜਾਏ ਇੰਜ ਲਟਕ ਜਾਂਦੀਆਂ ਜਿਵੇਂ ਟੁੱਟੀਆਂ ਪਈਆਂ ਹੋਣ। ਘਰਦਿਆਂ ਨੂੰ ਸਾਰਾ ਹੀ ਪਤਾ ਸੀ ਕਿ ਮੈਂ ਗੁਰੂ ਘਰ ਨਾਲ ਜੁੜੀ ਹੋਣ ਕਰ ਕੇ ਅਤੇ ਔਰਤ ਹੋਣ ਕਰ ਕੇ ਮਰਦ ਪ੍ਰਧਾਨ ਧਾਰਮਿਕ ਲੋਕਾਂ ਵਿਚ ਰਹਿ ਕੇ ਇਕ ਜੰਗ ਲੜੀ ਹੈ, ਮੁਸੀਬਤਾਂ ਵੀ ਝੱਲੀਆਂ ਹਨ ਪਰ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਸਰੋਕਾਰ ਨਹੀਂ ਸੀ। ਉਹ ਤਾਂ ਇਸ ਗੱਲ ਤੋਂ ਬੇਹੱਦ ਦੁਖੀ ਸਨ ਕਿ ਅਸੀਂ ਇੰਨੇ ਲੰਮੇ ਸਮੇਂ ਤੋਂ ਅਮਰੀਕਾ ਵਿਚ ਬੈਠੇ ਹੋਏ ਸਾਂ ਪਰ ਉਨ੍ਹਾਂ ਦੇ ਧੀਆਂ-ਪੁੱਤਰਾਂ ਨੂੰ ਅਮਰੀਕਾ ਬੁਲਾ ਕੇ ਪੱਕੇ ਵੀ ਨਾ ਕਰਾ ਸਕੇ। ਉਨ੍ਹਾਂ ਨੇ ਬੜੇ ਅਰਾਮ ਨਾਲ ਹੀ ਆਖ ਦੇਣਾ, ਚਲੋ ਫਿਰ ਕੀ ਹੋਇਆ, ਪੈਸੇ ਬਥੇਰੇ ਕਮਾ ਲਏ ਹੋਣਗੇ, ਘਰ ਬਾਰ ਵੀ ਬਣਾ ਲਿਆ ਹੋਵੇਗਾ। ਹੁਣ ਆਹ ਸਾਡੇ ਬੱਚੇ ਜਵਾਨ ਨੇ ਇਨ੍ਹਾਂ ਦਾ ਕੁਝ ਸੋਚੋ ਤੇ ਇਨ੍ਹਾਂ ਨੂੰ ਬਾਹਰ ਮੰਗਵਾਓ। ਅਸੀਂ ਅੰਦਰੋ-ਅੰਦਰੀ ਹੈਰਾਨ ਹੋ ਰਹੇ ਸਾਂ ਕਿ ਆਪਣੇ ਨਿਆਣੇ ਬਾਹਰ ਕੱਢਣ ਲਈ ਸਾਰੇ ਤਿਆਰ ਸਨ ਪਰ ਜਿਸ ਨੂੰ ਅਸੀਂ ਆਪਣਾ ਘਰ ਤੇ ਪਰਿਵਾਰ ਸਮਝੀ ਬੈਠੇ ਸਾਂ ਉਥੇ ਸਾਡੇ ਸਾਰੇ ਹੱਕ-ਹਕੂਕ ਖ਼ਤਮ ਹੋ ਚੁੱਕੇ ਸਨ। ਗੱਲ ਗੱਲ 'ਤੇ ਸੁਣਾਇਆ ਜਾਂਦਾ, ਦਾਲ ਸਬਜ਼ੀ ਲੈਣ ਜਾਉ ਤਾਂ ਜੇਬ ਖਾਲੀ ਹੋ ਜਾਂਦੀ ਹੈ। ਹਰ ਚੀਜ਼ ਤਾਂ ਮੁੱਲ ਦੀ ਹੈ। ਦੂਜੇ ਨੇ ਬੋਲਣਾ, ਚਲੋ ਇਨ੍ਹਾਂ ਨੇ ਕਿਹੜੇ ਇੱਥੇ ਬੈਠੇ ਰਹਿਣਾ ਹੈ। ਦੋ ਚਾਰ ਹਫ਼ਤੇ ਰਹਿ ਕੇ ਤੁਰਦੇ ਬਣਨਾ ਹੈ। ਕਿਸੇ ਹੋਰ ਨੇ ਕੋਲੋਂ ਆਖਣਾ, ਹੁਣ ਕਿਤੇ ਇਨ੍ਹਾਂ ਦਾ ਸਾਡੇ ਕੋਲ ਦਿਲ ਲੱਗਣਾ ਹੈ? ਅਮਰੀਕਾ ਦੇ ਸੁੱਖ ਭਾਈ ਇੱਥੇ ਕਿੱਥੇ ਲਭਦੇ ਹਨ।

ਗੱਲ ਕੀ ਆਨੇ-ਬਹਾਨੇ ਸਾਨੂੰ ਚਿਤਾਵਨੀਆਂ ਦੇ ਕੇ ਖਬਰਦਾਰ ਕੀਤਾ ਜਾ ਰਿਹਾ ਸੀ ਕਿ ਜਿਹੜਾ ਮੂੰਹ ਲੈ ਕੇ ਆਏ ਹੋ, ਉਸੇ ਮੂੰਹ ਭਲੇਮਾਣਸਾਂ ਵਾਂਗ ਇਥੋਂ ਤੁਰਦੇ ਬਣੋ ਤਾਂ ਚੰਗੇ ਰਹੋਗੇ। ਗੱਲਾਂ ਗੱਲਾਂ ਵਿਚ ਹੀ ਬੇਦਖਲੀ ਦੇ ਨੋਟਿਸ ਵੀ ਦੇ ਦੇਣੇ। ਵੇਖੋ ਜੀ, ਐਥੇ ਮਿੱਟੀ ਘੱਟੇ ਵਿਚ ਰੱਖਿਆ ਹੀ ਕੀ ਹੈ? ਤੁਸੀਂ ਹੁਣ ਘਰਾਂ ਦਾ ਤੇ ਖੱਤਿਆਂ ਦਾ ਲੋਭ ਲਾਲਚ ਛੱਡ ਦਿਉ ਤੇ ਉਥੇ ਆਪਣੀ ਜ਼ਿੰਦਗੀ ਅਰਾਮ ਨਾਲ ਬਤੀਤ ਕਰੋ। ਨਾਲੇ ਇਥੇ ਅਸੀਂ ਜੋ ਬੈਠੇ ਹਾਂ। ਜ਼ਮੀਨਾਂ ਵਿਚ ਰੱਖਿਆ ਹੀ ਕੀ ਹੈ? ਅਸੀਂ ਦਿਨ ਰਾਤ ਮਿੱਟੀ ਨਾਲ ਮਿੱਟੀ ਹੁੰਦੇ ਹਾਂ ਤਾਂ ਕਿਤੇ ਘਰਾਂ ਦੇ ਗੁਜ਼ਾਰੇ ਚਲਦੇ ਹਨ, ਨਾਲੇ ਹੁਣ ਤੁਹਾਡੀ ਅੱਧੀ ਉਮਰ ਤਾਂ ਉਥੇ ਸਵਰਗ ਵਿਚ ਰਹਿੰਦਿਆਂ ਲੰਘ ਗਈ ਹੈ। ਇਥੋਂ ਦੀਆਂ ਚੀਜ਼ਾਂ ਦੇ ਖਿਆਲ ਭੁਲਾ ਕੇ ਅਮਰੀਕਾ ਵਿਚ ਅਨੰਦ ਲੁੱਟੋ, ਤੁਹਾਡੀ ਤੇ ਰੱਬ ਨੇ ਲਾਟਰੀ ਕੱਢ ਦਿੱਤੀ ਹੈ। ਹੋਰ ਕੀ ਲੈਣਾ ਹੈ? ਇਹ ਨਸੀਹਤਾਂ ਸੁਣ ਸੁਣ ਕੇ ਸਾਹ ਵੀ ਲੈਣਾ ਔਖਾ ਹੋਈ ਜਾ ਰਿਹਾ ਸੀ ਤੇ ਅੰਦਰੋਂ ਝੂਰ ਰਹੇ ਸਾਂ ਕਿ ਪੂਰੇ ਚੌਵੀ ਸਾਲ ਅਸੀਂ ਇਨ੍ਹਾਂ ਆਪਣਿਆਂ ਨੂੰ ਯਾਦ ਕਰ ਕਰ ਰੋਏ-ਤੜਪੇ ਹਾਂ।

ਚਾਰ ਕੁ ਘਰ ਛੱਡ ਕੇ ਰਿਸ਼ਤੇ ਵਿਚੋਂ ਇਕ ਦਾਦੀ ਭੂਆ ਦਾ ਘਰ ਸੀ। ਮੈਂ ਇਕ ਦਿਨ ਉਹਦੇ ਕੋਲ ਜਾ ਬੈਠੀ ਤਾਂ ਉਹ ਅੱਖਾਂ ਵਿਚ ਪਾਣੀ ਭਰ ਕੇ ਬੋਲੀ, ਪੁੱਤਰ ਜੀ, ਤੁਸੀਂ ਹੁਣ ਇੱਥੇ ਕੀ ਲੈਣ ਆਏ ਹੋ। ਇੱਥੇ ਤੁਹਾਡਾ ਕੌਣ ਹੈ? ਤੁਹਾਡੀ ਤਾਂ ਇਥੇ ਇਹੋ ਚਰਚਾ ਹੁੰਦੀ ਰਹੀ ਹੈ ਕਿ ਪੈਸੇ ਮਗਰ ਲੱਗੇ ਹੋਏ ਜੇ, ਡਾਲਰਾਂ ਨੇ ਸਭ ਕੁਝ ਭੁਲਾ ਛੱਡਿਆ ਹੈ। ਸਾਡੇ ਕਿਹੜੇ ਕਿਸੇ ਪੁੱਤ-ਧੀ ਨੂੰ ਅਮਰੀਕਾ ਮੰਗਵਾਇਆ ਹੈ, ਜਦੋਂ ਆਉਣਗੇ ਤਾਂ ਇੱਥੇ ਵੀ ਵੰਡੀਆਂ ਪਾਉਣਗੇ, ਪਰ ਜਦੋਂ ਵੀ ਆਏ, ਅਸੀਂ ਵੀ ਕਿਸੇ ਨੇ ਮੂੰਹ ਨਹੀਂ ਲਾਉਣੇ। ਸੋ ਪੁੱਤਰ ਤੁਹਾਡੇ ਆਉਣ ਦਾ ਇੱਥੇ ਕਿਸੇ ਨੂੰ ਵੀ ਕੋਈ ਚਾਅ ਨਹੀਂ ਤੇ ਨਾ ਹੀ ਤੁਹਾਡੇ ਕੋਈ ਦੁੱਖ-ਸੁੱਖ ਸੁਣਨ ਵਾਲਾ ਇਥੇ ਬੈਠਾ ਹੈ। ਦਸ ਦਿਨ ਹੋ ਗਏ ਨੇ ਬਥੇਰਾ ਪਿੰਡ ਵੇਖ ਲਿਆ ਜੇ, ਹੁਣ ਹੋਰ ਬਹੁਤਾ ਇੱਥੇ ਰਹਿ ਕੇ ਤੁਸੀਂ ਲੈਣਾ ਵੀ ਕੀ ਹੈ? ਭੁੱਲ ਜਾਉ ਉਹ ਸਾਰੀਆਂ ਗੱਲਾਂ, ਸਮੇਂ ਬਦਲ ਗਏ ਹਨ। ਐਵੇਂ ਕੋਈ ਕਿਤੇ ਜ਼ਮੀਨਾਂ-ਜ਼ਮੀਨਾਂ ਦੀ ਗੱਲ ਨਾ ਤੋਰ ਲਿਓ ਜੇ, ਧੱਕਿਆਂ ਹੀ ਰਹਿਣ ਦਿਓ। ਪੁੱਤਰ ਜੀ, ਹੁਣ ਤਾਂ ਕੋਈ ਕਿਸੇ ਨੂੰ ਪਾਣੀ ਦਾ ਗਲਾਸ ਵੀ ਪੀਣ ਨੂੰ ਨਹੀਂ ਦਿੰਦਾ। ਆਹ ਵੇਹਨੀ ਪਈ ਏਂ ਵੱਡੇ ਵੱਡੇ ਘਰ ਤੇ ਵੱਡੇ ਵੱਡੇ ਗੇਟ ਬੱਸ! ਹੁਣ ਲੋਕੀਂ ਆਪਣੇ ਆਪਣੇ ਅੰਦਰੀਂ ਹੀ ਕੈਦਾਂ ਕਟ ਰਹੇ ਨੇ, ਕੋਈ ਕਿਸੇ ਦੇ ਘਰੇ ਨਹੀਂ ਆਉਂਦਾ-ਜਾਂਦਾ, ਨਾ ਹੀ ਹੁਣ ਤ੍ਰਿੰਜਣਾਂ ਵਿਚ ਕੁੜੀਆਂ ਕਤਦੀਆਂ ਹਨ ਤੇ ਨਾ ਹੀ ਚਰਖਿਆਂ ਦੀ ਘੂਕਰ ਗੂੰਜਦੀ ਹੈ, ਨਾ ਹੀ ਪਿਪਲਾਂ ਦੀ ਛਾਂਵੇਂ ਬਹਿ ਕੇ ਧੀਆਂ ਚਾਦਰਾਂ-ਸਿਰਹਾਣੇ ਕੱਢਦੀਆਂ ਹਨ ਤੇ ਨਾ ਹੀ ਗੀਤ ਗਾਉਂਦੀਆਂ ਹਨ, ਨਾ ਹੀ ਸਿਆਣੀਆਂ ਔਰਤਾਂ ਕੱਠੀਆਂ ਹੋ ਕੇ ਸੇਵੀਆਂ ਵਟਦੀਆਂ ਹਨ, ਨਾ ਹੀ ਹੁਣ ਕੋਈ ਕਿਸੇ ਦੇ ਘਰੇ ਰਿਧਾ-ਪੱਕਾ ਹੀ ਲੈਣ ਜਾਂਦਾ ਹੈ। ਪੁੱਤਰ ਜੀ, ਇਹ ਪਿੰਡ ਹੁਣ ਪਿੰਡ ਨਹੀਂ ਤੇ ਪਰਿਵਾਰ ਹੁਣ ਪਰਿਵਾਰ ਨਹੀਂ ਰਹਿ ਗਏ। ਭਰਾ ਭਰਾਵਾਂ ਦੇ ਦੁਸ਼ਮਣ ਬਣ ਗਏ ਹਨ ਅਤੇ ਮਾਰਨ ਮਰਾਉਣ ਦੇ ਬਹਾਨੇ ਲਭਦੇ ਹਨ। ਤੁਸੀਂ ਇੱਥੇ ਕੀ ਭਾਲਦੇ ਹੋ? ਇਥੇ ਤੁਹਾਡਾ ਕੁਝ ਵੀ ਨਹੀਂ ਹੈ-ਨਾ ਘਰ ਤੇ ਨਾ ਜ਼ਮੀਨ। ਜਿਹੜੇ ਇੱਥੇ ਰਹਿੰਦੇ ਹਨ, ਮਾਲਕੀ ਉਨ੍ਹਾਂ ਦੀ ਹੈ। ਪੁੱਤਰ ਜੀ, ਸਮਝਦਾਰੀ ਵਿਖਾਵੋ ਤੇ ਮੁੜ ਜਾਵੋ। ਇੰਨਾ ਆਖ ਦਾਦੀ ਭੂਆ ਨੇ ਮੇਰੇ ਸਿਰ 'ਤੇ ਪਿਆਰ ਦਿੱਤਾ ਤੇ ਬੋਲੀ, ਜਾਉ ਤੁਰ ਜਾਉ ਉਥੇ ਹੀ ਜਿੱਥੋਂ ਆਏ ਹੋ। ਮਾਂ ਸਦਕੇ, ਰੱਬ ਤੁਹਾਨੂੰ ਉਥੇ ਹੀ ਭਾਗ ਲਾਵੇ। ਕਦੀ ਵੀ ਇਥੇ ਦੀ ਝਾਕ ਨਾ ਰੱਖਿਆ ਜੇ। ਇਥੇ ਹੁਣ ਤੁਹਾਡਾ ਕੁਝ ਨਹੀਂ ਹੈ। ਜਾਉ, ਤੁਰ ਜਾਉ ਅਮਰੀਕਾ। ਤੇ ਦਾਦੀ ਮਾਂ ਮੇਰਾ ਸਿਰ ਪਲੋਸਦੀ ਭਰੇ ਹੋਏ ਮਨ ਨਾਲ ਉਠ ਕੇ ਤੁਰ ਗਈ।

ਅਸੀਂ ਵੀ ਦੋ ਦਿਨਾਂ ਮਗਰੋਂ ਤੁਰਨ ਦੀ ਤਿਆਰੀ ਕਰ ਲਈ। ਸਾਡੀ ਤਿਆਰੀ ਵੇਖ ਕੇ ਸਾਰੇ ਪਰਿਵਾਰ ਦੇ ਚਿਹਰਿਆਂ 'ਤੇ ਰੌਣਕ ਪਰਤ ਆਈ। ਸਾਰੇ ਇਕ ਦੂਜੇ ਨੂੰ ਚਾਈਂ ਚਾਈਂ ਦਸ ਰਹੇ ਸਨ, ਅਮਰੀਕਾ ਵਾਲੇ ਵਾਪਸ ਜਾ ਰਹੇ ਨੇ। ਵੇਖੋ ਜੀ, ਉਥੇ ਵੀ ਹੁਣ ਸਭ ਕੁਝ ਬਣਿਆ ਪਿਆ ਹੈ, ਘਰ ਤੇ ਜਾਣਾ ਹੀ ਹੈ। ਇਥੇ ਰਹਿ ਕੇ ਕਰਨਾ ਵੀ ਕੀ ਹੈ? ਮੈਂ ਸੋਚ ਰਹੀ ਸਾਂ, ਸਾਰਾ ਕੁਝ ਹੀ ਉਲਟ-ਪੁਲਟ ਗਿਆ ਹੈ। ਕਿਥੇ ਆਇਆਂ 'ਤੇ ਲੋਕ ਖੁਸ਼ੀਆਂ ਮਨਾਉਂਦੇ ਤੇ ਤੋਰਨ ਲੱਗਿਆਂ ਉਦਾਸ ਹੁੰਦੇ ਸਨ, ਪਰ ਸਾਡੇ ਆਉਣ 'ਤੇ ਇਹ ਲੋਕ ਉਦਾਸ ਸਨ ਅਤੇ ਅੱਜ ਸਾਡਾ ਜਾਣਾ ਸੁਣ ਕੇ ਇਨ੍ਹਾਂ ਵਿਚ ਜਾਨ ਪਰਤ ਆਈ ਹੈ। ਮੈਂ ਆਪਣੇ ਆਪ ਨੂੰ ਸਮਝਾ ਰਹੀ ਸਾਂ ਇਹ ਲੋਕ ਜੋ ਕਦੀ ਸਾਡੇ ਆਪਣੇ ਸਨ, ਪਰਾਏ ਹੋ ਚੁੱਕੇ ਸਨ। ਸਾਡਾ ਇਥੇ ਹੁਣ ਕੁਝ ਵੀ ਨਹੀਂ ਹੈ ਤੇ ਨਾ ਹੀ ਹੁਣ ਮੇਰੇ ਪਿੰਡਾਂ ਵਿਚ ਰੱਬ ਵੱਸਦਾ ਹੈ। ਉਹ ਵੀ ਕਿਤੇ ਦੂਰ ਤੁਰ ਗਿਆ ਹੈ।

# ਫੂਟੋ ਆਂਡਾ ਭਰਮ ਕਾ...

ਵਿਦਵਾਨ ਮਾਂ ਨੂੰ ਬੱਚੇ ਦਾ ਪਹਿਲਾ ਗੁਰੂ ਮੰਨਦੇ ਹਨ। ਮਾਂ ਤੋਂ ਹੀ ਬੱਚਾ ਜ਼ਿੰਦਗੀ ਦੀ ਮੁਢਲੀ ਜੀਵਨ-ਜਾਚ ਸਿੱਖਦਾ ਹੈ। ਵੇਦਾਂ-ਸ਼ਾਸਤਰਾਂ, ਧਰਮ ਗ੍ਰੰਥਾਂ ਵਿਚ ਤਾਂ ਇਥੋਂ ਤੱਕ ਲਿਖਿਆ ਹੈ ਕਿ ਮਾਂ ਦੇ ਗਰਭ ਵਿਚ ਹੀ ਬੱਚਾ ਮਾਂ ਦੇ ਸੰਸਕਾਰ ਕਬੂਲਦਾ ਹੈ। ਇਸ ਦੀ ਤਸਦੀਕ ਡਾਕਟਰ ਅਤੇ ਸਾਇੰਸਦਾਨ ਵੀ ਕਰਦੇ ਹਨ। ਇਤਿਹਾਸ-ਮਿਥਿਹਾਸ ਵਿਚ ਇਸ ਤਰ੍ਹਾਂ ਦੀਆਂ ਅਨੇਕਾਂ ਕਥਾਵਾਂ ਹਨ ਕਿ ਮਾਂ ਦੇ ਸੁਭਾਅ ਦਾ ਅਸਰ ਪੇਟ ਵਿਚ ਪਲ ਰਹੇ ਬੱਚੇ 'ਤੇ ਪੈਂਦਾ ਹੈ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਾਡੇ ਬੱਚੇ ਜਿਹੋ ਜਿਹੇ ਮਾਹੌਲ ਵਿਚ ਪਲਣਗੇ, ਉਹੋ ਜਿਹੀ ਉਨ੍ਹਾਂ ਦੀ



ਰਾਜਿੰਦਰ ਸਿੰਘ ਖਹਿਰਾ
ਫੋਨ: 559-267-3634

ਸ਼ਖਸੀਅਤ ਹੋਵੇਗੀ। ਬੱਚੇ ਦੇ ਮੁਢਲੇ ਦਿਨ ਘਰ ਦੀ ਚਾਰਦਵਾਰੀ ਵਿਚ ਦਾਦਾ-ਦਾਦੀ, ਨਾਨਾ-ਨਾਨੀ, ਮਾਤਾ-ਪਿਤਾ ਜਾਂ ਹੋਰ ਜੀਆਂ ਨਾਲ ਗੁਜ਼ਰਦੇ ਹਨ।

ਆਦਿ ਕਾਲ ਤੋਂ ਮਨੁੱਖ ਕੁਦਰਤ ਦੇ ਵਰਤਾਰੇ ਤੋਂ ਡਰਦਾ ਵਹਿਮਾਂ-ਭਰਮਾਂ 'ਚ ਫਸਿਆ ਆ ਰਿਹਾ ਹੈ। ਸ਼ਾਇਦ ਇਸੇ ਕਰਕੇ ਇਸ ਨੇ ਕੁਦਰਤ ਦੇ ਵੱਖ ਵੱਖ ਸੋਮਿਆਂ ਨੂੰ ਦੇਵੀ-ਦੇਵਤੇ ਬਣਾ ਕੇ ਕਿਸੇ ਨਾ ਕਿਸੇ ਰੂਪ ਵਿਚ ਉਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਸਮਾਜ ਵਿਚ ਇੱਕ ਅਜਿਹੀ ਸ਼੍ਰੇਣੀ ਬਣ ਗਈ ਜੋ ਲੋਕਾਂ ਦੀਆਂ ਭਾਵਨਾਵਾਂ ਭਾਂਪ ਕੇ ਸਮੇਂ ਸਮੇਂ ਪੁਜਾਰੀਆਂ, ਸੰਤਾਂ, ਸਿਆਣਿਆਂ, ਨਜੂਮੀਆਂ ਦੇ ਰੂਪ 'ਚ ਲੋਕਾਂ ਨੂੰ ਅੰਧਵਿਸ਼ਵਾਸ ਵਿਚ ਫਸਾ ਕੇ ਉਨ੍ਹਾਂ ਨੂੰ ਲੁੱਟਦੀ ਆ ਰਹੀ ਹੈ।

ਸਾਡੇ ਸਮਾਜ ਵਿਚ ਤਕਰੀਬਨ ਹਰ ਕਿਸੇ ਨੂੰ ਦਾਦਾ-ਦਾਦੀ, ਨਾਨਾ-ਨਾਨੀ, ਭੂਆ-ਮਾਸੀ, ਚਾਚੀ-ਤਾਈ, ਮਾਤਾ-ਪਿਤਾ ਜਾਂ ਫਿਰ ਦੋਸਤਾਂ-ਮਿੱਤਰਾਂ ਰਾਹੀਂ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ ਦੀ ਗੁੜਤੀ ਮਿਲਦੀ ਆਈ ਹੈ। ਪੁਰਾਣੇ ਜ਼ਮਾਨੇ ਵਿਚ ਤਾਂ ਰਾਤ ਸਮੇਂ ਬੱਚਿਆਂ ਨੂੰ ਸੁਆਉਣ ਲਈ ਅਕਸਰ ਮਾਂਵਾਂ, ਦਾਦੀਆਂ, ਚਾਚੀਆਂ-ਤਾਈਆਂ ਕਹਿੰਦੀਆਂ ਸਨ, 'ਬੱਚੇ ਸੌਂ ਜਾ ਨਹੀਂ ਤਾਂ ਭੂਤ ਆ ਜਾਵੇਗਾ।' ਪੰਜਾਬ ਦੇ ਪਿੰਡਾਂ ਦੇ ਬਾਹਰ ਵੱਡੇ ਵਡੇਰਿਆਂ ਦੇ ਨਾਂ 'ਤੇ ਬਣੀਆਂ ਸਮਾਧਾਂ 'ਤੇ ਕੋਈ ਨਾ ਕੋਈ ਦੀਵਾ ਬੱਤੀ ਕਰਦਾ ਨਜ਼ਰ ਆਵੇਗਾ। ਪਿੰਡਾਂ ਵਿਚੋਂ ਪੜ੍ਹ ਲਿਖ ਕੇ ਲੋਕ ਸ਼ਹਿਰਾਂ ਵੱਲ ਹੋ ਤੁਰੇ, ਕੁਝ ਤੰਗੀ-ਤੁਰਸ਼ੀ ਕਰਕੇ ਜਾਂ ਬਿਹਤਰ ਜ਼ਿੰਦਗੀ ਦੀ ਆਸ ਰੱਖ ਕੇ ਵਿਦੇਸ਼ਾਂ ਵਿਚ ਆ ਵਸੇ ਪਰ ਅੰਧਵਿਸ਼ਵਾਸਾਂ ਦੀ ਮੈਲ ਤਨ ਦੇ ਕੱਪੜਿਆਂ ਦੀ ਤਰ੍ਹਾਂ ਸਾਡੇ ਨਾਲ ਹੀ ਤੁਰੀ ਆਈ ਹੈ। ਸਾਡੇ ਘਰਾਂ ਵਿਚ ਜੰਮਣ-ਮਰਨ, ਵਿਆਹ-ਸ਼ਾਦੀ ਅਤੇ ਹੋਰ ਸਮਾਜਿਕ ਰਸਮਾਂ ਸਮੇਂ ਕਰਮ-ਕਾਂਡ ਹੁੰਦੇ ਹਨ ਜੋ ਰੀਤੀ-ਰਿਵਾਜਾਂ ਦੇ ਨਾਂ 'ਤੇ ਸਾਡੇ ਸਮਾਜ ਨਾਲ ਚੱਲ ਰਹੇ ਹਨ। ਕਈ ਲੋਕ ਕਹਿਣਗੇ ਕਿ ਇਹ ਸਾਡਾ ਵਿਰਸਾ ਹੈ। ਝੂਠ, ਅੰਧਵਿਸ਼ਵਾਸ ਜੇ ਸਾਡਾ ਵਿਰਸਾ ਹੈ ਤਾਂ ਇਸ ਦੀਆਂ ਤੰਦਾਂ ਕੱਚੀਆਂ ਹਨ, ਇੱਕ ਦਿਨ ਟੁੱਟ ਜਾਣਗੀਆਂ।

ਜਰ੍ਹਾ ਸੋਚੋ? ਇਸ ਅੰਧਵਿਸ਼ਵਾਸ ਪਾਖੰਡੀ ਵਿਰਸੇ ਦੀਆਂ ਤੰਦਾਂ ਜਿਨ੍ਹਾਂ ਸੂਝਵਾਨ ਲੋਕਾਂ ਨੇ ਤੋੜ ਦਿੱਤੀਆਂ ਹਨ, ਉਨ੍ਹਾਂ ਦਾ ਕੀ ਘਟ ਗਿਆ? ਕੀ ਉਨ੍ਹਾਂ ਨੂੰ ਸਾਹ ਲੈਣ ਲਈ ਕੁਦਰਤ ਵਲੋਂ ਮਿਲ ਰਹੀ ਆਕਸੀਜਨ ਘਟ ਗਈ? ਕੀ ਉਨ੍ਹਾਂ ਦੇ ਘਰਾਂ ਦੇ ਵਿਹੜਿਆਂ ਵਿਚ ਸੂਰਜ ਨਹੀਂ ਚੜ੍ਹਦਾ? ਜਾਂ ਸੂਰਜ ਵਲੋਂ ਮਿਲ ਰਹੀ ਨਿੱਘ ਘਟ ਗਈ?

ਜਾਤਾਂ ਦੇ ਨਾਂ 'ਤੇ ਬਣੇ ਗੁਰਦੁਆਰਿਆਂ ਦੀ ਤਰ੍ਹਾਂ ਹਰ ਅਖੌਤੀ ਉਚੀ-ਨੀਵੀਂ ਜਾਤ ਦੇ ਲੋਕਾਂ ਨੇ ਆਪੋ-ਆਪਣੀਆਂ ਸਤੀਆਂ, ਸਮਾਧਾਂ, ਜਠੇਰੇ, ਮੜੀਆਂ-ਮਸਾਣਾਂ, ਮੱਠ ਵੰਡੇ ਹੋਏ ਹਨ। ਉਚ ਜਾਤੀ ਦੇ ਲੋਕਾਂ ਦੀਆਂ ਸਮਾਧਾਂ 'ਤੇ ਵੱਡਾ ਇਕੱਠ, ਹਰ ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਇਕਾਦਸ਼ੀ, ਮੰਗਲਵਾਰ, ਵੀਰਵਾਰ, ਦੁਸਹਿਰਾ-ਦੀਵਾਲੀ ਕਿਸੇ ਨਾ ਕਿਸੇ ਦਿਨ ਦੀਵੇ ਜਗਾ, ਖੀਰ-ਕੜਾਹ, ਪਤਾਸੇ ਲੱਡੂਆਂ ਦਾ ਮੱਥਾ ਟੇਕਿਆ ਜਾਂਦਾ ਹੈ। ਸਮਾਧਾਂ ਦੁਆਲੇ ਘੁੰਮ ਰਹੇ ਕੁੱਤੇ-ਬਿੱਲੀਆਂ ਅਤੇ ਹੋਰ ਜਾਨਵਰਾਂ ਦੀਆਂ ਮੌਜਾਂ ਹੀ ਮੌਜਾਂ ਹੁੰਦੀਆਂ ਹਨ।

ਪੰਜਾਬ ਦੇ ਪਿੰਡਾਂ ਵਿਚ ਝਾੜ੍ਹਾ ਜਿਸ ਨੂੰ ਮਾਲਵੇ ਵਿਚ ਹੱਥੌਲਾ ਵੀ ਕਹਿੰਦੇ ਹਨ, ਕਰਨ ਵਾਲਾ ਕੋਈ ਨਾ ਮਿਲ ਜਾਵੇਗਾ ਜਿਸ ਨੂੰ ਲੋਕ ਸਿਆਣਾ ਆਖਦੇ ਹਨ। ਇਨ੍ਹਾਂ ਦੀਆਂ ਕਈ ਕਿਸਮਾਂ ਹਨ, ਕੰਮ ਕਰਨ ਦੇ ਢੰਗ ਵੀ ਵੱਖ ਹਨ। ਮੈਂ ਕੋਈ 13 ਕੁ ਸਾਲ ਦਾ ਹੋਵਾਂਗਾ, ਸਾਡੇ ਗੁਆਂਢ ਵਿਚ ਰੂੜਾ ਰਹਿੰਦਾ ਸੀ ਜਿਸ ਨੂੰ ਅਸੀਂ ਤਾਇਆ ਕਹਿੰਦੇ ਸੀ। ਉਹ ਅਕਸਰ ਅੰਧਵਿਸ਼ਵਾਸੀ ਲੋਕਾਂ ਦਾ ਜਾਦੂ-ਟੂਣਿਆਂ ਰਾਹੀਂ ਇਲਾਜ ਕਰਦਾ ਸੀ। ਇਲਾਜ ਦੇ ਇਵਜ ਵਿਚ ਉਹ ਆਪਣੇ ਗਾਹਕਾਂ ਤੋਂ ਕਾਲੇ ਰੰਗ ਦੀ ਮੁਰਗੀ ਅਤੇ ਸ਼ਰਾਬ ਦੀ ਬੋਤਲ ਲੈਂਦਾ। ਉਨ੍ਹਾਂ ਦੇ ਘਰ ਕਾਲੇ ਰੰਗ ਦੀਆਂ ਕਈ ਮੁਰਗੀਆਂ ਸਨ ਜਿਨ੍ਹਾਂ ਦੇ ਆਂਡੇ ਅਤੇ ਕਈ ਵਾਰੀ ਮੁਰਗੀਆਂ ਦਾ ਮੀਟ ਤਾਏ ਦੇ ਘਰ ਵਾਲੇ ਬੜੇ ਸੁਆਦ ਨਾਲ ਖਾਂਦੇ। ਦੀਵਾਲੀ ਦੇ ਦਿਨ ਖਾਸ ਚੜ੍ਹਾਵਾ ਚੜ੍ਹਦਾ। ਸਾਡੇ ਘਰ ਦੀ ਉਨ੍ਹਾਂ ਨਾਲ ਵਰਤੋਂ ਸੀ। ਮੇਰੀ ਦਾਦੀ ਨੇ ਦੀਵਾਲੀ ਦੀ ਰਾਤ ਪਲੇਟ ਵਿਚ ਕੁਝ ਮਿਠਾਈ ਪਾ ਕੇ ਮੈਨੂੰ ਕਿਹਾ ਕਿ ਤਾਏ ਦੇ ਘਰ ਦੇ ਆ। ਜਦੋਂ ਮੈਂ ਮਿਠਾਈ ਦੇਣ ਗਿਆ ਤਾਂ ਤਾਏ (ਸਿਆਣੇ) ਨੂੰ ਜਗ ਰਹੇ ਦੀਵਿਆਂ ਦੇ ਮੂਹਰੇ ਹੋਰ ਹੀ ਰੂਪ ਵਿਚ ਸਿਰ ਘੁਮਾਉਂਦੇ ਅਤੇ ਉੱਚੀ ਉੱਚੀ ਚੀਕਾਂ ਮਾਰਦੇ ਲਗਾਤਾਰ ਖੜ੍ਹਾ ਵੇਖਦਾ ਰਿਹਾ। ਘਰ ਆ ਕੇ ਦਾਦੀ ਅਤੇ ਮਾਂ ਨੂੰ ਦੱਸਿਆ। ਮਾਂ ਦਾਦੀ ਨੂੰ ਗੁੱਸੇ ਹੋਵੇ ਕਿ ਮੁੰਡੇ ਨੂੰ ਦੀਵਾਲੀ ਦੇ ਦਿਨ ਕਿਉਂ ਜਾਦੂ ਟੂਣੇ ਕਰਨ ਵਾਲਿਆਂ ਦੇ ਘਰ ਭੇਜਿਆ ਪਰ ਮੈਂ ਤਾਏ ਦੇ ਪਖੰਡ ਨੂੰ ਖੋਜ ਭਰੀਆਂ ਨਜ਼ਰਾਂ ਨਾਲ ਤੱਕ ਆਇਆ ਸਾਂ।

ਕੁਝ ਕੁ ਦਿਨਾਂ ਪਿਛੋਂ ਮੇਰੀ ਛੋਟੀ ਭੈਣ ਨੂੰ ਖਸਰਾ, ਜਿਸ ਨੂੰ ਲੋਕ ਮਾਤਾ ਕਹਿੰਦੇ ਹਨ, ਨਿਕਲ ਆਇਆ। (ਖਸਰਾ ਅਲਰਜੀ ਦਾ ਰੋਗ ਹੈ। ਇਸ ਨਾਲ ਸਰੀਰ 'ਤੇ ਛੋਟੇ ਛੋਟੇ ਦਾਣੇ ਨਿਕਲ ਆਉਂਦੇ ਹਨ ਜੋ 2-3 ਦਿਨਾਂ ਵਿਚ ਆਪੇ ਠੀਕ ਹੋ ਜਾਂਦੇ ਹਨ ਪਰ ਅੰਧਵਿਸ਼ਵਾਸੀ ਲੋਕ ਇਸ ਦਾ ਝਾੜ੍ਹੇ ਜਾਂ ਟੂਣੇ ਆਦਿ ਨਾਲ ਇਲਾਜ ਕਰਾਉਂਦੇ ਹਨ) ਦਾਦੀ ਮੇਰੀ ਭੈਣ ਦੇ ਨਿਕਲੇ ਖਸਰੇ ਦੇ ਦਾਣਿਆਂ ਨੂੰ ਮਾਤਾ ਸਮਝ ਰੂੜੇ ਤਾਏ ਤੋਂ ਹੱਥੌਲਾ ਕਰਾ ਲਿਆਈ। ਸ਼ਾਮ ਨੂੰ ਮੇਰੀ ਭੈਣ ਖਸਰੇ ਦੀ ਤਕਲੀਫ ਕਰਕੇ ਕੁਝ ਖਾਣ ਤੋਂ ਮਨ੍ਹਾਂ ਕਰੀ ਜਾਵੇ ਪਰ ਫਿਰ ਉਸ ਨੇ ਆਂਡਾ ਖਾਣ ਦੀ ਮੰਗ ਮਾਂ ਅੱਗੇ ਰੱਖ ਦਿੱਤੀ, ਦਾਦੀ ਨੇ ਮਾਂ ਨੂੰ ਕਿਹਾ, ਠਹਿਰ! ਮੈਂ ਰੂੜੇ (ਸਿਆਣੇ) ਨੂੰ ਪੁੱਛ ਆਵਾਂ। ਰੂੜੇ ਤਾਏ ਨੇ ਕਿਹਾ ਕਿ ਆਂਡਾ ਮਾਤਾ ਮੰਗ ਰਹੀ ਹੈ, ਕੁੜੀ ਦੇ ਹੱਥ ਲਗਾ ਕੇ ਦੋ ਆਂਡੇ ਪਿੰਡ ਦੀ ਫਿਰਨੀ 'ਤੇ ਸੂਏ ਕਿਨਾਰੇ ਮੱਥਾ ਟੇਕ ਆਵੋ। ਦਾਦੀ ਨੇ ਮੈਨੂੰ ਦੁਕਾਨ ਤੋਂ ਆਂਡੇ ਲਿਆਉਣ ਲਈ ਕਿਹਾ ਅਤੇ ਫਿਰਨੀ 'ਤੇ ਸੂਏ ਕੰਢੇ ਆਂਡਿਆਂ ਦਾ ਮੱਥਾ ਟੇਕਣ ਦਾ ਹੁਕਮ ਦੇ ਦਿੱਤਾ। ਆਗਿਆ ਪਾਲਣ ਕਰਦਾ ਮੈਂ ਕੌਲੀ ਵਿਚ ਆਂਡੇ ਪਾ ਰੁਮਾਲ ਨਾਲ ਢੱਕ ਦਾਦੀ ਦੇ ਨਾਲ ਸੂਏ ਵੱਲ ਚੱਲ ਪਿਆ। ਮਨ ਹੀ ਮਨ ਸੋਚਣ ਲੱਗਾ ਕਿ ਮਾਤਾ ਇਹ ਆਂਡੇ ਕਿਵੇਂ ਖਾਵੇਗੀ? ਸੂਏ ਕਿਨਾਰੇ ਦਾਦੀ ਨੇ ਮੇਰੇ ਤੋਂ ਆਂਡੇ ਫੜ ਬਹੁਤ ਸ਼ਰਧਾ ਨਾਲ ਮੱਥਾ ਟੇਕਿਆ।

ਜਦੋਂ ਅਸੀਂ ਪਿਛੇ ਮੁੜੇ, ਕਾਂ ਝੱਟਪੱਟ ਆਂਡਿਆ 'ਤੇ ਟੁੱਟ ਪਏ। ਘਰ ਮੇਰੀ ਭੈਣ ਨੇ ਕਲੇਸ਼ ਪਾਇਆ ਹੋਇਆ ਸੀ ਕਿ ਮੈਂ ਆਂਡੇ ਖਾਣੇ ਹਨ। ਉਹ ਜ਼ਿਦ ਕਰੀ ਜਾਵੇ ਤੇ ਮਾਂ ਉਸ ਨੂੰ ਟਾਲੀ ਜਾਵੇ ਕਿ ਆਂਡਿਆਂ ਦਾ ਮੱਥਾ ਟੇਕ ਕੇ ਹੁਣੇ ਦਾਦੀ ਵਾਪਸ ਘਰ ਆ ਆਵੇਗੀ ਅਤੇ ਮਾਤਾ ਕੋਲ ਆਂਡੇ ਪਹੁੰਚ ਜਾਣਗੇ। ਮੈਨੂੰ ਅਤੇ ਦਾਦੀ ਨੂੰ ਆਉਂਦਿਆਂ ਵੇਖ ਮਾਂ ਖੁਸ਼ ਹੋਈ ਕਿ ਚਲੋ ਬਿਪਤਾ ਟੱਲ ਜਾਵੇਗੀ ਪਰ ਮੇਰੀ ਭੈਣ ਮੈਨੂੰ ਵੇਖ ਕੇ ਸਗੋਂ ਹੋਰ ਉਤਾਵਲੀ ਹੋ ਕੇ ਆਂਡਾ ਖਾਣ ਦੀ ਜ਼ਿਦ ਕਰਨ ਲੱਗੀ। ਦਾਦੀ ਨੇ ਮੋਰਚਾ ਸਾਂਭਦਿਆਂ ਭੈਣ ਮੂਹਰੇ ਹੱਥ ਜੋੜ ਕੇ ਕਿਹਾ ਕਿ ਅਸੀਂ ਆਂਡੇ ਤੈਨੂੰ ਦੇ ਦਿੱਤੇ ਹਨ, ਤੂੰ ਆਂਡੇ ਖਾ ਲਏ ਹਨ। ਮੇਰੀ ਭੈਣ ਗੁੱਸੇ 'ਚ ਬੋਲੀ, ਕਿਸ ਨੇ, ਕਦੋਂ ਮੈਨੂੰ ਆਂਡੇ ਖਾਣ ਨੂੰ ਦਿੱਤੇ ਹਨ? ਸਭ ਝੂਠ ਬੋਲਦੇ ਹੋ। ਫਿਰ ਉਹ ਰੋਣ ਲੱਗ ਪਈ।

ਮੈਂ ਸਾਰਾ ਕੁਝ ਸਮਝ ਗਿਆ, ਝੱਟ ਦੁਕਾਨ ਤੋਂ ਆਂਡੇ ਲਿਆ ਮਾਂ ਨੂੰ ਆਂਡੇ ਉਬਾਲ ਕੁੜੀ ਨੂੰ ਦੇਣ ਲਈ ਕਿਹਾ। ਦਾਦੀ ਬੁੜਬੁੜ ਕਰਦੀ ਬਾਹਰ ਨਿਕਲ ਗਈ। ਮੇਰੀ ਭੈਣ ਉਬਲੇ ਆਂਡੇ ਖਾ ਕੇ ਖੁਸ਼ ਹੋ ਗਈ। ਮੈਂ ਮਾਂ ਨੂੰ ਕਿਹਾ ਕਿ ਨਹਿਰ ਕਿਨਾਰੇ ਰੱਖੇ ਆਂਡੇ ਤਾਂ ਕਾਂ ਖਾ ਗਏ, ਉਹ ਭਲਾ ਕਿਵੇਂ ਭੈਣ ਦੇ ਢਿੱਡ ਵਿਚ ਪੈਂਦੇ? ਇਹ ਸਭ ਤਾਏ ਵਰਗੇ ਸਿਆਣਿਆ ਨੇ ਆਪ ਹਲਵਾ ਮੰਡਾ, ਆਂਡੇ, ਮੁਰਗੀਆਂ ਖਾਣ ਲਈ ਤੇ ਸ਼ਰਾਬਾਂ ਪੀਣ ਲਈ ਸਾਡੇ ਵਰਗੇ ਲੋਕਾਂ ਨੂੰ ਉਲੂ ਬਣਾਇਆ ਹੋਇਆ ਹੈ। ਘਰ ਦਾ ਮਾਹੌਲ ਇੱਕਦਮ ਕ੍ਰਾਂਤੀਕਾਰੀ ਅੰਦੋਲਨ ਵਾਂਗ ਬਣ ਗਿਆ। ਮੇਰੀਆਂ ਭੈਣਾਂ ਅਤੇ ਮਾਂ-ਪਿਉ ਨੇ ਮੇਰਾ ਸਾਥ ਦਿੱਤਾ, ਦਾਦੀ ਇਕੱਲੀ ਰਹਿ ਗਈ। ਸਿੱਖ ਮਿਸ਼ਨਰੀ ਕਾਲਜ ਦੀਆਂ ਕਿਤਾਬਾਂ ਪਹਿਲਾਂ ਹੀ ਘਰ ਵਿਚ ਸਨ। ਮੈਂ ਅਤੇ ਮੇਰੀਆਂ ਭੈਣਾਂ ਗੁਰਮਤਿ ਦੀਆਂ ਕਿਤਾਬਾਂ ਪੜ੍ਹ ਪੜ੍ਹ ਆਪਣੀ ਮਾਂ ਨੂੰ ਵਹਿਮਾਂ-ਭਰਮਾਂ ਤੋਂ ਗੁਰਬਾਣੀ ਅਨੁਸਾਰ ਸੁਚੇਤ ਕਰ ਰਹੇ ਸਾਂ। ਸਭ ਵਿਚ ਵਹਿਮਾਂ-ਭਰਮਾਂ ਵਿਰੁਧ ਨਫਰਤ ਭਰ ਗਈ। ਘਰ ਦਾ ਮਾਹੌਲ ਬਦਲ ਗਿਆ। ਅੱਜ ਤੱਕ ਘਰ ਵਿਚ ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਦੀਵਾਲੀ ਦੇ ਦਿਨ ਮੜ੍ਹੀਆਂ-ਮਸਾਣਾਂ 'ਤੇ ਦੀਵੇ ਜਗਾਉਣ, ਸ਼ਰਾਧ ਕਰਨ ਦੇ ਨਾਂ 'ਤੇ ਅੰਧਵਿਸ਼ਵਾਸੀ ਕਾਰਜ ਬੰਦ ਹਨ। ਮੇਰੀਆਂ ਭੈਣਾਂ ਨੇ ਸਹੁਰੇ ਘਰੀਂ ਵੀ ਅੰਧਵਿਸ਼ਵਾਸੀ ਕੰਮ ਕਰਨੋਂ ਸਹੁਰੇ ਘਰ ਵਾਲਿਆਂ ਨੂੰ ਦਲੀਲਾਂ ਦੇ ਕੇ ਰੋਕ ਦਿੱਤਾ। ਮੈਂ ਕਈ ਵਾਰ ਸੋਚਦਾਂ ਕਿ ਜੇ ਮੇਰੀ ਦਾਦੀ ਮਾਤਾ ਦੇ ਨਾਂ 'ਤੇ ਆਂਡੇ ਵਾਲਾ ਪਖੰਡ ਤਾਏ ਦੇ ਕਹਿਣ 'ਤੇ ਨਾ ਕਰਦੀ ਤਾਂ ਹੋ ਸਕਦੈ ਸਾਡੇ ਮਨਾਂ ਵਿਚ ਵਸਿਆ ਭਰਮ ਦਾ ਆਂਡਾ ਨਾ ਟੁੱਟਦਾ।

ਗੁਰੂ ਸਾਹਿਬ ਮਨੁੱਖਤਾ ਨੂੰ ਸੁਚੇਤ ਕਰਦਿਆਂ ਕਹਿੰਦੇ ਹਨ, ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥

ਫੋਰਸ ਤੇ ਭਿੰਡਰਾਂਵਾਲਾ ਟਾਈਗਰ ਫੋਰਸ ਨੇ 'ਕੋਡ ਆਫ ਕੰਡਕਟ' ਲਾਗੂ ਕਰ ਕੇ ਸਾਰੇ ਸਿੱਖ ਮੁਲਾਜ਼ਮਾਂ ਨੂੰ ਪੁਲਿਸ ਦੀ ਨੌਕਰੀ ਛੱਡਣ ਦੇ ਅਖੌਤੀ ਹੁਕਮ ਚਾੜ੍ਹ ਦਿੱਤੇ ਸਨ। ਉਦੋਂ ਵੀ ਮੈਂ ਤੇ ਚਾਚੇ ਹੁਰਾਂ ਸਮਝਾਇਆ ਸੀ ਪਰ ਲੀਲੂ ਨੌਕਰੀ ਛੱਡਣਾ ਨਹੀਂ ਸੀ ਮੰਨਿਆ। ਨੰਭਾ ਉਹਦਾ ਬਾਪ ਸੀ।

ਇੱਕ ਵਾਰ 'ਪੰਜਵੜ ਗਰੁੱਪ' ਨੇ ਉਹਦਾ ਖਾਤਮਾ ਕਰਨ ਦਾ ਯਤਨ ਕੀਤਾ ਸੀ ਪਰ ਸਮੇਂ ਸਿਰ ਪਤਾ ਲੱਗ ਜਾਣ 'ਤੇ ਉਹ ਬਚ ਗਿਆ ਤੇ ਸਿੱਧਾ ਸਾਡੇ ਬਾਪੂ ਜੀ ਕੋਲ ਆ ਗਿਆ ਸੀ। ਬਾਪੂ ਜੀ ਤੇ ਪ੍ਰੀਤਮ ਦੇ ਸੁਨੇਹਾ ਭੇਜਣ 'ਤੇ ਮੁੰਡਿਆਂ 'ਲਿਸਟ' ਵਿਚੋਂ ਉਹਦਾ ਨਾਂ ਕੱਟ ਦਿੱਤਾ ਸੀ।

ਪਰ ਇਹ ਅੱਜ ਕੀ ਹੋਇਆ? ਨੰਭੇ ਸਣੇ ਸਾਰਾ ਟੱਬਰ ਖਾੜਕੂ ਮਾਰ ਗਏ ਸਨ। ਸੱਤ ਲੋਥਾਂ ਬਾਹਰ ਵਿਹੜੇ ਵਿਚ ਸਨ। ਤਿੰਨ ਔਰਤਾਂ ਦੀਆਂ ਲੋਥਾਂ ਚੁੱਲ੍ਹੇ ਆਲੀ ਕੰਧ ਕੋਲ ਸਨ। ਦੋ ਬੱਚੇ ਮੰਜਿਆਂ 'ਤੇ ਲੇਟੇ-ਲੇਟੇ ਮਾਰੇ ਗਏ ਸਨ ਤੇ 8 ਮਹੀਨਿਆਂ ਦੀ ਇੱਕ ਬਾਲੜੀ ਦੀ ਲੋਥ ਖਾਲੀ ਖੁਰਲੀ ਕੋਲ ਪਈ ਸੀ। ਲੱਗਦਾ ਸੀ ਜਿਵੇਂ ਪੈਰਾਂ ਨਾਲ ਰੋੜ੍ਹ ਕੇ ਪਰ੍ਹਾਂ ਕਰ ਦਿੱਤੀ ਹੋਵੇ। ਡੰਗਰਾਂ ਦੇ ਰੱਸੇ ਛੱਡੇ ਹੋਏ ਸਨ। ਖਾੜਕੂ ਜਾਂਦੇ-ਜਾਂਦੇ ਘਰਾਂ ਵਿਚ ਜਿਵੇਂ ਭੂਤਨਾ ਫਿਰਵਾ ਗਏ ਸਨ। ਇੱਕ 6 ਮਹੀਨੇ ਦੀ ਬੱਚੀ ਉਹਦੀ ਮਾਂ ਨੇ ਸ਼ਾਇਦ ਮਰਨ ਤੋਂ ਪਹਿਲਾਂ ਰਜਾਈਆਂ ਵਾਲੀ ਪੇਟੀ ਮਗਰ ਸੁੱਟ ਦਿੱਤੀ ਸੀ। ਉਹ ਬਚ ਗਈ ਸੀ। ਦੂਜਾ ਸੌ ਸਾਲਾ ਅੰਨ੍ਹਾ ਬਜ਼ੁਰਗ ਸੀ, 'ਮਲ੍ਹਾਗਰ' ਜਿਹੜਾ ਡੰਗਰਾਂ ਕੋਲ ਪਿਆ ਸੀ। ਉਹਨੂੰ ਪਿਛਲੇ 25-30 ਵਰ੍ਹਿਆਂ ਤੋਂ ਦਿੱਸਣੋਂ ਹਟਿਆ ਹੋਇਆ ਸੀ। ਬਾਪੂ ਹੁਰੀਂ ਦੱਸਿਆ ਕਰਦੇ ਸਨ ਕਿ ਉਹ ਆਪ ਜਦੋਂ ਬੱਚੇ ਸਨ, ਇਹ ਮਲ੍ਹਾਗਰ ਉਦੋਂ ਵੀ ਅੱਧ ਚਿੱਟੀ ਕਰੜ-ਬਰੜ ਦਾਹੜੀ ਵਾਲਾ ਬੰਦਾ ਸੀ। ਉਨ੍ਹਾਂ ਲਈ ਖਿੱਦੋ ਬਣਾਇਆ ਕਰਦਾ ਸੀ। ਡੰਗਰ-ਪਸ਼ੂਆਂ ਲਈ ਇਹੀ ਮਲ੍ਹਾਗਰ ਪਹੁੰਚਿਆ ਕਰਦਾ ਸੀ ਕਿਸੇ ਨੌਜਵਾਨ ਨੂੰ ਨਾਲ ਲੈ ਕੇ। ਹੁਣ ਫ਼ਰਕ ਸਿਰਫ਼ ਏਨਾ ਸੀ ਕਿ ਸਰੀਰ ਝੁਕ ਕੇ ਕਮਾਨ ਹੋ ਗਿਆ ਸੀ ਤੇ ਦਾਹੜੀ ਦੁੱਧ ਚਿੱਟੀ, ਬਾਕੀ ਸਭ ਅੰਗ ਚਲਦੇ ਸਨ। ਪਿਛਲੇ 20-25 ਵਰ੍ਹਿਆਂ ਤੋਂ ਪੂਰਾ ਨਬੀਨਾ ਹੋ ਗਿਆ ਸੀ ਤੇ ਘਰਦਿਆਂ ਪੱਕੀ ਮੰਜੀ ਡੰਗਰਾਂ ਕੋਲ ਕਰ ਰੱਖੀ ਸੀ। ਅਖਿਓਂ ਬਹੁਤੇ ਵਿਰੜੇ ਦਾ ਦਾਦਾ, ਤਾਇਆ, ਚਾਚਾ ਤੇ ਬਾਬਾ ਸੀ। ਰੇਲੂ ਹੁਰੀਂ ਉਹਨੂੰ ਛੱਡ ਗਏ ਸਨ। ਸ਼ਾਇਦ ਉਨ੍ਹਾਂ ਸੋਚਿਆ ਕਿ ਕੀ ਮਾਰਨੈ ਇਹਨੂੰ ਤੇ ਕਾਹਨੂੰ ਗੋਲੀ ਖਰਾਬ ਕਰਨੀ ਐ?"

ਉਹਨੂੰ ਹੁਣ ਵੀ ਪਤਾ ਨਹੀਂ ਸੀ ਲੱਗਾ ਕਿ ਕੀ ਭਾਣਾ ਵਰਤ ਗਿਐ?" ਸ਼ਾਇਦ ਮਾੜਾ ਮੋਟਾ ਆਭਾਸ ਹੋ ਗਿਐ ਤਾਂ ਹੀ ਪੋਪਲੇ ਮੂੰਹ ਵਿਚੋਂ ਕਿਤੇ-ਕਿਤੇ 'ਆਹ' ਦੀ ਆਵਾਜ਼ ਕੱਢਦੈ ਤੇ ਬੇਨੂਰ ਅੱਖਾਂ 'ਚੋਂ ਇੱਕ-ਅੱਧ ਹੰਝੂ ਕੇਰਦੈ ਨਾਲ ਮੂੰਹ 'ਚ ਕੁਛ ਮਾੜਾ-ਮੋਟਾ ਬੋਲਦੈ ਪਰ ਕੋਈ ਸੁਣ ਨਹੀਂ ਰਿਹਾ।

ਲੀਲੂ ਪਰ੍ਹਾਂ ਗੋਡਿਆਂ 'ਚ ਸਿਰ ਦੇਈ ਜ਼ਮੀਨ 'ਤੇ ਬੈਠਾ, ਬੇਆਵਾਜ਼ ਰੋ ਰਿਹਾ ਹੈ। ਹੁਣੇ ਹੀ ਥਾਣਿਓਂ ਪਿੰਡ ਅੱਪੜਿਆ ਹੈ।

ਸਿਪਾਹੀ ਚਾਰੇ ਬੰਨੇ ਫੈਲੇ ਹੋਏ ਸਨ। ਘਰ ਦੇ ਅੰਦਰ-ਬਾਹਰ ਕਿਸੇ ਨੂੰ ਫਟਕਣ ਨਹੀਂ ਦੇ ਰਹੇ। ਸਿਵਾਏ ਸਾਡੇ ਟੱਬਰ ਦੇ ਚਾਰ ਜੀਆਂ ਦੇ ਕੋਈ ਹੋਰ ਅੰਦਰ ਨਾ ਆ ਰਿਹਾ ਹੈ, ਨਾ ਜਾ ਰਿਹਾ ਹੈ। ਪਿੰਡ ਉਦਾਂ ਵੀ ਡਰਦਾ ਇਧਰ ਨਹੀਂ ਆ ਰਿਹਾ। ਉਂਜ ਮੈਨੂੰ ਪਤਾ ਹੈ ਕਿ ਦਾਣੀਆਂ ਨਹਿਰ ਤੋਂ ਪਰ੍ਹਾਂ ਖੜ੍ਹੀਆਂ ਹੋਣਗੀਆਂ।

ਥੋੜ੍ਹੀ ਦੇਰ ਪਿਛੋਂ ਸਰਪੰਚ, ਚੌਕੀ ਦੇ ਇੰਚਾਰਜ ਤੇ ਡੀ.ਐਸ.ਪੀ. ਮੱਖਣ ਸੂੰਹ ਆ ਜਾਂਦੇ ਹਨ।

"ਹਾਂ ਜੀ, ਸਰਦਾਰ ਕਿਰਪਾਲ ਸਿੰਘ ਜੀ।" ਡੀ.ਐਸ.ਪੀ. ਸਾਡੇ ਬਾਪੂ ਨਾਲ ਹੱਥ ਮਿਲਾਉਂਦਾ ਹੈ। ਪਿਛਲੇ ਦਸ ਵਰ੍ਹਿਆਂ ਤੋਂ ਸਾਡਾ ਟੱਬਰ ਜਿਵੇਂ ਥਾਣੇ, ਕਚਹਿਰੀ, ਹਸਪਤਾਲੀਂ ਰੁਲਿਆ ਹੈ। ਲਗਪਗ ਸਭ ਨਾਲ ਵਾਕਫ਼ੀ ਹੋ ਗਈ ਹੈ।

"ਰੇਲੂ ਦਾ ਕੰਮ ਐ ਜੀ।" ਸਰਪੰਚ ਬੋਲਿਆ।

"ਆਹੋ! ਨੋਟ ਲਿਖ ਕੇ ਛੱਡ ਗਏ ਸਨ। ਅਸੀਂ ਲੈ ਲਿਆ ਕਬਜ਼ੇ ਵਿਚ।" ਮੱਖਣ ਸੂੰਹ ਆਖਦਾ ਹੈ।

"ਰੇਲੂ ਹੁਰਾਂ ਨੂੰ ਸ਼ੱਕ ਹੈ ਕਿ ਹਰਜਿੰਦਰ ਸਿੰਘ ਫੌਜੀ, ਏਸੇ ਲੀਲੂ ਦੀ ਮੁਖਬਰੀ ਨਾਲ ਮਰਿਐ। ਤਾਂ ਹੀ ਉਹ ਇਹ ਕਾਰਾ ਕਰ ਗਏ ਆ।" ਬਾਪੂ ਹੁਰੀਂ ਹਵਾ 'ਚ ਤੱਕਦੇ ਮੈਨੂੰ ਸੁਣਾ ਕੇ ਆਖਦੇ ਹਨ। ਉਂਜ ਪਤਾ ਨਹੀਂ ਉਹ ਕੀ ਸੋਚ ਰਹੇ ਹਨ?

"ਓ ਮੈਨੂੰ ਬਾਬੇ ਸ਼ਹੀਦਾਂ ਦੀ ਸਹੁੰ ਜੇ, ਮੈਂ ਫੌਜੀ ਦੀ ਮੁਖਬਰੀ ਨਹੀਂ ਕੀਤੀ।" ਲੀਲੂ ਰੋਂਦਾ ਹੈ।

"ਤੂੰ ਪੁੱਤ ਮੁਖਬਰੀ ਨੀਂ ਕਰ ਸਕਦਾ।" ਚਾਚਾ ਜੀ ਉਹਨੂੰ ਹੌਂਸਲਾ ਦਿੰਦੇ ਹਨ।

"ਰੋ ਨਾ ਲੀਲੂ! ਮੈਂ ਬੈਠਾਂ ਅਜੇ।" ਬਾਪੂ ਹੁਰੀਂ ਆਖਦੇ ਹਨ।

"ਹਾਏ ਓ ਰੱਬਾ!" ਲੀਲੂ ਜਿਵੇਂ ਫਿੱਸ ਕੇ ਹੋਰ ਲੇਰ ਜਿਹੀ ਮਾਰਦਾ ਹੈ।

"ਹੁਣ ਕੀ ਐ?" ਚਾਚਾ ਜੀ ਆਖਦੇ ਹਨ।

"ਐੱਸ.ਐੱਸ.ਪੀ. ਆ ਜਏ! ਨਾਲੇ ਐਸ.ਡੀ.ਐਮ.! ਫਿਰ ਹੀ ਪੋਸਟਮਾਰਟਮ ਹਊ?" ਸਰਪੰਚ ਬਾਪੂ ਜੀ ਤੇ ਚਾਚਾ ਜੀ ਦੀਆਂ ਅੱਖਾਂ 'ਚ ਸਵਾਲ ਤੈਰਦਾ ਵੇਖ ਆਖਦਾ ਹੈ। ਅਸੀਂ ਥੋੜ੍ਹਾ ਪਰ੍ਹਾਂ ਹੋ ਕੇ ਖੜ੍ਹੋ ਜਾਂਦੇ ਹਾਂ। ਇੱਕੋ ਘਰ ਵਿਚ, ਇੱਕੋ ਦਿਨ ਤੇਰਾਂ ਮੌਤਾਂ...।

ਮੇਰਾ ਮਨ ਹਰਾਸਿਆ ਪਿਆ ਹੈ। ਬਾਪੂ ਜੀ ਤੇ ਚਾਚਾ ਜੀ ਦੇ ਚਿਹਰੇ ਉਪਰ ਚਿੰਤਾ ਹੈ।

ਮੈਂ ਜਾਣਦਾ ਹਾਂ ਕਿ ਦੋਵੇਂ ਐਸ.ਐਸ.ਪੀ. ਦਾ ਆਉਣਾ ਸੁਣ ਕੇ ਪ੍ਰੇਸ਼ਾਨ ਹਨ। ਐਸ.ਐਸ.ਪੀ. ਜੀਤ ਬਿੱਲੇ ਨਾਲ ਇਨ੍ਹਾਂ ਦੋਵਾਂ ਦੀ ਪਹਿਲਾਂ ਵੀ ਝੜਪ ਹੋ ਚੁੱਕੀ ਹੈ। ਕਈ ਵਾਰ ਇੱਕ ਦੂਜੇ ਨਾਲ ਸਾਹਮਣੇ ਹੋਏ ਹਨ। ਚਾਚਾ ਜੀ ਦੇ ਪੁੱਤਰ ਹਰਪਾਲ ਨੂੰ ਏਸੇ ਜੀਤ ਬਿੱਲੇ ਨੇ ਮਾਰਿਆ ਸੀ। ਉਦੋਂ ਇਹ ਡੀ.ਐਸ.ਪੀ. ਹੁੰਦਾ ਸੀ। ਉਦੋਂ ਸਾਹਮਣੇ ਹੋਣ 'ਤੇ ਇਹਨੂੰ ਚਾਚਾ ਜੀ ਨੇ ਗਾਲ੍ਹਾਂ ਦਿੱਤੀਆਂ ਸਨ ਤੇ ਬਾਪੂ ਜੀ ਨੇ ਇਹਦੀ ਦਾਹੜੀ ਖਿੱਚ ਲਈ ਸੀ। ਬਦਲੇ ਵਿਚ ਦੋਵੇਂ ਗੁੱਟ ਡਾਂਗਾਂ ਖਾ-ਖਾ ਕੇ ਸੁਜਾ ਲਏ ਸਨ।...ਹੁਣ ਵੀ ਉਹੀ ਆ ਰਿਹੈ।

ਮੱਖੀਆਂ ਲੋਥਾਂ ਉਪਰ ਬੈਠਣ ਲੱਗ ਪਈਆਂ ਹਨ। ਮਾੜੀ-ਮਾੜੀ ਧੁੱਪ ਲੱਗ ਪਈ ਹੈ।

ਕੁਝ ਦੇਰ ਬਾਅਦ ਹੂਟਰ ਵੱਜਣ ਲੱਗ ਪੈਂਦੇ ਹਨ। ਅਸੀਂ ਸਾਰੇ ਸੁਚੇਤ ਹੋ ਜਾਂਦੇ ਹਾਂ। ਸਿਪਾਹੀ ਐਨ ਤੈਨਾਤ ਹੋ ਜਾਂਦੇ ਹਨ ਤੇ ਡੀ.ਐਸ.ਪੀ. ਮੱਖਣ ਤੇ ਸਰਪੰਚ ਬੂਹੇ ਵਿਚ ਆ ਖੜੋਂਦੇ ਹਨ।

"ਕਿਸਕਾ ਕਾਮ ਹੈ ਯੇ?" ਸ਼ਰਮਾ ਐਸ.ਡੀ.ਐਮ., ਐਸ.ਐਸ.ਪੀ. ਨਾਲ ਤੁਰਦਾ ਪੁੱਛ ਰਿਹਾ ਹੈ।

"ਦੇਖਦੇ ਆਂ।" ਜੀਤ ਬਿੱਲਾ ਆਖਦਾ ਹੈ। ਨਾਲ ਹੀ ਚੋਰ ਅੱਖੀਂ ਉਹ ਸਾਨੂੰ ਚਾਰਾਂ ਨੂੰ ਵੀ ਵੇਖ ਲੈਂਦਾ ਹੈ।

"ਡੀ.ਸੀ. ਸਾਹਬ ਭੀ ਆਨਾ ਚਾਹਤੇ ਥੇ ਪਰ ਸੁਬ੍ਹਾ ਹੀ ਉਨਹੇਂ ਸਰਕਟ ਹਾਊਸ ਜਾਨਾ ਥਾ, ਔਰ ਵਹਾਂ ਸੇ ਚੰਡੀਗੜ੍ਹ ਕੀ ਓਰ। ਮੈਨੇ ਕਹਾ ਸਰ ਆਪ ਜਾਈਏ, ਮੈਂ ਨਿਬਟ ਲੂੰਗਾ।" ਐਸ.ਡੀ.ਐਮ. ਬੋਲਦਾ ਹੈ।

"ਸਰ! ਰੇਲੂ ਦਾ ਕੰਮ ਐ! ਨੋਟ ਹੱਥ ਦਾ ਲਿਖਿਆ ਐ। ਅਸਾਂ ਸਾਂਭ ਲਿਐ। ਕੁੱਲ 13 ਜੀਅ ਮਰੇ ਹਨ। ਇੱਕ ਬੁੜਾ ਤੇ ਇੱਕ ਛੇ ਮਹੀਨਿਆਂ ਦੀ ਬਾਲੜੀ ਬਚੇ ਹਨ।" ਡੀ.ਐਸ.ਪੀ. ਮੱਖਣ ਨਿੱਕੀ-ਨਿੱਕੀ ਤਫ਼ਸੀਲ ਦੇ ਰਿਹਾ ਹੈ।

"ਇਹ ਮੁੰਡਾ ਆਪਣਾ ਹੀ ਹੈ ਨਾ? ਤੁਸੀਂ ਮੈਨੂੰ ਫੋਨ 'ਤੇ ਦੱਸਿਆ ਸੀ।" ਐਸ.ਐਸ.ਪੀ. ਕਹਿੰਦਾ ਹੈ।

"ਹਾਂ ਜੀ ਸਰ! ਇਹ ਲੀਲੂ ਸਿੰਘ ਐ! ਆਪਣਾ ਈ ਐਸ.ਪੀ.ਓ. ਜਵਾਨ ਹੈ। ਅੱਜ-ਕੱਲ੍ਹ ਸ਼ਹਿਰੋਂ ਬਾਹਰ ਵਾਲੀ ਗਿੱਲਾਂ ਦੀ ਚੌਕੀ 'ਚ ਹੈ ਜੀ। ਜਨਾਬ ਬੜਾ ਮਾੜਾ ਹੋਇਆ ਐ ਜੀ! ਏਦਾਂ ਤੇ ਸਾਡੇ ਜਵਾਨਾਂ ਦੇ ਹੌਂਸਲੇ...।" ਡੀ.ਐਸ.ਪੀ. ਚਿੜੀ ਵਾਂਗ ਇਧਰ-ਉਧਰ ਫੁਦਕ ਰਿਹਾ ਹੈ। ਅਸੀਂ ਚਾਰੇ ਜੜ੍ਹ ਖੜ੍ਹੇ ਹਾਂ।

"ਹਾਂ! ਇਸ ਜਵਾਨ ਨੂੰ ਅੱਜ ਤੋਂ ਹੀ ਨੰਬਰ ਦੇ ਕੇ ਕਾਂਸਟੇਬਲ ਬਣਾ ਲਉ। ਬਾਕੀ ਮਹਿਕਮੇ ਤੋਂ ਬਣਦੀ ਮਦਦ ਤੇ ਹੋਰ ਸਭ...।" ਐਸ.ਐਸ.ਪੀ. ਬੋਲੀ ਜਾ ਰਿਹਾ ਹੈ।

"ਪ੍ਰਸ਼ਾਸਨ ਕੀ ਤਰਫ਼ ਸੇ ਡੀ.ਸੀ. ਸਾਹਬ ਕੀ ਔਰ ਸੇ ਮੈਂ...।" ਐਸ.ਡੀ.ਐਮ. ਬੋਲ ਰਿਹਾ ਹੈ।

ਸਭ ਵਾਪਸ ਮੁੜ ਰਹੇ ਹਨ। ਇਕਦਮ ਐਸ.ਐਸ.ਪੀ. ਮਾੜਾ ਜਿਹਾ ਟੇਢਾ ਹੁੰਦਾ ਹੈ।

"ਹਰਾਮੀਓ! ਬਾਜ਼ ਆ ਜਾਓ ਹੁਣ ਤੇ ਆਪਣੇ ਕਾਰਿਆਂ ਤੋਂ।" ਐਸ.ਐਸ.ਪੀ. ਬਾਪੂ ਤੇ ਚਾਚੇ ਵੱਲ ਹੱਥ ਕਰਕੇ ਜ਼ਹਿਰ ਉਗਲਦਾ ਹੈ। ਅਸੀਂ ਇਸ ਲਈ ਤਿਆਰ ਖੜ੍ਹੇ ਸਾਂ, ਸੋ ਅਸੀਂ ਚਾਰੇ ਤ੍ਰਭਕਦੇ ਨਹੀਂ ਹਾਂ।

"ਇਹ ਤੇਰੇ ਭਣੋਈਏ ਰੇਲੂ ਦਾ ਕੰਮ ਐ। ਸਾਡੀ ਚੜ੍ਹਦੀ ਕਲਾ ਵਾਲੇ ਸਿੰਘਾਂ ਦਾ ਕੰਮ ਨਹੀਂ ਇਹ।"

ਬਾਪੂ ਜੀ ਗੜ੍ਹਕੇ ਨਾਲ ਬੋਲਦੇ ਹਨ।

"ਸੁੱਟੋ ਇਨ੍ਹਾਂ ਨੂੰ ਟਰੱਕ 'ਚ। ਪਿਛਲੀ ਭੁੱਲ ਗਏ ਜਾਪਦੇ ਓ!" ਐਸ.ਐਸ.ਪੀ. ਅੱਗੇ ਵਧਦਾ ਹੈ। ਐਸ.ਡੀ.ਐਮ. ਤ੍ਰਭਕ ਗਿਆ ਹੈ। ਸ਼ਾਇਦ ਉਹਨੇ ਪਹਿਲੀ ਵਾਰ ਪੁਲਿਸ ਅਫ਼ਸਰ ਨੂੰ ਗਾਲ੍ਹ ਕੱਢੀਦੀ ਸੁਣੀ ਹੈ।

"ਆ ਉਰ੍ਹੇ...।" ਪ੍ਰੀਤਮ ਤਣ ਗਿਆ।

"ਨਹੀਂ ਸਰ!" ਫਰਕਦੀਆਂ ਚੂਹੀ ਮੁੱਛਾਂ ਨਾਲ ਘਾਬਰਿਆ ਡੀ.ਐਸ.ਪੀ. ਸਾਡੇ ਵਿਚ ਆ ਗਿਆ ਹੈ। ਇਕਦਮ ਚਾਲ੍ਹੀ-ਪੰਜਾਹ ਕਾਂਸਟੇਬਲ, ਹੌਲਦਾਰ, ਏ.ਐਸ.ਆਈ. ਸਭ ਸਾਡੇ ਵਿਚ ਆ ਖੜੋਤੇ ਹਨ।

ਐਸ.ਐਸ.ਪੀ. ਨਾਸਾਂ ਫੁਰਕਾਉਂਦਾ ਕਾਰ ਵਿਚ ਬੈਠ ਜਾਂਦਾ ਹੈ। ਦੂਜੀ 'ਚ ਸ਼ਰਮਾ ਬੈਠਦਾ ਹੈ ਤੇ ਉਡ ਜਾਂਦੇ ਹਨ। ਸਾਡੇ ਇਲਾਕੇ ਵਿਚ ਨਿੱਕੇ ਤੋਂ ਨਿੱਕੇ ਬੱਚੇ ਤਕ ਇੱਥੋਂ ਤਕ ਕਿ ਛੋਟੇ ਤੋਂ ਛੋਟੇ ਕਾਂਸਟੇਬਲ ਨੂੰ ਵੀ ਪਤਾ ਹੈ ਕਿ ਉਹ ਸਾਡਾ, ਯਾਨੀ ਬਾਪੂ ਕਿਰਪਾਲ ਦੇ ਟੱਬਰ ਦਾ ਇਨ੍ਹੀਂ ਦਿਨੀਂ ਕੁਝ ਨਹੀਂ ਵਿਗਾੜ ਸਕਦੇ। ਇਹੀ ਗੁਪਤ ਦਾਬਾ ਹੈ।

"ਸਭ ਠੀਕ ਹੈ। ਟਰੱਕ 'ਚ ਲੱਦੋ ਬਈ ਲੋਥਾਂ ਜੁਆਨੋ।" ਡੀ.ਐਸ.ਪੀ. ਮੱਖਣ ਸਿੰਘ ਸਾਡੇ ਵੱਲ ਆਉਂਦਾ ਹੈ। ਵਾਪਰੀ ਘਟਨਾ ਬਾਰੇ ਉਹ ਇੱਕ ਅੱਖਰ ਨਹੀਂ ਆਖਦਾ। ਉਹ ਬੇਅੰਤ ਸਿਆਣਾ ਅਫ਼ਸਰ ਹੈ ਜਾਂ ਕਹਿ ਲਈਏ ਕਿ ਇਨ੍ਹਾਂ ਦਿਨਾਂ ਨੇ ਕਰ ਦਿੱਤਾ ਹੈ।

"ਤੁਸੀਂ ਚਲੋਗੇ ਹਸਪਤਾਲ?" ਡੀ.ਐਸ.ਪੀ. ਸਾਨੂੰ ਪੁੱਛਦਾ ਹੈ।

"ਜੇ ਕੋਈ ਨਾ ਚੱਲੂ ਤਾਂ ਅਸੀਂ ਚੱਲਾਂਗੇ।" ਬਾਪੂ ਹੁਰੀਂ ਆਖਦੇ ਹਨ।

"ਮੈਂ ਨਾਲ ਦੇ ਨਿੱਕਾ ਸਿੰਘ ਨੂੰ ਬੁਲਾ ਲੈਨਾਂ। ਤੁਸੀਂ ਕਾਹਨੂੰ?" ਸਰਪੰਚ ਰੋਕਦਾ ਹੈ।

ਥੋੜ੍ਹੀ ਦੇਰ ਮਗਰੋਂ ਸਾਰੇ ਗੁਆਂਢੀ ਘਰਾਂ ਵਿਚੋਂ ਨਿਕਲ ਆਉਂਦੇ ਹਨ। ਘਰ ਪੁਲਿਸ ਨੇ ਸੀਲ ਕੀਤੇ ਹੋਏ ਹਨ। ਹੁਣ ਵੀ ਸਿਰਫ਼ ਨਿੱਕਾ ਸਿੰਘ ਤੇ ਚੂਹੜ ਸਿੰਘ ਨੂੰ ਬੁਲਾਇਆ ਹੈ। ਬਾਕੀ ਸਾਰੇ ਬਾਰਾਂ-ਚੌਦਾਂ ਘਰ ਸੀਲ ਹਨ। ਕੋਈ ਜੀਅ ਨਾ ਬਾਹਰ ਆ ਰਿਹਾ ਹੈ, ਨਾ ਅੰਦਰ ਜਾ ਰਿਹਾ ਹੈ।

ਅਸੀਂ ਸਾਰੇ ਲੋਥਾਂ ਨੂੰ ਟਰੱਕ 'ਚ ਲੱਦਣ ਵਿਚ ਮਦਦ ਕਰਦੇ ਹਾਂ। ਨਿੱਕਾ ਸਿੰਘ ਤੇ ਚੂਹੜ ਮਗਰੋਂ ਜੀਪ ਵਿਚ ਬਹਿ ਜਾਂਦੇ ਹਨ ਤੇ ਟਰੱਕ ਤੇ ਜੀਪਾਂ ਸਿਵਲ ਹਸਪਤਾਲ ਨੂੰ ਤੁਰ ਜਾਂਦੀਆਂ ਹਨ।...ਵਾਪਸੀ 'ਤੇ ਸਾਡੇ ਚਾਰਾਂ ਵਿਚੋਂ ਕੋਈ ਨਹੀਂ ਬੋਲ ਰਿਹਾ। ਅਸੀਂ ਚਾਰੇ ਘਰ ਮੁੜ ਰਹੇ ਹਾਂ। ਸਿਰਫ਼ ਘਰ ਦੇ ਕੋਲ ਆ ਕੇ ਚਾਚੇ ਹੁਰੀਂ ਬੋਲ ਪੈਂਦੇ ਹਨ, "ਰੇਲੂ ਨੇ ਠੀਕ ਨਹੀਂ ਕੀਤਾ।"

***

ਸ਼ਾਮ ਨੂੰ ਲੀਲੂ ਰੋਂਦਾ ਹੋਇਆ, ਬਾਲੜੀ ਨੂੰ ਮੋਢੇ ਲਾਈ ਘਰ ਆਉਂਦਾ ਹੈ। ਉਹਦੇ ਨੇੜਲੇ ਰਿਸ਼ਤੇਦਾਰ ਪੁੱਜ ਗਏ ਹਨ। ਸ਼ਾਇਦ ਉਨ੍ਹਾਂ ਵਿਚੋਂ ਕੋਈ ਇੱਕ ਬੰਦਾ ਵੀ ਨਾਲ ਹੈ।

"ਕੀ ਗੱਲ? ਐਂਜ ਰੋਂਦੈਂ?" ਮੈਂ ਪੁੱਛਦਾ ਹਾਂ।

"ਭਾਉ ਜੀ, ਬੁੜ੍ਹਾ ਵੀ ਮਰ ਗਿਐ। ਦੁਪਹਿਰੇ ਜਿਹੇ ਉਹਨੂੰ ਸਾਰੇ ਭਾਣੇ ਦਾ ਪਤਾ ਲੱਗ ਗਿਆ। ਅੱਧਾ-ਪਚੱਧਾ ਪਤਾ ਰਹਿੰਦਾ ਤਾਂ ਸ਼ਾਇਦ...। ਬੱਸ ਪਤਾ ਲੱਗਣ ਤੋਂ ਬਾਅਦ ਘੰਟਾ ਵੀ ਨਹੀਂ ਕੱਢਿਆ।" ਲੀਲੂ ਦੇ ਨਾਲ ਦਾ ਆਖਦਾ ਹੈ।

"ਚੱਲ ਕੋਈ ਨਾ ਮੇਰਾ ਵੀਰ! ਸਵੇਰ ਇਕੱਠੇ ਦਾਹੀ ਦਿਆਂਗੇ। ਜੋ ਕੁਦਰਤ ਨੂੰ ਮਨਜ਼ੂਰ!"

ਮੈਨੂੰ ਸ਼ਬਦ ਨਹੀਂ ਸੁੱਝ ਰਹੇ ਸਨ। ਬਾਪੂ ਜੀ ਹੁੰਦੇ ਤਾਂ ਦਿਲਾਸਾ ਦੇਣਾ ਸੌਖਾ ਹੁੰਦਾ। ਉਹ ਦੁਪਹਿਰੋਂ ਬਾਅਦ ਦੇ ਹੀ ਚਾਚੇ ਨੂੰ ਲੈ ਕੇ ਹਸਪਤਾਲ ਟੁਰ ਗਏ ਸਨ।

"ਬਾਲੜੀ ਨੂੰ ਸਾਂਭਣ ਵਾਲੀ ਕੋਈ ਬੈਠੀ ਐ ਘਰੇ?" ਮੈਂ ਆਈਆਂ ਬੁੱਢੀਆਂ ਬਾਰੇ ਲੀਲੂ ਕੋਲੋਂ ਪੁੱਛਦਾ ਹਾਂ।

"ਹਾਂ ਇੱਕ-ਅੱਧ ਦਿਨ ਤੇ ਭਾਊ ਜੀ, ਸਾਂਭ ਲੈਣਗੀਆਂ, ਬਾਅਦ 'ਚ ਪਤਾ ਨਹੀਂ।" ਲੀਲੂ ਕਹਿਣ ਲੱਗਾ।

"ਤੇਰੀ ਸੱਸ ਆਈ ਐ?" ਮੈਂ ਲੀਲੂ ਨੂੰ ਪੁੱਛਿਆ। ਉਦਾਂ ਮੈਨੂੰ ਪਤੈ ਕਿ ਲੀਲੂ ਦਾ ਸਹੁਰਾ ਹੈ ਨਹੀਂ। ਬੱਸ ਤਿੰਨ ਭੈਣਾਂ ਤੇ ਮਾਂ ਸਨ। ਇੱਕ ਮਕਬੂਲ ਪਿੰਡ ਵਿਆਹੀ ਹੈ ਤੇ ਦੂਜੀ ਲੀਲੂ ਕੋਲ ਸੀ। ਤੀਜੀ ਮਰ ਗਈ ਸੀ। ਬੁੜ੍ਹੀ ਹੁਣ ਬਿਆਸ ਡੇਰੇ ਰਹਿੰਦੀ ਪਈ ਸੀ।

"ਹਾਂ, ਆਈ ਐ ਪਰ ਉਹਦਾ ਕੀ ਭਰੋਸੈ? ਸਰੀਰ ਤਾਂ ਉਹਦਾ ਉਕਾ ਹੀ ਜਵਾਬ ਦਈ ਜਾਂਦੈ। ਨਾਲੇ ਉਹ ਡੇਰੇ ਹੀ ਰਹੂ ਹੁਣ।" ਲੀਲੂ ਆਖਦਾ ਹੈ। ਮੈਨੂੰ ਸੁੱਝ ਨਹੀਂ ਰਿਹਾ ਕਿ ਹੁਣ ਲੀਲੂ ਨੂੰ ਹੋਰ ਕੀ ਕਹਾਂ। ਹਾਰ ਕੇ ਮੈਂ ਨਿੱਕਾ ਸਿੰਘ ਦੀ ਦਿੱਤੀ ਸੂਚਨਾ ਲੀਲੂ ਕੋਲ ਦੁਹਰਾ ਦੇਂਦਾ ਹਾਂ, "ਨਿੱਕੇ ਬੱਚਿਆਂ ਦੀਆਂ ਲੋਥਾਂ ਦਾ ਪੋਸਟਮਾਰਟਮ ਨਹੀਂ ਹੋਇਆ। ਡਾਕਟਰਾਂ ਉਦਾਂ ਹੀ ਰਿਪੋਰਟ ਦੇ ਦਿੱਤੀ ਹੈ।"

"ਚੰਗਾ ਭਾਜੀ!" ਨਾਲ ਦਾ ਆਖਦਾ ਹੈ।

"ਚੱਲੋ, ਮੈਂ ਚੱਲਦਾ ਤੁਹਾਡੇ ਨਾਲ।" ਮੈਂ ਉਨ੍ਹਾਂ ਨਾਲ ਹੀ ਉਠ ਪੈਂਦਾ ਹਾਂ। ਮੈਨੂੰ ਉਡੀਕ ਹੈ ਕਿ ਨਿੱਕਾ ਤੇ ਚੂਹੜ ਦੁਬਾਰਾ ਗਏ ਨੇ ਸਰਪੰਚ ਤੇ ਬਾਪੂ ਹੁਰਾਂ ਨਾਲ, ਸ਼ਾਇਦ ਜਲਦੀ ਲੋਥਾਂ ਲੈ ਆਣ।

***

ਲੀਲੂ ਦੀ ਸੱਸ ਤੀਜੇ ਦਿਨ ਟੁਰ ਗਈ। ਲੋਥਾਂ ਦਾ ਸਸਕਾਰ ਅਗਲੇ ਦਿਨ ਹੋਇਆ ਸੀ। ਮਲ੍ਹਾਗਰ ਬੁੱਢਾ ਵੀ ਟੱਬਰ ਨਾਲ ਦਾਗਿਆ ਗਿਆ। ਲੀਲੂ ਦੀ ਸੱਸ ਨੇ ਇੱਕ ਦਿਨ ਹੋਰ ਕੱਢਿਆ। ਲੀਲੂ ਤੋਂ ਵੱਡੇ ਭਰਾ ਘੁੱਕ ਦਾ ਸਾਰਾ ਟੱਬਰ ਮਾਰਿਆ ਗਿਆ ਸੀ। ਅਣਵਿਆਹਿਆ ਪੀਤੂ ਤੇ ਲੀਲੂ ਹੁਰਾਂ ਦੀ ਭੂਆ ਦਾ ਮੁੰਡਾ, ਜਿਹੜਾ ਪ੍ਰਾਹੁਣਾ ਆਇਆ ਸੀ, ਸਣੇ ਤੀਵੀਂ-ਮਾਲਕ ਮਾਰੇ ਗਏ ਸਨ। ਬਚੀ ਹੋਈ ਨਿੱਕੀ ਕੁੜੀ, ਜਿਹੜੀ ਘੁੱਕ ਦੀ ਸੀ, ਅਜੇ ਛੇ ਮਹੀਨਿਆਂ ਦੀ ਬਾਲੜੀ ਸੀ, ਉਹ ਚੂਹੜ ਹੁਰਾਂ ਸਾਂਭੀ ਹੋਈ ਸੀ। ਪਰ ਉਹ ਵੀ ਵਿਚੋਂ ਡਰੇ ਹੋਏ ਸਨ ਕਿਉਂਕਿ ਰੇਲੂ ਹੁਰਾਂ ਦੇ ਬੰਦੇ ਅਖ਼ਬਾਰ ਵਿਚ ਬਿਆਨ ਲੁਆ ਚੁੱਕੇ ਸਨ ਕਿ ਜਿਹੜਾ ਇਸ ਟੱਬਰ ਦੀ ਮਦਦ ਕਰੂ ਅਸੀਂ ਉਸ ਨਾਲ ਵੀ ਨਜਿੱਠਾਂਗੇ।

ਪਰ ਕੁਝ ਸਾਡੇ ਟੱਬਰ ਦਾ ਦਾਬਾ ਸੀ ਕਿ ਸਿੱਧਾ ਕਦੀ ਕੋਈ ਅਜੇ ਤਕ ਦੁਬਾਰਾ ਇਸ ਪਿੰਡ ਨਹੀਂ ਸੀ ਵੜਿਆ।

ਭੋਗ ਆਲੇ ਦਿਨ ਲੀਲੂ ਬਾਪੂ ਜੀ, ਚਾਚਾ ਜੀ ਤੇ ਮੈਨੂੰ ਆ ਕੇ ਬੇਨਤੀ ਕਰ ਗਿਆ ਸੀ ਕਿ ਭੋਗ ਤੋਂ ਮਗਰੋਂ ਠਹਿਰਿਓ। ਪਿੰਡ ਦੇ ਇੱਕ-ਦੋ ਹੋਰ ਮੋਹਤਬਰ ਵੀ ਉਸ ਰੋਕਣੇ ਸਨ। ਘੁੱਕ ਦੀ ਵਹੁਟੀ ਦਾ ਪੇਕਾ, ਬੱਚੀ ਨੂੰ ਲੈਣੋਂ ਨਾਬਰ ਸੀ। ਲੀਲੂ ਕੋਲੋਂ ਸਦਾ ਲਈ ਬੱਚੀ ਦੀ ਪਾਲਣਾ ਮੁਸ਼ਕਲ ਸੀ। ਉਧਰ ਚੂਹੜ ਹੁਰੀਂ ਬੱਚੀ ਨੂੰ ਦੇਣ ਦੀ ਗੱਲ ਕਰ ਰਹੇ ਸਨ।

ਭੋਗ ਵਾਲੇ ਦਿਨ ਅਸੀਂ ਗਏ ਸਾਂ। ਲੀਲੂ ਦੀ ਪੈਰਵਾਈ ਜ਼ਰੂਰੀ ਸੀ। ਚੂਹੜ ਸਿੰਘ ਹੁਰੀਂ ਬੱਚੀ ਵੀ ਲਿਆਏ ਸਨ। ਲੀਲੂ ਦੇ ਵਿਰੋਧ ਵਿਚ ਵੀ ਇੱਕ-ਦੋ ਜੀਅ ਆਏ ਹੋਣਗੇ, ਸੋ ਉਹ ਇਸ ਗੱਲੋਂ ਚਿੰਤਤ ਸੀ। ਅਸੀਂ ਮੈਂ, ਬਾਪੂ ਜੀ, ਚਾਚਾ ਜੀ ਤੇ ਪ੍ਰੀਤਮ ਗਏ ਸਾਂ। ਚਾਚਾ ਜੀ ਦਾ ਵਿਚਾਰ ਸੀ ਕਿ ਭੋਗ ਤੋਂ ਇਕਦਮ ਮਗਰੋਂ ਛੋਟੀ ਜਿਹੀ ਮੀਟਿੰਗ ਕਰਕੇ ਗੱਲ ਨਿਬੇੜ ਦੇਣੀ ਚਾਹੀਦੀ ਹੈ।

ਬੰਦੇ, ਜ਼ਨਾਨੀਆਂ ਸਾਰੇ ਲਾ-ਪਾ ਕੇ ਮਸਾਂ ਪੰਜਾਹ-ਸੱਠ ਸਨ। ਭਲੇ ਵੇਲੇ ਕਿਤੇ ਮਕਾਣਾਂ ਆਉਂਦੀਆਂ ਤਾਂ ਸ਼ਾਇਦ 'ਕੱਠ ਕਿਤੇ ਚਾਰ-ਪੰਜ ਸੌ ਤੋਂ ਉਪਰ ਹੋ ਜਾਣਾ ਸੀ। ਹੁਣ ਤੇ ਹਰ ਘਰ 'ਚੋਂ ਮਸਾਂ ਇੱਕ-ਦੋ ਜੀਅ ਆਏ ਸਨ, ਬਹੁਤੀਆਂ ਜ਼ਨਾਨੀਆਂ ਸਨ ਤੇ ਕਿਤੇ ਟਾਂਵਾਂ-ਟੱਲਾ ਬੰਦਾ ਸੀ।

ਸਿਵਾਏ ਅਫ਼ਸੋਸੇ ਬੈਠੇ ਲੀਲੂ ਦੇ, ਮੈਨੂੰ ਤੇ ਕੋਈ ਚੱਜ ਦਾ ਬੰਦਾ ਨਹੀਂ ਸੀ ਦਿੱਸ ਰਿਹਾ।

"ਬਾਪੂ ਜੀ, ਕੀ ਗੱਲ ਇਨ੍ਹਾਂ ਦਾ ਵੀ ਤਾਣ ਮੁੱਕ ਗਿਆ ਜਾਪਦੈ?" ਮੈਂ ਚੁੱਪ ਕੀਤੇ ਬਾਪੂ ਹੁਰਾਂ ਦੇ ਕੰਨ ਵਿਚ ਕਿਹਾ।

"ਗੱਲ ਏਦਾਂ ਨਹੀਂ ਪੁੱਤਰ। ਸਮਾਂ ਤੇ ਵੇਖ। ਨਾਲੇ ਕਤਲਾਂ ਦੀ ਜ਼ੁੰਮੇਵਾਰੀ ਵੀ 'ਬਾਬੇ ਮਾਨੋਚਾਹਲ' ਦੇ ਬੰਦਿਆਂ ਲਈ ਏ। ਇਹ ਵਿਚਾਰੇ ਵੀ ਕੀ ਕਰਨ? ਉਹ ਤੇ 'ਭਾਊਆਂ' ਦੇ ਨਾਂ ਤੋਂ ਵੀ ਤ੍ਰਹਿੰਦੇ ਨੇ।" ਬਾਪੂ ਹੁਰਾਂ ਧੀਮੀ ਆਵਾਜ਼ 'ਚ ਕਿਹਾ।

ਮੈਂ ਸਭ ਦੇ ਚਿਹਰਿਆਂ ਦਾ ਜਾਇਜ਼ਾ ਲਿਆ। ਬਹੁਤਿਆਂ ਦੇ ਚਿੱਟੇ ਲੀੜੇ ਪਾਏ ਹੋਏ ਸਨ ਪਰ ਮੈਲਖੋਰੇ ਜਿਹੇ, ਪੂਰਾ ਚਿੱਟਾ ਕਿਸੇ ਦਾ ਹੀ ਦਿੱਸਦਾ ਸੀ। ਜ਼ਨਾਨੀਆਂ ਦੇ ਸਿਰਾਂ 'ਤੇ ਵੀ ਚਿੱਟੇ ਝੋਛਣ ਹਨ। ਕਾਲੇ-ਕਾਲੇ ਚਿਹਰਿਆਂ ਨਾਲ ਉਹ ਸਭੇ ਪੰਜਾਹ-ਸੱਠ ਜਣੇ ਬੜੇ ਰਹੱਸਮਈ ਜਿਹੇ ਜਾਪਦੇ ਸਨ। ਉਦਾਂ ਮੇਰੀ ਉਮਰ ਉਨ੍ਹਾਂ ਵਰਗਿਆਂ ਵਿਚ ਹੀ ਕੱਟੀ ਸੀ ਪਰ ਅੱਜ ਸਭਨਾਂ ਨੂੰ ਏਦਾਂ ਅਫ਼ਸੋਸਿਆ ਬੈਠਾ ਵੇਖ ਮੈਨੂੰ ਬੜਾ ਅਜੀਬ ਲੱਗ ਰਿਹਾ ਸੀ। ਉਹ ਪਿੰਡ ਵਾਲਿਆਂ ਨਾਲ ਕਿਵੇਂ ਵੀ ਰਲਦੇ ਨਹੀਂ ਸਨ। "ਕੀ ਵਾਹਯਾਤ ਸੋਚੀ ਜਾ ਰਿਹੈਂ?" ਮਨ ਨੇ ਜਿਵੇਂ ਆਪ ਨੂੰ ਲਾਹਨਤ ਪਾਈ ਤੇ ਫ਼ਜ਼ੂਲ ਵਿਚਾਰਾਂ ਨੂੰ ਛੱਡ ਸਿੱਧਾ ਹੋ ਕੇ ਬੈਠ ਗਿਆ।

"ਹਾਂ। ਇਹ ਜੋ ਹੋਇਆ, ਬੜਾ ਮਾੜਾ ਹੋਇਐ। ਪਰ ਕੀ ਕਰੀਏ, ਰੱਬ ਦਾ ਭਾਣਾ ਮੰਨਣਾ ਪੈਣੈ," ਬਾਪੂ ਜੀ ਨੇ ਗੱਲਬਾਤ ਸ਼ੁਰੂ ਕਰਦਿਆਂ ਕਿਹਾ।

"ਹਾਂ ਜੀ, ਸਰਦਾਰੋ, ਮਾੜਾ ਤੇ ਬੜਾ ਹੀ ਹੋਇਐ। ਕੀ ਕਹੀਏ, ਕੀ ਨਾ ਕਹੀਏ। ਓੜਕ ਭਾਊਆਂ ਕੀਤਾ ਤੇ ਮਾੜਾ ਈ ਏ।" ਇੱਕ ਸਿਆਣੀ ਉਮਰ ਦਾ ਬੰਦਾ ਕਹਿਣ ਲੱਗਾ।

"ਸਰਦਾਰਾ! ਤੇਰੇ ਹੁੰਦਿਆਂ ਇਹ ਕਾਰਾ! ਤੇਰੇ ਗੁਆਂਢ ਦਾ ਕੀ ਫੈਦਾ। ...ਕੀ 'ਨਸਾਫ?" ਇੱਕ ਬੁੱਢੀ ਨੇ ਸਿੱਧੀ ਮੇਰੇ ਬਾਪੂ ਹੁਰਾਂ ਵੱਲ ਹੱਥ ਕਰ ਮੂੰਹ 'ਤੇ ਕਹਿ ਦਿੱਤੀ।

ਬਾਪੂ ਜੀ ਦਾ ਮੂੰਹ ਬੱਗਾ ਹੋ ਗਿਆ ਤੇ ਦੁੱਖ ਤੇ ਸ਼ਰਮ ਨਾਲ ਉਨ੍ਹਾਂ ਦੀ ਚਿੱਟੀ ਦਾਹੜੀ ਕੰਬਣ ਲੱਗੀ। ਸਾਰੇ ਚੁੱਪ ਵਰਤ ਗਈ ਤੇ ਸਭੇ ਇਧਰ-ਉਧਰ ਝਾਕਣ ਲੱਗੇ।

"ਬੀਬੀ! ਮੇਰੇ ਵੱਸ ਹੁੰਦਾ ਤੇ ਬਰਾਬਰ ਦੀ ਭਾਜੀ ਮੋੜਦਾ। ਇਹ ਨਵਾਂ ਛੋਕਰ-ਵਾਧਾ ਕੀ ਮੇਰੇ ਵੱਸ ਐ...।" ਬਾਪੂ ਹੁਰਾਂ ਮਸਾਂ ਪਰਤਵਾਂ ਹੁੰਗਾਰਾ ਮੋੜਿਆ।

ਪਰ ਸਭ ਪਾਸੇ ਚੁੱਪ ਛਾਈ ਰਹੀ। ਮਨਹੂਸ ਚੁੱਪ ਸਭ ਨੂੰ ਚੁਭ ਰਹੀ ਸੀ ਕਿ ਏਨੇ ਨੂੰ ਦਾਣੀ ਵਿਚੋਂ 'ਦੌਲਾ ਚੂਹਾ' ਬਾਪੂ ਜੀ ਦੀ ਹਮਾਇਤ ਵਿਚ ਬਹੁੜ ਪਿਆ। ਉਸ ਦੀ ਆਵਾਜ਼ 'ਚ ਗੜ੍ਹਕ ਸੀ, "ਮਾਈ! ਇਹ ਤੇ ਬਾਪੂ ਦੀ ਕਿਰਪਾ ਕਿ ਤੇਰੇ ਲਾਣੇ ਦੀਆਂ ਦੇਹਾਂ ਸਾਂਭੀਆਂ ਗਈਆਂ। ਨਹੀਂ ਤੇ ਸਿੰਘਾਂ ਜ਼ੁੰਮੇਵਾਰੀ ਲਈ ਹੋਵੇ ਤੇ ਪਿੰਡ ਦੀ ਕੀ ਮਜਾਲ ਸੀ ਕਿ ਕੋਈ ਦੇਹਾਂ ਸੰਭਾਲ ਜਾਂਦਾ। ਸਸਕਾਰ ਖੁਣੋਂ ਪਈਆਂ ਰਹਿਣੀਆਂ ਸੀ। ਬਾਕੀ ਬਾਪੂ ਈ ਆ, ਜਿਹੜਾ ਹਿੰਮਤ ਕਰ ਗਿਆ ਗੁਰਾਂ ਦੇ ਨਾਂ 'ਤੇ, ਨਹੀਂ ਤਾਂ...।" ਦੌਲਾ ਚੂਹਾ ਬਾਕੀ ਦੀ ਗੱਲ ਵਿਚੇ ਹੀ ਛੱਡ ਗਿਆ। ਇਸ ਗੱਲ 'ਤੇ ਲੋਕਾਂ ਵਿਚ ਥੋੜ੍ਹੀ ਘੁਸਰ-ਮੁਸਰ ਤੇ ਹਿੱਲ-ਜੁੱਲ ਹੋਈ। ਏਨੇ ਨੂੰ ਲੀਲੂ ਰੋਣ ਲੱਗ ਪਿਆ।

"ਮੈਂ ਛੱਡੂੰਗਾ ਨਹੀਂ ਉਨ੍ਹਾਂ ਨੂੰ। ਮੈਂ ਲੀਰਾਂ ਨਾ ਲਮਕਾਈਆਂ ਤੇ...।" ਲੀਲੂ ਕੋਲੋਂ ਸ਼ਬਦ ਮੁੱਕ ਗਏ।

"ਪੁੱਤਰਾ! ਤੈਨੂੰ ਨਹੀਂ ਕੁਝ ਕਰਨ ਦੀ ਲੋੜ। ਮੈਂ ਕਿਸੇ ਨੂੰ ਕੱਖ ਨੀ ਜਾਣਦਾ। ਕਿਤੇ ਰੇਲੂ ਮੈਨੂੰ ਟੱਕਰ ਪਿਆ ਤਾਂ ਦੇਖੀਂ ਕਿਵੇਂ ਲਫੇੜੇ ਮਾਰੂੰ ਉਹਦੇ ਮੈਂ।" ਬਾਪੂ ਹੁਰੀਂ ਅੰਤ ਕ੍ਰੋਧੀ ਹੋ ਕੇ ਕਹਿਣ ਲੱਗੇ। ਪ੍ਰੀਤਮ ਅਵਾਕ ਉਨ੍ਹਾਂ ਵੱਲ ਤੱਕਣ ਲੱਗਾ।

ਗੱਲਬਾਤ ਲੀਹੋਂ ਲਹਿ ਰਹੀ ਸੀ। ਚਾਚੇ ਹੁਰਾਂ ਮੌਕਾ ਸਾਂਭਿਆ।

"ਜਿਹੜੀ ਗੱਲ ਕਰਨ ਵਾਲੀ ਆ, ਪਹਿਲਾਂ ਉਹ ਨਬੇੜ ਲਈਏ। ਬਾਕੀ ਦੇ ਟੰਟੇ ਬਾਅਦ 'ਚ।"

"ਠੀਕ ਐ।" ਜਿਊਣਾ ਕਹਿਣ ਲੱਗਾ।

"ਏਸ ਛੀ ਮਹੀਨਿਆਂ ਦੀ ਬਾਲੜੀ ਦਾ ਕੀ ਕਰਨਾ? ਇਹ ਹੁਣ ਤੁਸੀਂ ਵੇਖ ਲਵੋ ਵਿਚਾਰ ਕਰਕੇ।" ਚਾਚੇ ਨੇ ਸਪਸ਼ਟ ਕਹਿ ਦਿੱਤਾ।

ਇਹ ਮੀਟਿੰਗ ਏਸੇ ਲਈ ਰੱਖੀ ਸੀ ਤੇ ਸਾਰੇ ਕਿੰਨੀ ਦੇਰ ਦੇ ਇਸ ਵਿਸ਼ੇ 'ਤੇ ਗੱਲ ਕਰਨੋਂ ਜੱਕੋ-ਤੱਕੋ ਕਰ ਰਹੇ ਸਨ।

ਹੁਣ ਡੱਕੇ ਖੁਰਚਣ ਦੀ ਵਾਰੀ ਦਲਿਤਾਂ ਦੀ ਸੀ। ਮੈਂ ਸਾਰਿਆਂ ਵੱਲ ਨਜ਼ਰ ਮਾਰੀ। ਸਭ ਦੇ ਚਿਹਰੇ ਉਪਰ ਨਾਂਹ ਲਿਖੀ ਹੋਈ ਸੀ। ਬਾਪੂ ਜੀ ਤੇ ਚਾਚੇ ਹੁਰੀਂ ਵੀ ਪੱਕੀਆਂ, ਪੀਡੀਆਂ ਨਜ਼ਰਾਂ ਨਾਲ ਸਭ ਦਲਿਤਾਂ ਦਾ ਮੂੰਹ ਤਾੜ ਰਹੇ ਸਨ। ਸ਼ਾਇਦ ਉਨ੍ਹਾਂ ਦੋਵਾਂ ਨੇ ਵੀ ਨਾਂਹ ਪੜ੍ਹ ਲਈ ਸੀ ਪਰ ਬੋਲਣ ਦੀ ਪਹਿਲ ਕੋਈ ਧਿਰ ਨਹੀਂ ਸੀ ਕਰ ਰਹੀ।

"ਤੇ ਲੀਲੂ ਨੇ ਨੌਕਰੀ ਨੀ ਕਰਨੀ ਹੁਣ, ਇਹ ਪੱਕਾ ਐ?" ਬਾਹਰੋਂ ਆਇਆਂ ਵਿਚੋਂ ਇੱਕ ਸਿਆਣੀ ਉਮਰ ਦਾ ਬੁੱਢਾ ਮੋਕਾ ਬੋਚਦਾ ਬੋਲਿਆ।

"ਲੀਲੂ ਦੀ ਮਰਜ਼ੀ ਐ। ਨਾਲੇ ਹੋਮਗਾਰਡੀਆਂ ਨੂੰ ਮਿਲਦਾ ਵੀ ਕੀ ਐ? ਕਰੇ ਜਾਂ ਛੱਡੇ ਇਹ ਉਹਦਾ ਮਸਲਾ।" ਚਾਚਾ ਦੋ ਟੁੱਕ ਗੱਲਾਂ ਕਰਕੇ ਮੁਕਾਊ ਸੀ।

"ਤੇ ਜੇ ਉਸ ਨੌਕਰੀ ਨੀ ਕਰਨੀ, ਤਾਂ ਉਹੀ ਸਾਂਭੂ ਬਾਲੜੀ ਵੀ?" ਉਸੇ ਬੁੱਢੇ ਨੇ ਚੁਸਤ ਭਲਵਾਨਾਂ ਵਾਂਗ ਭਲੱਥਾ ਮਾਰਦਿਆਂ ਕਿਹਾ।

"ਓਏ...! ਨਿਆਣੀ ਕਿੱਦਾਂ ਸਾਂਭੂ ਬੰਦਾ? ਮੈਂ ਇਹੀ ਪਿੱਟਣ ਡਿਹਾਂ ਏਨੀ ਦੇਰ ਦਾ, ਬਈ ਕੋਈ ਟੱਬਰੀ ਆਲਾ, ਕਬੀਲਦਾਰ ਲੈ ਜਾਵੇ ਤੁਹਾਡੇ ਵਿਚੋਂ ਇਹਨੂੰ। ਤੇ ਤੁਸੀਂ... ਤਹਾਨੂੰ ਸ਼ਰਮ ਦਾ ਘਾਟਾ ਇਆ।" ਆਖ ਬਾਪੂ ਹੁਰਾਂ ਨੂੰ ਗੁੱਸਾ ਆ ਗਿਆ ਤੇ ਉਹ ਗਾਲ੍ਹੀਂ ਡਹਿ ਪਏ।

ਮੈਂ ਲੰਮਾ ਸਮਾਂ ਉਨ੍ਹਾਂ ਦੀ ਬਹਿਸ ਸੁਣਦਾ ਰਿਹਾ। ਦਲਿਤਾਂ ਵਿਚ ਮੁੜ ਘੁਸਰ-ਮੁਸਰ ਹੋਣ ਲੱਗ ਪਈ।

"ਜਾਂ ਫੇਰ ਲੀਲੂ ਨੂੰ ਪੁੰਨ ਦਾ ਸਾਕ ਦੇ ਦਿਉ ਹੁਣੇ ਜਾਂ ਕਿਸੇ ਘਰੋਂ ਹੀ ਦਵਾ ਦਿਉ। ਨਹੀਂ ਤਾਂ 'ਕਲ੍ਹੇ ਲੀਲੂ ਕੋਲੋਂ ਬਾਲੜੀ ਨਹੀਂ ਸਾਂਭ ਹੋਣੀ।" ਮੈਂ ਗੱਲ ਸੰਭਾਲੀ।

"ਰਿਸ਼ਤਾ ਸਰਦਾਰ ਜੀ ਹੁਣ ਲੀਲੂ ਨੂੰ ਕਿੱਥੇ? ਇਹ ਤਾਂ ਭੁੱਲ ਹੀ ਜਾਊ। ਭਾਊਆਂ ਆ ਕੇ ਸਾਰਾ ਜੀਆ-ਜੰਤ ਮਾਰ ਦੇਣੈ, ਜਿਸ ਲੀਲੂ ਨੂੰ ਕੁੜੀ ਦਿੱਤੀ। ਕੌਣ ਹਾਂ ਕਰੂ ਬਈ... ਨਾਂਹ ਭਲੀ ਐ।" ਲੰਮੀ ਚੁੱਪ ਮਗਰੋਂ ਲੀਲੂ ਦਾ ਇੱਕ ਕਰੀਬੀ ਰਿਸ਼ਤੇਦਾਰ ਬੋਲਿਆ।

ਲੀਲੂ ਸਾਰਾ ਸਮਾਂ ਬੌਤਰਿਆਂ ਵਾਂਗ ਜ਼ਮੀਨ ਵੱਲ ਨਜ਼ਰਾਂ ਗੱਡ ਕੇ ਬੈਠ ਰਿਹਾ।

ਕੁਛ ਦੇਰ ਦੀ ਚੁੱਪ ਮਗਰੋਂ ਬਾਪੂ ਹੁਰੀਂ ਉਠੇ ਤੇ ਪਰਨਾ ਝਾੜਿਆ। ਮਗਰੋਂ ਚਾਚਾ ਵੀ ਉਠ ਖੜੋਤਾ ਤੇ ਬਾਕੀ ਜੱਟ ਵੀ ਉਠ ਪਏ। ਲੀਲੂ ਸੈਨਤ ਨਾਲ ਖੜ੍ਹਾ ਕਰ ਲਿਆ, "ਚੰਗਾ ਭਾਈ, ਤੁਹਾਡੀਆਂ ਤੁਸੀਂ ਨਬੇੜੋ। ਆਪਣੀਆਂ ਅਸੀਂ ਨਬੇੜਾਂਗੇ। ਬਾਲੜੀ ਜੇ ਕੋਈ ਨਾ ਲਊ ਤੇ ਅਸੀਂ ਫੇਰ ਕਿਤੇ ਬੰਨ੍ਹ-ਸੁਬ ਕਰਾਂਗੇ। ਓੜਕ ਕੰਨਿਆ ਨੂੰ ਐਵੇਂ ਨਹੀਂ...।" ਬਾਪੂ ਹੁਰਾਂ ਨਿਬੇੜਾ ਕੀਤਾ।

"ਰੁਕੋ ਸਰਦਾਰ ਜੀ! ਤਿਹਾਡੇ ਬਿਨਾਂ ਕੌਣ ਕਰੂ ਨਿਬੇੜੇ?" ਦਲਿਤ ਵਾਸਤਾ ਪਾ ਉਠੇ। ਘੁੱਕ ਦੇ ਸਹੁਰੇ ਆਏ ਹੋਏ ਸਨ ਪਰ ਚੁੱਪ ਸਨ। ਬਾਪੂ ਜੀ ਬੈਠ ਗਏ। ਮਗਰ ਅਸੀਂ ਸਾਰੇ ਵੀ।

*(ਬਾਕੀ ਸਫਾ 33 'ਤੇ)*

# ਆਫੀਆ ਸਦੀਕੀ ਦਾ ਜਹਾਦ



1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਉਹ ਅਮਰੀਕਾ ਵਿਚ ਪੜ੍ਹੀ; ਪਹਿਲਾਂ ਡਾਕਟਰ ਤੇ ਫਿਰ ਜਹਾਦੀ ਬਣੀ। ਇਹ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ।

**ਕਿਸ਼ਤ ਦਸਵੀਂ**

## ਤੁਸੀਂ ਪੜ੍ਹ ਚੁਕੇ ਹੋ...

*ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੀ ਕਿ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਹੋਵੇ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਨਾਅਰਾ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਉਤਸ਼ਾਹ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਉਹ ਵੀ ਉਸ ਕੋਲ ਅਮਰੀਕਾ ਪੁੱਜ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਆਫੀਆ ਪਾਕਿਸਤਾਨ ਪਰਤ ਗਈ ਅਤੇ ਅਮਜਦ ਨੂੰ ਵੀ ਸੱਦ ਲਿਆ...ਹੁਣ ਅੱਗੇ ਪੜ੍ਹੋ...*

ਜਦੋਂ ਅਮਜਦ ਘਰ ਪਹੁੰਚਿਆ ਤਾਂ ਬਾਕੀ ਪਰਿਵਾਰ ਉਸ ਦੇ ਆਉਣ 'ਤੇ ਖੁਸ਼ ਤਾਂ ਹੋਇਆ ਪਰ ਉਨ੍ਹਾਂ ਨੂੰ ਅਫਸੋਸ ਵੀ ਸੀ ਕਿ ਉਸ ਦੀ ਪੜ੍ਹਾਈ ਦਾ ਨੁਕਸਾਨ ਹੋ ਗਿਆ। ਆਫੀਆ ਇੰਨੀ ਖੁਸ਼ ਸੀ ਕਿ ਧਰਤੀ 'ਤੇ ਅੱਡੀ ਨਹੀਂ ਸੀ ਲੱਗ ਰਹੀ। ਉਸੇ ਰਾਤ ਉਹ ਅਮਜਦ ਦੇ ਕੋਲ ਬਹਿੰਦੀ ਹੋਈ ਬੋਲੀ, "ਅਮਜਦ, ਤੂੰ ਬੜੇ ਸਹੀ ਮੌਕੇ 'ਤੇ ਆਇਐਂ।"

"ਕੀ ਮਤਲਬ?"

"ਮਤਲਬ ਇਹ ਕਿ ਇਸ ਵੇਲੇ ਸੁਲੇਮਾਨ ਅਹਿਮਰ ਵੀ ਇੱਥੇ ਈ ਐ।"

"ਕੌਣ ਸੁਲੇਮਾਨ?" ਅਮਜਦ ਉਸ ਦੀ ਗੱਲ ਸੁਣ ਕੇ ਹੈਰਾਨ ਹੋਇਆ।



ਹਰਮਹਿੰਦਰ ਚਹਿਲ
ਫੋਨ: 703-362-3239
e-mail: chahals57@yahoo.com

"ਤੂੰ ਸ਼ਾਇਦ ਉਸ ਨੂੰ ਮਿਲਿਆ ਤਾਂ ਹੋਵੇਂਗਾ, ਪਰ ਉਸ ਨੂੰ ਨਿੱਜੀ ਤੌਰ 'ਤੇ ਨ੍ਹੀਂ ਜਾਣਦਾ।"

"ਪਰ ਅਜਿਹੀ ਕੀ ਗੱਲ ਐ ਕਿ ਮੈਂ ਅਜੇ ਘਰੇ ਆ ਕੇ ਪੈਰ ਈ ਧਰਿਐ ਤੇ ਤੂੰ ਕੁਝ ਜ਼ਿਆਦਾ ਈ ਉਤਸ਼ਾਹਤ ਹੋਈ ਫਿਰਦੀ ਐਂ?"

"ਕਿਉਂਕਿ ਗੱਲ ਈ ਅਜਿਹੀ ਐ। ਜਿਸ ਵਕਤ ਦਾ ਮੈਨੂੰ ਚਿਰਾਂ ਤੋਂ ਇੰਤਜ਼ਾਰ ਸੀ, ਉਹ ਆਣ ਪਹੁੰਚਿਐ।"

ਅਮਜਦ ਬਿਨਾਂ ਕੁਝ ਕਹੇ ਉਸ ਵੱਲ ਵੇਖਦਾ ਰਿਹਾ ਤਾਂ ਉਹ ਬੋਲੀ, "ਸੁਲੇਮਾਨ ਅਹਿਮਰ ਬੇਨੇਵੋਲੈਂਸ ਇੰਟਰਨੈਸ਼ਨਲ ਜਥੇਬੰਦੀ ਦਾ ਸ਼ਿਕਾਗੋ ਦਾ ਡਾਇਰੈਕਟਰ ਸੀ। ਹੁਣ ਉਹ ਪੱਕੇ ਤੌਰ 'ਤੇ ਅਮਰੀਕਾ ਛੱਡ ਆਇਆ ਐ। ਇੱਥੇ ਉਸ ਨੇ ਆਪਣੀ ਇੱਕ ਹੋਰ ਚੈਰਿਟੀ ਸ਼ੁਰੂ ਕਰ ਲਈ ਐ ਜਿਸ ਰਾਹੀਂ ਉਹ ਫੰਡ ਇਕੱਠਾ ਕਰ ਕੇ ਅਫਗਾਨਿਸਤਾਨ ਵਿਚ ਲੜ ਰਹੇ ਤਾਲਿਬਾਨ ਦੀ ਮੱਦਦ ਕਰਦਾ ਐ। ਇਸ ਤੋਂ ਬਿਨਾਂ ਉਹ ਨਵੇਂ ਜਹਾਦੀਆਂ ਦੀ ਭਰਤੀ ਕਰ ਕੇ ਵੀ ਅਫਗਾਨਿਸਤਾਨ ਭੇਜ ਰਿਹਾ ਐ।"

"ਫਿਰ ਮੈਂ ਕੀ ਕਰਾਂ?" ਅਮਜਦ ਨੇ ਤਿਉੜੀ ਚੜ੍ਹਾਈ।

"ਮੈਂ ਉਸ ਨਾਲ ਤੇਰੇ ਬਾਰੇ ਗੱਲ ਕਰ ਲਈ ਐ।"

"ਮੇਰੇ ਬਾਰੇ? ਕਿਸ ਕੰਮ ਦੇ ਸਿਲਸਲੇ ਵਿਚ?"

"ਪਹਿਲਾਂ ਮੇਰੀ ਪੂਰੀ ਗੱਲ ਸੁਣ ਲੈ, ਫਿਰ ਬੋਲੀਂ।"

ਅਮਜਦ ਕੁਝ ਨਾ ਬੋਲਿਆ। ਉਹ ਚੁੱਪ-ਚਾਪ ਆਫੀਆ ਦੇ ਮੂੰਹ ਵੱਲ ਵੇਖਦਾ ਰਿਹਾ। ਆਫੀਆ ਫਿਰ ਬੋਲਣ ਲੱਗੀ, "ਮੈਂ ਸਾਰੀ ਗੱਲਬਾਤ ਪੱਕੀ ਕਰ ਲਈ ਐ। ਸੁਲੇਮਾਨ ਅਹਿਮਰ ਤੈਨੂੰ ਆਪਣੇ ਗਰੁਪ 'ਚ ਲੈਣਾ ਮੰਨ ਗਿਆ ਐ। ਤੂੰ ਇੱਥੋਂ ਚੱਲ ਕੇ ਬਾਰਡਰ 'ਤੇ ਪੈਂਦੇ ਬਲੋਚਿਸਤਾਨ ਦੇ ਸ਼ਹਿਰ ਕੋਇਟਾ ਜਾਵੇਂਗਾ। ਉਥੋਂ ਸੁਲੇਮਾਨ ਦੇ ਬੰਦੇ ਤੈਨੂੰ ਬਾਰਡਰ ਪਾਰ ਕਰਾ ਕੇ ਅਫਗਾਨਿਸਤਾਨ ਦੇ ਸ਼ਹਿਰ ਕਲਟ ਪਹੁੰਚਾਉਣਗੇ। ਉਥੇ ਦੇ ਲੋਕਲ ਹਸਪਤਾਲ 'ਚ ਸੁਲੇਮਾਨ ਨੇ ਤੇਰੇ ਲਈ ਕੰਮ ਦਾ ਇੰਤਜ਼ਾਮ ਕਰ ਦਿੱਤਾ ਹੋਇਆ ਐ।"

"ਆਫੀਆ, ਤੇਰਾ ਦਿਮਾਗ ਤਾਂ ਨ੍ਹੀਂ ਖਰਾਬ ਹੋ ਗਿਆ?"

"ਕਿਉਂ?"

"ਤੂੰ ਮੈਨੂੰ ਇਹ ਦੱਸ ਕਿ ਮੈਂ ਕਿਉਂ ਕੋਇਟਾ ਜਾਵਾਂ। ਕਿਉਂ ਮੈਂ ਬਾਰਡਰ ਲੰਘ ਕੇ ਅਫਗਾਨਿਸਤਾਨ ਜਾਵਾਂ। ਤੇ ਰਹੀ ਗੱਲ ਹਸਪਤਾਲ ਵਿਚ ਕੰਮ ਕਰਨ ਦੀ, ਤੈਨੂੰ ਮੈਂ ਕਦੋਂ ਕਿਹਾ ਐ ਕਿ ਮੈਨੂੰ ਨੌਕਰੀ ਦੀ ਜ਼ਰੂਰਤ ਐ?"

"ਇਹ ਕੰਮ ਤੂੰ ਆਪਣੀ ਨੌਕਰੀ ਦੀ ਜ਼ਰੂਰਤ ਪੂਰੀ ਕਰਨ ਲਈ ਨ੍ਹੀਂ ਕਰ ਰਿਹਾ।"

"ਹੋਰ ਫਿਰ ਇਹ ਸਭ ਕੀ ਐ?"

"ਉਹ ਹਸਪਤਾਲ ਜਹਾਦੀਆਂ ਲਈ ਖੋਲ੍ਹਿਆ ਗਿਆ ਐ। ਉਥੇ ਜਾ ਕੇ ਤੂੰ ਜਹਾਦ ਦੀ ਖਿਦਮਤ ਕਰੇਂਗਾ। ਜਦੋਂ ਤੂੰ ਉਥੇ ਪਹੁੰਚ ਗਿਆ ਤਾਂ ਮੈਂ ਵੀ ਤੇਰੇ ਮਗਰੇ ਈ ਆ ਜਾਵਾਂਗੀ। ਉਸ ਪਿੱਛੋਂ ਆਪਾਂ ਪੂਰੇ ਜੋਸ਼ੋ-ਖਰੋਸ਼ ਨਾਲ ਜਹਾਦ ਲਈ ਕੰਮ ਕਰਾਂਗੇ।"

"ਪਰ ਮੈਂ ਇਸ ਰਾਹ ਦਾ ਰਾਹੀ ਈ ਨ੍ਹੀਂ ਆਂ। ਤੈਨੂੰ ਮੈਂ ਪਹਿਲਾਂ ਵੀ ਮੈਂ ਕਈ ਵਾਰੀ ਦੱਸਿਆ ਐ ਕਿ ਮੈਂ ਚੰਗਾ ਮੁਸਲਮਾਨ ਬਣਨ ਦੀ ਕੋਸ਼ਿਸ਼ ਕਰ ਰਿਹਾ ਆਂ। ਮੈਂ ਇਹ ਡਿਗਰੀਆਂ ਲੈਣ ਤੇ ਪੜ੍ਹਾਈਆਂ ਕਰਨ ਅਮਰੀਕਾ ਵਰਗੇ ਦੇਸ਼ ਵਿਚ ਇਸ ਕਰ ਕੇ ਨ੍ਹੀਂ ਗਿਆ ਕਿ ਤਾਲੀਮ ਹਾਸਲ ਕਰਨ ਪਿੱਛੋਂ ਜਹਾਦ ਵਰਗੇ ਕੰਮਾਂ ਵਿਚ ਸ਼ਾਮਲ ਹੋ ਜਾਵਾਂ।"

"ਅਮਜਦ ਇਹ ਕੰਮ ਤਾਂ ਤੈਨੂੰ ਕਰਨਾ ਪਊ।"

"ਕਿਉਂ? ਮੇਰਾ ਮਤਲਬ, ਕਿਉਂ ਕਰਨਾ ਪਊ ਇਹ ਕੰਮ ਮੈਨੂੰ।"

"ਕਿਉਂਕਿ ਤੈਨੂੰ ਮੈਂ ਕਹਿ ਰਹੀ ਆਂ। ਤੈਨੂੰ ਆਪਣੀ ਬੇਗਮ ਦੀ ਗੱਲ ਮੰਨਣੀ ਪਊਗੀ। ਇਹੀ ਮਜ਼ਹਬ ਸਿਖਾਉਂਦਾ ਐ।"

"ਆਫੀਆ ਮੇਰੀ ਗੱਲ ਸੁਣ। ਹੋ ਸਕਦਾ ਐ ਕਿ ਮੈਂ ਤੇਰੀਆਂ ਕਾਫੀ ਗੱਲਾਂ ਨਾਲ ਸਹਿਮਤ ਹੋਵਾਂ, ਪਰ ਸਹਿਮਤ ਜਾਂ ਅਸਹਿਮਤ ਹੋਣਾ ਹੋਰ ਗੱਲ ਐ, ਕਿਸੇ ਦੇ ਖਿਲਾਫ ਲੜਨਾ ਹੋਰ। ਹੁਣ ਤੂੰ ਹੀ ਦੱਸ ਕਿ ਅਮਰੀਕਾ, ਜਿਸ ਨੇ ਮੈਨੂੰ ਮੈਡੀਕਲ ਖੇਤਰ 'ਚ ਅੱਗੇ ਵਧਣ ਦਾ ਮੌਕਾ ਦਿੱਤਾ, ਜਿਸ ਨੇ ਮੈਨੂੰ ਗਿਆਨ ਦਾ ਇੰਨਾ ਵੱਡਾ ਭੰਡਾਰ ਦਿੱਤਾ ਐ, ਤੂੰ ਚਾਹੁੰਨੀ ਐਂ ਕਿ ਮੈਂ ਉਸ ਦੇ ਖਿਲਾਫ ਸਿਰਫ ਇਸੇ ਕਰ ਕੇ ਬੰਦੂਕ ਚੁੱਕ ਲਵਾਂ ਕਿ ਮੇਰੀ ਘਰਵਾਲੀ ਨੂੰ ਇਹ ਚੰਗਾ ਲੱਗਦਾ ਐ। ਮੇਰਾ ਦਿਲ ਤਾਂ ਇਹ ਕਹਿੰਦਾ ਐ ਕਿ ਜਿਸ ਕਾਬਲ ਮੈਨੂੰ ਅਮਰੀਕਾ ਨੇ ਬਣਾਇਆ ਐ, ਉਹ ਕਾਬਲੀਅਤ ਮੈਨੂੰ ਲੋਕਾਂ ਵਿਚ ਵੰਡਣੀ ਚਾਹੀਦੀ ਐ। ਡਾਕਟਰ ਹੋਣ ਦੇ ਨਾਤੇ ਮੈਨੂੰ ਲੋੜਵੰਦਾਂ ਦੀ ਮੱਦਦ ਕਰਨੀ ਚਾਹੀਦੀ ਐ।"

"ਤੂੰ ਅਮਰੀਕਾ ਦੀਆਂ ਸਿਫਤਾਂ ਤਾਂ ਕਰ ਦਿੱਤੀਆਂ, ਪਰ ਤੂੰ ਇਹ ਭੁੱਲ ਗਿਆ ਕਿ ਅੱਜ ਅਮਰੀਕਾ ਦੁਨੀਆਂ ਵਿਚ ਮੁਸਲਮਾਨਾਂ 'ਤੇ ਕਿੰਨੇ ਜ਼ੁਲਮ ਕਰ ਰਿਹਾ ਐ। ਇਸਲਾਮ ਦੀ ਜਿੰਨੀ ਬਰਬਾਦੀ ਅੱਜ ਅਮਰੀਕਾ ਕਰ ਰਿਹਾ ਐ, ਉਨੀਂ ਅੱਜ ਤੱਕ ਕਿਸੇ ਨੇ ਨ੍ਹੀਂ ਕੀਤੀ ਹੋਣੀ।"

"ਆਫੀਆ ਇਹ ਸਭ ਸਿਆਸੀ ਗੱਲਾਂ ਨੇ। ਤੈਨੂੰ ਪਤਾ ਐ ਕਿ ਸਿਆਸਤ 'ਚ ਵਾਧੇ-ਘਾਟੇ ਹੁੰਦੇ ਈ ਰਹਿੰਦੇ ਨੇ। ਜੋ ਤਕੜਾ ਹੁੰਦਾ ਐ, ਉਹ ਜ਼ਰਾ ਜ਼ਿਆਦਾ ਕਰ ਜਾਂਦਾ ਐ ਤੇ ਮਾੜਾ ਘੱਟ। ਕਸੂਰ ਤਾਂ ਹਰ ਇੱਕ ਦਾ ਈ ਹੁੰਦਾ ਐ।"

"ਤੂੰ ਵੱਡਾ ਫਿਲਾਸਫਰ ਬਣਦਾ ਐਂ ਤਾਂ ਮੈਨੂੰ ਇਹ ਗੱਲ ਸਮਝਾ ਕਿ ਫਸਲਤੀਨੀਆਂ ਦਾ ਕੀ ਕਸੂਰ ਐ ਜੋ ਇਨ੍ਹਾਂ ਨੂੰ ਅੱਜ ਥਾਂ-ਥਾਂ ਮਾਰਿਆ ਜਾ ਰਿਹਾ ਐ।"

"ਆਫੀਆ, ਤੂੰ ਮੈਨੂੰ ਪਹਿਲਾਂ ਇਹ ਦੱਸ ਕਿ ਜਿਹੜੇ ਟਵਿਨ ਟਾਵਰਾਂ ਵਿਚ ਹਜ਼ਾਰਾਂ ਲੋਕ ਮਾਰੇ ਗਏ, ਉਨ੍ਹਾਂ ਦਾ ਕੀ ਕਸੂਰ ਸੀ?" ਗੁੱਸੇ 'ਚ ਆਏ ਅਮਜਦ ਨੇ ਵੀ ਅੱਗਿਓਂ ਸੁਆਲ ਕਰ ਦਿੱਤਾ।

"ਉਨ੍ਹਾਂ ਵਿਚ ਜ਼ਿਆਦਾ ਅਮਰੀਕੀ ਈ ਮਰੇ ਨੇ ਜੋ ਯਹੂਦੀਆਂ ਦੇ ਚਮਚੇ ਬਣਦੇ ਨੇ। ਥਾਂ-ਥਾਂ ਯਹੂਦੀਆਂ ਦਾ ਪੱਖ ਪੂਰਦੇ ਨੇ। ਮੈਂ ਕਹਿਨੀ ਆਂ ਕਿ ਯਹੂਦੀ ਉਹ ਕੌਮ ਐ ਜਿਸ 'ਤੇ ਕਦੇ ਵੀ ਇਤਬਾਰ ਨ੍ਹੀਂ ਕਰਨਾ ਚਾਹੀਦਾ। ਜੋ ਵੀ ਇਨ੍ਹਾਂ ਦਾ ਭਲਾ ਕਰਦਾ ਐ, ਇਹ ਉਸੇ ਦੀ ਪਿੱਠ 'ਚ ਛੁਰਾ ਮਾਰਦੇ ਨੇ। ਸੰਸਾਰ ਨੂੰ ਇਨ੍ਹਾਂ ਤੋਂ ਛੁਟਕਾਰਾ ਦਿਵਾਉਣਾ ਬਹੁਤ ਜ਼ਰੂਰੀ ਐ।"

"ਆਫੀਆ ਇੱਕ ਗੱਲ ਧਿਆਨ ਨਾਲ ਸੁਣ ਲੈ ਕਿ ਮਰਨ ਵਾਲੇ ਦਾ ਕੋਈ ਮਜ਼ਹਬ ਨ੍ਹੀਂ ਹੁੰਦਾ। ਉਹ ਸਿਰਫ ਅਤੇ ਸਿਰਫ ਇਨਸਾਨ ਹੁੰਦਾ ਐ।"

"ਮੈਂ ਇਸ ਤਰ੍ਹਾਂ ਨ੍ਹੀਂ ਸੋਚਦੀ। ਮੈਨੂੰ ਫਲਸਤੀਨੀ ਮਰਦੇ ਦਿਸਦੇ ਨੇ ਤਾਂ ਲੱਗਦਾ ਐ ਕਿ ਇਹ ਮੁਸਲਮਾਨ ਮਰ ਰਹੇ ਨੇ। ਹੋਰ ਕਿਸੇ ਦਾ ਮੈਨੂੰ ਪਤਾ ਨ੍ਹੀਂ।"

"ਤੈਨੂੰ ਫਸਤੀਨੀਆਂ ਦੇ ਮਰਨ ਦਾ ਅਫਸੋਸ ਹੁੰਦਾ ਐ, ਪਰ ਜਦੋਂ ਉਹ ਨਿਰਦੋਸ਼ਾਂ ਨੂੰ ਮਾਰਦੇ ਨੇ ਤਾਂ ਤੂੰ ਬੋਲਦੀ ਤੱਕ ਨ੍ਹੀਂ।"

"ਕਿਉਂਕਿ ਉਹ ਆਪਣੀ ਹੋਂਦ ਲਈ ਲੜ ਰਹੇ ਨੇ। ਪਹਿਲ ਤਾਂ ਯਹੂਦੀਆਂ ਨੇ ਕੀਤੀ ਸੀ।"

"ਦਹਿਸ਼ਤਵਾਦ ਸਭ ਤੋਂ ਪਹਿਲਾਂ ਤੇਰੇ ਇਨ੍ਹਾਂ ਫਲਸਤੀਨੀਆਂ ਨੇ ਈ ਸ਼ੁਰੂ ਕੀਤਾ ਸੀ।"

"ਕਦੋਂ? ਕੀ ਕਹਿ ਰਿਹਾ ਐਂ ਤੂੰ?"

"ਇਹ ਤਾਂ ਕਿਵੇਂ ਹੋ ਸਕਦਾ ਐ ਕਿ ਤੂੰ ਇਸ ਬਾਰੇ ਜਾਣਦੀ ਨਾ ਹੋਵੇ, ਫਿਰ ਵੀ ਜਿੰਨਾ ਕੁ ਮੈਨੂੰ ਪਤਾ ਐ, ਦੱਸ ਦਿੰਨਾ ਆਂ। ਇਹ 1972 ਦੀਆਂ ਸਮਰ ਉਲੰਪਿਕ ਖੇਡਾਂ ਵੇਲੇ ਵਾਪਰਿਆ ਸੀ। ਦੁਨੀਆਂ ਭਰ ਦੇ ਖਿਡਾਰੀ ਉਲੰਪਿਕ ਪਿੰਡ ਵਿਚ ਠਹਿਰੇ ਹੋਏ ਸਨ। ਉਦੋਂ ਸਿਕਿਉਰਿਟੀ ਵੀ ਇੰਨੀ ਨ੍ਹੀਂ ਹੁੰਦੀ ਸੀ ਕਿਉਂਕਿ ਉਦੋਂ ਅਤਿਵਾਦ ਦੀਆਂ ਘਟਨਾਵਾਂ ਵਾਪਰਦੀਆਂ ਈ ਨ੍ਹੀਂ ਸਨ, ਪਰ ਫਤਲਤੀਨੀ ਜਹਾਦੀਆਂ ਨੇ ਇਸੇ ਗੱਲ ਦਾ ਫਾਇਦਾ ਉਠਾਇਆ ਤੇ ਮੌਕਾ ਪਾ ਕੇ ਉਲੰਪਿਕ ਪਿੰਡ ਵਿਚ ਦਾਖਲ ਹੋ ਗਏ। ਸਵੇਰੇ ਚਾਰ ਕੁ ਵਜੇ ਦਾ ਵਕਤ ਸੀ ਤੇ ਸਭ ਸੁੱਤੇ ਪਏ ਸਨ। ਫਸਲਤੀਨੀਆਂ ਨੇ ਇਜ਼ਰਾਇਲ ਦੀ ਟੀਮ ਦੀ ਨਿਸ਼ਾਨਦੇਹੀ ਪਹਿਲਾਂ ਈ ਕੀਤੀ ਹੋਈ ਸੀ। ਉਹ ਪੈਂਦੀ ਸੱਟੇ ਉਨ੍ਹਾਂ ਕਮਰਿਆ 'ਚ ਜਾ ਪਹੁੰਚੇ ਜਿੱਥੇ ਇਜ਼ਰਾਇਲ ਦੀ ਟੀਮ ਠਹਿਰੀ ਹੋਈ ਸੀ। ਇੱਕ ਦਮ ਹਮਲਾ ਕਰ ਕੇ ਉਨ੍ਹਾਂ ਨੇ ਇਜ਼ਰਾਇਲੀਆਂ ਨੂੰ ਬੰਦੀ ਬਣਾ ਲਿਆ। ਇਨ੍ਹਾਂ ਬੰਦੀ ਬਣਾਏ ਲੋਕਾਂ 'ਚ ਅਥਲੀਟ, ਕੋਚ ਅਤੇ ਹੋਰ ਮੈਂਬਰ ਸ਼ਾਮਲ ਸਨ। ਉਥੋਂ ਉਨ੍ਹਾਂ ਨੂੰ ਕਿਸੇ ਹੋਰ ਬਿਲਡਿੰਗ 'ਚ ਲੈ ਗਏ। ਖੈਰ, ਉਸ ਪਿੱਛੋਂ ਮਾਰ-ਮਰਾਈ ਹੋਈ। ਦੋਹਾਂ ਧਿਰਾਂ ਦੇ ਬੰਦੇ ਮਾਰੇ ਗਏ, ਪਰ ਮੇਰਾ ਇਹ ਗੱਲ ਦੱਸਣ ਦਾ ਮਲਤਬ ਸਿਰਫ ਇੰਨਾ ਈ ਐ ਕਿ ਫਸਲਤੀਨੀਆਂ ਨੇ ਕਿਵੇਂ ਅਤਿਵਾਦੀ ਕਾਰਵਾਈਆਂ ਬਗੈਰਾ ਸ਼ੁਰੂ ਕੀਤੀਆਂ ਸਨ।"

"ਕੋਈ ਗੱਲ ਤਾਂ ਹੋਊਗੀ ਜੋ ਫਲਸਤੀਨੀਆਂ ਨੂੰ ਇਹ ਕਦਮ ਚੁੱਕਣਾ ਪਿਆ।"

"ਉਹ ਇਜ਼ਰਾਇਲ ਦੀਆਂ ਜੇਲ੍ਹ 'ਚ ਬੰਦ ਆਪਣੇ ਸਜ਼ਾ-ਯਾਫਤਾ ਕੈਦੀਆਂ ਨੂੰ ਛੁਡਾਉਣਾ ਚਾਹੁੰਦੇ ਸਨ।"

"ਆਪਣੇ ਹੱਕ ਲੈਣ ਲਈ ਸਭ ਕੁਝ ਕਰਨਾ ਜਾਇਜ਼ ਐ।"

"ਇਜ਼ਰਾਇਲ ਵੀ ਤਾਂ ਆਪਣੀ ਹੋਂਦ ਕਾਇਮ ਰੱਖਣ ਲਈ ਈ ਲੜ ਰਿਹਾ ਐ। ਇਸ ਤਰ੍ਹਾਂ ਵੇਖੀਏ ਤਾਂ ਹਰ ਇੱਕ ਦਾ ਆਪਣਾ ਨਜ਼ਰੀਆ ਐ।"

"ਤੂੰ ਕਦੋਂ ਕੁ ਦਾ ਇਜ਼ਰਾਇਲ ਭਗਤ ਬਣ ਗਿਆ?" ਆਫੀਆ ਗੁੱਸੇ 'ਚ ਆ ਗਈ।

"ਮੈਂ ਇਸ ਮਾਰ-ਮਰਾਈ ਦੇ ਹੱਕ 'ਚ ਨ੍ਹੀਂ ਆਂ। ਕੁਝ ਨਾ ਕੁਝ ਲੈਣ ਦੇਣ ਕਰ ਕੇ ਇਹ ਮਸਲਾ ਸੁਲਝਾਇਆ ਜਾ ਸਕਦਾ ਐ। ਯਹੂਦੀਆਂ ਦਾ ਵੀ ਤਾਂ ਬਥੇਰਾ ਨੁਕਸਾਨ ਹੋਇਆ ਐ। ਦੂਜੀ ਵੱਡੀ ਜੰਗ ਵੇਲੇ ਹਿਟਲਰ ਨੇ ਸੱਠ ਲੱਖ ਯਹੂਦੀ ਮਾਰ-ਮੁਕਾਏ ਸਨ।"

"ਇਹ ਸਭ ਝੂਠ ਐ। ਮੇਰੇ ਖਿਆਲ 'ਚ ਕੋਈ ਹਾਲੋਕਾਸਟ ਹੋਇਆ ਈ ਨ੍ਹੀਂ। ਯਹੂਦੀਆਂ ਨੇ ਸੰਸਾਰ ਦੀ ਹਮਦਰਦੀ ਲੈਣ ਲਈ ਅਜਿਹੀਆਂ ਗੱਲਾਂ ਮਨੋ ਘੜੀਆਂ ਹੋਈਆਂ ਨੇ। ਇਸ ਸਭ ਬਕਵਾਸ ਐ।"

"ਓ ਕਮ ਆਨ ਆਫੀਆ...ਤੂੰ ਸਾਇੰਟਿਸਟ ਹੋ ਕੇ ਕਿਹੋ ਜਿਹੀਆਂ ਗੱਲਾਂ ਕਰ ਰਹੀ ਐਂ। ਮੈਂ ਤਾਂ ਹੈਰਾਨ ਆਂ ਕਿ ਤੂੰ ਕੁਝ ਵੀ ਬੋਲੀ ਜਾ ਰਹੀ ਐਂ।"



ਔਸ਼ਵਿਜ਼ (ਜਰਮਨੀ) ਦੇ ਨਾਜ਼ੀ ਕੈਂਪ ਵਿਚ ਬੰਦ ਯਹੂਦੀ। ਆਫੀਆ ਦਾ ਦਾਅਵਾ ਸੀ ਕਿ ਹਿਟਲਰ ਨੇ ਯਹੂਦੀਆਂ ਉਤੇ ਕੋਈ ਜ਼ੁਲਮ ਨਹੀਂ ਕੀਤੇ, ਯਹੂਦੀ ਐਵੇਂ ਰੌਲਾ ਪਾ ਰਹੇ ਹਨ।

"ਚੱਲ ਤੂੰ ਮੇਰੀਆਂ ਸਾਰੀਆਂ ਗੱਲਾਂ ਨੂੰ ਬਕਵਾਸ ਸਮਝ, ਪਰ ਮੇਰੀ ਆਖਰੀ ਤੇ ਅਸਲੀ ਗੱਲ ਦਾ ਜੁਆਬ ਦੇਹ।" ਆਫੀਆ ਅਸਲੀ ਮੁੱਦੇ ਵੱਲ ਮੁੜ ਆਈ।

"ਕਿਹੜੀ ਅਸਲੀ ਗੱਲ?"

"ਤੂੰ ਮੈਨੂੰ ਇਹ ਦੱਸ ਕਿ ਕੋਇਟਾ ਲਈ ਕਦੋਂ ਤੁਰ ਰਿਹਾ ਐਂ? ਅੱਜ ਰਾਤ ਤੇਰੀ ਸਾਰੀ ਤਿਆਰੀ ਕਰ ਦਿਆਂ। ਅੱਗੇ ਉਥੋਂ ਅਫਗਾਨਿਸਤਾਨ ਜਾਣ ਵਿਚ ਵੀ ਕਈ ਦਿਨ ਲੱਗ ਜਾਣਗੇ।"

"ਤੂੰ ਤਾਂ ਇਉਂ ਗੱਲ ਕਰ ਰਹੀ ਐਂ ਜਿਵੇਂ ਮੈਂ ਜਾਣ ਲਈ ਤਿਆਰ ਈ ਬੈਠਾ ਹੋਵਾਂ। ਮੈਂ ਨ੍ਹੀਂ ਕਿਧਰੇ ਜਾਣਾ।"

"ਜਾਣਾ ਤਾਂ ਤੈਨੂੰ ਪਊਗਾ। ਤੂੰ ਮੇਰੀ ਗੱਲ ਨ੍ਹੀਂ ਟਾਲ ਸਕਦਾ। ਮੈਂ ਤੇਰੀ ਘਰਵਾਲੀ ਆਂ। ਤੇਰੀ ਦੁੱਖ-ਸੁੱਖ ਦੀ ਸਾਥਣ।"

ਅਮਜਦ ਨੇ ਧਿਆਨ ਨਾਲ ਆਫੀਆ ਵੱਲ ਵੇਖਿਆ। ਇਸ ਵੇਲੇ ਆਫੀਆ ਦੀਆਂ ਅੱਖਾਂ 'ਚ ਮੋਹ ਝਲਕ ਰਿਹਾ ਸੀ। ਉਸ ਨੂੰ ਵੀ ਆਫੀਆ 'ਤੇ ਪਿਆਰ ਆਇਆ। ਉਹ ਉਸ ਦੇ ਕੋਲ ਹੁੰਦਾ ਉਸ ਨੂੰ ਕਲਾਵੇ 'ਚ ਲੈਂਦਾ ਬੋਲਿਆ, "ਆਫੀਆ ਆਪਣੇ ਦੋ ਪਿਆਰੇ-ਪਿਆਰੇ ਬੱਚੇ ਨੇ। ਵਧੀਆ ਆਪਣੀ ਜ਼ਿੰਦਗੀ ਐ। ਮੈਨੂੰ ਇਹ ਵੀ ਪਤਾ ਐ ਕਿ ਆਪਾਂ ਇੱਕ-ਦੂਜੇ ਨੂੰ ਬੇਹਦ ਮੁਹੱਬਤ ਕਰਦੇ ਆਂ। ਇੱਕ-ਦੂਜੇ ਬਿਨਾਂ ਪਲ ਭਰ ਨ੍ਹੀਂ ਰਹਿ ਸਕਦੇ। ਮੈਂ ਚਾਹੁੰਨਾਂ ਕਿ ਆਪਾਂ ਅੱਲਾ ਦੀ ਦਿੱਤੀ ਹੋਈ ਇਸ ਰਹਿਮਤਾਂ ਭਰੀ ਜ਼ਿੰਦਗੀ ਦਾ ਲੁਤਫ ਮਾਣੀਏ। ਤੂੰ ਪਲੀਜ਼ ਜਹਾਦ ਵਾਲੀ ਗੱਲ ਭੁੱਲ ਜਾ।"

"ਅਮਜਦ ਤੇਰੀਆਂ ਸਾਰੀਆਂ ਗੱਲਾਂ ਸਹੀ ਨੇ। ਤੂੰ ਮੈਨੂੰ ਦੁਨੀਆਂ ਦੀ ਹਰ ਸ਼ੈਅ ਤੋਂ ਪਿਆਰਾ ਐਂ, ਪਰ ਜਹਾਦ ਮੇਰੇ ਲਈ ਅੱਲਾ ਦਾ ਪਾਕ ਕਾਰਜ ਐ। ਉਸ ਦੇ ਲਈ ਮੈਂ ਕੁਝ ਵੀ ਕੁਰਬਾਨ ਕਰ ਸਕਦੀ ਆਂ।"

ਅਮਜਦ ਚੁੱਪ ਹੋ ਗਿਆ। ਉਹ ਸਮਝ ਗਿਆ ਕਿ ਇਸ ਵੇਲੇ ਇਸ ਨਾਲ ਗੱਲ ਕਰਨ ਦਾ ਸਹੀ ਵਕਤ ਨਹੀਂ ਹੈ। ਉਹ ਇਹ ਵੀ ਜਾਣਦਾ ਸੀ ਕਿ ਇਹ ਹੱਦੋਂ ਵੱਧ ਜ਼ਿੱਦੀ ਹੈ। ਜਿਹੜੀ ਗੱਲ ਕਹਿ ਦੇਵੇ, ਉਸ ਤੋਂ ਪਿੱਛੇ ਨਹੀਂ ਹਟਦੀ। ਉਸ ਵੇਲੇ ਉਸ ਨੇ ਫਿਰ ਸੋਚਣ ਦਾ ਕਹਿ ਕੇ ਗੱਲ ਬਦਲ ਲਈ। ਰਾਤ ਗੁਜ਼ਰ ਗਈ, ਪਰ ਅਮਜਦ ਨੂੰ ਸਾਰੀ ਰਾਤ ਪਲ ਭਰ ਵੀ ਚੈਨ ਨਾ ਆਇਆ। ਉਸ ਨੂੰ ਕੋਈ ਰਾਹ ਨਹੀਂ ਸੁੱਝ ਰਿਹਾ ਸੀ। ਉਹ ਆਫੀਆ ਨੂੰ ਨਹੀਂ ਛੱਡ ਸਕਦਾ ਸੀ ਤੇ ਆਫੀਆ ਜਹਾਦ ਨੂੰ ਨਹੀਂ ਛੱਡ ਰਹੀ ਸੀ। ਆਖਰ ਸਵੇਰ ਵੇਲੇ ਉਸ ਨੂੰ ਖਿਆਲ ਆਇਆ ਕਿ ਇਸਲਾਮ ਇਹ ਵੀ ਕਹਿੰਦਾ ਹੈ ਕਿ ਮੁਸ਼ਕਿਲ ਵੇਲੇ ਘਰ ਦੇ ਵਡੇਰਿਆਂ ਦੀ ਮੱਦਦ ਲਵੋ। ਉਹ ਆਪਣੇ ਵੱਡੇ ਭਰਾ ਕੋਲ ਚਲਾ ਗਿਆ ਤੇ ਉਸ ਨਾਲ ਸੰਗਦੇ ਜਿਹੇ ਨੇ ਗੱਲ ਤੋਰੀ, "ਭਾਈ ਜਾਨ, ਮੈਂ ਤਾਂ ਮੁਸੀਬਤ 'ਚ ਫਸ ਗਿਆ ਆਂ। ਮੇਰੀ ਰਹਿਨੁਮਾਈ ਕਰੋ।"

"ਕਿਉਂ ਅਮਜਦ ਕੀ ਹੋਇਆ?"

ਅੱਗੇ ਅਮਜਦ ਨੇ ਸਾਰੀ ਗੱਲ ਦੱਸ ਦਿੱਤੀ ਕਿ ਕਿਵੇਂ ਆਫੀਆ ਉਸ ਨੂੰ ਜਹਾਦ ਵਿਚ ਜਾਣ ਲਈ ਮਜਬੂਰ ਕਰ ਰਹੀ ਹੈ ਤੇ ਉਸ ਕੋਲ ਉਸ ਦੀ ਗੱਲ ਮੰਨਣ ਤੋਂ ਬਿਨਾਂ ਕੋਈ ਚਾਰਾ ਵੀ ਨਹੀਂ ਹੈ। ਭਰਾ ਦੇ ਤਾਂ ਉਸ ਦੀ ਗੱਲ ਸੁਣ ਕੇ ਹੀ ਹੋਸ਼ ਉਡ ਗਏ। ਉਸ ਨੇ ਆਪ ਕੋਈ ਗੱਲ ਨਾ ਕੀਤੀ, ਸਗੋਂ ਉਹ ਅਮਜਦ ਦੀ ਬਾਂਹ ਫੜਦਾ ਸਿੱਧਾ ਆਪਣੇ

ਅੱਬਾ ਕੋਲ ਲੈ ਗਿਆ ਤੇ ਉਸ ਨੂੰ ਸਾਰੀ ਹੋਈ-ਬੀਤੀ ਸੁਣਾ ਦਿੱਤੀ। ਨਈਮ ਖਾਂ ਭੜਕ ਪਿਆ, "ਅਮਜਦ ਇਹ ਕੀ ਬਕਵਾਸ ਐ? ਤੈਨੂੰ ਚੰਗੀ ਤਾਲੀਮ ਇਹੀ ਸਿਖਾਉਂਦੀ ਐ ਕਿ ਇਹੋ ਜਿਹੇ ਪੁੱਠੇ ਕੰਮ ਕਰੋ?"

"ਅੱਬੂ ਆਫੀਆ ਕਹਿੰਦੀ ਐ ਕਿ...।"

"ਕੌਣ ਕੀ ਕਹਿੰਦਾ ਐ, ਤੂੰ ਇਹ ਗੱਲ ਛੱਡ। ਤੈਨੂੰ ਪਹਿਲਾਂ ਇਹ ਸਿੱਖਣ ਦੀ ਲੋੜ ਐ ਕਿ ਜਹਾਦ ਹੁੰਦਾ ਕੀ ਐ। ਹਰ ਲੜਾਈ ਜਹਾਦ ਨਹੀਂ ਹੁੰਦੀ। ਸਿਆਸੀ ਲੋਕ ਆਪਣੇ ਨਿੱਜੀ ਮੁਫਾਦ ਲਈ ਇਸ ਪਾਕ ਲਫਜ਼ ਦਾ ਹਰ ਥਾਂ ਇਸਤੇਮਾਲ ਕਰ ਕੇ ਨੌਜਵਾਨਾਂ ਨੂੰ ਭੜਕਾ ਦਿੰਦੇ ਨੇ ਤੇ ਫਿਰ ਉਹ ਉਹੀ ਕਰਦੇ ਨੇ ਜੋ ਇਹ ਲੋਕ ਚਾਹੁੰਦੇ ਨੇ। ਮੈਂ ਤਾਂ ਜ਼ਿਆ-ਉਲ ਹੱਕ ਦੇ ਵੇਲੇ ਤੋਂ ਈ ਕਹਿੰਦਾ ਆ ਰਿਹਾ ਆਂ ਕਿ ਇਹ ਸਿਆਸੀ ਖੇਡ ਐ। ਪੰਜੀ ਸਾਲਾਂ ਤੋਂ ਵੀ ਉੱਤੇ ਦਾ ਸਮਾਂ ਹੋ ਗਿਆ, ਵਿਚਾਰੇ ਗਰੀਬ ਅਫਗਾਨ ਇਸ ਗੰਦੀ ਸਿਆਸਤ ਦੀ ਬਲੀ ਚੜ੍ਹ ਰਹੇ ਨੇ। ਅਫਗਾਨਿਸਤਾਨ ਅੱਜ ਮਿੱਟੀ ਦਾ ਢੇਰ ਬਣ ਕੇ ਰਹਿ ਗਿਆ ਐ। ਹੋਰ ਸੁਣ, ਇਹ ਕਹਿੰਦੇ ਨੇ ਅਫਗਾਨਿਸਤਾਨ ਹੀ ਇੱਕ ਅਜਿਹਾ ਮੁਲਕ ਐ ਜਿੱਥੇ ਸੱਚਾ ਇਸਲਾਮੀ ਰਾਜ ਹੈ, ਪਰ ਉਥੋਂ ਦੀ ਜਨਤਾ ਨੂੰ ਤਾਂ ਪੁੱਛ ਕੇ ਦੇਖੋ ਕਿ ਉਨ੍ਹਾਂ ਨਾਲ ਵਾਪਰਦਾ ਕੀ ਐ? ਉਹ ਪਸ਼ੂਆਂ ਨਾਲੋਂ ਭੈੜੀ ਜ਼ਿੰਦਗੀ ਜਿਊਂ ਰਹੇ ਨੇ। ਇਨ੍ਹਾਂ ਉਜੱਡ ਲੋਕਾਂ ਨੇ ਉਨ੍ਹਾਂ ਦਾ ਜਿਉਣਾ ਮੁਸ਼ਕਿਲ ਕਰ ਕੇ ਰੱਖ ਦਿੱਤੈ। ਹੁਣ ਦੇ ਜੋ ਹਾਲਾਤ ਨੇ, ਇਸ ਲਈ ਤਾਲਿਬਾਨ ਜ਼ਿੰਮੇਵਾਰ ਹਨ। ਕਿਉਂ? ਇਨ੍ਹਾਂ ਉਸ ਕਾਤਲ ਆਦਮੀ ਬਿਨ-ਲਾਦਿਨ ਨੂੰ ਆਪਣੇ ਮੁਲਕ ਵਿਚ ਪਨਾਹ ਦਿੱਤੀ ਹੋਈ ਹੈ। ਇਸ ਸਾਰੇ ਦਾ ਜ਼ਿੰਮੇਵਾਰ ਉਹ ਇਨਸਾਨ ਐ ਤੇ ਉਸ ਦੀ ਸਜ਼ਾ ਭੁਗਤ ਰਿਹਾ ਹੈ ਅਫਗਾਨਿਸਤਾਨ ਦਾ ਗਰੀਬ ਆਦਮੀ।"

"ਪਰ ਅੱਬੂ ਮੈਨੂੰ ਕੀ ਹੁਕਮ ਐ?" ਅਮਜਦ ਡਰਦਾ ਜਿਹਾ ਬੋਲਿਆ।

"ਤੂੰ ਭੁੱਲ ਜਾ ਇਨ੍ਹਾਂ ਗੱਲਾਂ ਨੂੰ ਤੇ ਆਪਣੀ ਪੜ੍ਹਾਈ ਵੱਲ ਧਿਆਨ ਦੇਹ।"

ਅਮਜਦ ਉਪਰ ਗਿਆ ਤੇ ਉਸ ਨੇ ਆਫੀਆ ਨੂੰ ਦੱਸ ਦਿੱਤਾ ਕਿ ਉਸ ਦੇ ਅੱਬੂ ਨੇ ਜਹਾਦ ਵਿਚ ਜਾਣ ਤੋਂ ਨਾਂਹ ਕਹਿ ਦਿੱਤੀ ਹੈ।

"ਪਰ ਤੂੰ ਉਸ ਦੀ ਸਲਾਹ ਲੈਣ ਗਿਆ ਈ ਕਿਉਂ?" ਆਫੀਆ ਉਚੀ ਬੋਲੀ ਤਾਂ ਹੇਠਾਂ ਖੜ੍ਹੇ ਨਈਮ ਖਾਂ ਨੂੰ ਉਸ ਦੀ ਆਵਾਜ਼ ਉਵੇਂ ਜਿਵੇਂ ਸੁਣੀ। ਉਸ ਦੇ ਸੱਤੀਂ ਕੱਪੜੀ ਅੱਗ ਲੱਗ ਗਈ, ਪਰ ਉਹ ਫਿਰ ਵੀ ਜ਼ਬਤ ਵਿਚ ਰਿਹਾ। ਅਮਜਦ ਪੌੜੀਆਂ ਉਤਰਨ ਲੱਗਿਆ ਤਾਂ ਨਈਮ ਖਾਂ ਨੇ ਉਚੀ ਕਿਹਾ, "ਅਮਜਦ ਜੇ ਤੂੰ ਉਥੇ ਗਿਆ ਤਾਂ ਮੁੜ ਕੇ ਇਸ ਘਰ ਵਿਚ ਪੈਰ ਨਾ ਪਾਈਂ।"

ਆਪਣੇ ਸਹੁਰੇ ਦੀ ਇਹ ਗੱਲ ਸੁਣ ਕੇ ਆਫੀਆ ਹਵਾ ਵਾਂਗੂੰ ਹੇਠਾਂ ਆਈ ਤੇ ਆਉਂਦੀ ਨੇ ਹੀ ਅਮਜਦ ਦੇ ਗਲਮੇ ਨੂੰ ਹੱਥ ਪਾ ਲਿਆ। ਉਹ ਉਚੀ ਬੋਲੀ, "ਹੁਣੇ ਫੈਸਲਾ ਕਰ। ਜਾਂ ਆਪਣੇ ਮਾਂ-ਪਿਉ ਨਾਲ ਰਹਿ ਜਾਂ ਮੇਰੇ ਨਾਲ।"

ਅਮਜਦ ਕੁਝ ਨਾ ਬੋਲਿਆ ਤਾਂ ਆਫੀਆ ਹੋਰ ਵੀ ਗੁੱਸੇ 'ਚ ਆ ਗਈ। ਉਹ ਫਿਰ ਚੀਕੀ, "ਠੀਕ ਐ ਜੇ ਤੂੰ ਮੇਰੀ ਗੱਲ ਨੀਂ ਮੰਨਣੀ ਤਾਂ ਮੈਨੂੰ ਹੁਣੇ ਤਲਾਕ ਦੇਹ। ਸਮਝਿਆ ਤੂੰ? ਤਲਾਕ ਦੇਹ ਮੈਨੂੰ। ਹੁਣੇ ਇਸੇ ਵਕਤ।"

ਉਹ ਚੀਕਦੀ-ਚਿਲਾਉਂਦੀ ਉਪਰ ਕਮਰੇ ਵਿਚ ਚਲੀ ਗਈ। ਘਰ 'ਚ ਮੁਕੰਮਲ ਚੁੱਪ ਵਰਤ ਗਈ। ਆਖਰ ਨਈਮ ਖਾਂ ਨੇ ਆਪਣੀ ਬੇਗਮ ਨੂੰ ਕਿਹਾ ਕਿ ਜੇ ਇਹ ਮੀਆਂ ਬੀਵੀ ਹੋਰ ਕੁਝ ਦਿਨ ਆਪਣੇ ਨਾਲ ਰਹੇ ਤਾਂ ਜ਼ਰੂਰ ਇਨ੍ਹਾਂ ਦਾ ਤਲਾਕ ਹੋ ਜਾਵੇਗਾ। ਆਪਾਂ ਇਉਂ ਕਰੀਏ ਕਿ ਇਨ੍ਹਾਂ ਨੂੰ ਆਪਣੇ ਤੋਂ ਦੂਰ ਰਹਿਣ ਦੇਈਏ। ਉਦੋਂ ਤੱਕ ਇਨ੍ਹਾਂ ਦਾ ਆਪਸੀ ਫਰਕ ਵੀ ਮਿਟ ਜਾਊਗਾ ਤੇ ਸ਼ਾਇਦ ਹਾਲਤ ਕੁਝ ਹੋਰ ਕਰਵਟ ਲੈ ਲੈਣ। ਇਸ ਪਿੱਛੋਂ ਉਨ੍ਹਾਂ ਦਾ ਜਾਣ ਦਾ ਇੰਤਜ਼ਾਮ ਕਰ ਦਿੱਤਾ ਗਿਆ। ਅਮਜਦ ਬੱਚਿਆਂ ਅਤੇ ਆਫੀਆ ਨੂੰ ਲੈ ਕੇ ਇਸਲਾਮਾਬਾਦ ਚੱਲ ਪਿਆ। ਆਫੀਆ ਦਾ ਕਹਿਣਾ ਸੀ ਕਿ ਜੇ ਜਾਣਾ ਹੀ ਹੈ ਤਾਂ ਉਹ ਆਪਣੇ ਮਾਮੇ ਐਚ.ਐਸ. ਫਾਰੂਕੀ ਕੋਲ ਇਸਲਾਮਾਬਾਦ ਜਾਣਾ ਪਸੰਦ ਕਰੇਗੀ। ਸ਼ਾਮ ਤੱਕ ਉਹ ਫਾਰੂਕੀ ਕੋਲ ਪਹੁੰਚ ਗਏ। ਕੁਝ ਦਿਨ ਆਰਾਮ ਨਾਲ ਲੰਘੇ ਕਿ ਇੱਕ ਦਿਨ ਆਫੀਆ ਫਿਰ ਨਵੀਂ ਸਕੀਮ ਲੈ ਕੇ ਅਮਜਦ ਸਾਹਮਣੇ ਆ ਖੜ੍ਹੀ ਹੋਈ।

"ਅਮਜਦ, ਕਸ਼ਮੀਰ ਅਤੇ ਅਫਗਾਨਿਸਤਾਨ ਦੀਆਂ ਪਹਾੜੀਆਂ ਵਿਚਕਾਰ ਪੈਂਦੇ ਬਾਲਕਟ ਸ਼ਹਿਰ 'ਚ ਅੱਜਕੱਲ੍ਹ ਜੈਸ਼-ਏ-ਮੁਹੰਮਦ ਦਾ ਕੈਂਪ ਚੱਲ ਰਿਹਾ ਐ।"

"ਹੈਂ!?" ਅਮਜਦ ਨੂੰ ਗੱਲ ਦੀ ਸਮਝ ਨਾ ਆਈ। ਉਹ ਹੈਰਾਨ ਹੁੰਦਾ ਬੋਲਿਆ, "ਇਹ ਜੈਸ਼-ਏ-ਮੁਹੰਮਦ ਕਿਸ ਸ਼ੈਅ ਦਾ ਨਾਂ ਐ?"

"ਤੈਨੂੰ ਪਤਾ ਈ ਹੋਣਾ ਐ ਕਿ ਦਸੰਬਰ 1999 'ਚ ਕੁਝ ਜਹਾਦੀ, ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਅਗਵਾ ਕਰ ਕੇ ਕਾਬਲ ਲੈ ਗਏ ਸਨ। ਉਨ੍ਹਾਂ ਇਹ ਸਭ ਆਪਣੇ ਲੀਡਰ ਮੌਲਾਨਾ ਮਸੂਦ ਅਜ਼ਹਰ ਨੂੰ ਛੁਡਵਾਉਣ ਲਈ ਕੀਤਾ ਸੀ ਜਿਹੜਾ ਉਸ ਵੇਲੇ ਇੰਡੀਆ ਦੀ ਜੇਲ੍ਹ ਵਿਚ ਬੰਦ ਸੀ। ਉਹ ਅਪਰੇਸ਼ਨ ਸਫਲ ਰਿਹਾ ਤੇ ਮੌਲਾਨਾ ਮਸੂਦ ਅਜ਼ਹਰ ਨੂੰ ਛੁਡਵਾ ਲਿਆ ਗਿਆ। ਪਿੱਛੋਂ ਮਸੂਦ ਨੇ ਇੱਥੇ ਆ ਕੇ ਨਵੀਂ ਜਥੇਬੰਦੀ ਬਣ ਲਈ। ਉਸੇ ਦਾ ਨਾਂ ਜੈਸ਼-ਏ-ਮੁਹੰਮਦ ਐ। ਜੈਸ਼-ਏ-ਮੁਹੰਮਦ ਵਾਲਿਆਂ ਦੇ ਕੈਂਪ ਇਨ੍ਹਾਂ ਪਹਾੜੀਆਂ 'ਚ ਨੇ। ਇਨ੍ਹਾਂ ਦੇ ਪਰਿਵਾਰ ਵੀ ਇਨ੍ਹਾਂ ਦੇ ਨਾਲ ਹੀ ਰਹਿੰਦੇ ਨੇ।"

"ਪਰ ਇਹ ਕਰਦੇ ਕੀ ਨੇ?"

"ਇਹ ਜਹਾਦ ਲੜਦੇ ਨੇ।" ਆਫੀਆ ਨੇ ਇਹ ਗੱਲ ਕਹੀ ਤਾਂ ਅਮਜਦ ਦੇ ਮੂੰਹ 'ਚ ਕੁੜੱਤਣ ਘੁਲ ਗਈ। ਉਸ ਨੇ ਸੋਚਿਆ ਕਿ ਜਿਸ ਗੱਲ ਤੋਂ ਡਰਦਾ ਉਹ ਇੱਥੇ ਆਇਆ ਹੈ, ਉਹ ਗੱਲ ਫਿਰ ਅੱਗੇ ਆ ਖੜ੍ਹੀ। ਉਹ ਕੁਝ ਦੇਰ ਸੋਚਦਾ ਰਿਹਾ ਤਾਂ ਆਫੀਆ ਬੋਲੀ, "ਆਪਾਂ ਉਥੇ ਚੱਲਦੇ ਆਂ। ਤੂੰ ਉਥੇ ਹਸਪਤਾਲ 'ਚ ਕੰਮ ਕਰੀਂ ਤੇ ਮੈਂ ਜਹਾਦੀਆਂ ਦੇ ਬੱਚਿਆਂ ਲਈ ਸਕੂਲ ਚਲਾ ਲਊਂਗੀ।"

ਅਮਜਦ ਫਿਰ ਵੀ ਕੁਝ ਨਾ ਬੋਲਿਆ। ਆਖਰ ਉਸ ਨੂੰ ਕੋਈ ਫੁਰਨਾ ਫੁਰਿਆ ਤੇ ਬੋਲਿਆ, "ਆਪਾਂ ਇਉਂ ਕਰਦੇ ਆਂ ਕਿ ਪਹਿਲਾਂ ਐਬਟਾਬਾਦ ਚੱਲਦੇ ਆਂ। ਉਥੋਂ ਬਾਲਕਟ ਸਾਰਾ ਈ ਪੰਜਾਹ ਕੁ ਮੀਲ ਹੋਵੇਗਾ। ਉਥੇ ਜਾ ਕੇ ਦੇਖਾਂਗੇ ਕਿ ਅੱਗੇ ਕੀ ਕਰਨਾ ਐ।"



*ਜੈਸ਼-ਏ-ਮੁਹੰਮਦ ਦਾ ਆਗੂ ਮੌਲਾਨਾ ਮਸੂਦ ਅਜ਼ਹਰ।*

ਆਫੀਆ ਖੁਸ਼ੀ-ਖੁਸ਼ੀ ਤਿਆਰ ਹੋ ਗਈ। ਉਸ ਨੂੰ ਲੱਗਿਆ ਕਿ ਅਮਜਦ ਸਹੀ ਰਾਹ 'ਤੇ ਆ ਰਿਹਾ ਹੈ। ਅਗਲੇ ਦਿਨ ਉਹ ਐਬਟਾਬਾਦ ਚਲੇ ਗਏ। ਰਾਤ ਵੇਲੇ ਉਹ ਕਿਸੇ ਹੋਟਲ 'ਚ ਠਹਿਰੇ। ਰਾਤ ਭਰ ਆਫੀਆ ਸਕੀਮਾਂ ਬਣਾਉਂਦੀ ਰਹੀ। ਅਗਲੀ ਸਵੇਰ ਅਮਜਦ ਨੇ ਆਪਣੀ ਸਕੀਮ ਦੱਸੀ, "ਆਫੀਆ ਮੈਂ ਇੱਥੇ ਦੇ ਕਿਸੇ ਹਸਪਤਾਲ ਵਿਚ ਨੌਕਰੀ ਕਰ ਲੈਂਦਾ ਆਂ। ਬੱਚਿਆਂ ਨੂੰ ਆਪਾਂ ਇੱਥੇ ਦੇ ਮਸ਼ਹੂਰ ਮਿਸ਼ਨਰੀ ਸਕੂਲ ਵਿਚ ਪੜ੍ਹਨ ਲਾ ਦਿੰਦੇ ਆਂ। ਹਰ ਐਤਵਾਰ ਆਪਾਂ ਬਾਲਕਟ ਜਾ ਕੇ ਜੈਸ਼-ਏ-ਮੁਹੰਮਦ ਦਾ ਕੈਂਪ ਅਟੈਂਡ ਕਰ ਆਇਆ ਕਰਾਂਗੇ। ਨਾਲੇ ਤਾਂ ਆਪਾਂ ਉਨ੍ਹਾਂ ਬਾਰੇ ਕੁਝ ਸਿੱਖ ਲਵਾਂਗੇ। ਨਾਲੇ ਆਪਾਂ ਇੱਥੇ ਉਦੋਂ ਨੂੰ ਸੈਟ ਹੋ ਜਾਵਾਂਗੇ। ਫਿਰ ਜੇ ਤੂੰ ਚਾਹੇਂਗੀ ਤਾਂ ਆਪਾਂ ਪੱਕੇ ਤੌਰ 'ਤੇ ਉਥੇ ਚਲੇ ਚੱਲਾਂਗੇ।"

"ਜਿਵੇਂ ਤੇਰੀ ਮਰਜ਼ੀ।" ਆਫੀਆ ਚੁੱਪ ਜਿਹੀ ਹੋ ਗਈ, ਪਰ ਉਸ ਨੂੰ ਲੱਗਿਆ ਕਿ ਸ਼ਾਇਦ ਇਸ ਤਰ੍ਹਾਂ ਉਹ ਅਮਜਦ ਨੂੰ ਮਨਾ ਹੀ ਲਵੇ।

ਅਗਲੀ ਸਵੇਰ ਆਫੀਆ ਉਠਦਿਆਂ ਹੀ ਬੋਲੀ, "ਅਮਜਦ, ਸਾਰੀ ਰਾਤ ਬੰਬ ਧਮਾਕੇ ਹੁੰਦੇ ਰਹੇ ਨੇ, ਤੂੰ ਸੁਣੇ ਈ ਹੋਣਗੇ?"

"ਆਫੀਆ ਇਹ ਸ਼ਹਿਰ ਫੌਜ ਦਾ ਬਹੁਤ ਵੱਡਾ ਕੇਂਦਰ ਐ। ਅਜਿਹਾ ਹੋਣਾ ਇੱਥੇ ਕੁਦਰਤੀ ਐ। ਕੋਈ ਟਰੇਨਿੰਗ ਚੱਲ ਰਹੀ ਹੋਊਗੀ।"

"ਨਹੀਂ ਇਹ ਉਹ ਧਮਾਕੇ ਨੀਂ। ਇਹ ਤਾਂ ਉਨ੍ਹਾਂ ਬੰਬਾਂ ਦੇ ਧਮਾਕੇ ਨੇ ਜੋ ਅਮਰੀਕਨ ਹਵਾਈ ਜਹਾਜ਼ ਅਫਗਾਨਿਸਤਾਨ ਵਿਚ ਸੁੱਟ ਰਹੇ ਨੇ।"

"ਹੋ ਸਕਦਾ ਐ ਤੇਰੀ ਗੱਲ ਸੱਚ ਹੋਵੇ।"

"ਮੈਂ ਤਾਂ ਰਾਤੀਂ ਪਲ ਭਰ ਵੀ ਨੀਂ ਸੌਂ ਸਕੀ। ਸਾਰੀ ਰਾਤ ਇਹੀ ਸੋਚਦੀ ਰਹੀ ਕਿ ਅਮਰੀਕਨ ਸਾਡੇ ਮੁਸਲਮਾਨ ਭਰਾਵਾਂ ਦਾ ਕਿਵੇਂ ਘਾਣ ਕਰ ਰਹੇ ਨੇ।"

"ਲੜਾਈ 'ਚ ਤਾਂ ਫਿਰ ਇਵੇਂ ਈ ਹੁੰਦਾ ਐ। ਦੋਵੇਂ ਧਿਰਾਂ ਈ ਇੱਕ-ਦੂਜੀ ਨੂੰ ਮਾਰਦੀਆਂ ਨੇ।"

"ਮੈਨੂੰ ਤਾਂ ਇਹ ਸੋਚ-ਸੋਚ ਕੇ ਈ ਅਫਸੋਸ ਹੋ ਰਿਹਾ ਐ ਕਿ ਆਹ ਕੁਝ ਮੀਲ ਦੂਰ ਬਾਰਡਰ ਦੇ ਪਾਰ ਜਹਾਦ ਚੱਲ ਰਿਹਾ ਐ ਤੇ ਆਪਾਂ ਉਸ 'ਚ ਸ਼ਾਮਲ ਨੀਂ ਹੋ ਸਕਦੇ।"

ਅਮਜਦ ਨੇ ਉਸ ਦੀ ਗੱਲ ਦਾ ਕੋਈ ਜੁਆਬ ਨਾ ਦਿੱਤਾ ਤਾਂ ਉਹ ਦੁਬਾਰਾ ਬੋਲੀ, "ਅਮਜਦ ਮੈਂ ਬੱਚਿਆਂ ਨੂੰ ਕਿਸੇ ਮਿਸ਼ਨਰੀ ਸਕੂਲ 'ਚ ਪੜ੍ਹਨ ਨੀਂ ਲਾਉਣਾ। ਤੇ ਨਾ ਹੀ ਤੈਨੂੰ ਇੱਥੇ ਕੋਈ ਨੌਕਰੀ ਕਰਨ ਦੀ ਜ਼ਰੂਰਤ ਐ।"

"ਹੋਰ ਫਿਰ ਮੈਂ ਇੱਥੇ ਵਿਹਲਾ ਫਿਰਦਾ ਕੀ ਕਰੂੰਗਾ?"

"ਆਪਾਂ ਅੱਜ ਈ ਜੈਸ਼-ਏ-ਮੁਹੰਮਦ ਦੇ ਕੈਂਪ ਚੱਲਦੇ ਆਂ। ਉਥੇ ਜੋ ਵੀ ਕੰਮ ਮਿਲਿਆ, ਕਰ ਲਵਾਂਗੇ।"

"ਆਫੀਆ, ਮੇਰੀ ਗੱਲ ਧਿਆਨ ਨਾਲ ਸੁਣ ਲੈ ਕਿ ਮੈਂ ਇਹ ਕੰਮ ਨੀਂ ਕਰਨਾ।" ਅਮਜਦ ਨੇ ਦੋ ਟੁੱਕ ਜੁਆਬ ਦੇ ਦਿੱਤਾ।

"ਕਿਉਂ ਨੀਂ ਕਰਨਾ? ਹੁਣ ਆਪਾਂ ਜਹਾਦੀਆਂ ਦੇ ਬਿਲਕੁਲ ਕੋਲ ਬੈਠੇ ਆਂ। ਬੱਸ ਦੋ ਘੰਟਿਆਂ ਦਾ ਰਸਤਾ ਐ। ਚੱਲ ਉਠ ਚੱਲੀਏ। ਮੈਂ ਬੱਚਿਆਂ ਨੂੰ ਤਿਆਰ ਕਰਦੀ ਆਂ।" ਆਫੀਆ ਸ਼ਾਂਤ ਰਹਿੰਦਿਆਂ ਬੋਲੀ।

"ਆਫੀਆ, ਤੈਨੂੰ ਇੱਕ ਵਾਰ ਕਹੀ ਗੱਲ ਸਮਝ ਨੀਂ ਆਉਂਦੀ। ਮੈਂ ਤੈਨੂੰ ਆਖਰੀ ਵਾਰ ਦੱਸ ਰਿਹਾ ਆਂ ਕਿ ਮੈਂ ਕਿਸੇ ਜਹਾਦ 'ਚ ਹਿੱਸਾ ਨੀਂ ਲੈਣਾ।" ਅਮਜਦ ਭੜਕ ਉਠਿਆ।

ਇਸ ਪਿੱਛੋਂ ਦੋਨਾਂ ਵਿਚਕਾਰ ਬਹਿਸ ਸ਼ੁਰੂ ਹੋ ਗਈ, ਪਰ ਅੱਜ ਆਫੀਆ ਅਮਜਦ ਨੂੰ ਮਾਰਨ ਨਾ ਆਹੁਲੀ। ਉਹ ਪਤਾ ਨੀਂ ਕਿਹੜੀ ਦੁਨੀਆਂ 'ਚ ਗੁੰਮ ਸੀ। ਉਹ ਅੰਦਰ ਜਾ ਕੇ ਬੈੱਡ 'ਤੇ ਲੇਟ ਗਈ। ਅਮਜਦ ਬੈਠਾ ਸੋਚਦਾ ਰਿਹਾ ਕਿ ਉਹ ਕੀ ਕਰੇ। ਆਖਰ ਉਸ ਦੇ ਮਨ ਨੇ ਕਿਹਾ ਕਿ ਉਹ ਕਿਤੇ ਵੀ ਚਲਿਆ ਜਾਵੇ ਤੇ ਕੁਝ ਵੀ ਕਰ ਲਵੇ, ਪਰ ਆਫੀਆ ਨੇ ਉਦੋਂ ਤੱਕ ਖੁਸ਼ ਨਹੀਂ ਹੋਣਾ ਜਦੋਂ ਤੱਕ ਉਹ ਜਹਾਦ ਵਿਚ ਸ਼ਾਮਲ ਨਹੀਂ ਹੋ ਜਾਂਦਾ। ਉਸ ਨੇ ਇੱਕ ਦਮ ਵਾਪਸ ਮੁੜਨ ਦਾ ਫੈਸਲਾ ਕਰ ਲਿਆ। ਉਸ ਨੇ ਆਫੀਆ ਨੂੰ ਉਠਾਇਆ। ਉਹ ਸੜੀ-ਭੁੱਜੀ ਉਸ ਨਾਲ ਕਾਰ ਵਿਚ ਬੈਠ ਗਈ ਤੇ ਉਹ ਵਾਪਸ ਤੁਰ ਪਏ। ਘਰ ਆ ਕੇ ਜਦੋਂ ਅਮਜਦ ਨੇ ਸਾਰਿਆਂ ਨੂੰ ਆਫੀਆ ਦੀ ਜੈਸ਼-ਏ-ਮੁਹੰਮਦ ਵਾਲੀ ਗੱਲ ਦੱਸੀ ਤਾਂ ਉਸ ਦਾ ਪਿਉ ਫਿਕਰਮੰਦ ਹੁੰਦਾ ਬੋਲਿਆ, "ਕਿਤੇ ਇਹ ਨਾ ਹੋਵੇ ਕਿ ਆਪਾਂ ਦੇਖਦੇ ਈ ਰਹਿ ਜਾਈਏ ਤੇ ਪਤਾ ਉਦੋਂ ਈ ਲੱਗੇ ਜਦੋਂ ਇਹ ਅਤਿਵਾਦੀਆਂ ਦੇ ਕਿਸੇ ਗਰੋਹ ਨਾਲ ਜਾ ਮਿਲਣ।"

"ਫਿਰ ਅਮਜਦ ਦੇ ਅੱਬੂ, ਇਸ ਦਾ ਕੀ ਇਲਾਜ ਐ?" ਜ਼ਾਹਿਰਾ ਉਦਾਸ ਲਹਿਜੇ 'ਚ ਬੋਲੀ।

"ਤੁਸੀਂ ਅਮਜਦ ਨੂੰ ਮੇਰੇ ਸਾਹਮਣੇ ਬੁਲਾਉ।"

ਅਮਜਦ ਨੂੰ ਸੱਦਿਆ ਗਿਆ। ਉਹ ਇੱਥੇ ਇਕੱਲਾ ਹੀ ਆਇਆ ਸੀ। ਐਬਟਾਬਾਦ ਤੋਂ ਮੁੜਦਿਆਂ ਆਫੀਆ ਬੱਚਿਆਂ ਨੂੰ ਲੈ ਕੇ ਪੇਕੇ ਘਰ ਚਲੀ ਗਈ ਸੀ। ਅਮਜਦ ਆਇਆ ਤਾਂ ਨਈਮ ਖਾਂ ਕਠੋਰ ਲਹਿਜੇ 'ਚ ਬੋਲਿਆ, "ਅਮਜਦ ਤੂੰ ਤੁਰੰਤ ਫਲਾਈਟ ਲੈ ਕੇ ਅਮਰੀਕਾ ਰਵਾਨਾ ਹੋ ਜਾ।"

"ਤੇ ਅੱਬੂ, ਆਫੀਆ?"

"ਫਿਲਹਾਲ ਤੂੰ ਸਭ ਕੁਝ ਭੁੱਲ ਜਾ ਤੇ ਉਥੇ ਜਾ ਕੇ ਆਪਣੀ ਪੜ੍ਹਾਈ ਪੂਰੀ ਕਰ। ਬਾਅਦ ਵਿਚ ਦੇਖਦੇ ਆਂ ਕਿ ਕੀ ਬਣਦਾ ਐ।"

ਅਮਜਦ ਨੇ ਅਗਲੇ ਦਿਨ ਦੀ ਹੀ ਟਿਕਟ ਲੈ ਲਈ। ਇਸ ਪਿੱਛੋਂ ਉਸ ਨੇ ਆਫੀਆ ਨੂੰ ਫੋਨ ਕਰ ਕੇ ਇੰਨਾ ਹੀ ਦੱਸਿਆ ਕਿ ਯੂਨੀਵਰਸਿਟੀ ਦੀ ਪੜ੍ਹਾਈ ਕਾਰਨ ਉਹ ਵਾਪਸ ਜਾ ਰਿਹਾ ਹੈ ਤੇ ਕੱਲ੍ਹ ਨੂੰ ਸ਼ਾਮ ਵੇਲੇ ਉਸ ਦੀ ਫਲਾਈਟ ਹੈ। ਅਗਲੇ ਦਿਨ ਆਫੀਆ ਬੱਚਿਆਂ ਸਮੇਤ ਉਸ ਨੂੰ ਏਅਰਪੋਰਟ ਤੋਂ ਵਿਦਾ ਕਰਨ ਆਈ। ਦੋਹਾਂ ਵਿਚਕਾਰ ਕੋਈ ਖਾਸ ਗੱਲ ਨਾ ਹੋਈ। ਆਫੀਆ ਹੱਦੋਂ ਵੱਧ ਉਦਾਸ ਸੀ।

**(ਚਲਦਾ)**

# ਹਿੱਸਾ

*(ਸਫਾ 31 ਦੀ ਬਾਕੀ)*

"ਨਾ ਹੁਣ ਜਿਹੜਾ ਵੀਹ ਹਜ਼ਾਰ ਪਰ ਜੀਅ ਸਰਕਾਰ ਵੱਲੋਂ ਮੁਆਵਜ਼ਾ ਮਿਲਣਾ, ਉਹ ਵੀ ਲੱਖਾਂ ਰੁਪਏ ਲੀਲੂ ਸਾਂਭੂ। ਸਾਡੀ ਤੇ ਕੁੜੀ ਵੀ ਗਈ ਤੇ ਉਹਦੇ ਬੱਚੇ ਵੀ। ਅਸੀਂ ਹੁਣ ਕਾਹਦੇ ਲਈ ਇਨ੍ਹਾਂ ਮਗਰ ਧੱਕੇ ਖਾਈਏ। ਏਹ ਲੀਲੂ ਹੁਣੀਂ ਕੀ ਸਾਡੇ ਢੇਕੇ ਲੱਗਦੇ ਆਂ?" ਘੁੱਕ ਦੇ ਸਹੁਰਿਆਂ 'ਚੋਂ ਇੱਕ ਦਲਿਤ ਬੋਲਿਆ।

ਨੰਗੀ ਭੁੱਖ ਸਾਹਮਣੇ ਆ ਜਾਣ ਸਦਕਾ ਸਭ ਪਾਸੇ ਬੋਝਲ ਚੁੱਪ ਜਿਹੀ ਛਾ ਗਈ। ਵਿਚਲੀ ਗੱਲ ਤਾਂ ਇਹ ਸੀ, ਜਿਹੜੀ ਢਿੱਡ ਵਿਚ ਰਿੱਝ ਰਹੀ ਸੀ।

"ਹੂੰ! ਤਾਂ ਇਹ ਗੱਲ ਐ।" ਬਾਪੂ ਹੁਰੀਂ ਲੰਮੀ ਚੁੱਪ ਮਗਰੋਂ ਬੋਲੇ।

ਸਭ ਉਨ੍ਹਾਂ ਵੱਲ ਵੇਖਣ ਲੱਗੇ। ਚਾਚੇ ਹੁਰੀਂ ਉਨ੍ਹਾਂ ਦੇ ਬੋਲ 'ਡੀਕਦੇ ਪਏ ਸਨ।

"ਤੇ ਮੈਂ ਗੱਲਾਂ ਤਿਹਾਡੀਆਂ ਵੀ ਸੁਣੀਐਂ ਤੇ ਇਨ੍ਹਾਂ ਦੀਆਂ ਵੀ। ਪੈਸੇ ਸਾਰੇ ਲੀਲੂ ਨੂੰ ਹੀ ਮਿਲਣਗੇ। ਜਿੰਨੇ ਸਰਕਾਰ ਵੱਲੋਂ ਬਣੇ। ਭਾਵੇਂ ਲੱਖਾਂ ਬਣਨ ਤੇ ਭਾਵੇਂ ਇੱਕ ਆਨਾ ਤੇ ਮੇਰੀ ਸੁਣ ਲਓ ਗੱਲ। ਜੀਹਨੇ ਚੂੰ-ਚਾਂ ਕੀਤੀ ਤਾਂ ਕੰਘੀ ਫੇਰ ਦਊਂਗਾ ਇੱਕ ਬੰਨਿਓਂ। ਰਹੀ ਗੱਲ ਕੰਨਿਆ ਦੀ, ਲੈ ਬਈ ਲੀਲੂ ਜੇ ਕੋਈ ਲੈ ਗਿਆ ਤਾਂ ਠੀਕ। ਨਹੀਂ ਤਾਂ ਦਸਾਂ ਮਿੰਟਾਂ ਵਿਚ ਕੰਨਿਆ ਲੈ ਕੇ ਮੇਰੇ ਵੱਲ ਆ ਜਾਹ, ਅਸੀਂ ਕੰਨਿਆ ਮੋਤੀ ਦੀ ਝੋਲੀ ਪਾ ਦਿਆਂਗੇ।" ਬਾਪੂ ਹੁਰੀਂ ਕ੍ਰੋਧ ਤੇ ਫ਼ੈਸਲੇ ਦੀ ਘੜੀ ਕਾਰਨ ਤਮਤਮਾਏ ਚਿਹਰੇ ਨਾਲ ਬੋਲੇ।

"ਚਲੋ ਭਾਈ। ਚੱਲੀਏ।" ਸਭ ਪਾਸੇ ਚੁੱਪ ਛਾਈ ਵੇਖ ਬਾਪੂ ਹੁਰਾਂ ਸਾਨੂੰ ਇਸ਼ਾਰਾ ਕੀਤਾ ਤੇ ਅਸੀਂ ਘਰ ਟੁਰ ਆਏ।

***

ਘੰਟੇ ਕੁ ਬਾਅਦ ਲੀਲੂ ਆ ਗਿਆ। ਕੰਨਿਆ ਨੂੰ ਘੁੱਕ ਦੀ ਵੱਡੀ ਸਾਲੀ ਲੈ ਗਈ ਸੀ। ਉਹ ਤੇ ਉਹਦਾ ਘਰਵਾਲਾ ਪਹਿਲਾਂ ਹੀ ਕੁੜੀ ਲਊ ਸਨ ਪਰ ਘੁੱਕ ਦੇ ਸਹੁਰੇ ਪੈਸੇ ਦੀ ਤੱਕ ਰੱਖੀ ਬੈਠੇ ਸਨ ਕਿ ਉਨ੍ਹਾਂ ਦੀ ਕੁੜੀ ਦਾ ਵੀਹ ਹਜ਼ਾਰ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ।

ਖ਼ੈਰ! ਗੱਲ ਨਿਬੜ ਗਈ ਸੀ।

ਇੱਕ ਦਿਨ ਪੱਪੂ ਤੇ ਉਹਦਾ ਟੋਲਾ ਮੈਨੂੰ ਤੇ ਬਾਪੂ ਜੀ ਨੂੰ ਸੰਤ ਵੀਰੇਵਾਲ ਵਾਲਿਆਂ ਦੇ ਦੀਵਾਨ 'ਤੇ ਮਿਲ ਪਿਆ ਸੀ। ਅਸਾਂ ਦੋਵਾਂ ਉਨ੍ਹਾਂ ਨੂੰ ਗੰਦੀਆਂ ਗਾਲ੍ਹਾਂ ਕੱਢੀਆਂ। ਪੱਪੂ ਹੁਰੀਂ ਗੁਰੂਘਰ ਦੀ ਸਹੁੰ ਚੁੱਕ ਗਏ ਕਿ ਉਹ ਨਾਲ ਨਹੀਂ ਸਨ ਪਰ ਉਨ੍ਹਾਂ ਦੱਸਿਆ ਕਿ ਰੇਲੂ ਵੀ ਏਥੇ ਆਇਆ ਹੋਇਆ ਹੈ। ਸਾਨੂੰ ਉਹ ਉਦਾਂ ਕਿਤੇ ਟੱਕਰਿਆ ਨਹੀਂ ਸੀ। ਕਿਸੇ ਨੇ ਦੱਸ ਦਿੱਤਾ ਸੀ ਕਿ ਬਾਪੂ ਕਿਰਪਾਲ ਸਿੰਘ ਫਿਰਦੈ, ਸੋ ਉਹ ਭੱਜ ਗਿਆ ਸੀ।

ਹਫ਼ਤੇ ਕੁ ਬਾਅਦ ਪਤਾ ਲੱਗਾ ਕਿ ਰੇਲੂ ਨੂੰ ਮਾਰ ਕੇ ਤਾਰਾਂਵਾਲੀ ਨਹਿਰ ਵਿਚ ਸੁੱਟ ਦਿੱਤਾ ਗਿਆ ਹੈ। ਪ੍ਰੀਤਮ ਦੇ ਕਹਿਣ 'ਤੇ ਬੱਬਰਾਂ ਨੇ ਰੇਲੂ ਨੂੰ ਤਾਰਾਂਵਾਲੀ ਦੀ ਇੱਕ ਬਹਿਕ 'ਤੇ ਘੇਰ ਕੇ ਗੱਡੀ ਚਾੜ੍ਹ ਦਿੱਤਾ ਸੀ।

ਪ੍ਰੀਤਮ ਦੇ ਹੱਥ ਅਜੇ ਵੀ ਬੜੇ ਲੰਮੇ ਸਨ।

ਪੰਜੀਂ, ਸੱਤੀਂ ਦਿਨੀਂ ਲੀਲੂ ਮੇਰੇ ਕੋਲ ਆਇਆ। ਉਸ ਵਰਦੀ ਪਾਈ ਹੋਈ ਸੀ।

"ਕੀ ਗੱਲ?" ਮੈਂ ਪੁੱਛਿਆ।

"ਭਾਊ ਜੀ! ਮੈਂ ਨੌਕਰੀ ਜੁਆਇਨ ਕਰ ਲਈ ਹੈ। ਮੇਰਾ ਜੀਅ ਨਹੀਂ ਲੱਗਦਾ ਹੁਣ।" ਉਹ ਆਖਣ ਲੱਗਾ।

ਮੈਂ ਕੀ ਕਹਿਣਾ ਸੀ? ਉਂਜ ਮੈਨੂੰ ਪਤਾ ਸੀ, ਉਹ ਠੀਕ ਆਖਦਾ ਸੀ। ਖੇਤੀ ਉਸ ਕਰਨੀ ਨਹੀਂ ਸੀ। ਹੱਥੀਂ ਕੰਮ ਦਾ ਆਦੀ ਨਹੀਂ ਸੀ, ਹੋਰ ਕੀ ਕਰਦਾ?

"ਚੱਲ ਠੀਕ ਐ ਫੇਰ।" ਮੈਂ ਕਿਹਾ।

ਉਹ ਜੱਕੋ-ਤੱਕੋ ਕਰਦਾ ਖੜ੍ਹਾ ਰਿਹਾ।

"ਹੁਣ ਕੀ ਐ?" ਮੈਂ ਕਿਹਾ।

"ਭਾਜੀ! ਮਹਿਕਮੇ ਵਾਲੇ ਆਉਣਗੇ। ਮੈਂ ਪਟਵਾਰੀ ਨੂੰ ਵੀ ਕਹਿ ਦਿੱਤਾ ਸੀ।"

"ਕੀ ਗੱਲ ਐ?" ਮੈਂ ਉਤਸੁਕ ਹੋ ਕੇ ਪੁੱਛਿਆ।

"ਉਹ ਨਾ, ਟੱਬਰ ਦਾ ਜੀਅ ਪ੍ਰਤੀ ਵੀਹ ਹਜ਼ਾਰ ਮਿਲਣਾ ਸੀ ਨਾ?" ਉਹ ਆਖਣ ਲੱਗਾ।

"ਤੂੰ ਕੋਈ ਗੱਲ ਵੀ ਕਰੇਂਗਾ!" ਮੈਂ ਕਿਹਾ।

"ਉਸੇ ਸਿਲਸਿਲੇ ਵਿਚ ਆ ਰਹੇ ਨੇ। ਤੁਸਾਂ ਤੇ ਨਿੱਕਾ ਸਿੰਘ ਹੁਰਾਂ ਸਨਦ 'ਤੇ ਦਸਤਖ਼ਤ ਕਰਨੇ ਨੇ।"

"ਬਾਪੂ ਹੁਰਾਂ ਨੂੰ ਦੱਸ ਦਿਆ ਜੇ।" ਉਹ ਝਿਜਕਦਾ ਕਹਿਣ ਲੱਗਾ।

"ਕਰ ਦਊਂ ਮੈਂ। ਇਹ ਕਿਹੜੀ ਗੱਲ ਐ ਵੀਰ।" ਮੈਂ ਉਹਨੂੰ ਹੌਸਲਾ ਦਿੱਤਾ।

"ਨਾਲੇ ਭਾਅ ਜੀ! ਇੱਕ ਹੋਰ ਬੇਨਤੀ ਜੇ।" ਉਹ ਥੋੜ੍ਹਾ ਝਿਜਕ ਕੇ ਕਹਿਣ ਲੱਗਾ।

"ਕਰ ਦੇ ਉਹ ਬੇਨਤੀ ਵੀ ਹੁਣ।" ਮੈਂ ਉਸ ਨੂੰ ਹਲਕੇ ਮੂਡ ਵਿਚ ਕਰਨ ਲਈ ਕਿਹਾ।

"ਭਾਜੀ, ਬੁੱਢੇ ਮਲ੍ਹਾਗਰ ਤੇ ਇਸ ਨਿੱਕੀ ਬੱਚੀ ਨੂੰ ਵੀ ਮੈਂ ਮੋਇਆਂ ਵਿਚ ਲਿਖ ਦਿੱਤਾ ਸੀ। ਮਹਿਕਮੇ ਦੇ ਅਫ਼ਸਰ ਮੰਨ ਗਏ ਜੇ। ਤੁਸੀਂ ਤੇ ਨਿੱਕਾ ਸਿੰਘ ਹੁਰੀਂ ਗਵਾਹੀ ਪਾ ਦਿਆ ਜੇ। ਮੈਨੂੰ ਚਾਲੀ ਹਜ਼ਾਰ ਹੋਰ ਮਿਲਜੂ। ਮੈਂ ਨਵੀਂ ਜ਼ਿੰਦਗੀ ਸ਼ੁਰੂ ਕਰਨ ਜੋਗਾ ਹੋ ਜੂੰਗਾ।" ਲੀਲੂ ਨੀਵੀਂ ਪਾਈ ਬਹਿ ਗਿਆ।

"ਪਰ ਲੀਲੂ! ਕੰਨਿਆ ਤੇ ਜਿਉਂਦੀ ਐ ਯਾਰ।" ਮੈਂ ਅਵਾਕ ਸਾਂ ਕਿ ਅੱਜ ਦਾ ਜੀਵਨ ਕਿਧਰ ਟੁਰ ਪਿਆ ਹੈ?

"ਤਾਂ ਕੀ ਐ ਜੀ? ਮਹਿਕਮਾ ਵੀ ਰਾਜੀ ਐ, ਉਹਨੂੰ ਮਰੀ ਵਿਖਾਣ ਲਈ। ਨਿੱਕਾ ਸੁੰਹ ਤੇ ਬਾਕੀ ਵਿਹੜਾ ਵੀ ਰਾਜੀ ਐ। ਨਾਲੇ ਕਾਗਜ਼ਾਂ ਦਾ ਢਿੱਡ ਈ ਭਰਨੈ। ਮੈਂ ਕਿਹਾ, ਮਖਿਆ, ਉਹ ਵੀ ਜਾਂਦੀ-ਜਾਂਦੀ ਦੁਨੀਆਂਦਾਰੀ ਵਿਚ ਆਪਣਾ ਹਿੱਸਾ ਪਾ ਜਾਏ," ਉਹ ਕਹਿਣ ਲੱਗਾ।

#

## ਕਾਵਿ-ਜਗਤ

### .ਗ਼ਜ਼ਲ

ਹੁਕ ਨੂੰ ਜਦ ਤੋਂ ਮੇਰੇ ਵਿਚ ਵਾਸ ਲੱਭਾ!
ਆਪਣੀ ਹਉਮੈ ਦਾ ਹੀ ਅਹਿਸਾਸ ਲੱਭਾ!

ਰਲ ਕੇ ਆਪਾਂ ਹੱਕ ਆਪਣਾ ਖੋਹ ਲਿਆ ਹੈ,
ਇੱਲ ਦੇ ਇੱਕ ਆਲ੍ਹਣੇ 'ਚੋਂ ਮਾਸ ਲੱਭਾ!

ਗੇੜ ਧਰਤੀ ਦਾ ਅਜਿਹਾ ਚਲ ਰਿਹਾ ਜੀ,
ਰੌਸ਼ਨੀ ਨੂੰ ਰਾਤ ਦਾ ਬਨਵਾਸ ਲੱਭਾ!

ਰੇਤ ਦੇ ਕਿਣਕੇ 'ਤੇ ਲਿਖ ਕੇ ਨਾਮ ਤੇਰਾ,
ਕੋਲ ਤੇਰੇ ਹੋਣ ਦਾ ਵਿਸ਼ਵਾਸ ਲੱਭਾ!

ਖ਼ੈਰ ਪਾ ਕੇ ਠੱਗ ਲਿਆ ਜੋਗੀ ਨੂੰ ਦਰ 'ਤੇ,
ਫਿਰ ਦੁਬਾਰਾ ਆਉਣ ਦਾ ਧਰਵਾਸ ਲੱਭਾ!

ਈਰਖਾ ਬੈਠੀ ਸੀ ਜਿਹੜੀ ਸ਼ਾਖ ਉਤੇ,
ਪਿਆਰ ਦਾ ਨਜ਼ਦੀਕ ਉਸ ਦੇ ਵਾਸ ਲੱਭਾ!

ਧਰਮ ਦੀ ਇਹ ਵੀ ਗੁਲਾਮੀ ਵੇਖ 'ਲਾਲੀ'
ਆਦਮੀ ਨੂੰ ਆਦਮੀ 'ਚੋਂ ਦਾਸ ਲੱਭਾ!

**-ਰਾਜ ਲਾਲੀ ਸ਼ਰਮਾ**
**ਫੋਨ: 847-361-4825**

---

### ਗ਼ਜ਼ਲ

ਮੁਖੜੇ 'ਤੇ ਘੁੰਗਟ ਲੋਆਂ ਦਾ।
ਲੱਭ 'ਤੇ ਬੁੱਲ੍ਹਾ ਖ਼ੁਸ਼ਬੋਆਂ ਦਾ।
ਛਿੜ ਪਿਆ ਮਲਕੜੇ ਸਿਲਸਿਲਾ,
ਨੈਣਾਂ ਦੀਆਂ ਲੁੱਕਣ ਛੋਹਾਂ ਦਾ।
ਵਿੱਥਾਂ ਤੋਂ ਰੁਕਿਆ ਨਾ ਕਾਸਦ,
ਦਿਲ ਨੂੰ ਦਿਲ ਦੀਆਂ ਕੰਨਸੋਆਂ ਦਾ।
ਆ ਤੱਕ ਪੰਜ ਦਰਿਆ ਗਲ ਮਿਲਦੇ,
ਤੱਕਣਾਂ ਜੇ ਨਜ਼ਾਰਾ ਮੋਹਾਂ ਦਾ।
ਸਤਲੁਜ ਦੀਆਂ ਮੌਜਾਂ ਕੀ ਜਾਣਨ,
ਕਿੱਥੇ ਹੈ ਬੰਨਾ ਝੋਆਂ ਦਾ।
ਹਰ ਸ਼ਾਮ ਹੋਏ ਵਾਘੇ ਮਾਤਮ,
ਦੋ ਵੀਰਾਂ ਨਾਲ ਧ੍ਰੋਹਾਂ ਦਾ।
ਇਕ ਦਾਗ 'ਤੇ ਚਾਰਾ ਨਾ ਚਲਿਆ,
ਪੰਜ ਦਰਿਆਵਾਂ ਦੇ ਧੋਆਂ ਦਾ।
ਤੂੰ ਮੁਕਰਨਾ ਤੇ ਮੁੱਕਰ ਜਾਹ,
ਹੈ ਦੋਸ਼ ਤੇ ਆਪਣਾ ਦੋਹਾਂ ਦਾ।
ਹੈ ਜਸ਼ਨੇ ਬਹਾਰਾਂ ਚਲ ਯਾਰਾ,
ਕੱਢ ਦਈਏ ਕੰਡਾ ਰੋਹਾਂ ਦਾ।
ਰੰਗੀਨ ਚਸ਼ਮ, ਬੇਰੁੱਖ ਨਜ਼ਰਾਂ,
ਚੇਤਰ ਵਿਚ ਠੱਕਾ ਪੋਹਾਂ ਦਾ।
ਦਿਲ ਦੀ ਰਾਖੀ ਰੱਖਿਓ ਸਾਹਿਬ,
ਮਾਹੌਲ ਹੈ ਲੁੱਟਾਂ ਖੋਹਾਂ ਦਾ।
ਇਕ ਰੱਬ ਹੈ, ਇਕ ਰੱਬ ਦਾ ਘਰ ਹੈ,
ਵਿਚਕਾਰ ਫਾਸਲਾ ਕੋਹਾਂ ਦਾ।
ਕੁਲਬੀਰ ਵਿਚਾਰੇ ਦੀ ਵਿਥਿਆ,
ਤਾਂਤਾ ਹੈ ਉਲਟੇ ਢੋਆਂ ਦਾ।

**-ਕੁਲਬੀਰ ਪੱਡਾ**

---

### ਕੁਝ ਹਾਇਕੂ

ਰੱਬ ਨੂੰ ਪਾਵੋ
ਐਵੇਂ ਨਾ ਕੁਰਲਾਵੋ
ਆਪੇ ਬੁਲਾਵੇ

---

ਕੁੱਤੇ ਭੌਂਕਣ
ਚੋਰਾਂ ਨੇ ਲਾਈ ਸੰਨ
ਚਾਕਰ ਸੁੱਤੇ

---

ਮਲਾਲਾ ਬੋਲੀ
ਦਹਿਸ਼ਤੀ ਕੰਬਣ
ਮੱਛੀ ਤੜਫੇ

**-ਜਨਮੇਜਾ ਸਿੰਘ ਜੌਹਲ**

ooraa

ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

CREDIT CARD

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org



DCL Trucking

743 Legacy Blvd,
Greenwood, IN 46143

ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ

ਓਨਰ ਅਪਰੇਟਰਾਂ ਦੀ ਲੋੜ ਹੈ

ਪੱਕੇ ਲੋਡ

ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ



We work in all 48 States
24/7 Dispatch Available

Quick payment via Direct Deposit

ਸੰਪਰਕ ਕਰੋ: ਪਰਮਿੰਦਰ

ਫੋਨ: 317-399-9800

e-mail: info@DCLTrucking.com



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

"I take your accident personally"

Free initial consultation. No fee if no recovery.

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
www. markcohenlaw.com or call us at 510.792.4008

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

ੴ ਸਤਿਗੁਰ ਪ੍ਰਸਾਦਿ॥

# SIKH CENTER OF PACIFIC COAST

2211 HIGHLAND AVE. SELMA, CA 93662, PHONE: 559 270 3272





## ਵਿਸਾਖੀ ਸਮਾਗਮ 2013 ਅਤੇ 19ਵਾਂ ਵਿਸ਼ਾਲ ਨਗਰ ਕੀਰਤਨ

ਸਿੱਖ ਸੰਗਤਾਂ ਨੂੰ ਇਹ ਜਾਣਕੇ ਬੜੀ ਖੁਸ਼ੀ ਹੋਵੇਗੀ ਕਿ ਖਾਲਸੇ ਦਾ ਸਿਰਜਣਾ ਦਿਵਸ 'ਵਿਸਾਖੀ' ਦਾ ਤਿਓਹਾਰ
ਮਿਤੀ 12, 13 ਅਤੇ 14 ਅਪ੍ਰੈਲ 2013 ਨੂੰ

## ਸਿੱਖ ਸੈਂਟਰ ਆਫ ਪੈਸੀਫਿਕ ਕੋਸਟ, ਸੈਲਮਾ

ਵਿਖੇ ਸਮੂਹ ਸੰਗਤਾਂ ਅਤੇ ਸੈਂਟਰਲ ਵੈਲੀ ਦੇ ਲਗਭਗ ਸਾਰੇ ਗੁਰਦੁਆਰਿਆਂ ਦੇ ਸਹਿਯੋਗ ਨਾਲ
ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

**ਪੰਥ ਪ੍ਰਸਿੱਧ ਢਾਡੀ, ਕੀਰਤਨੀ ਜਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ।**

### ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ ................12 ਅਪ੍ਰੈਲ 2013 ਸਵੇਰ 8 ਵਜੇ
ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ............12 ਅਪ੍ਰੈਲ 2013 ਸਵੇਰ 10 ਵਜੇ
ਅੰਮ੍ਰਿਤ ਸੰਚਾਰ.............................. 13 ਅਪ੍ਰੈਲ 2013 ਦੁਪਿਹਰ 2 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ..................14 ਅਪ੍ਰੈਲ 2013 ਸਵੇਰ 8 ਵਜੇ
ਬੁਲਾਏ ਗਏ ਉਘੇ ਵਿਦਵਾਨਾਂ ਦੀਆਂ ਤਕਰੀਰਾਂ...14 ਅਪ੍ਰੈਲ 2013 ਸਵੇਰ 9 ਤੋਂ 10 ਵਜੇ ਤੱਕ
ਨਗਰ ਕੀਰਤਨ.............................. 14 ਅਪ੍ਰੈਲ 2013 ਸਵੇਰ 10 ਵਜੇ ਤੋਂ 1:30 ਵਜੇ ਤੱਕ

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਿੰਘ ਕੇਸਰੀ ਦਸਤਾਰਾਂ ਸਜ਼ਾ ਕੇ ਅਤੇ ਬੀਬੀਆਂ ਕੇਸਰੀ ਚੁੰਨੀਆਂ ਲੈ ਕੇ ਨਗਰ ਕੀਰਤਨ ਵਿਚ ਸ਼ਾਮਿਲ ਹੋਣ

ਬਹੁਤ ਸਾਰੇ ਗੁਰਦੁਆਰਿਆਂ ਦੀਆਂ ਸੰਗਤਾਂ ਵਲੋਂ ਲੰਗਰਾਂ ਦੇ ਪੰਡਾਲ
ਲਗਾਏ ਜਾਣਗੇ ਜਿਸ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਮਿੰਨੀ ਬਜ਼ਾਰ ਵੀ ਲੱਗੇਗਾ ਜਿਥੋਂ ਸੰਗਤਾਂ ਧਾਰਮਿਕ ਅਤੇ
ਰੋਜ਼ਾਨਾ ਜ਼ਰੂਰਤ ਦੀਆਂ ਵਸਤੂਆਂ ਖਰੀਦ ਸਕਣਗੀਆਂ।

ਅੰਮ੍ਰਿਤ ਅਭਿਲਾਸ਼ੀ ਬੀਬੀਆਂ ਤੇ ਵੀਰਾਂ ਨੂੰ ਕਕਾਰ
ਗੁਰਦੁਆਰਾ ਸੈਲਮਾ ਵਲੋਂ ਦਰਸ਼ਨ ਭੇਂਟ ਦਿੱਤੇ ਜਾਣਗੇ।

### ਸੰਪਰਕ

**ਨਗਰ ਕੀਰਤਨ ਸਬੰਧੀ ਸੰਪਰਕ**
ਰਾਜਵੀਰ ਸਿੰਘ ਪੰਨੂ ਪ੍ਰਧਾਨ ............559 994 9232
ਜਸ ਮਾਨ ਜਨਰਲ ਸਕੱਤਰ .............559 960 9156
ਮਹਿੰਦਰ ਸਿੰਘ ਸੰਧਾਵਾਲੀਆ ਸਕੱਤਰ ..559 355 4399
ਹਰਨਿੰਦਰ ਸਿੰਘ ਗਿੱਲ ਸਕੱਤਰ.........559 906 7411

**ਅੰਮ੍ਰਿਤ ਸੰਚਾਰ ਸਬੰਧੀ ਸੰਪਰਕ**
ਮੇਜਰ ਰਘਵੀਰ ਸਿੰਘ ਗਿੱਲ ........559 577 3486
ਦਵਿੰਦਰ ਸਿੰਘ ਗਿੱਲ.......................559 579 8295

**ਸਟਾਲਾਂ 'ਤੇ ਦੁਕਾਨਾਂ ਸਬੰਧੀ ਸੰਪਰਕ**
ਸ਼ਿੰਦਰਪਾਲ ਸਿੰਘ ਸਹੋਤਾ ਵਾਈਸ ਪ੍ਰਧਾਨ .559 269 1088
ਸੁਖਦੇਵ ਸਿੰਘ ਧਾਲੀਵਾਲ ................559 355 3144
ਸੁਖਪਾਲ ਸਿੰਘ ਧਾਲੀਵਾਲ................559 994 0837

Design by hayermedia

ਅੰਮ੍ਰਿਤ ਸੰਚਾਰ ਅਤੇ ਨਗਰ ਕੀਰਤਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਭਾਈ ਅਮਰੀਕ ਸਿੰਘ ਹੈੱਡ ਗ੍ਰੰਥੀ ਨਾਲ ਫੋਨ ਨੰਬਰ 550 270 3272 ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ,**
**ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ**


ਸੋਹਣ ਸਿੰਘ ਭਕਨਾ


ਕਰਤਾਰ ਸਿੰਘ ਸਰਾਭਾ


ਲਾਲਾ ਹਰਦਿਆਲ


ਪ੍ਰੋ: ਬਰਕਤ ਉਲਾ


ਬਾਬੂ ਕਾਂਸ਼ੀ ਰਾਮ ਮੜੌਲੀ

# ਇੰਡੀਅਨ ਕਲਚਰਲ ਐਂਡ ਐਜੂਕੇਸ਼ਨ ਆਰਗੇਨਾਈਜ਼ੇਸ਼ਨ

ਵਲੋਂ ਗਦਰ ਪਾਰਟੀ ਦੀ 100 ਵੀਂ ਵਰ੍ਹੇਗੰਢ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

ਮਿਤੀ 30 ਮਾਰਚ 2013 ਦਿਨ ਸ਼ਨੀਵਾਰ ਨੂੰ

AK Middle School, 1700 Camino De Flores, Yuba City, CA 95993 ਵਿਖੇ ਕਰਵਾਇਆ ਜਾ ਰਿਹਾ ਹੈ

## ਕਮੇਟੀ

ਪ੍ਰਧਾਨ: ਸੁਰਿੰਦਰ ਜੋਸ਼ੀ
ਸੈਕਟਰੀ: ਰਵਿੰਦਰ ਸਿੰਘ ਸਹੋਤਾ, ਫੋਨ: 530-682-7097
ਮੀਤ ਪ੍ਰਧਾਨ: ਗੁਰਬਚਨ ਚੋਪੜਾ, ਫੋਨ: 530-844-6147
ਖਜ਼ਾਨਚੀ: ਮਨਜੀਤ ਢਿੱਲੋਂ

**ਮੇਲਾ ਕਮੇਟੀ:** ਗੁਰਵਿੰਦਰ ਸਿੰਘ ਧੁੱਗਾ, ਬਲਰਾਜ ਸਿੰਘ ਸਹੋਤਾ, ਮਨਜੀਤ ਸਿੰਘ ਨਿੱਜਰ, ਗੁਰਚਰਨ ਸਿੰਘ ਰੰਧਾਵਾ, ਬਲਵੀਰ ਸਿੰਘ ਨਿੱਜਰ, ਸੁਰਿੰਦਰ ਸਿੰਘ ਜੌਹਲ, ਪੀਟਰ ਜੌਹਲ, ਕ੍ਰਿਸ਼ਨ ਸਿੰਘ ਸਹੋਤਾ, ਮੱਖਣ ਸਿੰਘ ਬਾਸੀ, ਹਰਭਜਨ ਸਿੰਘ ਬਾਸੀ, ਦਵਿੰਦਰ ਸਿੰਘ ਚੀਮਾ, ਹਰਪਾਲ ਸਿੰਘ ਸੰਘਾ, ਹਰਜਿੰਦਰ ਸਿੰਘ ਦੁਸਾਂਝ, ਕੁਲਵਿੰਦਰ ਸਿੰਘ ਮਾਨ, ਕਿਰਪਾਲ ਸਿੰਘ ਜੌਹਲ, ਜਸਦੀਪ ਸਿੰਘ, ਬਲਜਿੰਦਰ ਸਿੰਘ ਤੱਖਰ।

## ਮੁੱਖ ਮਹਿਮਾਨ



* ਜਿਨੀ ਸਿਮਸ
(ਐਮ ਪੀ ਬੀ ਸੀ ਕੈਨੇਡਾ)
* ਕੁਲਵੰਤ ਸਿੰਘ ਢੇਸੀ
(ਇੰਡੀਅਨ ਵਰਕਰਸ ਐਸੋਸੀਏਸ਼ਨ, ਬੀ ਸੀ)
* ਗੁਰਪ੍ਰੀਤ ਸਿੰਘ
(ਪ੍ਰਸਿੱਧ ਰੇਡੀਓ ਟਾਕ ਸ਼ੋਅ ਹੋਸਟ)

## ਪਹੁੰਚ ਰਹੇ ਕਲਾਕਾਰ


ਜਤਿੰਦਰ ਜਰਗੀਆ


ਸੁਖਦੇਵ ਸਾਹਿਲ


ਆਸ਼ਾ ਸ਼ਰਮਾ

**ਫਰੀ ਲੰਗਰ, ਫਰੀ ਪਾਰਕਿੰਗ**

ਆਓ ਸਭ ਪਰਿਵਾਰਾਂ ਸਮੇਤ ਇਸ ਸਮਾਗਮ ਵਿਚ ਸ਼ਾਮਿਲ ਹੋ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ ਅਤੇ ਆਪਣੇ ਬੱਚਿਆਂ ਨੂੰ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੇ ਸ਼ਾਨਮੱਤੇ ਇਤਿਹਾਸ ਤੋਂ ਜਾਣੂੰ ਕਰਵਾਈਏ

Designed By: hayermedia.com

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਮੱਖਣ ਸਿੰਘ ਬਾਸੀ, ਫੋਨ: 530-415-1680 ਜਾਂ ਮੁਲਖ ਰਾਜ ਸ਼ਰਮਾ, ਫੋਨ: 916-910-3557**